



ਲਹੂ-ਭਿੱਜੀ ਸਰਹਿੰਦ



ਸੁਖਜੀਤ ਸਿੰਘ ਕਪੂਰਥਲਾ
ਦੁਆਰਾ ਵਿਆਖਿਆ

੧ੴ ਸਤਿਗੁਰ ਪ੍ਰਸਾਦਿ ॥

ਲਹੂ-ਭਿੱਜੀ ਸਰਹਿੰਦ

ਭਾਈ ਸੁਖਜੀਤ ਸਿੰਘ, ਕਪੂਰਥਲਾ

ਗੁਰਮਤਿ ਪ੍ਰਚਾਰਕ/ਕਥਾ ਵਾਚਕ

ਦੁਆਰਾ ਵਿਆਖਿਆ

ਸੰਪਾਦਕ

ਭਾਈ ਕਾਮਰੇਟ ਸਿੰਘ

ਪ੍ਰਕਾਸ਼ਕ :

An ISO 9001:2008 Certified Publishing House No. 101809-A01

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

ਪਹਿਲੀ ਐਡੀਸ਼ਨ- ਮਾਰਚ 2012

ਭੇਟਾ : **150-00**

An ISO 9001:2008 Certified Publishing House
No. 101809-A01

ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : 91-183-2542346, 2547974, 5011003

ਫੈਕਸ : 91-183-5017488

E.Mail : csjssales@hotmail.com
csjspurchase@yahoo.com
csjsexports@vsnl.com

Web site : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਤਤਕਰਾ

ਦੋ ਸ਼ਬਦ

ਗੁਰੂ ਪਿਆਰੀ ਸਾਧ ਸੰਗਤ ਜੀ, ਗੁਰੂ ਫ਼ਤਹਿ ਪ੍ਰਵਾਨ ਕਰਨੀ ਜੀ

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥



ਗੁਰੂ ਰੂਪ ਸਾਧ ਸੰਗਤ ਜੀ ਆਪ ਜੀ ਦੇ ਹੱਥ ਵਿਚ ਜੋ ਇਹ ਕਿਤਾਬ ਹੈ, ਜਿਸ ਦੀ ਸੇਵਾ ਦਾਸ ਵੱਲੋਂ ਅਕਾਲ ਪੁਰਖ ਨੇ ਆਪ ਲਈ ਹੈ, ਕਿਉਂਕਿ ਦਾਸ ਨੇ ਕਦੀ ਵੀ ਇਹੋ ਜਿਹੀ ਸੇਵਾ ਨਹੀਂ ਕੀਤੀ ਤੇ ਨਾ ਹੀ ਕਦੀ ਸੋਚਿਆ ਸੀ, ਪਰ ਧੰਨਵਾਦ ਹੈ ਭਾਈ ਸੁਖਜੀਤ ਸਿੰਘ ਜੀ ਦਾ ਜੋ ਕਿ ਗੁਰੂ ਬਾਬੇ ਦੀ ਕਥਾ ਕਰਦੇ ਹਨ ਤੇ ਉਨ੍ਹਾਂ 'ਤੇ ਪਰਮੇਸ਼ੁਰ ਦੀ ਬਖ਼ਸ਼ਿਸ਼ ਹੈ ਕਿ ਉਹ ਸਰੋਤਿਆਂ ਦਾ ਧਿਆਨ ਪੂਰਨ ਤੌਰ 'ਤੇ ਗੁਰੂ ਸਾਹਿਬ ਵੱਲ ਅਤੇ ਗੁਰ-ਸ਼ਬਦ ਵੱਲ ਲੈ ਜਾਣ ਵਿਚ ਮਾਹਿਰ ਹਨ।

ਇਹ ਜੋ ਕਿਤਾਬ ਕਲਗੀਧਰ ਪਾਤਸ਼ਾਹ ਦੇ ਲਾਲਾਂ ਅਤੇ ਮਾਤਾ ਗੁਜਰੀ ਜੀ ਦੀ ਕੁਰਬਾਨੀ ਪ੍ਰਤੀ ਸਾਨੂੰ ਪੂਰਨ ਤੌਰ 'ਤੇ ਗਿਆਨ ਦੇ ਰਹੀ ਹੈ, ਭਾਈ ਸੁਖਜੀਤ ਸਿੰਘ ਜੀ ਦੁਆਰਾ ਕੀਤੀ ਗਈ ਕਥਾ, ਜੋ ਕਿ ਦਾਸ ਨੇ ਸੁਣੀ ਤੇ ਭਾਈ ਸਾਹਿਬ ਨਾਲ ਇਹ ਵਿਚਾਰ ਕੀਤੀ ਕਿ ਇੰਨੀ ਖੋਜ, ਇੰਨੇ ਵਿਸ਼ਾ ਵਿਚਾਰ ਇੰਝ ਹੀ ਸੀ.ਡੀ., ਟੇਪਾਂ ਤੋਂ ਕਿਤਾਬੀ ਰੂਪ ਹੋਣੇ ਚਾਹੀਦੇ ਹਨ। ਭਾਈ ਸਾਹਿਬ ਜੀ ਜੋ ਕਿ ਇਕ ਗੁਰਮਤਿ ਸਮਾਗਮ ਵਿਚ ਆਪਣੇ ਵਿਚਾਰ ਪ੍ਰਗਟ ਕਰ ਕੇ ਹਟੇ ਸੀ, ਤਦ ਇਹ ਵਿਚਾਰ ਹੋਈ ਤਾਂ ਉਹਨਾਂ ਨੇ ਫ਼ੈਸਲਾ ਕਰ ਕੇ ਇਹ ਲਿਖਣ ਦੀ ਸੇਵਾ ਦਾਸ ਨੂੰ ਸੌਂਪ ਦਿਤੀ। ਜਿਸ ਦਾ ਦਾਸ ਵੱਲੋਂ ਭਾਈ ਸੁਖਜੀਤ ਸਿੰਘ ਜੀ ਦਾ ਕੋਟਿ ਕੋਟਿ ਧੰਨਵਾਦ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਆਗਿਆ ਲੈ ਕੇ ਇਹ ਸੇਵਾ ਅਰੰਭ ਤਾਂ ਕਰ ਲਈ, ਪਰ ਪਹਿਲਾਂ ਬਹੁਤ ਔਖਾ ਜਿਹਾ ਲੱਗਿਆ,ਪਰ ਫਿਰ ਮਨ ਵੀ ਇਜਾਜ਼ਤ ਦੇਣ ਲੱਗ ਪਿਆ ਤੇ ਕਲਮ ਵੀ।

ਇਹ ਕਿਤਾਬ ਲਿਖਦਿਆਂ-ਲਿਖਦਿਆਂ ਸਾਹਿਬਜ਼ਾਦਿਆਂ ਪ੍ਰਤੀ, ਮਾਤਾ ਗੁਜਰੀ ਪ੍ਰਤੀ ਕਈ ਵਾਰ ਮਨ ਭਾਵੁਕ ਵੀ ਹੋਇਆ, ਜਿਸ ਕਾਰਨ ਕਈ ਵਾਰ ਕਲਮ ਰੁਕਦੀ

ਰਹੀ। ਖ਼ੈਰ! ਅਕਾਲ ਪੁਰਖ ਦੀ ਮਿਹਰ ਨਾਲ ਇਹ ਕਾਰਜ ਸੰਪੂਰਨ ਹੋ ਗਿਆ।

ਇਸ ਕਿਤਾਬ ਵਿਚ ਆਪ "ਹਕੀਮ ਮਿਰਜ਼ਾ ਅੱਲ੍ਹਾ ਯਾਰ ਖ਼ਾਂ ਜੋਗੀ" ਜੀ ਨੇ ਜੋ ਸਾਕਾ ਸਰਹੰਦ ਅਰਥਾਤ 'ਸ਼ਹੀਦਾਨਿ-ਵਫ਼ਾ' ਜੋ ਕਿ ਉਨ੍ਹਾਂ ਵੱਲੋਂ ਸੰਨ 1913 ਵਿਚ ਲਿਖੀ ਗਈ ਸੀ, ਉਸ ਵਿੱਚੋਂ ਵੀ ਆਪ ਜੀ ਨੂੰ ਉਨ੍ਹਾਂ ਦੀਆਂ ਲਿਖੀਆਂ ਸਚਾਈਆਂ ਵੀ ਆਪ ਜੀ ਦੇ ਗਿਆਨ ਵਿਚ ਵਾਧਾ ਪਾਉਣਗੀਆਂ ਅਤੇ ਨਾਲ-ਨਾਲ ਅਜੋਕੇ ਸਮੇਂ ਦੇ ਹਾਲਾਤ ਅਤੇ ਸਾਡੀ ਅਜੋਕੀ ਦਸ਼ਾ ਤੋਂ ਵੀ ਜਾਣੂ ਹੋਵੋਗੇ।

ਦਾਸ ਵੱਲੋਂ ਲਿਖਾਈ ਕਰਦਿਆਂ ਹੋ ਗਈਆਂ ਅਨੇਕ ਭੁੱਲਾਂ ਨੂੰ ਨਾ ਚਿਤਾਰਦੇ ਹੋਏ ਆਪਣੀਆਂ ਅਸੀਸਾਂ ਨਾਲ ਨਿਵਾਜਣਾ, ਇਸੇ ਆਸ ਦੇ ਨਾਲ ਆਪ ਸਭ ਦਾ ਕੋਟਾਨ-ਕੋਟਾਨ ਧੰਨਵਾਦ।

ਆਪ ਜੀ ਦਾ ਦਾਸਰਾ :
ਭਾਈ ਕਾਮਰੇਟ ਸਿੰਘ
662-ਈ ਰੇਲ ਕੋਚ ਫ਼ੈਕਟਰੀ
ਕਪੂਰਥਲਾ।

★★★

ਭੂਮਿਕਾ ਅਤੇ ਧੰਨਵਾਦ

ਆਪਣੇ ਆਪ ਨੂੰ ਤਾਂ ਹਰ ਕੋਈ ਸ਼ਿੰਗਾਰ ਲੈਂਦਾ,

ਔਖਾ ਕੰਮ ਕੌਮ ਨੂੰ ਸ਼ਿੰਗਾਰਨਾ ਏ।

ਆਪਣੇ ਆਪ ਲਈ ਤਾਂ ਹਰ ਕੋਈ ਵਾਰ ਲੈਂਦਾ,

ਔਖਾ ਕੰਮ ਕੌਮ ਲਈ ਸਰਬੰਸ ਨੂੰ ਵਾਰਨਾ ਏ।

ਗੁਰੂ ਨਾਨਕ ਸਾਹਿਬ ਦੇ ਪਾਵਨ ਬਚਨ : *ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ'* (੯੫੩) ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਗਾਥਾ ਸਬੰਧੀ ਸਹੀ ਅਰਥਾਂ ਵਿਚ ਤਰਜਮਾਨੀ ਕਰਦੇ ਪ੍ਰਤੀਤ ਹੁੰਦੇ ਹਨ। ਸਾਕਾ ਸਰਹਿੰਦ ਦੇ ਇਸ ਬਿਖੜੇ ਪੈਂਡੇਂ ਸਮੇਂ ਬਾਹਰੀ ਤੌਰ 'ਤੇ ਸਾਹਿਬਜ਼ਾਦਿਆਂ ਨਾਲ ਉਹਨਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ, ਵੱਡੇ ਵੀਰ, ਸਿੰਘ ਸੂਰਬੀਰ ਆਦਿ ਵਿੱਚੋਂ ਉਨ੍ਹਾਂ ਦੇ ਨਾਲ ਕੋਈ ਵੀ ਨਹੀਂ ਸੀ, ਪ੍ਰੰਤ ਉਹਨਾਂ ਦੇ ਜੀਵਨ ਵਿਚ 'ਸੱਚ' ਉਹਨਾਂ ਦੇ ਨਾਲ ਸੀ, ਇਸੇ 'ਸੱਚ' ਦੀ ਹੋਂਦ ਦੇ ਕਾਰਨ ਹੀ ਮਾਤਾ ਗੁਜਰੀ ਜੀ ਦੀ ਅਗਵਾਈ ਹੇਠ ਸਾਹਿਬਜ਼ਾਦੇ ਦ੍ਰਿੜ੍ਹਤਾ ਪੂਰਵਕ 'ਕੂੜ' ਦਾ ਮੁਕਾਬਲਾ ਕਰਦੇ ਹੋਏ, 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਵਰਤਾ ਕੇ "ਓੜਕ ਸਚਿ ਰਹੀ" ਵਾਲੇ ਗੁਰੂ ਬਚਨਾਂ ਉੱਪਰ ਪੂਰੇ ਉਤਰਨ ਵਾਲਾ ਸ਼ਾਨਾਮੱਤਾ ਇਤਿਹਾਸ ਸਿਰਜ ਗਏ। ਇਸ ਅਦੁੱਤੀ ਅਤੇ ਲਾਸਾਨੀ ਇਤਿਹਾਸਕ ਸਾਕੇ ਦੌਰਾਨ ਸੱਚ ਦੇ ਪ੍ਰਵਾਨਿਆਂ ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜੋਰਾਵਰ ਸਿੰਘ, ਸਾਹਿਬਜ਼ਾਦਾ ਫਤਹਿ ਸਿੰਘ, ਭਾਈ ਮੋਤੀ ਰਾਮ-ਦੀਵਾਨ ਟੋਡਰ ਮੱਲ ਆਦਿ ਦੇ ਪਰਿਵਾਰਾਂ ਸਮੇਤ ਡੁੱਲੇ ਖ਼ੂਨ ਨਾਲ ਸਰਹਿੰਦ ਦੀ ਧਰਤੀ ਲਥ-ਪਥ/ਗੜੁੱਚ ਹੋ ਗਈ। ਇਸੇ ਅਧਾਰ ਉੱਪਰ ਇਸ ਪੁਸਤਕ ਦਾ ਨਾਮ ਉਨ੍ਹਾਂ ਸ਼ਹੀਦਾ ਦੇ ਪਵਿੱਤਰ ਖ਼ੂਨ ਨੂੰ ਸਮਰਪਿਤ ਹੁੰਦੇ ਹੋਏ "ਲਹੂ-ਭਿੱਜੀ ਸਰਹਿੰਦ" ਰੱਖਿਆ ਗਿਆ ਹੈ।

ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਕ੍ਰਿਤ 'ਸ਼ਹੀਦਾਨਿ-ਵਫ਼ਾ' ਨਾਲ ਦਾਸ ਦੀ ਸਭ ਤੋਂ ਪਹਿਲਾਂ ਵਾਕਫੀਅਤ ਡਾ. ਹਰਚੰਦ ਸਿੰਘ ਸਰਹਿੰਦੀ ਦੇ ਲੇਖ 'ਸਰਹਿੰਦ ਦੀ ਦਾਸਤਾਨ—ਅੱਲ੍ਹਾ ਯਾਰ ਖ਼ਾਂ ਦੀ ਜ਼ੁਬਾਨੀ' (ਗੁਰਮਤਿ ਪ੍ਰਕਾਸ਼-ਦਸੰਬਰ 2002) ਰਾਹੀਂ ਹੋਈ। ਉਸ ਤੋਂ ਸੇਧ ਲੈ ਕੇ ਅੱਗੇ ਚਲਦਿਆਂ ਜੋਗੀ ਜੀ ਰਚਿਤ 'ਗੰਜਿ ਸ਼ਹੀਦਾਂ' (ਸਾਕਾ

ਚਮਕੌਰ) ਅਤੇ 'ਸ਼ਹੀਦਾਨਿ ਵਫ਼ਾ' (ਸਾਕਾ ਸਰਹਿੰਦ) ਉੱਪਰ ਅਧਾਰਿਤ ਹਰ ਸਾਲ ਦਸਬੰਰ (ਪੋਹ) ਦੇ ਇਨ੍ਹਾਂ ਇਤਿਹਾਸਕ ਦਿਨਾਂ

ਕੋਈ ਕੌਮ ਮਹਿਰਮ ਨੂੰ ਮੰਨਦੀ ਏ,
ਵੱਡੇ ਦਿਨਾਂ ਦਾ ਕੋਈ ਧਿਆਨ ਧਰਦਾ।

ਦਿਨ ਪੋਹ ਦੇ ਸਾਨੂੰ ਵੀ ਭੁੱਲਦੇ ਨਹੀਂ,
ਡਿੱਠਾ ਜਦੋ ਦਸਮੇਸ਼ ਨੂੰ ਸਰਬੰਸ ਦਾਨ ਕਰਦਾ।

ਵਿਚ ਵੱਖ-ਵੱਖ ਗੁਰਦੁਆਰਿਆਂ ਅੰਦਰ ਗੁਰੂ ਕ੍ਰਿਪਾ ਦੁਆਰਾ ਲੜੀਵਾਰ ਵਿਚਾਰ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਆ ਰਿਹਾ ਹੈ।

ਇਸੇ ਲੜੀ ਅਧੀਨ ਇਤਿਹਾਸਕ/ਗੁਰਮਤਿ ਵਿਚਾਰਾਂ ਦੀ ਸਮਾਪਤੀ ਉੱਪਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲ ਕੋਚ ਫੈਕਟਰੀ, ਕਪੂਰਥਲਾ ਦੀ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਸਕੱਤਰ ਭਾਈ ਗੁਰਮਨਜੀਤ ਸਿੰਘ ਦੇ ਕਹੇ ਸ਼ਬਦ, "ਸਾਕਾ ਚਮਕੌਰ ਅਤੇ ਸਾਕਾ ਸਰਹਿੰਦ ਦੇ ਕਿੱਸਿਆਂ ਨੂੰ ਜਿਥੇ ਹਕੀਮ ਅੱਲ੍ਹਾ ਖ਼ਾਂ ਜੋਗੀ ਨੇ ਇਸ ਤਰ੍ਹਾਂ ਸਫਲਤਾ ਪੂਰਵਕ, ਭਾਵਨਾਤਮਕ ਰੂਪ ਵਿਚ ਕਲਮਬੱਧ ਕੀਤਾ ਹੈ ਜਿਵੇਂ ਉਹ (ਕਿੱਸਾਕਾਰ) ਇਹਨਾਂ ਸਾਕਿਆਂ ਦੇ ਚਸ਼ਮਦੀਦ ਗਵਾਹ ਵਜੋਂ ਹਰ ਸਮੇਂ ਨਾਲ-ਨਾਲ ਵਿਚਰ ਰਿਹਾ ਹੋਵੇ, ਉਸ ਦੇ ਕਦਮ-ਚਿੰਨ੍ਹਾਂ ਦੇ ਚਲਦਿਆਂ ਵੀਰ ਸੁਖਜੀਤ ਸਿੰਘ ਵੱਲੋਂ ਇਨ੍ਹਾਂ ਕਿੱਸਿਆਂ ਰਾਹੀਂ ਗੁਰਮਤਿ/ਇਤਿਹਾਸ ਦੀ ਲੜੀਵਾਰ ਵਿਆਖਿਆ ਵੀ ਇਸ ਤਰ੍ਹਾਂ ਕੀਤੀ ਗਈ ਜਿਵੇਂ ਕਥਾਕਾਰ ਆਪ ਵੀ ਸਮੁੱਚੀ ਹਾਜ਼ਰ ਸੰਗਤ ਨੂੰ ਨਾਲ-ਨਾਲ ਲੈ ਕੇ ਚਸ਼ਮਦੀਦ ਗਵਾਹ ਵਜੋਂ ਵਿਚਰ ਰਿਹਾ ਹੋਵੇ" ਦਾਸ ਦਾ ਹਮੇਸ਼ਾ ਹੀ ਹੌਸਲਾ ਵਧਾਉਂਦੇ ਹਨ ਅਤੇ ਵਧਾਉਂਦੇ ਰਹਿਣਗੇ।

ਦਾਸ ਵੱਲੋਂ 2009 ਦੇ ਇਨ੍ਹਾਂ ਇਤਿਹਾਸਕ ਦਿਨਾਂ ਵਿਚ ਲੜੀਵਾਰ ਵਿਚਾਰ ਕਰਨ ਦਾ ਪ੍ਰੋਗਰਾਮ ਸ੍ਰ. ਰਛਪਾਲ ਸਿੰਘ (ਚੇਅਰਮੈਨ, ਸ਼ੁਭ ਕਰਮਨ ਸੁਸਾਇਟੀ) ਰਾਹੀਂ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਚਰਨ ਪਾਵਨ, ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਬਣਿਆ। ਸਮੂਹ ਪ੍ਰਬੰਧਕਾਂ (ਵਿਸ਼ੇਸ਼ ਤੌਰ 'ਤੇ ਸ੍ਰ. ਮਹਿਤਾਬ ਸਿੰਘ, ਸ੍ਰ. ਗੁਰਬਚਨ ਸਿੰਘ, ਸ੍ਰ. ਤਜਿੰਦਰ ਸਿੰਘ, ਸ੍ਰ. ਸੁਰਜੀਤ ਸਿੰਘ ਮੈਨੇਜਰ ਆਦਿ) ਸਮੂਹ ਸਟਾਫ ਅਤੇ ਹੋਰ ਸਹਿਯੋਗੀ ਸੱਜਣਾਂ ਰਾਹੀਂ ਸੰਗਤਾਂ ਦਾ ਬੇਅੰਤ ਪਿਆਰ ਮਿਲਿਆ (ਅੰਤਿਕਾ-1)। ਹਜ਼ੂਰੀ ਰਾਗੀ ਭਾਈ ਸਤਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਸਾਰੇ ਪ੍ਰੋਗਰਾਮ ਦੀ ਕੰਪਿਊਟਰਾਈਜਡ ਰਿਕਾਰਡਿੰਗ ਕਰਨ ਉਪਰੰਤ ਸੀ.ਡੀਜ ਤਿਆਰ ਕਰਨ ਦੀ ਵਡਮੁੱਲੀ ਸੇਵਾ ਕੀਤੀ। ਭਾਈ ਕਾਮਰੇਟ ਸਿੰਘ, ਰੇਲ ਕੋਚ ਫੈਕਟਰੀ, ਕਪੂਰਥਲਾ ਨੇ ਇਸ ਲੜੀਵਾਰ ਕਥਾ ਦੇ ਸਾਕਾ ਸਰਹਿੰਦ ਵਾਲੇ ਇਕ ਹਿੱਸੇ ਨੂੰ ਕਿਤਾਬੀ ਰੂਪ ਦੇਣ ਦੀ ਅਤਿ ਬਿਖਮ

ਸੇਵਾ ਆਪਣੇ ਜ਼ਿੰਮੇ ਲਈ ਅਤੇ ਰੱਬੀ ਬਖਸ਼ਿਸ਼ ਨਾਲ ਬਾਖੂਬੀ ਨਿਭਾਇਆ ਵੀ ਗਿਆ, ਜਿਸ ਤੋਂ ਬਿਨਾਂ ਇਸ ਪੁਸਤਕ ਦਾ ਹੋਂਦ ਵਿਚ ਆਉਣਾ ਵੀ ਅਸੰਭਵ ਸੀ। ਮਾਸਟਰ ਅਵਤਾਰ ਸਿੰਘ 'ਸੋਹਲ' ਅਤੇ ਦਾਸ ਦੇ ਛੋਟੇ ਵੀਰ ਸ੍ਰ. ਦਵਿੰਦਰ ਸਿੰਘ ਇਸ ਪੁਸਤਕ ਦੀ ਪ੍ਰਕਾਸ਼ਨਾ ਸਬੰਧੀ ਸਮੇਂ-ਸਮੇਂ ਯੋਗ ਸੁਝਾਅ ਦੇ ਕੇ ਮਾਰਗ ਦਰਸ਼ਨ ਕਰਦੇ ਰਹੇ। ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਨਾ ਦੀ ਜ਼ਿੰਮੇਵਾਰੀ ਨਿਭਾਈ। ਦਾਸ, ਇਨ੍ਹਾਂ ਸਾਰਿਆਂ ਅਤੇ ਹੋਰ ਜਿਸ ਜਿਸ ਨੇ ਵੀ ਇਸ ਸਬੰਧੀ ਯੋਗਦਾਨ ਦਿੱਤਾ, ਹਮੇਸ਼ਾ ਲਈ ਰਿਣੀ ਰਹੇਗਾ।

ਮਾਤਾ ਗੁਜਰੀ ਜੀ, ਭਾਈ ਨੰਦ ਲਾਲ ਜੀ, ਭਾਈ ਘਨ੍ਹਈਆ ਜੀ ਆਦਿ ਪ੍ਰਸਿੱਧ ਸਿੱਖ ਸ਼ਖਸ਼ੀਅਤਾਂ ਬਾਰੇ ਜ਼ਰੂਰੀ ਗੱਲ ਸਪੱਸ਼ਟ ਕਰਨ ਦੀ ਲੋੜ ਹੈ। ਇਹ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਹਨ ਅਤੇ ਖ਼ਾਲਸਾ ਪੰਥ ਸਾਜਨਾ ਦੇ ਚਸ਼ਮਦੀਦ ਗਵਾਹ ਵੀ ਹਨ। ਮਾਤਾ ਗੁਜਰੀ ਜੀ ਉਸ ਸਮੇਂ ਛੋਟੀ ਉਮਰ ਦੇ ਹੀ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੂੰ ਖ਼ਾਲਸਾ ਸਾਜਨਾ ਦਿਵਸ ਤੇ ਆਪ ਤਿਆਰ ਕਰਕੇ ਅੰਮ੍ਰਿਤ ਦੀ ਦਾਤ ਨਾਲ ਜੋੜਣ ਦਾ ਉਪਰਾਲਾ ਕਰਦੇ ਹਨ। ਭਾਈ ਨੰਦ ਲਾਲ ਜੀ ਖ਼ਾਲਸੇ ਨੂੰ ਰਹਿਤਾਂ ਦ੍ਰਿੜ੍ਹ ਕਰਵਾਉਂਦੇ ਹਨ। ਭਾਈ ਘਨ੍ਹਈਆ ਜੀ ਗੁਰੂ ਬਖਸ਼ਿਸ਼ ਨਾਲ ਨਿਵਾਜੀ ਹੋਈ ਮਹਾਨ ਆਤਮਾ ਹੈ। ਇਹ ਕਦਾਚਿਤ ਨਹੀਂ ਹੋ ਸਕਦਾ ਕਿ ਇਨ੍ਹਾਂ ਸਾਰਿਆਂ ਨੇ ਗੁਰੂ ਕਲਗੀਧਰ ਪਾਤਸ਼ਾਹ ਦੇ ਬਖਸ਼ੇ ਖੰਡੇ ਬਾਟੇ ਦੀ ਪਾਹੁਲ ਨਾ ਲਈ ਹੋਵੇ। ਪ੍ਰੰਤੂ ਪ੍ਰਚਲਿਤ ਇਤਿਹਾਸਕ ਲਿਖਤਾਂ ਵਿਚ ਇਨ੍ਹਾਂ ਨੂੰ ਮਾਤਾ ਗੁਜਰ ਕੌਰ, ਭਾਈ ਨੰਦ ਲਾਲ ਸਿੰਘ, ਭਾਈ ਘਨ੍ਹਈਆ ਸਿੰਘ ਆਦਿ ਰੂਪ ਵਿਚ ਲਿਖਿਆ ਨਹੀਂ ਮਿਲਦਾ ਹੈ।

ਦਸਮ ਪਾਤਸ਼ਾਹ ਪ੍ਰਕਾਸ਼ ਤੋਂ ਗੁਰਿਆਈ (1666 ਤੋਂ 1675 ਈ.) ਤਕ ਬਾਲ ਗੋਬਿੰਦ ਰਾਏ ਜੀ ਹਨ। ਗੁਰਤਾ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਖਾਲਸਾ ਸਾਜਨਾ (1675 ਤੋਂ 1699 ਈ.) ਤੱਕ ਗੁਰੂ ਗੋਬਿੰਦ ਰਾਏ ਜੀ ਹਨ, ਜੋ ਕਿ ਇਤਿਹਾਸਕ ਤੌਰ ਤੇ ਅਕੱਟ ਸੱਚਾਈ ਹੈ। ਪ੍ਰੰਤੂ ਇਤਿਹਾਸਕ ਲਿਖਤਾਂ ਵਿਚ ਦਸਮ ਪਾਤਸ਼ਾਹ ਦੇ 1666 ਤੋਂ 1699 ਈ. ਤਕ ਦੇ ਕਾਲ ਵਿਚ ਬਾਲ/ਗੁਰੂ ਗੋਬਿੰਦ ਰਾਏ ਦੀ ਥਾਂ ਤੇ ਵੀ ਗੁਰੂ ਗੋਬਿੰਦ ਸਿੰਘ ਜੀ ਰੂਪ ਵਿਚ ਹੀ ਪ੍ਰਚਲਿਤ ਹੈ।

ਇਸੇ ਤਰ੍ਹਾਂ ਪ੍ਰਚਲਿਤ ਇਤਿਹਾਸਕ ਲਿਖਤਾਂ ਦੇ ਅਧਾਰ ਤੇ ਇਸ ਪੁਸਤਕ ਵਿਚ ਵੀ ਮਾਤਾ ਗੁਜਰੀ ਜੀ, ਭਾਈ ਨੰਦ ਲਾਲ ਜੀ, ਭਾਈ ਘਨੱਈਆ ਜੀ ਆਦਿ ਹੀ ਲਿਖਿਆ ਗਿਆ ਹੈ, ਜੋ ਕਿ ਇਨ੍ਹਾਂ ਮਹਾਨ ਆਤਮਾਵਾਂ ਦੀ ਸਿੱਖੀ, ਖਾਲਸਈ ਸਖਸ਼ੀਅਤ ਨੂੰ ਘਟਾ ਕੇ ਪੇਸ਼ ਕਰਨ ਦਾ ਕਦਾਚਿਤ ਮਕਸਦ ਨਹੀਂ ਹੈ।

ਅਖ਼ੀਰ 'ਤੇ ਸਭ ਪਾਠਕਾਂ, ਗੁਰਮਤਿ ਦੀ ਜਾਣਕਾਰੀ ਲੈਣ ਦੀ ਇੱਛਾ ਨੂੰ ਜਗਦੀ

ਰੱਖਣ ਵਾਲੀਆਂ ਗੁਰਮੁਖ ਰੂਹਾਂ ਤੋਂ ਆਸ ਕਰਦਾ ਹਾਂ ਕਿ ਉਹ ਇਸ ਪੁਸਤਕ ਨੂੰ ਆਪ ਪੜ੍ਹਨਗੇ, ਹੋਰਨਾਂ ਨੂੰ ਪੜ੍ਹਾਉਣਗੇ ਅਤੇ ਇਸ ਪੁਸਤਕ ਵਿਚ ਦਿੱਤੀਆਂ ਗੁਰਮਤਿ ਪ੍ਰਤੀ ਚੇਤਨਤਾ ਭਰਪੂਰ ਸੇਧਾਂ ਦੇ ਅਧਾਰ ਉੱਪਰ **'ਬੰਦੇ ਖੋਜੁ ਦਿਲ ਹਰ ਰੋਜ'** ਅਨੁਸਾਰ ਆਪਾ ਪੜਚੋਲਦੇ ਹੋਏ ਮਾਤਾ ਗੁਜਰੀ ਜੀ ਵਲੋਂ ਪਾਏ ਪੂਰਨਿਆਂ 'ਤੇ ਸਾਹਿਬਜ਼ਾਦਿਆਂ ਵਾਂਗ ਚਲਦੇ ਹੋਏ ਆਪਣੇ ਸਮੁੱਚੀ ਸਿੱਖ ਕੌਮ ਅੰਦਰ ਸਿੱਖੀ ਭਾਵਨਾ ਨੂੰ ਪ੍ਰਫੁਲਿਤ ਕਰਨ ਲਈ ਯਤਨਸ਼ੀਲ ਹੋਣਗੇ। ਦਾਸ ਵੱਲੋਂ ਅਕਾਲ ਪੁਰਖ ਦੇ ਚਰਨਾਂ ਵਿਚ ਇਹੀ ਅਰਦਾਸ ਹੈ।

'ਲਹੂ-ਭਿੱਜੀ ਸਰਹਿੰਦ' ਨਾਮਕ ਇਸ ਪੁਸਤਕ ਦੀ ਤਿਆਰੀ/ਪ੍ਰਕਾਸ਼ਨਾਂ ਦੌਰਾਨ ਰਹਿ ਗਈਆਂ ਤਰੁੱਟੀਆਂ ਅਤੇ ਹੋਈਆਂ ਭੁੱਲਾਂ ਲਈ ਖਿਮਾ ਦੇ ਜਾਚਕ ਹਾਂ।

ਤੁਹਾਡੇ ਉਤਸ਼ਾਹ ਭਰਪੂਰ ਹੁੰਗਾਰੇ/ਸੁਝਾਵਾਂ ਦੀ ਉਡੀਕ ਵਿੱਚ—

ਸੁਖਜੀਤ ਸਿੰਘ, ਕਪੂਰਥਲਾ
ਗੁਰਮਤਿ ਪ੍ਰਚਾਰਕ/ਕਥਾ ਵਾਚਕ
201, ਗਲੀ ਨੰਬਰ 6, ਸੰਤਪੁਰਾ
ਕਪੂਰਥਲਾ (ਪੰਜਾਬ)
(098720-76876, 01822-276876)

੧ਓ ਸਤਿਗੁਰ ਪ੍ਰਸਾਦਿ ॥
ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥

Tel.: 01882-239289
Tel.: 01882-509513
Mob.: 98554-40151
Mob.: 98556-18628

ਸ਼ੁਭ-ਕਰਮਨ ਸੁਸਾਇਟੀ (ਰਜਿ:)
SHUBH KARMAN SOCIETY (Regd.)

www.shubhkarman.org
e-mail : info@shubhkarman.org.

Education | Environment | Employment

Ref. No. ਸ਼ੁ.ਕ.ਸੋ./ਯੂਨਿ/11-12/589. Dated 8-3-2012

ਮਾਰਗਿ ਚਲਤ ਹਰੇ ਹਰਿ ਗਾਈਐ

ਸਿੱਖ ਜਗਤ ਅੰਦਰ ਪੋਹ ਮਹੀਨੇ ਦਾ ਪਹਿਲਾ ਪੰਦਰਵਾੜਾ (16 ਤੋਂ 31 ਦਸੰਬਰ) ਅਸਹਿ ਤੇ ਦਿਲ-ਕੰਬਾਊ ਘਟਨਾਵਾਂ ਨਾਲ ਜੜ੍ਹਿਆ-ਜੁੜਿਆ ਹੋਇਆ ਹੈ, ਜਿਨ੍ਹਾਂ ਦਾ ਜ਼ਿਕਰ ਛੇੜਨ ਨਾਲ ਅੰਬਰ-ਧਰਤੀ ਤੇ ਹਵਾਵਾਂ ਵੀ ਰੁਦਨ ਕਰਨ ਤੋਂ ਰੁਕਦੇ ਨਹੀਂ। ਜਾਪਦਾ ਹੈ ਕਿ ਕਰਤਾ-ਪੁਰਖ ਨੇ ਅੱਤ ਠੰਢੀ ਰੁੱਤ ਵਿਚ ਮਨੁੱਖਤਾ ਨੂੰ ਸ਼ਹੀਦਾਂ ਦੀ ਰੱਤ ਨਾਲ ਗਰਮਾਉਣ ਲਈ ਵਿਸ਼ੇਸ਼ ਸਮਾਂ ਰਾਖਵਾਂ ਰੱਖਿਆ ਹੋਵੇ। ਕਲਗੀਧਰ ਪਿਤਾ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਅਲਵਿਦਾ ਆਖਿਆ ਅਤੇ ਸਰਬੰਸਦਾਨ ਕਰਨ ਦੇ ਚੋਜ ਨੂੰ ਸਰਅੰਜਾਮ ਕੀਤਾ। ਗੁਰੂ ਸਾਹਿਬ ਦੇ 39 ਵੇਂ ਪ੍ਰਕਾਸ਼-ਪੁਰਬ (ਜਨਮ ਦਿਹਾੜੇ) ਮੌਕੇ ਮਾਤਾ ਗੁਜਰ ਕੌਰ ਨੇ ਗੁਰੂ-ਪੁੱਤਰ ਨੂੰ ਅਤੇ ਸਾਹਿਬਜ਼ਾਦਿਆਂ ਨੇ ਗੁਰੂ-ਪਿਤਾ ਨੂੰ ਜੋ ਤੋਹਫਾ ਭੇਟ ਕੀਤਾ, ਉਹ ਸੀ ਆਪਣੇ ਪ੍ਰਾਣਾਂ ਦੀ ਆਹੂਤੀ। ਸਰਬੰਸਦਾਨੀ ਗੁਰੂ ਨੇ ਪ੍ਰਾਪਤ ਹੋਇਆ ਇਹ ਤੋਹਫ਼ਾ ਦਾਤੇ ਨੂੰ ਭੇਟ ਕਰ ਅਮਾਨਤ ਮੋੜ ਸਕਣ ਬਦਲੇ ਸ਼ੁਕਰਾਨਾ ਕੀਤਾ। ਐਸੀ ਮਿਸਾਲ ਪਹਿਲੀ ਤੇ ਆਖਰੀ ਹੈ।

ਬਾਜਾਂ ਵਾਲਿਆ ਤੇਰੇ ਹੌਂਸਲੇ ਸੀ, ਅੱਖਾਂ ਸਾਹਮਣੇ ਪੁੱਤ ਸ਼ਹੀਦ ਕਰਵਾ ਦਿੱਤੇ ।
ਲੋਕੀਂ ਲੱਭਦੇ ਨੇ ਲਾਲ ਪੱਥਰਾਂ ਚੋਂ, ਤੇ ਤੂੰ ਪੱਥਰਾਂ 'ਚ ਹੀ ਚਿਣਵਾ ਦਿੱਤੇ।

"ਚਰਨ ਚਲਉ ਮਾਰਗਿ ਗੋਬਿੰਦ" ਦੀ ਕਹਿਣੀ ਤਾਂ ਸੁਖਾਲੀ ਹੋ ਸਕਦੀ ਹੈ ਪਰ ਕਰਨੀ ਬੜੀ ਕਠਿਨ ਜਾਪਦੀ ਹੈ।

ਗੈਰ-ਇਸਲਾਮੀ ਦੇਸ਼ (ਦਾਰੁਲ-ਹਰਬ) ਤੋਂ ਇਸਲਾਮੀ ਦੇਸ਼ (ਦਾਰੁਲ-ਇਸਲਾਮ) ਬਣਾਉਣ ਲਈ ਬਾਦਸ਼ਾਹ ਔਰੰਗਜ਼ੇਬ ਦੇ ਕਹਿਰ, ਸਿੰਧ ਤੋਂ ਬ੍ਰਹਮ ਪੁੱਤਰ ਤੇ ਗੋਦਾਵਰੀ ਅਤੇ ਰਾਸ ਕੁਮਾਰੀ ਤੱਕ ਜਬਰ-ਜ਼ੁਲਮ ਦਾ ਪ੍ਰਤੀਕ 'ਇਸਲਾਮੀ ਪਰਚਮ' ਅਤੇ ਮੰਦਰ ਢਾਹ ਕੇ ਮਸੀਤਾਂ ਉਸਾਰਨ ਦੇ ਅਮਾਨਵੀ ਵਰਤਾਰੇ ਨੂੰ ਰੋਕਣ ਲਈ ਰਣਜੀਤ ਨਗਾਰੇ 'ਤੇ ਚੋਟ ਲਗਾ ਕੇਸਰੀ ਨਿਸ਼ਾਨ ਝੁਲਾਉਣ ਦੇ ਮਾਰਗ ਨੂੰ ਸਰ ਕਰਨਾ ਗੁਰੂ ਗੋਬਿੰਦ ਸਿੰਘ ਜੀ ਅਤੇ ਆਗਿਆਕਾਰੀ ਗੁਰਸਿੱਖਾਂ ਦੇ ਹਿੱਸੇ ਹੀ ਆਇਆ ਹੈ।

ਐਸੇ ਮਾਣਮੱਤੇ ਤੇ ਸ਼ਾਨਮੱਤੇ ਇਤਿਹਾਸ ਦਾ ਅਹਿਮ ਸੁਨੇਹਾ ਸ਼ਹੀਦੀ ਜੋੜ ਮੇਲਿਆਂ ਦੀ ਥਾਂ ਤੋੜ-ਮੇਲਿਆਂ, ਮੱਤ-ਰੋੜ੍ਹ ਮੇਲਿਆਂ ਦੇ ਝੁਕਾਨ ਅਤੇ ਸਿਆਸੀ ਕਾਨਫਰੰਸਾਂ ਵਿਚ ਗੁਆਚ ਚੁੱਕਾ ਹੈ। ਇਨ੍ਹੀ ਦਿਨੀਂ ਹੀ ਸੰਤ ਬਾਬਿਆਂ ਦੀਆਂ ਬਰਸੀਆਂ ਭਾਰੂ ਰਹਿੰਦੀਆਂ ਹਨ। ਪਿੰਡਾਂ-ਸ਼ਹਿਰਾਂ ਦੇ ਗੁਰਦੁਆਰੇ ਸੁੰਨ-ਮਸੁੰਨ ਜਾਂ ਲਾਵਾਂ ਕਰਵਾਉਣ ਤੇ ਮ੍ਰਿਤਕ ਭੋਗਾਂ 'ਚ ਰੁੱਝੇ ਹੋਏ ਰਹਿੰਦੇ ਹਨ। ਵਿਆਹ-ਸ਼ਾਦੀਆਂ, ਜਨਮ-ਦਿਨ, ਕ੍ਰਿਸਮਸ-ਡੇ, ਵੈਲਨਟਾਈਨ-ਡੇ ਇਤਿਆਦਿਕ ਅਡੰਬਰਾਂ ਅਤੇ ਸ਼ਰਾਬਾਂ-ਸ਼ਬਾਬਾਂ ਅਤੇ ਕਬਾਬਾਂ ਦੇ ਦੌਰਾਂ 'ਚ ਸ਼ਹੀਦੀ ਪੰਦਰਵਾੜਾ ਵਿਸਾਰਿਆ ਜਾ ਚੁੱਕਾ ਹੋਇਆ ਹੈ।

ਐਸੇ ਘੋਰ ਕਲਯੁਗ ਅੰਦਰ ਜੇਕਰ ਕੋਈ ਪੰਥ-ਦਰਦੀ ਅਮੀਰ ਵਿਰਸੇ ਦਾ ਸੁਨੇਹਾ ਵਾਰਸਾਂ ਤੱਕ ਪਹੁੰਚਾਉਣ ਦਾ ਉਪਰਾਲਾ ਕਰਦੇ ਹਨ ਤਾਂ ਇਸ ਨੂੰ ਰੱਬੀ ਬਖਸ਼ਿਸ਼ ਹੀ ਮੰਨਿਆ ਜਾ ਸਕਦਾ ਹੈ।

ਸ: ਸੁਖਜੀਤ ਸਿੰਘ ਐਸ.ਡੀ.ਓ. ਗੁਰਮਤਿ ਪ੍ਰਚਾਰਕ/ਕਥਾਵਾਚਕ ਰੱਬੀ ਬਖਸ਼ਿਸ਼ ਦੇ ਪਾਤਰ ਹੀ ਹਨ ਕਿ ਪਿਛਲੇ ਸਾਲਾਂ ਤੋਂ ਸ਼ਹਿਰਾਂ ਅਤੇ ਪਿੰਡਾਂ ਵਿਚ ਪੰਦਰਾ ਰੋਜ਼ਾ ਸ਼ਹੀਦੀ ਦਾਸਤਾਨ ਰਾਤਰੀ ਸਮਾਗਮ ਰਖਵਾਉਣ ਦਾ ਲਾਹਾ ਖੱਟ ਰਹੇ ਹਨ। ਅੱਜ ਤੱਕ ਲਿਖੇ ਇਤਿਹਾਸ 'ਚੋਂ ਸਿਰਮੌਰ ਇਤਿਹਾਸ ਜੋਗੀ ਅੱਲ੍ਹਾ ਯਾਰ ਖਾਂ ਵਲੋਂ ਲਿਖੇ ਸ਼ਹੀਦੀ ਸਾਕਿਆਂ ਦੀ ਕਾਵਿ-ਰਚਨਾ ਨੂੰ ਅਰਥਾਂ ਸਹਿਤ ਤੇ ਗੁਰਮਤਿ ਦੀ ਰੋਸ਼ਨੀ 'ਚ ਪੇਸ਼ ਕਰਦੇ ਹਨ।

Head Office : Shubh Karman Bhawan, Tanda Road, Hoshiarpur -146001 (Punjab) India
ਮੁੱਖ ਦਫ਼ਤਰ : ਸ਼ੁਭ ਕਰਮਨ ਭਵਨ, ਟਾਂਡਾ ਰੋਡ, ਹੁਸ਼ਿਆਰਪੁਰ-146001 (ਪੰਜਾਬ) ਭਾਰਤ

ਦਾਸ ਨੂੰ ਦਸੰਬਰ 2009 ਦਾ ਸਮਾਗਮ ਗੁਰਦੁਆਰਾ ਕਲਗੀਧਰ, ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਮਨਾਉਣ ਦੀ ਯੋਜਨਾ ਦੌਰਾਨ ਸ਼ਮੂਲੀਅਤ ਅਤੇ ਮਨਾਏ ਜਾਣ ਨੂੰ ਤੱਕਣ ਦਾ ਸੁਭਾਗ ਪ੍ਰਾਪਤ ਹੋਇਆ। ਅੱਤ ਠੰਢੀਆਂ ਰਾਤਾਂ ਹੁੰਦੇ ਜਿਵੇਂ ਪ੍ਰਬੰਧਕਾਂ-ਸੰਗਤਾਂ ਨੇ ਸ਼ਰਧਾ ਤੇ ਸਤਿਕਾਰ ਵਿਖਾਇਆ, ਇਹ ਸਫ਼ਲ ਉਪਰਾਲੇ ਦਾ ਸੰਕੇਤ ਸੀ।

'ਓੜਕਿ ਨਿਬਹੀ ਪ੍ਰੀਤਿ' ਦੇ ਪਰਵਾਨਿਆਂ ਦੀ ਗਾਥਾ ਦੀ ਹੋਈ ਰਿਕਾਰਡਿੰਗ ਨੂੰ 'ਲਹੂ-ਭਿੱਜੀ ਸਰਹਿੰਦ' ਪੁਸਤਕ ਦੇ ਰੂਪ ਵਿਚ ਸਿੱਖ ਕੌਮ ਦੇ ਸਨਮੁੱਖ ਕਰਨਾ ਸ਼ਲਾਘਾਯੋਗ ਉੱਦਮ ਹੈ। ਆਸ ਹੈ ਕਿ ਰੰਗ-ਤਮਾਸ਼ਿਆਂ 'ਚ ਘਿਰੇ ਸਮਾਜ ਨੂੰ ਸਹੀ ਦਿਸ਼ਾ-ਦਸ਼ਾ ਵਿਖਾਉਣ ਅਤੇ 'ਮਾਰਗਿ ਚਲਤ ਹਰੇ ਹਰਿ ਗਾਈਐ' ਦਾ ਸੁਨੇਹਾ ਦੇਣ 'ਚ ਲਾਹੇਵੰਦ ਹੋਵੇਗੀ।

ਸਤਿਗੁਰੂ ਜੀ ਸ: ਸੁਖਜੀਤ ਸਿੰਘ ਦੇ ਸਮੂਹ ਪਰਿਵਾਰ ਨੂੰ ਚੜ੍ਹਦੀ ਕਲਾ ਬਖਸ਼ਣ ਜਿਨ੍ਹਾਂ ਦੇ ਸਹਿਯੋਗੀ ਹੁੰਗਾਰੇ ਸਦਕਾ ਉਹ ਗ੍ਰਿਹ ਤੋਂ ਬਾਹਰ ਰਹਿ ਵੱਖ-ਵੱਖ ਖੇਤਰਾਂ ਵਿਚ ਸੇਵਾਵਾਂ ਨਿਭਾ ਪਾਉਂਦੇ ਹਨ।

ਨਿਮਰਤਾ ਸਹਿਤ

ਰਛਪਾਲ ਸਿੰਘ ਸੋਸ਼ਿਆਲੋਜਿਸਟ
ਚੇਅਰਮੈਨ
ਸ਼ੁਭ ਕਰਮਨ ਸੁਸਾਇਟੀ (ਰਜਿ:) ਹੁਸ਼ਿਆਰਪੁਰ।



ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ

ਐਸੇ ਮਿੱਤ੍ਰਾਂ ਦੀ ਦੁਨੀਆਂ ਵਿਚ ਇਕ ਨਾਮ ਹੈ ਭਾਈ ਸੁਖਜੀਤ ਸਿੰਘ ਕਪੂਰਥਲਾ ਦਾ, ਜਿਨ੍ਹਾਂ ਨਾਲ ਵਿਚਾਰਾਂ ਦੀ ਸਾਂਝ ਕੀਤਿਆਂ ਗੁਰਮਤਿ ਸਿਧਾਂਤਾਂ ਪ੍ਰਤੀ ਪ੍ਰਪੱਕਤਾ ਹੋਰ ਪਰਬਲ ਹੁੰਦੀ ਹੈ। ਦੁਨੀਆਂ ਦੇ ਦਰਦਮੰਦਾਂ ਦੀ ਕਲਮ ਵਿਚ ਨੂਰੀ ਤਾਕਤ ਹੁੰਦੀ ਹੈ। ਇਨ੍ਹਾਂ ਦਰਦਮੰਦਾਂ ਦੀ ਫਰਿਸ਼ਤ ਵਿਚ ਜੋਗੀ ਅੱਲ੍ਹਾ ਯਾਰ ਖ਼ਾਂ ਦਾ ਨਾਮ ਧ੍ਰੂ ਤਾਰੇ ਵਾਂਗ ਚਮਕਦਾ ਹੈ। ਉਨ੍ਹਾਂ ਦੀ ਲਿਖਤ ਸ਼ਹੀਦਾਨਿ ਵਫ਼ਾ ਭਾਵੇਂ ਹਰ ਗੁਰਮਤਿ ਜਗਿਆਸੂ ਨੇ ਪੜ੍ਹੀ-ਸੁਣੀ ਹੈ, ਪਰ ਭਾਈ ਸੁਖਜੀਤ ਸਿੰਘ ਕਪੂਰਥਲਾ ਨੇ ਉਸੇ ਹੀ ਪ੍ਰਸੰਗ ਨੂੰ **"ਲਹੂ-ਭਿੱਜੀ ਸਰਹਿੰਦ"** ਪੁਸਤਕ ਰਾਹੀਂ ਆਪਣੀ ਸਰਲ ਜਿਹੀ ਬੋਲੀ ਵਿਚ ਇਸ ਤਰੀਕੇ ਨਾਲ ਕਲਮਬੱਧ ਕੀਤਾ ਹੈ ਕਿ ਪੜ੍ਹਦਿਆਂ-ਪੜ੍ਹਦਿਆਂ ਮਨ ਕਰਦਾ ਹੈ ਕਿ ਕੋਈ ਹੋਰ ਅਵਾਜ਼ ਮਾਰ ਕੇ ਅਵਾਜ਼ਾਰ ਨਾ ਕਰੇ। ਇਤਿਹਾਸ ਦੇ ਹਰ ਪੱਖ ਦੀ ਗਵਾਹੀ ਗੁਰਬਾਣੀ ਸਿਧਾਂਤਾਂ ਵਿਚੋਂ ਲਈ ਗਈ ਹੈ। ਸਾਡੇ ਸਮਾਜਕ ਰਿਸ਼ਤਿਆਂ ਦੀ ਭਾਵਨਾ ਦਾ ਜ਼ਿਕਰ ਵੀ ਗੁਰ-ਇਤਿਹਾਸ ਅਤੇ ਗੁਰਬਾਣੀ ਦੇ ਹਵਾਲਿਆਂ ਨਾਲ ਕੀਤਾ ਗਿਆ ਹੈ। ਬੜੇ ਹੀ ਸੁਹਿਰਦ ਤਰੀਕੇ ਨਾਲ ਛੋਟੇ ਸਾਹਿਬਜ਼ਾਦਿਆਂ ਦੇ ਖ਼ੂਨੀ ਸਾਕੇ ਦੇ ਨਾਲ ਨਾਲ ਸਿੱਖ ਦੇ ਅਜੋਕੇ ਜੀਵਨ ਢੰਗ ਵੱਲ ਵੀ ਖ਼ਿਆਲ ਕੇਂਦਰਿਤ ਗਿਆ ਹੈ। ਸਿੱਖ ਇਤਿਹਾਸ ਦੇ ਲਹੂ ਭਿੱਜੇ ਪੰਨਿਆਂ ਦਾ ਜ਼ਿਕਰ ਕਰਦਿਆਂ ਭਾਵੇਂ ਦਾਦੀ ਮਾਂ ਦੀ ਸਿੱਖਿਆ ਹੋਵੇ, ਚਾਹੇ ਸਾਹਿਬਜ਼ਾਦਿਆਂ ਦੇ ਵਲਵਲੇ ਜਾਂ ਪਿਤਾ ਗੁਰੂ ਦੇ ਉਪਦੇਸ਼ ਦਾ ਜ਼ਿਕਰ ਕਰਨ ਵੇਲੇ ਵੀ ਗੁਰਮਤਿ ਸਿਧਾਂਤਾਂ ਦਾ ਪੱਲਾ ਨਹੀਂ ਛੱਡਿਆ।

ਅਜੋਕੀ ਸਿੱਖ ਦਾਦੀ ਮਾਂ ਨੂੰ ਗੁਰਮਤਿ ਦਾ ਚੇਤਾ ਕਰਾਉਂਦਿਆਂ ਮਿੱਠੀਆਂ ਮਿੱਠੀਆਂ ਟਕੋਰਾਂ ਵੀ ਕੀਤੀਆਂ ਹਨ ਜਿਵੇਂ "ਬੁੱਢੜੀ ਅਜੇ ਵੀ ਨਾ ਜਪਦੀ ਹਰਿ ਕਾ ਨਾਮ" ਜੋ ਕਿ ਬਜ਼ੁਰਗਾਂ ਲਈ ਪ੍ਰੇਰਨਾ ਸਰੋਤ ਹਨ। ਜੀਵ ਆਤਮਾ ਲਈ ਗੁਰੂ ਅਗਵਾਈ ਦੀ ਕਿਉਂ ਲੋੜ ਹੈ, ਸਾਡੇ ਜੀਵਨ ਵਿਚ ਰੱਬ ਦੀ ਅਣਹੋਂਦ ਕਿਉਂ ਹੈ, ਪਰਿਵਾਰਕ ਰਿਸ਼ਤਿਆਂ ਵਿਚ ਤ੍ਰੇੜਾਂ ਕਿਉਂ ਪੈ ਗਈਆਂ ਹਨ? ਸਿੱਖ ਪ੍ਰੰਪਰਾਵਾਂ ਕਿਉਂ ਅਲੋਪ ਹੋ ਗਈਆਂ ਹਨ? ਇਨ੍ਹਾਂ ਸਭ ਗੱਲਾਂ ਦਾ ਜ਼ਿਕਰ ਕਰਦਿਆਂ ਸਾਡੇ ਜੀਵਨ ਦਾ ਸ਼ੀਸ਼ਾ ਇਸ ਤਰੀਕੇ ਨਾਲ ਦਰਸਾਇਆ ਗਿਆ ਹੈ, ਜਿਸ ਨੂੰ ਤੱਕਿਆਂ ਸਾਡੇ ਨਿੱਜੀ ਜੀਵਨ ਦੀ

ਤਸਵੀਰ ਸਾਹਮਣੇ ਆ ਜਾਂਦੀ ਹੈ। ਭਾਈ ਨੰਦ ਲਾਲ ਸਿੰਘ ਜੀ ਦੇ ਦਸਮੇਸ਼ ਪਿਤਾ ਨਾਲ ਪਿਆਰ ਦੇ ਵਲਵਲੇ ਟੁੰਬਦੇ ਹਨ। ਸਿੱਖ ਨੌਜਵਾਨਾਂ ਵਿਚ ਆਪਣੇ ਵਿਰਸੇ ਨਾਲੋਂ ਦੂਰੀ ਅਤੇ ਇਸ ਦੀ ਸੰਭਾਲ ਵਲੋਂ ਅਣਗਿਹਲੀ, ਨਸ਼ਿਆਂ ਦਾ ਪ੍ਰਭਾਵੀ ਹੋਣਾ, ਧਰਮ ਅਤੇ ਰਾਜਨੀਤੀ ਨੂੰ ਰਾਜਨੀਤੀ ਅਤੇ ਧਰਮ ਵਿਚ ਬਦਲ ਦੇਣਾ ਆਦਿ ਸਿੱਖ ਲੀਡਰਸ਼ਿਪ ਲਈ ਭਾਵਪੂਰਤ ਚੇਤਾਵਨੀ ਹੈ। ਕੇਸਾਂ ਦੀ ਮਹਾਨਤਾ, ਅਜੋਕੇ ਸਿੱਖ ਦੀਆਂ ਧਾਰਮਿਕ ਸਮੱਸਿਆਵਾਂ ਅਤੇ ਹੱਲ ਮਿੱਠੀ ਬੋਲੀ ਵਿਚ ਸਾਂਝੇ ਕੀਤੇ ਗਏ ਹਨ। ਆਸ ਕਰਦਾ ਹਾਂ ਕਿ ਇਹ ਕਿਤਾਬ ਪਾਠਕਾਂ ਦੇ ਦਿਲਾਂ ਨੂੰ ਟੁੰਬੇਗੀ, ਸਿੱਖ ਪ੍ਰਚਾਰਕਾਂ ਲਈ ਮਦਦਗਾਰ ਹੋਵੇਗੀ ਅਤੇ ਸਿੱਖ ਨੌਜੁਆਨਾਂ ਲਈ ਹਲੂਣਾ ਸਾਬਤ ਹੋਵੇਗੀ।

ਅਵਤਾਰ ਸਿੰਘ ਸੋਹਲ
SMC ਸਰਕਲ ਬੀੜ ਸਾਹਿਬ,
ਤਰਨਤਾਰਨ।
094783-57700



© 01882-244990

੧ਓ ਸਤਿਗੁਰ ਪ੍ਰਸਾਦਿ ॥

ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਚਰਨ ਪਾਵਨ

ਮਾਡਲ ਟਾਊਨ, ਹੁਸ਼ਿਆਰਪੁਰ ।

Gurdwara Sri Guru Kalgidhar Charan Pawan,

Model Town, Hoshiarpur—146001.

ਨੰਬਰ GKCP/7/2012 ਮਿਤੀ 08-3-2012

ਸ਼ਲਾਘਾਯੋਗ ਉਪਰਾਲਾ

ਭਾਈ ਸੁਖਜੀਤ ਸਿੰਘ ਕਪੂਰਥਲਾ ਸਿੱਖ ਧਰਮ ਦੇ ਸਤਿਕਾਰਤ ਗੁਰਮਤਿ ਪ੍ਰਚਾਰਕ/ਕਥਾਵਾਚਕ ਹਨ, ਜੋ ਸਰਕਾਰੀ ਡਿਊਟੀ ਦੇ ਨਾਲ ਨਾਲ ਗੁਰਮਤਿ ਪ੍ਰਤੀ ਸਮਰਪਣ ਭਾਵਨਾ ਨਾਲ ਗੁਰੂ ਪਾਤਸ਼ਾਹ ਦੇ ਪੂਰਨਿਆਂ "ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ" (੯੬੬) ਅਨੁਸਾਰ ਗੁਰਬਾਣੀ, ਸਿੱਖ ਇਤਿਹਾਸ ਨੂੰ ਆਪ ਸਮਝ ਕੇ ਨਿਸ਼ਕਾਮ ਭਾਵਨਾ ਨਾਲ ਸੰਗਤਾਂ ਵਿਚ ਵੰਡਣ ਦਾ ਉਪਰਾਲਾ ਕਰ ਰਹੇ ਹਨ। ਇਹ ਸਭ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਖਸ਼ਿਸ਼ ਦੁਆਰਾ ਹੀ ਸੰਭਵ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜਾਦਿਆਂ ਦੀਆਂ ਸ਼ਹਾਦਤਾਂ ਦੇ ਇਤਿਹਾਸ ਦੀ ਲੜੀਵਾਰ ਵਿਚਾਰ ਦਾ ਪ੍ਰੋਗਰਾਮ 14 ਤੋਂ 26 ਦਸੰਬਰ 2009 ਨੂੰ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਚਰਨ ਪਾਵਨ, ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਬਣਿਆ, ਜਿਸ ਵਿਚ ਸੰਗਤਾ ਦੀ ਬੇਅੰਤ ਹਾਜਰੀ, ਜੋ ਕਿ ਦਿਨੋ ਹੋਰ ਹੀ ਹੋਰ ਵਧਦੀ ਗਈ, ਨੇ ਇਸ ਨਿਵੇਕਲੇ ਢੰਗ ਨਾਲ ਸਿੱਖ ਇਤਿਹਾਸ ਦੇ ਖੂਨੀ ਸਾਕਿਆਂ ਦੀ ਗਾਥਾ ਨੂੰ ਗੁਰਬਾਣੀ, ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿਚ ਸਰਵਣ ਕੀਤਾ। ਇਸ ਲੜੀਵਾਰ ਇਤਿਹਾਸਕ ਵਿਚਾਰ ਦੌਰਾਨ ਸਿੱਖ ਪੰਥ ਵਿਚ ਆਏ ਅਜੋਕੇ ਸਮੇਂ ਦੇ ਨਿਘਾਰ ਨੂੰ ਉਜਾਗਰ ਕਰਨ ਦੇ ਨਾਲ ਦੀ ਨਾਲ ਇਹਨਾਂ ਸਮੱਸਿਆਵਾਂ ਦੇ ਕਾਰਣਾਂ ਅਤੇ ਇਲਾਜ ਵੀ ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿਚ ਦੱਸਣ ਦੇ ਬਾਖੂਬੀ ਯਤਨ ਕੀਤੇ। ਮੈਨੂੰ ਇਸ ਗਲ ਦੀ ਬਹੁਤ ਖੁਸ਼ੀ ਹੈ ਕਿ ਉਨ੍ਹਾਂ 13 ਦਿਨਾਂ ਵਿਚ ਪ੍ਰਚਾਰ ਵੀ, ਗੁਰਮਤਿ ਦੇ ਦਾਇਰੇ ਵਿਚ ਸੀ। ਭਾਈ ਸੁਖਜੀਤ ਸਿੰਘ ਜੀ ਵਲੋਂ ਕਥਾ ਰਾਹੀਂ ਪੇਸ਼ਕਾਰੀ ਇੰਨੀ ਪ੍ਰਭਾਵਸ਼ਾਲੀ ਸੀ ਕਿ ਸੰਗਤਾਂ ਅਕਸਰ ਹੀ ਭਾਵੁਕ ਹੋ ਜਾਂਦੀਆ ਸਨ। ਮੈਨੂੰ ਇਸ ਗਲ ਦਾ ਅਫਸੋਸ ਹੈ ਕਿ ਅੱਜ ਹੋਰ ਵੀ ਬਹੁਤ ਸਾਰੇ ਵਿਦਵਾਨ ਗੁਰਮਤਿ ਨੂੰ ਛੱਡ ਕੇ ਆਪਣੀ ਮਨਮਤਿ ਨੂੰ ਅੱਗੇ ਰੱਖ ਕੇ ਬਹੁਤ ਸਾਰੀਆਂ ਕਥਾਵਾਂ ਕਰਦੇ ਹਨ ਜਿਸ ਨਾਲ ਕੌਮ ਦੇ ਉਸ ਹਿਸੇ ਨੂੰ, ਜੋ ਗੁਰਮਤਿ ਦਾ ਚੰਗੀ ਤਰ੍ਹਾਂ ਜਾਣੂ ਨਹੀਂ ਹੈ, ਗੁਰਮਤਿ ਤੋਂ ਦੂਰ ਲਿਜਾਣ ਦਾ ਕਾਰਣ ਬਣ ਰਹੇ ਹਨ। ਇਸੇ ਪ੍ਰੋਗਰਾਮ ਦੇ ਇਕ ਹਿੱਸੇ ਸਾਕਾ ਸਰਹੰਦ

Gurdwara Sri Kalgidhar Charan Pawan, Model Town, HOSHIARPUR ੧ਓ

Mohinder Singh

ਦੀ ਕਥਾ ਨੂੰ 'ਲਹੂ-ਭਿੱਜੀ ਸਰਹਿੰਦ' ਪੁਸਤਕ ਦੇ ਰੂਪ ਵਿਚ ਪਾਠਕਾਂ ਦੇ ਸਨਮੁੱਖ ਪੇਸ਼ ਕਰਨ ਦਾ ਸਲਾਘਾਯੋਗ ਉਪਰਾਲਾ ਕੀਤਾ ਗਿਆ ਹੈ।

ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਭਾਈ ਸੁਖਜੀਤ ਸਿੰਘ ਕਪੂਰਥਲਾ ਵਲੋਂ ਕੌਮੀ ਵਾਰਸਾਂ ਨੂੰ ਅਮੀਰ ਵਿਰਸੇ ਨਾਲ ਜੋੜਣ ਹਿਤ ਗੁਰਮਤਿ ਪ੍ਰਚਾਰ/ਪ੍ਰਸਾਰ ਦੀਆਂ ਨਿਭਾਈਆ ਜਾ ਰਹੀਆਂ ਸੇਵਾਵਾਂ ਦੀ ਹੋਰ ਚੜ੍ਹਦੀ ਕਲਾ ਲਈ ਅਰਦਾਸ ਹੈ ਕਿ ਪ੍ਰਮੇਸ਼ਰ ਜੀ ਹੋਰ ਬਲ ਬੁਧਿ ਬਖਸ਼ਣ।

Gurdwara Sri Kalgidhar Charan Parsi, Model Town, HOSHIARPUR ੴ

(ਮਹਿਤਾਬ ਸਿੰਘ)

ਸਕੱਤਰ



ਆਰੰਭਿਕਾ

੧ੴ

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਨਾਰਾਇਨ ਨਰਪਤਿ ਨਮਸਕਾਰੈ॥
ਐਸੇ ਗੁਰ ਕਉ ਬਲਿ ਬਲਿ ਜਾਈਐ ਆਪੁ ਮੁਕਤੁ ਮੋਹਿ ਤਾਰੈ॥

(ਕਾਨੜਾ ਮਹਲਾ ੫-੧੩੦੧)

ਪਰਮ ਸਨਮਾਨਯੋਗ, ਪਰਮ ਸਤਿਕਾਰਯੋਗ, ਚਵਰ ਤਖ਼ਤ ਦੇ ਮਾਲਿਕ ਸਤਿਗੁਰੂ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਚਰਨ ਕਮਲਾਂ ਵਿਚ ਜੁੜੇ ਬੈਠੇ ਗੁਰੂ ਦੇ ਪਿਆਰਿਓ, ਆਓ, ਉਸ ਸਰਹੰਦ ਦੀਆਂ ਖ਼ੂਨੀ ਦੀਵਾਰਾਂ ਦੀ ਗਾਥਾ ਨੂੰ ਅਰੰਭ ਕਰਨ ਤੋਂ ਪਹਿਲਾਂ ਆਪਣੀਆਂ ਮਨ ਬਿਰਤੀਆਂ ਨੂੰ ਉਸ ਅਸਥਾਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਜੋੜਨ ਦਾ ਯਤਨ ਕਰੀਏ ਜੀ।

ਸਤਿਗੁਰੂ ਜੀ ਦੇ ਪਿਆਰ ਅਤੇ ਸਤਿਕਾਰ ਨੂੰ ਮੁੱਖ ਰੱਖਦਿਆਂ, ਗੁਰੂ ਫ਼ਤਹਿ ਦੀ ਸਾਂਝ ਪਾਈਏ ਅਤੇ ਪਿਆਰ ਨਾਲ ਬੋਲੋ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਗੁਰੂ ਪਿਆਰਿਓ ! ਦੀਵਾਰਾਂ ਤਾਂ ਸੰਸਾਰ ਦੇ ਇਤਿਹਾਸ ਵਿਚ ਬਹੁਤ ਉਸਰੀਆਂ ਅਤੇ ਅੱਜ ਵੀ ਉਸਰ ਰਹੀਆਂ ਹਨ, ਪਰ ਕੀ ਕਾਰਨ ਹੈ ਕਿ "ਸਰਹੰਦ ਦੀਆਂ ਦੀਵਾਰਾਂ" ਇਤਿਹਾਸ ਦਾ ਇਕ ਅਹਿਮ ਹਿੱਸਾ ਬਣ ਗਈਆਂ ਨੇ।

ਦੀਵਾਰਾਂ ਤਾਂ ਅਸੀਂ ਅੱਜ ਵੀ ਉਸਾਰਦੇ ਹਾਂ, ਦੀਵਾਰਾਂ ਤਾਂ ਸਾਡੇ ਤੋਂ ਪਹਿਲਾਂ ਵੀ ਉਸਰਦੀਆਂ ਰਹੀਆਂ ਨੇ, ਜਦੋਂ ਅਸੀਂ ਸੰਸਾਰ 'ਤੇ ਨਹੀਂ ਹੋਵਾਂਗੇ, ਦੀਵਾਰਾਂ ਤਾਂ ਉਸ ਸਮੇਂ ਵੀ ਉਸਰਦੀਆਂ ਰਹਿਣਗੀਆਂ।

ਪਰ ਉਹਨਾਂ ਸਰਹੰਦ ਦੀਆਂ ਦੀਵਾਰਾਂ ਵਿਚ ਕਿਹੜੀ ਐਸੀ ਖਾਸੀਅਤ ਹੈ ਕਿ ਰਹਿੰਦੀ ਦੁਨੀਆਂ ਤੱਕ ਸਰਹੰਦ ਦੀਆਂ ਦੀਵਾਰਾਂ ਦੀ ਗਾਥਾ ਸਾਨੂੰ ਪ੍ਰੇਰਣਾ ਦਿੰਦੀ

ਰਹੇਗੀ। ਕਿਸੇ ਵਿਦਵਾਨ ਸ਼ਾਇਰ ਨੇ ਇਸ ਗੱਲ ਦਾ ਜੁਆਬ ਬੜੇ ਬਾ-ਕਮਾਲ ਲਫ਼ਜ਼ਾਂ ਵਿਚ ਦਿੱਤਾ ਹੈ,

ਇਹ ਦੁਨੀਆਂ ਨਹੀਂ ਕਮ ਦਿਲਿਆਂ ਦੀ, ਇਹ ਰਣ ਹੈ ਪੌਣ ਸਵਾਰਾਂ ਦਾ,
ਨੀਹਾਂ ਦੇ ਵਿਚ ਜੇ ਸਿਰ ਹੋਵਣ, ਮੁੱਲ ਪੈ ਜਾਏ ਦੀਵਾਰਾਂ ਦਾ।

ਮੈਂ ਬੇਨਤੀ ਕਰ ਦਿਆਂ ਕਿ ਉਸ ਮਹਾਨ ਸ਼ਾਇਰ ਦਾ ਜੁਆਬ ਪੜ੍ਹ ਕੇ ਸਰਹੰਦ ਦੀਆਂ ਦੀਵਾਰਾਂ ਦੀ ਗਾਥਾ ਸਾਡੇ ਮਨਾਂ ਨੂੰ ਖ਼ੁਦ ਬ-ਖ਼ੁਦ ਝੰਜੋੜ ਜਾਂਦੀ ਹੈ। ਜੇਕਰ ਉਹ ਸਿਰ ਵੀ ਹੋਵਣ ਪਿਤਾ ਸ੍ਰੀ ਦਸਮੇਸ਼ ਜੀ ਦੇ ਲਾਡਲੇ ਸ਼ੇਰਾਂ ਦੇ ਤਾਂ ਕਿਉਂ ਨਾ ਮੁੱਲ ਪਵੇਗਾ ਉਹਨਾਂ ਦੀਵਾਰਾਂ ਦਾ ?

ਕਿਉਂ ਨਾ ਉਹਨਾਂ ਦੀਵਾਰਾਂ ਨੂੰ ਰਹਿੰਦੀ ਦੁਨੀਆਂ ਤੱਕ ਸਿੱਜਦੇ ਕੀਤੇ ਜਾਂਦੇ ਰਹਿਣਗੇ ? ਇਥੇ ਮੈਂ ਇਸ ਸਾਕੇ ਨੂੰ ਅਰੰਭ ਕਰਨ ਤੋਂ ਪਹਿਲਾਂ ਇਕ ਗੱਲ ਕਹਾਂ— ਗੁਰੂ ਨਾਨਕ ਦੇ ਘਰ ਅੰਦਰ ਜੋ ਕੁਝ ਵੀ ਹੋਇਆ ਹੈ, ਗੁਰੂ ਨਾਨਕ ਦੇ ਘਰ ਅੰਦਰ ਜਿੰਨੇ ਵੀ ਸਾਕੇ, ਘਟਨਾਵਾਂ ਹੋਈਆਂ, ਇਹ ਸਾਰਾ ਪੂਰਵ-ਨਿਰਧਾਰਤ ਪ੍ਰੋਗਰਾਮ ਹੈ ਅਤੇ ਇਹ ਪੂਰਵ ਨਿਰਧਾਰਤ ਪ੍ਰੋਗਰਾਮ ਕਿਸੇ ਮਨੁੱਖ ਦਾ ਬਣਾਇਆ ਹੋਇਆ ਨਹੀਂ, ਇਹ ਗੁਰੂ ਨਾਨਕ ਜੀ ਦਾ ਆਪਣਾ ਉਲੀਕਿਆ ਹੋਇਆ ਪ੍ਰੋਗਰਾਮ ਹੈ ਅਤੇ ਉਹ ਵੀ ਅਕਾਲ ਪੁਰਖ ਦੇ ਹੁਕਮ ਨਾਲ।

ਕੀ ਕਾਰਨ ਸੀ ਕਿ ਉਹਨਾਂ ਛੋਟੇ-ਛੋਟੇ ਬਾਲਾਂ ਨੂੰ ਸਰਹੰਦ ਜਾ ਕੇ ਆਪਣੀਆਂ ਸ਼ਹਾਦਤਾਂ ਦੇਣੀਆਂ ਪਈਆਂ ?

ਉਹਨਾਂ ਕਾਰਨਾਂ ਨੂੰ ਦਾਸ ਵੱਲੋਂ ਧਿਆਨ ਨਾਲ ਵਾਚਣ ਤੋਂ ਬਾਅਦ ਜੋ ਸਮਝ ਵਿਚ ਬਾਤ ਆਈ ਹੈ ਕਿ ਦੁਨੀਆਂ ਵਿਚ, ਦੁਨੀਆਂ ਦੇ ਇਤਿਹਾਸ ਅੰਦਰ !

ਬੱਚੇ ਭਗਤ ਵੀ ਹੋਏ ਹਨ, ਬੱਚਾ ਗੁਰੂ ਵੀ ਹੋਇਆ ਹੈ

ਅਤੇ :

ਬੱਚੇ ਸ਼ਹੀਦ ਵੀ ਹੋਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਤਰਤੀਬ ਨਾਲ ਦੱਸ ਦਿਆਂ, ਬਾਣੀ ਵਿਚ ਲਿਖਿਆ ਹੈ :

ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥

(ਗਉੜੀ ਕਬੀਰ ਜੀ-੩੩੭)

ਹੁਣ ਉਹਨਾਂ ਦੀ ਉਮਰ, ਕਿੰਨੀ ਹੈ ?

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥

(ਮਾਰੂ ਮਹਲਾ ੫-੯੯੯)

ਭਗਤ ਕਬੀਰ ਜੀ ਪ੍ਰਮਾਤਮਾ ਦੀ ਬੰਦਗੀ, ਪ੍ਰਮਾਤਮਾ ਦਾ ਸਿਮਰਨ ਕਰਨ ਲਈ ਕਿਸੇ ਵੱਡੇ ਜਾਂ ਕਿਸੇ ਬਜ਼ੁਰਗ ਤੋਂ ਪ੍ਰੇਰਣਾ ਲੈਣ ਦੀ ਬਾਤ ਨਹੀਂ ਕਰਦੇ। ਭਗਤ ਕਬੀਰ ਜੀ ਸਾਨੂੰ ਪ੍ਰੇਰਣਾ ਕਰਦੇ ਹਨ ਕਿ ਐ ਜੀਵ ! ਭਗਤ ਧ੍ਰੂ,ਭਗਤ ਪ੍ਰਹਿਲਾਦ ਕੋਲੋਂ ਸਿੱਖਿਆ ਲੈ ਕਿ ਪ੍ਰਮੇਸ਼ੁਰ ਦੀ ਬੰਦਗੀ, ਪ੍ਰਮੇਸ਼ੁਰ ਦਾ ਨਾਮ ਕਿਵੇਂ ਜਪਿਆ ਜਾਣਾ ਹੈ।

ਬੱਚੇ ਭਗਤ ਵੀ ਹੋਏ ਨੇ।

ਗੁਰੂ ਨਾਨਕ ਦੇ ਘਰ ਨੇ ਇਕ ਹੋਰ ਨਿਵੇਕਲੀ ਬਾਤ ਦਿਖਾ ਦਿੱਤੀ ਕਿ ਗੁਰੂ ਨਾਨਕ ਦੇ ਘਰ ਵਿਚ ਬੱਚੇ ਗੁਰੂ ਵੀ ਹੋਏ ਨੇ। ਜੀ ਹਾਂ !

ਬੱਚਾ ਗੁਰੂ ਵੀ ਹੋਇਆ ਹੈ।

ਲਗਭਗ ਸਵਾ ਪੰਜ ਸਾਲ ਦੀ ਉਮਰ ਦੇ ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਜੀ ਵੀ ਹੋਏ ਹਨ। ਜੋ ਘਾਟ ਸੀ ਤਾਂ ਗੁਰੂ ਨਾਨਕ ਦੇ ਘਰ ਨੇ ਦਸਵੇਂ ਜਾਮੇ ਵਿਚ ਜਾ ਕੇ ਉਹ ਘਾਟ ਵੀ ਪੂਰੀ ਕਰ ਦਿੱਤੀ, ਕਿਹੜੀ ? ਜੇਕਰ ਬੱਚਾ ਭਗਤ ਹੋ ਸਕਦਾ ਹੈ, ਬੱਚਾ ਗੁਰੂ ਹੋ ਸਕਦਾ ਹੈ, ਤਾਂ ਫਿਰ ਸ਼ਹੀਦ ਵੀ ਹੋ ਸਕਦਾ ਹੈ।

ਗੁਰੂ ਨਾਨਕ ਨੇ ਦਸਵੇਂ ਜਾਮੇ ਵਿਚ ਜਾ ਕੇ ਸਰਹੰਦ ਦੀਆਂ ਖ਼ੂਨੀ ਦੀਵਾਰਾਂ ਦੇ ਰਾਹੀਂ ਇਸ ਬਾਤ ਨੂੰ ਪ੍ਰਪੱਕਤਾ ਦੇ ਨਾਲ ਇਤਿਹਾਸ ਦੇ ਪੰਨਿਆਂ 'ਤੇ ਉੱਕਰ ਕੇ ਰੱਖ ਦਿੱਤਾ ਕਿ ਬੱਚਾ ਸ਼ਹੀਦ ਵੀ ਹੋ ਸਕਦਾ ਹੈ।

ਬਸ ਇਹੀ ਕਾਰਨ ਸੀ ਕਿ ਉਹ ਸਰਹੰਦ ਦੀਆਂ ਖ਼ੂਨੀ ਦੀਵਾਰਾਂ ਦਾ, ਗੁਰੂ ਨਾਨਕ ਜੀ ਦਾ ਪੂਰਵ ਨਿਰਧਾਰਿਤ ਪ੍ਰੋਗਰਾਮ ਸਿਰੇ ਚੜ੍ਹਿਆ।

ਉਹਨਾਂ ਸਰਹੰਦ ਦੀਆਂ ਦੀਵਾਰਾਂ ਦੀ ਗਾਥਾ ਨੂੰ ਸਮਝਣ ਤੋਂ ਪਹਿਲਾਂ, ਸਾਨੂੰ ਉਹਨਾਂ ਪੂਰਨਿਆਂ ਨੂੰ ਸਮਝਣਾ ਪੈਣਾ ਹੈ, ਜਿਥੋਂ ਗੱਲ ਗੁਰੂ ਨਾਨਕ ਸਾਹਿਬ ਨੇ ਆਰੰਭ ਕੀਤੀ ਹੈ। ਭਾਈ ਗੁਰਦਾਸ ਜੀ ਅਨੁਸਾਰ :

ਮਾਰਿਆ ਸਿੱਕਾ ਜਗਤ ਵਿਚ, ਨਾਨਕ ਨਿਰਮਲ ਪੰਥ ਚਲਾਇਆ॥

(ਵਾਰ ੧ ਪਉੜੀ ੪੫)

ਉਸ ਨਿਰਮਲ ਪੰਥ ਦੀ ਆਰੰਭਤਾ ਗੁਰੂ ਨਾਨਕ ਜੀ ਨੇ ਕਰਦਿਆਂ ਇਸ ਵਿਚ ਦਾਖਲੇ ਲਈ ਸ਼ਰਤ ਰੱਖ ਦਿੱਤੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

(ਸਲੋਕ ਮਹਲਾ ੧-੧੪੧੨)

ਇਹਨਾਂ ਬਚਨਾਂ ਦੀ ਪ੍ਰੋੜ੍ਹਤਾ ਗੁਰੂ ਅਰਜਨ ਦੇਵ ਜੀ ਨੇ ਕਰ ਦਿੱਤੀ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

(ਸਲੋਕ ਮਹਲਾ ੫-੧੧੦੨)

ਗੁਰੂ ਨਾਨਕ ਦੇਵ ਜੀ ਦੇ ਘਰ ਨੇ ਇਹ ਦਿਖਾਉਣਾ ਸੀ ਕਿ ਇਹਨਾਂ ਪਾਏ ਹੋਏ ਪੂਰਨਿਆਂ ਦੇ ਉੱਪਰ ਕੇਵਲ ਵੱਡੇ ਹੀ ਨਹੀਂ ਚਲਦੇ, ਇਹਨਾਂ ਪਾਏ ਹੋਏ ਪੂਰਨਿਆਂ ਉੱਪਰ ਬੱਚੇ ਵੀ ਚੱਲ ਸਕਦੇ ਹਨ।

ਇਹ ਸਰਹੰਦ ਦੀਆਂ ਖ਼ੂਨੀ ਦੀਵਾਰਾਂ ਦਾ ਇਤਿਹਾਸ, ਗੁਰੂ ਨਾਨਕ ਜੀ ਦੇ ਇਹਨਾਂ ਪਾਏ ਪੂਰਨਿਆਂ 'ਤੇ ਬੱਚਿਆਂ ਦੁਆਰਾ ਪੂਰਨਤਾ ਪ੍ਰਾਪਤ ਕਰਨ ਦਾ ਇਤਿਹਾਸ ਹੈ।

★★★

ਸਮੂਹ ਪਰਿਵਾਰ ਦਾ ਆਪੋ ਵਿਚ ਵਿਛੋੜਾ

ਕਲਗੀਧਰ ਪਾਤਸ਼ਾਹ ਨੂੰ ਲਗਭਗ ਸੱਤ ਮਹੀਨੇ ਸ੍ਰੀ ਅਨੰਦਪੁਰ ਸਾਹਿਬ ਦੇ ਘੇਰੇ ਵਿਚੋਂ ਗੁਜ਼ਰਨਾ ਪਿਆ। ਘੇਰੇ ਤੋਂ ਬਾਅਦ ਪੋਹ ਦੇ ਮਹੀਨੇ ਕਲਗੀਧਰ ਪਾਤਸ਼ਾਹ ਨੇ ਪਹਾੜੀ ਰਾਜਿਆਂ, ਮੁਗਲ ਜਰਨੈਲਾਂ ਅਤੇ ਹਿੰਦੁਸਤਾਨ ਦੇ ਬਾਦਸ਼ਾਹ ਔਰੰਗਜ਼ੇਬ ਵੱਲੋਂ ਖਾਧੀਆਂ ਹੋਈਆਂ, ਧਰਮ ਗ੍ਰੰਥਾਂ ਦੀਆਂ ਕਸਮਾਂ 'ਤੇ ਵਿਸ਼ਵਾਸ ਕਰ ਕੇ 6 ਅਤੇ 7 ਪੋਹ ਸੰਮਤ 1761 (1704 ਈਸਵੀ) ਦੀ ਰਾਤ ਨੂੰ ਕਲਗੀਧਰ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਨੂੰ ਛੱਡਿਆ।

ਉਸ ਰਾਤ ਕਲਗੀਧਰ ਪਾਤਸ਼ਾਹ ਅਨੰਦਪੁਰ ਸਾਹਿਬ ਨੂੰ ਛੱਡ ਕੇ ਸਰਸਾ ਨਦੀ ਦੇ ਕੰਢੇ 'ਤੇ ਪਹੁੰਚੇ ਪਰ ਵੈਰੀਆਂ ਨੇ ਸਰਸਾ ਨਦੀ ਕੰਢੇ, ਆਪਣੀਆਂ ਕਸਮਾਂ ਨੂੰ ਤੋੜ, ਉਹਨਾਂ ਕੀਤੇ ਹੋਏ ਵਾਅਦਿਆਂ ਨੂੰ ਭੁੱਲ ਕੇ, ਆਪਣੇ ਧਰਮ ਗ੍ਰੰਥਾਂ ਦੀਆਂ ਖਾਧੀਆਂ ਕਸਮਾਂ ਨੂੰ ਤੋੜ ਕੇ ਗੁਰੂ ਕਲਗੀਧਰ ਅਤੇ ਉਹਨਾਂ ਦੇ ਸਿੰਘ ਸੂਰਬੀਰਾਂ ਉੱਪਰ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ 'ਤੇ ਜੰਗ ਦਾ ਮੈਦਾਨ ਭਖਿਆ।

ਸਰਸਾ ਨਦੀ ਦੇ ਕੰਢੇ 'ਤੇ ਅਤੇ ਹੜ੍ਹ ਦੇ ਪਾਣੀਆਂ ਨੇ ਕਲਗੀਧਰ ਪਾਤਸ਼ਾਹ ਕੋਲੋਂ ਬਹੁਤ ਕੁਝ ਖੋਹ ਲਿਆ। ਇਕ ਸਰਸਾ ਨਦੀ ਦੇ ਕੰਢੇ 'ਤੇ ਜੰਗ, ਦੂਜਾ ਸਰਸਾ ਨਦੀ ਨੂੰ ਪਾਰ ਕਰਦਿਆਂ ਗੁਰੂ ਸਾਹਿਬ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਉਸ ਕਾਲੀ ਰਾਤ ਨੂੰ ਪਰਿਵਾਰ ਦਾ ਇਕ ਹਿੱਸਾ, ਜਿਸ ਦੀ ਅਗਵਾਈ ਗੁਰੂ ਕਲਗੀਧਰ ਆਪ ਕਰ ਰਹੇ ਸਨ, ਉਸ ਵਿਚ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਨਾਲ ਸਿੰਘ ਸੂਰਬੀਰ ਨੇ, ਜੋ ਕਿ ਰੋਪੜ ਵੱਲੋਂ ਹੁੰਦੇ ਹੋਏ ਚਮਕੌਰ ਦੀ ਗੜ੍ਹੀ ਤੱਕ ਜਾ ਪਹੁੰਚੇ।

ਦੂਸਰਾ ਹਿੱਸਾ ਭਾਈ ਮਨੀ ਸਿੰਘ, ਭਾਈ ਜਵਾਹਰ ਸਿੰਘ, ਭਾਈ ਧੰਨਾ ਸਿੰਘ ਦੀ ਅਗਵਾਈ ਹੇਠ ਗੁਰੂ ਮਹਿਲਾਂ ਦਾ ਦਿੱਲੀ ਵੱਲ ਨੂੰ ਚੱਲਿਆ ਜਾਂਦਾ ਹੈ।

ਗੁਰੂ ਪਰਿਵਾਰ ਦਾ ਤੀਸਰਾ ਹਿੱਸਾ ਜਿਹੜਾ ਰਹਿ ਗਿਆ, ਜਿਸ ਵਿਚ ਮਾਤਾ ਗੁਜਰੀ ਜੀ, ਦੋ ਛੋਟੇ ਸਾਹਿਬਜ਼ਾਦੇ—ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਸਨ ਅਲੱਗ ਹੋ ਗਿਆ।

ਕਲਗੀਧਰ ਪਾਤਸ਼ਾਹ ਦੇ ਪਰਿਵਾਰ ਦੇ ਤਿੰਨ ਟੋਟੇ ਹੋ ਗਏ ਅਤੇ ਵੱਖ-ਵੱਖ ਤਿੰਨ ਦਿਸ਼ਾਵਾਂ ਨੂੰ ਤੁਰ ਪਏ।

'ਜੋਗੀ ਅੱਲ੍ਹਾ ਯਾਰ ਖ਼ਾਂ' ਜਿਸ ਨੇ ਇਸ ਸਾਕੇ ਨੂੰ 1913 ਈਸਵੀ ਵਿਚ ਕਲਮਬੱਧ ਕੀਤਾ ਅਤੇ ਉਸ ਨੇ ਇਸ ਸਾਕੇ ਦਾ ਨਾਮ ਰੱਖਿਆ—"ਸ਼ਹੀਦਾਨਿ ਵਫ਼ਾ" (ਅੰਤਿਕਾ-2)।

"ਸ਼ਹੀਦਾਨਿ ਵਫ਼ਾ" ਇਸ ਨੇ ਬੜਾ ਬਾ-ਕਮਾਲ ਟਾਈਟਲ ਰੱਖਿਆ, ਕਿਉਂਕਿ ਇਹ ਛੋਟੇ-ਛੋਟੇ ਬਾਲਾਂ ਨੇ ਆਪਣੇ ਗੁਰੂ ਨਾਨਕ ਜੀ ਦੇ ਪੂਰਨਿਆਂ 'ਤੇ ਚੱਲ ਕੇ ਆਪਣੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਿੱਖਿਆ ਨੂੰ ਗ੍ਰਹਿਣ ਕੀਤਾ ਅਤੇ ਸ਼ਹੀਦੀਆਂ ਦੇ ਕੇ ਵਫ਼ਾ ਨਿਭਾਹ ਦਿੱਤੀ, "ਸ਼ਹੀਦਾਨਿ ਵਫ਼ਾ"।

ਛੋਟੇ-ਛੋਟੇ ਬਾਲਾਂ ਨੇ ਮਾਤਾ ਗੁਜਰੀ ਜੀ ਦੀ ਅਗਵਾਈ ਹੇਠ, ਮਾਤਾ ਗੁਜਰੀ ਦੀ ਪ੍ਰੇਰਣਾ ਨਾਲ ਐਸਾ ਇਤਿਹਾਸ ਰਚ ਕੇ ਆਪਣੇ ਗੁਰੂ ਨਾਨਕ, ਆਪਣੇ ਦਾਦਾ ਗੁਰੂ ਤੇਗ ਬਹਾਦਰ ਜੀ ਅਤੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਨੂੰ ਹੋਰ ਚਾਰ ਚੰਦ ਲਗਾ ਦਿੱਤੇ।

ਤਿੰਨ ਹਿੱਸਿਆਂ ਵਿਚ ਪਰਿਵਾਰ ਵੰਡਿਆ ਗਿਆ। ਦਾਦੀ ਮਾਂ ਗੁਜਰੀ ਆਪਣੇ ਇਨ੍ਹਾਂ ਦੋ ਮਾਸੂਮ ਪੋਤਿਆਂ ਨੂੰ ਨਾਲ ਲੈ ਕੇ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦੀ ਹੋਈ ਤੁਰੀ ਜਾ ਰਹੀ ਹੈ।

ਆਓ, ਜ਼ਰਾ ਆਪਾਂ ਵੀ ਉਸ 'ਤੇ ਝਾਤ ਮਾਰਨ ਦਾ ਜਤਨ ਕਰੀਏ ਕਿ ਜੋਗੀ ਅੱਲ੍ਹਾ ਯਾਰ ਖ਼ਾਂ ਦੀ ਬਾ-ਕਮਾਲ ਲਿਖਤ ਅਨੁਸਾਰ ਸਰਸਾ ਨਦੀ ਦੇ ਕੰਢੇ ਉੱਤੇ ਦਾਦੀ ਮਾਂ ਦੇ ਨਾਲ ਤੁਰੇ ਜਾਂਦੇ ਉਹ ਛੋਟੇ-ਛੋਟੇ ਬਾਲ ਕੈਸੇ ਪਿਆਰ ਦੀਆਂ, ਕੈਸੇ ਬਾਲਪਨ ਦੀਆਂ ਬਾਤਾਂ ਕਰਦੇ ਜਾਂਦੇ ਨੇ। ਆਓ, ਜ਼ਰਾ ਵਾਚਣ ਦਾ ਯਤਨ ਕਰੀਏ।

ਜੋਗੀ ਅੱਲ੍ਹਾ ਯਾਰ ਖ਼ਾਂ ਕਹਿੰਦਾ ਹੈ ਕਿ ਕਲਗੀਧਰ ਪਾਤਸ਼ਾਹ ਦੇ ਲਾਡਲਿਆਂ ਨੇ ਸਰਸਾ ਨਦੀ ਨੂੰ ਪਾਰ ਕਰ ਲਿਆ। ਉਧਰ ਕਲਗੀਧਰ ਪਾਤਸ਼ਾਹ ਦੇ ਖਿਆਲਾਤਾਂ ਨੂੰ ਬਿਆਨ ਕਰਦੇ ਹੋਏ, ਜੋਗੀ ਅੱਲ੍ਹਾ ਯਾਰ ਖ਼ਾਂ ਕਹਿੰਦਾ ਹੈ :

ਤਾਰੀਖ਼ ਮੇਂ ਲਿਖਾ ਹੈ ਕਿ ਦਰ-ਜੋਸ਼ਿ ਕਾਰਜ਼ਾਰ।
ਸਤਗੁਰ ਬੜ੍ਹਾਤੇ ਹੀ ਗਏ ਆਗੇ ਕੋ ਰਾਹਵਾਰ।
ਹਮਰਾਹ ਰਹਿ ਗਏ ਥੇ ਗ਼ਰਜ਼ ਚੰਦ ਜਾਂ-ਨਿਸਾਰ।
ਫ਼ਰਜ਼ੰਦੋਂ ਮੇਂ ਥੇ ਸਾਥ ਅਜੀਤ ਔਰ ਜੁਝਾਰ।
ਜ਼ੋਰਾਵਰ ਔਰ ਫ਼ਤਹਿ ਜੋ ਦਾਦੀ ਕੇ ਸਾਥ ਥੇ।
ਦਾਯੇਂ ਕੀ ਜਗਹ ਚਲ ਦੀਯੇ ਵੁਹ ਬਾਯੇਂ ਹਾਥ ਥੇ।

~~~~~~~~~~~~~~~~~~~~~~~~~~~~~~~~~~~~~~
~~~~~~~~~~~~~~~~~~~~~~~~~~~~~~~~~~~~~~

ਇਤਿਹਾਸ ਦੇ ਪੰਨਿਆਂ ਨੇ ਇਹ ਗੱਲ ਸਾਂਭੀ ਹੋਈ ਹੈ ਕਿ ਗੁਰੂ ਪਾਤਸ਼ਾਹ ਜੋਸ਼ ਵਿਚ ਸਰਸਾ ਨਦੀ ਨੂੰ ਪਾਰ ਕਰ ਕੇ ਅਗਾਂਹ ਨੂੰ ਵਧਦੇ ਤੁਰੇ ਜਾਂਦੇ ਨੇ।

ਹੁਣ ਸਰਸਾ ਨਦੀ ਨੂੰ ਪਾਰ ਕਰਨ ਤੋਂ ਬਾਅਦ ਗੁਰੂ ਕਲਗੀਧਰ ਜੋ ਅਨੰਦਪੁਰ ਸਾਹਿਬ ਤੋਂ ਚਾਰ ਸਾਹਿਬਜਾਦੇ ਨਾਲ ਲੈ ਕੇ ਚੱਲੇ ਸਨ। ਉਹਨਾਂ ਨਾਲੋਂ ਦੋ ਵਿਛੜ ਗਏ। ਇਸ ਸਮੇਂ ਪਾਤਸ਼ਾਹ ਦੇ ਕੋਲ ਦੋ ਸਾਹਿਬਜ਼ਾਦੇ,ਅਜੀਤ ਸਿੰਘ ਅਤੇ ਜੁਝਾਰ ਸਿੰਘ ਰਹਿ ਗਏ ਸਨ।

ਇਤਿਹਾਸ ਬੋਲਦਾ ਹੈ ਕਿ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਦਾ ਆਪਣੀਆਂ ਮਾਤਾਵਾਂ ਨਾਲੋਂ ਆਪਣੀ ਦਾਦੀ ਮਾਂ ਨਾਲ ਜ਼ਿਆਦਾ ਪਿਆਰ ਸੀ। ਇਹਨਾਂ ਨੇ ਆਪਣੀ ਮਾਤਾਵਾਂ ਨਾਲੋਂ ਆਪਣੀ ਦਾਦੀ ਮਾਂ ਦੀ ਗੋਦ ਦਾ ਨਿੱਘ ਸ਼ੁਰੂ ਤੋਂ ਹੀ ਜ਼ਿਆਦਾ ਮਾਣਿਆ।

ਦਾਸ ਨੂੰ ਲੱਗਦਾ ਹੈ ਕਿ ਸ਼ਾਇਦ ਇਹ ਸਭ ਗੁਰੂ ਪਾਤਸ਼ਾਹ ਦੀ ਸ਼ੁਰੂ ਤੋਂ ਹੀ ਪਲਾਨਿੰਗ ਸੀ। ਕਹਿੰਦੇ ਹਨ ਕਿ ਜਦੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਲੱਗੇ ਸੀ ਤਾਂ ਗੁਰੂ ਸਾਹਿਬ ਨੇ ਤੁਰਨ ਲੱਗਿਆਂ ਹੀ ਇਹਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਅਨੰਦਪੁਰ ਸਾਹਿਬ ਤੋਂ ਹੀ ਦਾਦੀ ਮਾਂ ਦੀ ਉਂਗਲ ਪਕੜਾ ਦਿੱਤੀ ਸੀ। ਸ਼ਾਇਦ ਕਲਗੀਧਰ ਇਹ ਗੱਲ ਜਾਣਦੇ ਸਨ ਕਿ ਇਹ ਦਾਦੀ ਮਾਂ ਹੀ ਹੈ,ਜਿਹੜੀ ਇਹਨਾਂ ਬੱਚਿਆਂ ਨੂੰ ਇਹਨਾਂ ਦੀ ਧਰਮ ਪੱਖੀ ਸਫਲਤਾ ਵੱਲ ਲੈ ਕੇ ਜਾਵੇਗੀ, ਕਿਉਂਕਿ ਕਲਗੀਧਰ ਪਾਤਸ਼ਾਹ ਅੰਤਰਜਾਮੀ ਨੇ।

ਜੋਗੀ ਅੱਲ੍ਹਾ ਯਾਰ ਖ਼ਾਂ ਲਿਖਦਾ ਹੈ ਕਿ ਸਰਸਾ ਨਦੀ ਨੂੰ ਪਾਰ ਕਰਨ ਤੋਂ ਬਾਅਦ ਹੋਇਆ ਕੀ ?

ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ।
ਦਾਯੇਂ ਕੀ ਜਗਹ ਚਲ ਦੀਯੇ ਵੁਹ ਬਾਂਯੇ ਹਾਥ ਥੇ।

ਬਸ ! ਹੁਣ ਵਿਛੋੜੇ ਦਾ ਕਾਰਨ ਹੀ ਇਹੀ ਬਣ ਗਿਆ ਕਿ ਕਲਗੀਧਰ ਪਾਤਸ਼ਾਹ ਸਰਸਾ ਨਦੀ ਨੂੰ ਪਾਰ ਕਰਨ ਤੋਂ ਬਾਅਦ ਸੱਜੇ ਹੱਥ ਤੁਰ ਪਏ, ਪਰ ਦਾਦੀ ਮਾਂ ਇਹਨਾਂ ਦੋ ਛੋਟੇ ਸਾਹਿਬਜ਼ਾਦਿਆਂ ਦੇ ਨਾਲ ਸਰਸਾ ਨਦੀ ਨੂੰ ਪਾਰ ਕਰ ਕੇ ਖੱਬੇ ਹੱਥ ਨੂੰ ਤੁਰ ਪਏ। ਬਸ ! ਇਹੀ ਵਿਛੋੜੇ ਦਾ ਕਾਰਨ ਬਣ ਗਿਆ।

ਹਰ ਚੰਦ ਕੀ ਤਲਾਸ਼ ਨ: ਪਾਯਾ ਨਿਸ਼ਾਂ ਕਹੀਂ।
ਛੋੜਾ ਥਾ ਜਿਸ ਜਗਹ ਪ: ਨਹੀਂ ਥੇ ਵਹਾਂ ਕਹੀਂ।

ਕਲਗੀਧਰ ਪਾਤਸ਼ਾਹ ਨੇ ਅੱਗੇ ਜਾ ਕੇ ਮਾਂ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਲੱਭਣ ਦਾ ਯਤਨ ਕੀਤਾ, ਪਰ ਮਾਂ ਗੁਜਰੀ ਅਤੇ ਸਾਹਿਬਜ਼ਾਦਿਆਂ ਦਾ ਕੋਈ ਪਤਾ

ਨਾ ਲੱਗ ਸਕਿਆ।

ਪਾ ਜਾਏਂ ਫ਼ਿਕਰ ਥਾ ਨਾ ਉਨ੍ਹੇਂ ਦੁਸ਼ਮਨਾਂ ਕਹੀਂ।
ਮਾਤਾ ਕੇ ਸਾਥ ਚਲ ਦੀਏ ਸ਼ਹਿਜ਼ਾਦਗਾਂ ਕਹੀਂ।

ਗੁਰੂ ਕਲਗੀਧਰ ਪਾਤਸ਼ਾਹ ਨੂੰ ਭਰੋਸਾ ਵੀ ਹੈ ਕਿ ਉਹਨਾਂ ਦੇ ਨਾਲ ਦਾਦੀ ਮਾਂ ਗੁਜਰੀ ਹੈ। ਪਰ :

ਲਖ਼ਤਿ-ਜਿਗਰ ਹਜ਼ੂਰ ਕੇ ਜਿਸ ਦਮ ਬਿਛੜ ਗਏ।
ਪਾਓਂ ਵਹੀਂ ਵਫ਼ੂਰਿ-ਮੁਹੱਬਤ ਸੇ ਗੜ ਗਏ।

ਜਦੋਂ ਕਲਗੀਧਰ ਪਾਤਸ਼ਾਹ ਨੂੰ ਪੂਰਨ ਵਿਸ਼ਵਾਸ ਹੋ ਗਿਆ ਕਿ ਹੁਣ ਸਾਹਿਬਜ਼ਾਦੇ ਸਦੀਵੀਂ ਤੌਰ 'ਤੇ ਵਿਛੜ ਗਏ ਹਨ। ਕਲਗੀਧਰ ਪਿਤਾ ਗੁਰੂ ਹੀ ਨਹੀਂ, ਉਹ ਇਕ ਬਾਪ ਵੀ ਨੇ। ਉਸ ਬਾਪ ਦੀ ਮਮਤਾ ਦੇ ਅਧੀਨ ਕਲਗੀਧਰ ਪਿਤਾ ਦੇ ਕਦਮ ਉਥੇ ਹੀ ਰੁਕ ਗਏ ਅਤੇ ਕਲਗੀਧਰ ਪਿਤਾ ਉਥੇ ਹੀ ਅਕਾਲ ਪੁਰਖ ਦੇ ਧਿਆਨ ਵਿਚ ਜੁੜ ਗਏ। ਸੁਰਤ ਤਾਂ ਹਮੇਸ਼ਾ ਹੀ ਕਲਗੀਧਰ ਪਾਤਸ਼ਾਹ ਦੀ ਜੁੜੀ ਹੈ ਉਸ ਪਰਮੇਸ਼੍ਵਰ ਦੇ ਨਾਲ। ਕਲਗੀਧਰ ਪਾਤਸ਼ਾਹ ਬਾਰੇ ਕਵੀ ਕਹਿੰਦੇ :

ਫ਼ੌਰਨ ਮਰਾਕਬੇ ਮੇਂ ਗਏ ਪੀਰਿ-ਖ਼ੁਸ਼-ਖੁਸਾਲ।
ਚੌਦਹ ਤਬਕ ਕਾ ਕਰ ਲਿਯਾ ਮਾਲੂਮ ਪਲ ਮੇਂ ਹਾਲ।

ਜੋਗੀ ਅੱਲ੍ਹਾ ਯਾਰ ਖ਼ਾਂ ਆਪਣੀ ਕਲਮ ਰਾਹੀਂ ਕਹਿ ਰਿਹਾ ਹੈ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਇਕ ਛਿਨ ਵਿਚ ਹੀ ਆਉਣ ਵਾਲੇ ਸਮੇਂ ਦਾ ਸਾਰਾ ਹਾਲ ਮਾਲੂਮ ਕਰ ਲਿਆ ਕਿ ਸਾਹਿਬਜ਼ਾਦੇ ਅਤੇ ਮਾਂ ਗੁਜਰੀ ਜੀ ਕਿੱਧਰ ਨੂੰ ਚੱਲੇ ਗਏ ਹਨ ਅਤੇ ਉਹਨਾਂ ਦਾ ਅੱਗੇ ਰਿਜ਼ਲਟ ਕੀ ਨਿਕਲੇਗਾ ?

ਫ਼ਰਮਾਏ ਜਾਂ-ਨਿਸਾਰੋਂ ਸੇ ਕਯੋਂ ਹੋਤੇ ਹੋ ਨਿਢਾਲ।
ਮਾਤਾ ਕੇ ਸਾਥ ਚਲ ਦੀਏ ਕੁਰਬਾਨ ਹੋਨੇ ਲਾਲ।

ਇਹ ਲਾਲ ਕਿਧਰੇ ਹੋਰ ਨਹੀਂ ਗਏ, ਇਹ ਲਾਲ ਆਪਣੀ ਦਾਦੀ ਮਾਂ ਦੇ ਨਾਲ ਕੁਰਬਾਨੀਆਂ ਦਾ ਇਤਿਹਾਸ ਰਚਣ ਲਈ ਗਏ ਹਨ ਤੇ ਕਿਵੇਂ ਕੁਰਬਾਨ ਹੋਣਗੇ ? ਕਲਗੀਧਰ ਪਾਤਸ਼ਾਹ ਨਾਲ ਦੇ ਸਿੰਘ ਸੂਰਬੀਰਾਂ ਨੂੰ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੂੰ ਸੰਬੋਧਨ ਹੋ ਕੇ ਆਖਦੇ ਨੇ ਕਿ ਕਿਵੇਂ ਕੁਰਬਾਨ ਹੋਣਗੇ ਲਾਲ ਛੋਟੇ, ਕਹਿੰਦੇ :

ਬੁਨਿਯਾਦ ਮੇਂ ਧਰਮ ਕੀ ਚੁਨੇਂਗੇ ਉਦੂ ਉਨ੍ਹੇਂ।
ਕਰਤਾਰ ਚਾਹਤਾ ਹੈ, ਕਰੇ ਸੁਰਖ਼ਰੂ ਉਨ੍ਹੇਂ।

ਧਰਮ ਦੀਆਂ ਬੁਨਿਆਦਾਂ ਵਿਚ, ਨੀਹਾਂ ਵਿਚ ਉਹਨਾਂ ਨੂੰ ਚਿਣ ਦਿੱਤਾ ਜਾਵੇਗਾ।

ਕਲਗੀਧਰ ਪਾਤਸ਼ਾਹ ਆਖਦੇ ਹਨ ਕਿ ਇਸ ਦੇ ਵਿਚ ਮੈਨੂੰ ਕੀ ਮਿਲੇਗਾ ? ਉਹ ਚਿਣੇ ਜਾਣਗੇ ਨੀਹਾਂ ਦੇ ਵਿਚ, ਪਰ ! ਕਲਗੀਧਰ ਨੂੰ ਇਸ ਵਿਚੋਂ ਕੀ ਪ੍ਰਾਪਤੀ ਹੋਵੇਗੀ ?

ਜੋਗੀ ਅੱਲ੍ਹਾ ਯਾਰ ਖ਼ਾਂ ਬੜੇ ਬਾ-ਕਮਾਲ ਸ਼ਬਦਾਂ ਵਿਚ ਲਿਖਦਾ ਹੈ:

ਬੁਨਿਆਦ ਮੇਂ ਧਰਮ ਕੀ ਚੁਨੇਂਗੇ ਉਦੂ ਉਨ੍ਹੇਂ।
ਕਰਤਾਰ ਚਾਹਤਾ ਹੈ, ਕਰੇ ਸੁਰਖ਼ਰੂ ਉਨ੍ਹੇਂ।

ਕਰਤਾਰ ਚਾਹੁੰਦਾ ਹੈ ਕਿ ਉਹਨਾਂ ਲਾਲਾਂ ਨੂੰ ਸੁਰਖ਼ਰੂ ਕਰ ਦੇਵੇ ਕਿ ਜਿਸ ਲਈ ਉਹ ਸੰਸਾਰ ਅੰਦਰ, ਗੁਰੂ ਕਲਗੀਧਰ ਪਿਤਾ ਦੇ ਘਰ ਅੰਦਰ ਪੈਦਾ ਹੋਏ ਨੇ, ਉਸ ਦੀ ਸੰਪੂਰਨਤਾ ਹੋਵੇਗੀ, ਜਿਸ ਕਾਰਜ ਲਈ ਅਕਾਲ ਪੁਰਖ ਨੇ ਗੁਰੂ ਕਲਗੀਧਰ ਪਿਤਾ ਦੇ ਗ੍ਰਹਿ ਉਹਨਾਂ ਨੂੰ ਭੇਜਿਆ ਹੈ, ਜਨਮ ਦਿੱਤਾ ਹੈ, ਨਾਲ ਦੀ ਨਾਲ ਗੁਰੂ ਕਲਗੀਧਰ ਦੀ ਡਿਊਟੀ ਦੀ ਵੀ ਸੰਪੂਰਨਤਾ ਹੋ ਜਾਵੇ। ਹੁਣ ਕਲਗੀਧਰ ਪਿਤਾ ਸਰਸਾ ਨਦੀ ਦੇ ਕੰਢੇ 'ਤੇ ਸਿੰਘ ਸੂਰਬੀਰਾਂ ਨੂੰ ਨਾਲ ਲੈ ਕੇ ਅੱਗੇ ਚੱਲ ਪਏ:

ਯਿਹ ਕਹਿ ਕੇ ਫਿਰ ਹਜ਼ੂਰ ਤੋ ਚਮਕੌਰ ਚਲ ਦੀਏ।
ਹਾਲਤ ਪਿ ਅਪਨੀ ਕੁਛ ਨਾ ਕੀਯਾ ਗ਼ੌਰ ਚਲ ਦੀਏ।
ਕਰਤਾਰ ਕੇ ਧਿਯਾਨ ਮੇਂ ਫ਼ਿਲਫ਼ੌਰ ਚਲ ਦੀਏ।
ਰਾਜ਼ੀ ਹੁਏ ਰਜ਼ਾ ਪਿ ਬਹਰ-ਤੌਰ ਚਲ ਦੀਏ।

ਕਲਗੀਧਰ ਪਿਤਾ ਇਹ ਕਹਿੰਦੇ ਹੋਏ ਚਮਕੌਰ ਵੱਲ ਨੂੰ ਅੱਗੇ ਵੱਧ ਗਏ ਤੇ ਹੋਇਆ ਕੀ ?

ਅਕਾਲ ਪੁਰਖ ਦੇ ਧਿਆਨ ਵਿਚ ਜੁੜੀ ਹੋਈ ਆਤਮਾ, ਗੁਰੂ ਕਲਗੀਧਰ ਪਾਤਸ਼ਾਹ ਚਮਕੌਰ ਵੱਲ ਨੂੰ ਚਲਦਿਆਂ ਖ਼ਿਆਲ ਕਰਦੇ ਹਨ ਕਿ ਅਕਾਲ ਪੁਰਖ ਨੇ ਮੇਰੇ ਮਨ ਵਿਚੋਂ ਸਾਹਿਬਜ਼ਾਦਿਆਂ ਦਾ ਫ਼ਿਕਰ ਲਾਹ ਦਿੱਤਾ ਹੈ, ਕਿਉਂਕਿ ਸਾਹਿਬਜ਼ਾਦੇ ਵੀ ਜਾਣਦੇ ਹਨ ਕਿ ਉਹ ਗੁਰੂ ਕਲਗੀਧਰ ਦੇ ਪੁੱਤਰ ਹਨ।

ਦੂਸਰਾ ਕਲਗੀਧਰ ਪਾਤਸ਼ਾਹ ਨੂੰ ਇਹ ਵਿਸ਼ਵਾਸ ਸੀ ਕਿ ਦਾਦੀ ਮਾਂ ਵੀ ਉਹਨਾਂ ਦੇ ਨਾਲ ਹੈ। ਬਸ ! ਦਾਦੀ ਮਾਂ ਦੇ ਹੁੰਦਿਆਂ ਬੱਚਿਆਂ ਪ੍ਰਤੀ ਬੇ-ਫ਼ਿਕਰੀ ਹੈ।

ਜ਼ੋਰ-ਅਵਾਰ ਔਰ ਫ਼ਤਹ ਕਾ ਇਸ ਦਮ ਬਯਾਂ ਸੁਨੋ।
ਪਹੁੰਚੇ ਬਿਛੜ ਕਿ ਹਾਏ ਕਹਾਂ ਸੇ ਕਹਾਂ ਸੁਨੋ।

ਜੋਗੀ ਅੱਲ੍ਹਾ ਯਾਰ ਖ਼ਾਂ ਬਿਆਨ ਕਰ ਰਿਹਾ ਹੈ ਕਿ ਆਓ, ਹੁਣ ਮੈਂ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਦੇ ਹਾਲਾਤ ਦਾ ਬਿਆਨ ਕਰਾਂ। ਉਹ ਕਲਗੀਧਰ ਪਿਤਾ ਦੇ ਨਾਲੋਂ, ਆਪਣੀਆਂ ਮਾਤਾਵਾਂ ਦੇ ਨਾਲੋਂ, ਆਪਣੇ ਭਰਾਵਾਂ ਦੇ ਨਾਲੋਂ, ਆਪਣੇ ਪਿਆਰੇ ਸਾਥੀ ਸਿੰਘ ਸੂਰਬੀਰਾਂ ਦੇ ਨਾਲੋਂ ਵਿਛੜ ਕੇ ਹੁਣ ਕਿੱਧਰ ਨੂੰ ਜਾਣ ਲੱਗੇ ਨੇ।

ਹੋਣੀ ਹੁਣ ਉਹਨਾਂ ਨੂੰ ਕਿੱਧਰ ਨੂੰ ਲੈ ਕੇ ਜਾ ਰਹੀ ਹੈ, ਕਹਿੰਦਾ ਹੈ ਕਿ ਸੁਣੋ, ਮੈਂ (ਕਵੀ-ਜੋਗੀ ਅੱਲਾ ਯਾਰ ਖਾਂ) ਤੁਹਾਨੂੰ ਸੁਣਾਉਣ ਲੱਗਾ ਹਾਂ :

'ਸ਼ਹੀਦਾਨਿ-ਵਫ਼ਾ' ਕਿੱਸੇ ਦੀ ਬਾਤ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਹਿ ਸਿੰਘ ਅਤੇ ਮਾਂ ਗੁਜਰੀ ਦੀ ਗਾਥਾ ਨੂੰ ਆਪਸੀ ਗੱਲਬਾਤ ਤੋਂ ਕਿੱਸਾਕਾਰ ਆਰੰਭ ਕਰਦਾ ਹੈ :

ਰਸਤੇ ਮੇਂ ਜਬ ਭਟਕ ਗਏ ਨੰਨ੍ਹੇ ਸਵਾਰ ਥੇ।
ਤਕਤੇ ਪਿਤਾ ਕੋ ਚਾਰੋਂ ਤਰਫ਼ ਬਾਰ-ਬਾਰ ਥੇ।

ਭਟਕੇ ਹੋਏ ਦੋਨੋਂ ਵੀਰ ਆਪਣੀ ਦਾਦੀ ਮਾਂ ਦੀ ਉਂਗਲੀ ਫੜ ਕੇ ਤੁਰੇ ਜਾ ਰਹੇ ਨੇ। ਇਕ ਨੇ ਦਾਦੀ ਮਾਂ ਦੀ ਸੱਜੇ ਹੱਥ ਦੀ ਉਂਗਲੀ ਅਤੇ ਦੂਸਰੇ ਨੇ ਦਾਦੀ ਮਾਂ ਦੀ ਖੱਬੇ ਹੱਥ ਦੀ ਉਂਗਲੀ ਫੜੀ ਹੋਈ ਹੈ।

ਦਾਦੀ ਮਾਂ ਦੇ ਆਸਰੇ ਦੇ ਨਾਲ ਉਹ ਛੋਟੇ-ਛੋਟੇ ਬਾਲ ਤੁਰੇ ਜਾ ਰਹੇ ਹਨ, ਪਰ ਤੁਰਦਿਆਂ-ਤੁਰਦਿਆਂ ਇਹ ਜ਼ਰੂਰੀ ਗੱਲ ਹੈ ਕਿ ਬੱਚਿਆਂ ਦੇ ਮਨ ਵਿਚ ਮਾਪਿਆਂ ਦੀ ਮਮਤਾ ਦੀ ਗੱਲ ਵੀ ਹੁੰਦੀ ਹੈ। ਜੋਗੀ ਅੱਲ੍ਹਾ ਯਾਰ ਖ਼ਾਂ ਲਿਖ ਰਿਹਾ ਹੈ ਕਿ ਉਹ ਆਪਣੀ ਦਾਦੀ ਦੇ ਨਾਲ ਤੁਰੇ ਜਾ ਰਹੇ ਹਨ ਅਗਾਂਹ ਨੂੰ, ਪਰ ਨਾਲ ਦੀ ਨਾਲ ਪਿਛਾਂਹ ਨੂੰ ਵੀ ਤੱਕਦੇ ਹਨ। ਉਹਨਾਂ ਦਾ ਧਿਆਨ ਪਿਛਾਂਹ ਵੱਲ ਵੀ ਹੈ। ਕਹਿੰਦੇ ਨੇ ਕਿ ਲਾਲ ਆਪਣੇ ਪਿਤਾ ਗੁਰੂ ਕਲਗੀਧਰ ਪਾਤਸ਼ਾਹ ਨੂੰ ਚਾਰ ਚੁਫੇਰੇ ਨਜ਼ਰਾਂ ਘੁੰਮਾ ਕੇ ਲੱਭਦੇ ਵੀ ਨੇ। ਉਹਨਾਂ ਦੀਆਂ ਨਜ਼ਰਾਂ ਇਕ ਆਸ ਨਾਲ ਆਪਣੇ ਪਿਤਾ ਗੁਰੂ ਕਲਗੀਧਰ ਨੂੰ ਲੱਭਦੀਆਂ ਪਈਆਂ ਹਨ।

ਹੁਣ ਵੇਖੋ ਉਹ ਦਾਦੀ ਮਾਂ ਨਾਲ ਕੈਸੇ ਸਵਾਲ ਵੀ ਕਰਦੇ ਨੇ, ਤੁਰੇ ਵੀ ਜਾ ਰਹੇ ਨੇ, ਤੇ ਦਾਦੀ ਮਾਂ ਦੇ ਲਾਡਲੇ, ਪਿਆਰ ਦੇ ਨਾਲ ਕਿੰਨੀ ਸ਼ਰਧਾ ਅਤੇ ਪਿਆਰ ਨਾਲ ਭਿੱਜੀਆਂ ਬਾਤਾਂ, ਆਪਣੀ ਦਾਦੀ ਮਾਂ ਦੇ ਨਾਲ ਕਰਦੇ ਨੇ। ਸੁਭਾਵਿਕ ਵੀ ਹੈ ਉਹਨਾਂ ਦਾ ਆਪਣੀ ਦਾਦੀ ਮਾਂ ਦੇ ਨਾਲ ਸਵਾਲ ਕਰਨਾ।

ਬਲਿਹਾਰ ਜਾਣ ਨੂੰ ਚਿੱਤ ਕਰਦਾ ਹੈ ਜੋਗੀ ਅੱਲ੍ਹਾ ਯਾਰ ਖ਼ਾਂ ਦੀ ਕਲਮ ਤੋਂ, ਜਿਸ ਨੇ ਇਸ ਸਾਕੇ ਨੂੰ ਕਲਮਬੱਧ ਕਰ ਕੇ ਕਿੰਨੇ ਬਾ-ਕਮਾਲ ਤਰੀਕੇ ਦੇ ਨਾਲ ਲਿਖਿਆ ਹੈ।

ਦਾਸ ਨੂੰ ਲੱਗਦਾ ਹੈ ਕਿ ਇਹ ਜਿਹੜੀਆਂ ਕਲਮਾਂ ਲਿਖਦੀਆਂ ਹਨ, ਭਾਵੇਂ ਇਹ ਕਲਮ ਅੱਲ੍ਹਾ ਯਾਰ ਖ਼ਾਂ ਦੀ ਹੋਵੇ ਜਾਂ ਕਿਸੇ ਹੋਰ ਵਿਦਵਾਨ ਦੀ। ਮੱਤ ਕਦੀ ਸੋਚਿਓ ਕਿ ਇਹ ਮਨੁੱਖੀ ਦਿਮਾਗ਼ ਦੇ ਨਾਲ ਲਿਖਦੀਆਂ ਨੇ, ਇਹ ਤਾਂ ਅਕਾਲ ਪੁਰਖ ਦੀ ਰਹਿਮਤ (**GOD GIFT**) ਦਾ ਹਿੱਸਾ ਹੁੰਦੀਆਂ ਹਨ। ਇਹ ਅਕਾਲ ਪੁਰਖ ਵੱਲੋਂ ਵਿਦਵਾਨਾਂ ਨੂੰ ਬਖ਼ਸ਼ੀ ਹੋਈ ਸੌਗਾਤ ਹੁੰਦੀਆਂ ਹਨ।

ਜੋਗੀ ਅੱਲ੍ਹਾ ਯਾਰ ਖ਼ਾਂ ਜਿੰਨੇ ਸੁੰਦਰ ਸ਼ਬਦਾਂ ਦੇ ਨਾਲ ਦਾਦੀ ਮਾਂ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਬਾਤ ਨੂੰ ਕਰਦਾ ਹੈ,ਆਪਣੇ ਆਪ ਸਾਡਾ ਉਹਨਾਂ ਕਲਮਾਂ ਤੋਂ ਬਲਿਹਾਰ ਜਾਣ ਨੂੰ ਚਿੱਤ ਕਰਦਾ ਹੈ। ਜੋਗੀ ਅੱਲ੍ਹਾ ਯਾਰ ਖ਼ਾਂ ਕਹਿੰਦਾ ਹੈ :

ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ?
ਦਰਿਯਾ ਪ: ਹਮ ਕੋ ਛੋੜ ਕੇ ਰਾਹੀ ਕਿਧਰ ਗਏ?

ਹੁਣ ਸਾਹਿਬਜ਼ਾਦੇ ਆਪਣੀ ਦਾਦੀ ਮਾਂ ਤੋਂ ਪੁੱਛਦੇ ਨੇ ਕਿ "ਦਾਦੀ ਮਾਂ ! ਆਪਣੇ ਸੂਰਬੀਰ ਸਿਪਾਹੀ ਕਿੱਧਰ ਨੂੰ ਚੱਲੇ ਗਏ ਨੇ ? ਆਹ ਸਰਸਾ ਨਦੀ ਤੱਕ ਤਾਂ ਸਾਰੇ ਆਪਣੇ ਨਾਲ ਸਨ, ਪਰ ਸਰਸਾ ਨਦੀ ਪਾਰ ਕਰਨ ਤੋਂ ਬਾਅਦ ਸਾਨੂੰ ਉਹ ਛੱਡ ਕੇ ਕਿੱਧਰ ਨੂੰ ਚਲੇ ਗਏ ਨੇ ?"

ਇਹ ਬਾਲ ਮਨਾਂ ਦੀ ਤੜਪ ! ਦਾਦੀ ਮਾਂ ਨੂੰ ਹੋਰ ਕੀ ਆਖਦੇ ਨੇ ?

ਤੜਪਾ ਕੇ ਹਾਏ ਸੂਰਤਿ-ਮਾਹੀ ਕਿਧਰ ਗਏ?
ਅੱਬਾ ਭਗਾ ਕੇ ਲਸ਼ਕਰਿ ਸ਼ਾਹੀ ਕਿਧਰ ਗਏ?

"ਉਹ ਪਿਆਰੇ-ਪਿਆਰੇ ਸੁੰਦਰ ਨੌਜਵਾਨ, ਸੂਰਬੀਰ ਸਿੰਘ ਕਿੱਧਰ ਨੂੰ ਚਲੇ ਗਏ ਨੇ ਤੇ ਅੱਬਾ ਹਜ਼ੂਰ ਗੁਰੂ ਗੋਬਿੰਦ ਸਿੰਘ ਜੀ ਵੀ ਪਤਾ ਨਹੀਂ ਫ਼ੌਜਾਂ ਦੀ ਕਮਾਨ ਕਰਦਿਆਂ-ਕਰਦਿਆਂ ਕਿੱਧਰ ਨੂੰ ਚਲੇ ਗਏ ਨੇ ?"

ਦਾਦੀ ਮਾਂ ਦੇ ਨਾਲ ਦੋਵੇਂ ਲਾਡਲੇ ਆਪਣੇ ਮਨਾਂ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਦੇ ਹੋਏ ਕਹਿੰਦੇ ਹਨ :

ਭਾਈ ਭੀ ਹਮ ਕੋ ਭੂਲ ਗਏ ਸ਼ੌਕਿ ਜੰਗ ਮੇਂ।
ਅਪਨਾ ਖ਼ਯਾਲ ਤਕ ਨਹੀਂ ਜ਼ੌਕਿ ਤੁਫ਼ੰਗ ਮੇਂ।

ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਹੋਏ ਇਹ ਲਾਲ ਮਨਾਂ ਵਿਚ ਸੋਚ ਰਹੇ ਹਨ ਕਿ ਸਾਡੇ ਭਰਾ ਵੀ ਸਾਨੂੰ ਛੱਡ ਕੇ ਕਿਥੇ ਚਲੇ ਗਏ ਨੇ। ਭਾਈ ਹੀ ਨਹੀਂ, ਸਾਡੇ ਪਿਤਾ ਜੀ ਵੀ ਸਾਨੂੰ ਨਜਰ ਨਹੀਂ ਆਉਂਦੇ। ਲੱਗਦਾ ਹੈ ਕਿ ਉਹ ਵੀ ਸਾਨੂੰ ਛੱਡ ਕੇ ਕਿਥੇ ਚਲੇ ਗਏ ਨੇ।

ਫਿਰ ਮਨ ਨਾਲ ਸਮਝੌਤਾ ਵੀ ਕਰਦੇ ਨੇ ਕਿ ਸਾਡੇ ਵੀਰਾਂ ਨੂੰ ਅਤੇ ਸਿੰਘ ਸੂਰਬੀਰਾਂ ਨੂੰ, ਜੰਗ ਦੇ ਮੈਦਾਨ ਵਿਚ ਯੁੱਧ ਕਲਾ ਦਿਖਾਉਣ ਦਾ ਸ਼ੌਕ ਹੈ ਤੇ ਉਹਨਾਂ ਨੂੰ ਮੌਕਾ ਮਿਲਿਆ ਸੀ। ਉਹ ਉਸ ਮੌਕੇ ਨੂੰ ਸੰਭਾਲਦਿਆਂ ਹੋਇਆਂ, ਲੱਗਦਾ ਹੈ ਕਿ ਭੱਖੇ ਹੋਏ ਜੰਗ ਦੇ ਮੈਦਾਨ ਵਿਚ ਯੁੱਧ ਕਲਾ ਦਿਖਾਉਂਦਿਆਂ ਸਾਡਾ ਚੇਤਾ ਹੀ ਭੁਲਾ ਬੈਠੇ ਹਨ। ਸਾਡੇ ਵੀਰਾਂ ਤੇ ਯੋਧਿਆਂ ਨੂੰ ਸਾਡਾ ਧਿਆਨ ਭੁੱਲ ਗਿਆ ਹੈ।

ਉਹਨਾਂ ਨੇ ਆਪਣੇ ਵੱਡੇ ਵੀਰਾਂ ਨੂੰ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸ਼ਸਤਰ

ਵਿੱਦਿਆ ਗ੍ਰਹਿਣ ਕਰਦਿਆਂ ਅਤੇ ਯੁੱਧ ਕਰਦਿਆਂ ਦੇਖਿਆ ਸੀ ਕਿ ਉਹ ਕਿਸ ਤਰ੍ਹਾਂ ਦੁਸ਼ਮਣਾਂ ਦੇ ਸਿਪਾਹੀਆਂ ਨਾਲ ਲੋਹਾ ਲੈਂਦੇ ਨੇ। ਕਿਸ ਤਰ੍ਹਾਂ ਉਹ ਤੀਰ ਚਲਾਉਂਦੇ ਸਨ, ਕਿਸ ਤਰ੍ਹਾਂ ਉਹ ਤਲਵਾਰ ਚਲਾਉਂਦੇ ਸਨ। ਬਸ ! ਇਸ ਯੁੱਧ ਵਿਚ ਉਹਨਾਂ ਨੂੰ ਸਾਡਾ ਤੇ ਆਪਣਾ ਖ਼ਿਆਲ ਹੀ ਭੁੱਲ ਗਿਆ ਹੋਵੇਗਾ।

ਇਹ ਸੈਨਾ, ਇਹ ਤੋਪਾਂ, ਇਹ ਬੰਦੂਕਾਂ, ਇਹ ਯੁੱਧ ਕਲਾ, ਲੱਗਦਾ ਹੈ ਕਿ ਸਾਡੇ ਵੀਰ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਧਿਆਨ ਉਧਰ ਲੱਗਾ ਹੋਵੇਗਾ, ਤਾਂ ਹੀ ਸਾਡਾ ਉਹਨਾਂ ਨੂੰ ਖ਼ਿਆਲ ਨਹੀਂ ਹੈ।

ਦੇਖੋ ਆਪਣੇ ਆਪ ਨੂੰ ਆਪੇ ਹੀ ਸਵਾਲ ਕਰਦੇ ਨੇ ਤੇ ਆਪਣੇ ਆਪ ਨੂੰ ਆਪ ਹੀ ਜਵਾਬ ਦੇ ਕੇ ਤਸੱਲੀ ਵੀ ਦਿੰਦੇ ਨੇ। ਚਾਰੇ ਭਰਾਵਾਂ ਦਾ ਆਪਸੀ ਪਿਆਰ ਕੈਸਾ ਹੈ ? ਖ਼ਿਆਲ ਕਰਿਓ, ਇਹ ਛੋਟੇ ਹੋਣ ਦਾ ਹੱਕ ਆਪਣੇ ਵੱਡੇ ਭਰਾਵਾਂ 'ਤੇ ਕਿਸ ਤਰ੍ਹਾਂ ਜਤਾ ਰਹੇ ਨੇ, ਕਿੰਨੀ ਪਿਆਰੀ ਤੇ ਸੁੰਦਰ ਸ਼ਬਦਾਵਲੀ ਨਾਲ ਜੋਗੀ ਅੱਲ੍ਹਾ ਯਾਰ ਖ਼ਾਂ ਬਿਆਨ ਕਰਦਾ ਹੈ :

ਜਬ ਰਨ ਅਜੀਤ ਜੀਤ ਕੇ ਤਸ਼ਰੀਫ ਲਾਏਂਗੇ।
ਅੱਬਾ ਕੇ ਸਾਥ ਜਿਸ ਘੜੀ ਜੁਝਾਰ ਆਏਂਗੇ।

ਤੇ ਸੋਚ ਰਹੇ ਨੇ ਕਿ ਜੰਗ ਦੇ ਮੈਦਾਨ ਵਿਚ ਸਾਡੇ ਯੋਧੇ ਆਪਣੇ ਕਰਤਬ ਦਿਖਾ ਰਹੇ ਹੋਣਗੇ ਤਾਂ ਹੀ ਸਾਨੂੰ ਪਿਤਾ ਜੀ ਤੇ ਵੱਡੇ ਵੀਰ ਅਜੇ ਤੱਕ ਮਿਲੇ ਨਹੀਂ ਹਨ। ਤੇ ਕਹਿੰਦੇ, ਸਾਨੂੰ ਭਰੋਸਾ ਵੀ ਹੈ ਕਿ ਜਦੋਂ ਸਾਡੇ ਵੀਰ ਜੰਗ ਜਿੱਤ ਕੇ ਆਉਣਗੇ ਤਾਂ ਅਸੀਂ ਪਤਾ ਕਿਸ ਤਰ੍ਹਾਂ ਦਾ ਵਿਵਹਾਰ ਉਹਨਾਂ ਨਾਲ ਕਰਾਂਗੇ ?

ਜਦੋਂ ਅੱਬਾ ਹਜ਼ੂਰ ਗੁਰੂ ਕਲਗੀਧਰ ਦੇ ਨਾਲ, ਸਾਡੇ ਵੱਡੇ ਵੀਰ ਜੰਗ ਜਿੱਤ ਕੇ ਸਾਡੇ ਕੋਲ ਆਉਣਗੇ ਤਾਂ :

ਕਰਕੇ ਗਿਲਾ ਹਰ ਏਕ ਸੇ ਹਮ ਰੂਠ ਜਾਏਂਗੇ।
ਮਾਤਾ ਕਭੀ, ਪਿਤਾ ਕਭੀ, ਭਾਈ ਮਨਾਏਂਗੇ।

ਅਸੀਂ ਉਹਨਾਂ ਨਾਲ ਝੂਠੀ-ਮੂਠੀ ਰੁੱਸ ਜਾਵਾਂਗੇ ਤੇ ਸਾਨੂੰ ਰੁਸੇ ਹੋਇਆਂ ਨੂੰ ਕਦੀ ਮਾਤਾ ਜੀ ਮਨਾਉਣਗੇ, ਕਦੀ ਪਿਤਾ ਜੀ ਮਨਾਉਣਗੇ ਤੇ ਕਦੀ ਸਾਡੇ ਭਰਾ ਸਾਨੂੰ ਮਨਾਉਣ ਦਾ ਯਤਨ ਕਰਨਗੇ।

ਹਮ ਕੋ ਗਲੇ ਲਗਾ ਕੇ ਕਹੇਂਗੇ ਵੁਹ ਬਾਰ-ਬਾਰ।
ਮਾਨ ਜਾਓ ਲੇਕਿਨ ਹਮ ਨਹੀਂ ਮਾਨੇਂਗੇ ਜ਼ਿਨਹਾਰ।

ਸਾਨੂੰ ਪਿਆਰ ਭਰੀ ਗਲਵਕੜੀ ਵਿਚ ਲੈ ਕੇ ਕਦੀ ਮਾਤਾ ਜੀ, ਕਦੀ ਪਿਤਾ ਜੀ, ਕਦੀ ਵੱਡਾ ਵੀਰਾ ਅਜੀਤ ਸਿੰਘ ਤੇ ਕਦੀ ਜੁਝਾਰ ਸਿੰਘ ਸਾਨੂੰ ਰੁਸਿਆਂ ਨੂੰ ਮਨਾਉਣਗੇ।

ਤੇ ਸਾਨੂੰ ਬਾਰ-ਬਾਰ ਕਹਿਣਗੇ, ਮੰਨ ਜਾਵੋ, ਮੰਨ ਜਾਵੋ ਤੇ ਅਸੀਂ ਪਤਾ ਕੀ ਕਰਾਂਗੇ ?

ਉਹ ਸਾਨੂੰ ਮਨਾਉਣ ਦਾ ਯਤਨ ਕਰਨਗੇ, ਪਰ ਅਸੀਂ ਨਹੀਂ ਮੰਨਣਾ ! ਕਰ ਲੈਣ ਆਪਣੇ ਯਤਨ, ਪਹਿਲਾਂ ਸਾਨੂੰ ਇਕੱਲਿਆਂ ਨੂੰ ਛੱਡਿਆ ਕਿਉਂ ਸੀ ? ਸਾਡਾ ਰੁਸਣਾ ਵੀ ਤਾਂ ਹੱਕ ਬਣਦਾ ਹੈ, ਅਸੀਂ ਨਹੀਂ ਮੰਨਾਂਗੇ। ਇਹ ਖ਼ਿਆਲਾਤ ਛੋਟੇ ਸਾਹਿਬਜ਼ਾਦੇ ਆਪਸ ਵਿਚ ਸਾਂਝੇ ਕਰ ਰਹੇ ਹਨ ਫਿਰ ਕਹਿੰਦੇ ਹਨ ਕਿ ਆਪਾਂ ਪੱਕੇ ਥੋੜੀ ਰੁਸਣਾ ਏ, ਥੋੜੀ ਦੇਰ ਬਾਅਦ ਮੰਨ ਵੀ ਜਾਣਾ ਹੈ, ਪਰ ਮੰਨਾਂਗੇ ਇਕ ਸ਼ਰਤ 'ਤੇ, ਉਹ ਸ਼ਰਤ ਕਿਹੜੀ ਹੋਵੇਗੀ ?

ਖ਼ਿਆਲ ਕਰਿਉ ! ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਸਾਡੇ ਜੀਵਨ ਦਾ ਕੋਈ ਹਿੱਸਾ ਨਹੀਂ ਛੱਡਿਆ, ਜਿੱਥੇ ਸਾਨੂੰ ਗੁਰੂ ਸਾਹਿਬਾਨ ਨੇ ਕੋਈ ਅਗਵਾਈ ਨਾ ਦਿੱਤੀ ਹੋਵੇ ਇਹ ਵੱਖਰੀ ਗੱਲ ਹੈ ਕਿ ਸਾਨੂੰ ਅਗਵਾਈ ਲੈਣੀ ਨਹੀਂ ਆਉਂਦੀ,ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਰਬ-ਕਲਾ ਸਮਰੱਥ ਹੈ।

ਗੁਰੂ ਅਰਜਨ ਦੇਵ ਪਾਤਸ਼ਾਹ ਨੇ ਪਿਤਾ ਅਤੇ ਪੁੱਤਰ ਦੇ ਰਿਸ਼ਤੇ ਦੀ ਬਾਤ ਕੀਤੀ ਹੈ ਬਾਣੀ ਅੰਦਰ। ਪੁੱਤਰ ਗ਼ਲਤੀ ਕਰਦਾ ਹੈ ਤਾਂ ਬਾਪ ਆਪਣੇ ਬਾਪ ਹੋਣ ਦੇ ਹੱਕ ਦੀ ਵਰਤੋਂ ਕਰਦਿਆਂ ਹੋਇਆਂ ਆਪਣੇ ਪੁੱਤਰ ਨੂੰ ਝਿੜਕਦਾ ਵੀ ਹੈ ਤੇ ਮਾਰਦਾ ਵੀ ਹੈ, ਪਰ ਬਾਪ ਦੀ ਮਮਤਾ ਉਸ ਨੂੰ ਮਜ਼ਬੂਰ ਕਰ ਦਿੰਦੀ ਹੈ, ਕੁਝ ਸਮੇਂ ਬਾਅਦ ਝਿੜਕਾਂ ਮਾਰ ਕੇ ਵੀ ਬਾਪ ਆਪਣੇ ਬੱਚੇ ਨੂੰ ਆਪਣੀ ਪਿਆਰ ਭਰੀ ਗਲਵਕੜੀ ਵਿਚ ਲੈ ਲੈਂਦਾ ਹੈ।

ਸਤਿਗੁਰੂ ਅਰਜਨ ਦੇਵ ਜੀ ਨੇ ਬੜੇ ਸੁੰਦਰ ਬੋਲਾਂ ਵਿਚ ਸਾਨੂੰ ਅਗਵਾਈ ਦਿੱਤੀ ਹੈ :

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥

(ਸੋਰਠਿ ਮਹਲਾ ੫-੬੨੪)

ਜਦੋਂ ਬੱਚਾ ਗ਼ਲਤੀਆਂ ਕਰਦਾ ਹੈ, ਮਾਰ ਖਾਂਦਾ ਹੈ, ਝਿੜਕਾਂ ਖਾਂਦਾ ਹੈ, ਪਰ ਜਦੋਂ ਪਿਤਾ ਪਿਆਰ ਭਰੀ ਗਲਵਕੜੀ ਵਿਚ ਲੈ ਲੈਂਦਾ ਹੈ ਤਾਂ ਫਿਰ ਬੱਚੇ ਦਾ ਵੀ ਅੱਗੋਂ ਫ਼ਰਜ਼ ਬਣਦਾ ਹੈ, ਬੱਚੇ ਦਾ ਫ਼ਰਜ਼ ਕੀ ਬਣਦਾ ਹੈ ?

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥

(ਸੋਰਠਿ ਮਹਲਾ ੫-੬੨੪)

ਹੇ ਮੇਰੇ ਪਿਤਾ ਗੁਰੂ ਜੀਓ ! ਮੇਰੇ ਪਿਛਲੇ ਗੁਨਾਹਾਂ ਨੂੰ ਬਖ਼ਸ਼ ਦਿਉ ਤੇ ਅੱਗੇ ਤੋਂ ਮੇਰਾ ਮਾਰਗ ਦਰਸ਼ਨ ਕਰ ਦਿਉ। ਖ਼ਿਆਲ ਕਰਿਉ ਕਿ ਗੁਰੂ ਗ੍ਰੰਥ ਸਾਹਿਬ ਜੀ ਤਾਂ ਮਾਰਗ ਦਰਸ਼ਨ ਕਰਨ ਦੇ ਸਮਰੱਥ ਹਨ, ਪਰ ਅਸੀਂ ਗੁਰੂ ਸਾਹਿਬ ਕੋਲ ਆਪਣੇ

ਗੁਨਾਹਾਂ ਨੂੰ ਮੰਨਣ ਲਈ ਤਿਆਰ ਨਹੀਂ ਹਾਂ।

ਸੋਚੋ ਕਿ ਜਿਹੜਾ ਸਿੱਖ ਗੁਰੂ ਕੋਲ ਜਾ ਕੇ ਆਪਣੇ ਗੁਨਾਹਾਂ ਨੂੰ ਨਹੀਂ ਮੰਨਦਾ ਤਾਂ ਗੁਰੂ ਜੀ ਉਸ ਨੂੰ ਅਗਵਾਈ ਕਿਵੇਂ ਦੇਣਗੇ ? ਇਥੇ ਮੈਂ ਇਕ ਛੋਟੀ ਜਿਹੀ ਉਦਾਹਰਨ ਦੇ ਕੇ ਸਮਝਾਉਣ ਦਾ ਇਕ ਨਿਮਾਣਾ ਜਿਹਾ ਯਤਨ ਕਰਾਂ, ਧਿਆਨ ਦੇਣਾ :

ਇਕ ਵਾਰ ਇਕ ਮੁਸਾਫ਼ਰ ਤੁਰਿਆ ਜਾ ਰਿਹਾ ਸੀ। ਤੁਰਦਿਆਂ-ਤੁਰਦਿਆਂ ਇਕ ਚੌਰਸਤੇ 'ਤੇ ਪਹੁੰਚ ਗਿਆ। ਉਹ ਐਸੀ ਜਗ੍ਹਾ 'ਤੇ ਪਹੁੰਚ ਗਿਆ ਜਿੱਥੋਂ ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕਿਹੜੇ ਪਾਸੇ ਨੂੰ ਜਾਵੇ ? ਇਕ ਬਜ਼ੁਰਗ ਬਾਬਾ ਉਸ ਦੀ ਨਜ਼ਰੀਂ ਪਿਆ। ਉਹ ਉਸ ਬਜ਼ੁਰਗ ਨੂੰ ਪੁੱਛਣ ਲੱਗਾ—"ਬਾਬਾ ਜੀ ਆਹ ਸੜਕ ਕਿੱਧਰ ਨੂੰ ਜਾਂਦੀ ਹੈ ?" ਅੱਗੋਂ ਬਜ਼ੁਰਗ ਬਾਬੇ ਨੇ ਜੁਆਬ ਦਿੱਤਾ, "ਬੇਟਾ ! ਇਹ ਸੜਕ ਕਿਧਰੇ ਵੀ ਨਹੀਂ ਜਾਂਦੀ।"

ਮੁਸਾਫ਼ਰ ਕਹਿਣ ਲੱਗਾ—"ਬਾਬਾ ਜੀ ਕੈਸੀਆਂ ਅਣਭੋਲ ਗੱਲਾਂ ਪਏ ਕਰਦੇ ਹੋ ਕਿ ਇਹ ਸੜਕ ਕਿਧਰੇ ਵੀ ਨਹੀਂ ਜਾਂਦੀ, ਐਸਾ ਕਿਵੇਂ ਹੋ ਸਕਦਾ ਹੈ ? ਹਰ ਕੋਈ ਕਹਿੰਦਾ ਹੈ ਕਿ ਇਹ ਸੜਕ ਅੰਮ੍ਰਿਤਸਰ ਨੂੰ ਜਾਂਦੀ ਹੈ, ਆਹ ਸੜਕ ਦਿੱਲੀ ਨੂੰ ਜਾਂਦੀ ਹੈ, ਆਹ ਸੜਕ.....। ਪਰ ਤੁਸੀਂ ਤਾਂ ਆਹ ਨਵੀਂ ਗੱਲ ਕਰ ਦਿੱਤੀ ਹੈ ਕਿ ਇਹ ਸੜਕ ਕਿਧਰੇ ਵੀ ਨਹੀਂ ਜਾਂਦੀ, ਇਹ ਗੱਲ ਤੁਸੀਂ ਕਿਵੇਂ ਕਹਿ ਰਹੇ ਹੋ ?" ਬਜ਼ੁਰਗ ਕਹਿਣ ਲੱਗਾ, "ਪੁੱਤਰ ! ਮੈਂ ਠੀਕ ਕਹਿ ਰਿਹਾ ਹਾਂ, ਆਹ ਜਿਹੜਾ ਪੱਥਰ ਸੜਕ ਵਿਚ ਲੱਗਾ ਹੋਇਆ ਹੈ, ਮੈਨੂੰ 10 ਸਾਲ ਹੋ ਗਏ ਨੇ ਇਸ ਨੂੰ ਵੇਖਦਿਆਂ, ਪਰ ਇਹ ਇਥੇ ਦਾ ਇਥੇ ਹੀ ਪਿਆ ਹੈ, ਇਸ ਲਈ ਇਹ ਸੜਕ ਕਿਧਰੇ ਵੀ ਨਹੀਂ ਜਾਂਦੀ। ਪਰ ਹਾਂ ! ਇਸ ਸੜਕ 'ਤੇ ਚੱਲਣ ਵਾਲੇ ਜ਼ਰੂਰ ਕਿਧਰੇ ਨਾ ਕਿਧਰੇ ਪਹੁੰਚ ਜਾਂਦੇ ਹਨ।"

ਖ਼ਿਆਲ ਕਰਿਓ ! ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਕਿਧਰੇ ਨਹੀਂ ਜਾਂਦੇ, ਪਰ ਹਾਂ ! ਇਸ ਬਾਨੀ ਨੂੰ ਪੜ੍ਹ ਕੇ, ਬਾਨੀ ਦੇ ਉਪਦੇਸ਼ਾਂ 'ਤੇ ਚੱਲ ਕੇ, ਆਪਣਾ ਜੀਵਨ ਬਾਨੀ ਅਨੁਸਾਰ ਬਣਾ ਕੇ ਪ੍ਰਮੇਸ਼ੁਰ ਦੇ ਪਿਆਰੇ ਜ਼ਰੂਰ ਸੱਚੇ ਘਰ ਵਿਚ ਪਹੁੰਚ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਸਾਡੇ ਤੋਂ ਪਹਿਲਾਂ ਵੀ ਮੌਜੂਦ ਸਨ ਤੇ ਗੁਰੂ ਗ੍ਰੰਥ ਸਾਹਿਬ ਹੁਣ ਵੀ ਮੌਜੂਦ ਨੇ, ਕੱਲ ਨੂੰ ਅਸੀਂ ਨਹੀਂ ਹੋਵਾਂਗੇ, ਪਰ ਗੁਰੂ ਗ੍ਰੰਥ ਸਾਹਿਬ ਫਿਰ ਵੀ ਮੌਜੂਦ ਰਹਿਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਨੀ ਨੇ ਕਿਧਰੇ ਨਹੀਂ ਜਾਣਾ, ਪਰ ਬਾਨੀ ਅਨੁਸਾਰ ਚਲਣ ਵਾਲੇ ਜ਼ਰੂਰ ਆਪਣੇ ਮੁਕਾਮ,ਪੱਕੇ ਟਿਕਾਣੇ 'ਤੇ ਪਹੁੰਚ ਜਾਣਗੇ।

ਪਰ ਅਫ਼ਸੋਸ ਕਿ ਅਸੀਂ ਬਾਨੀ ਸੁਣਦੇ ਹਾਂ, ਪਰ ਗੁਰੂ ਸਾਹਿਬ ਦੀ ਬਾਨੀ ਅਨੁਸਾਰ ਚਲਣ ਲਈ ਤਿਆਰ ਨਹੀਂ ਹਾਂ। ਅਸੀਂ ਚਲਦੇ ਹਾਂ ਲੋਕਾਂ ਦੇ ਮਾਰਗ 'ਤੇ, ਅਸੀਂ ਚਲਦੇ ਹਾਂ ਸਮਾਜ ਦੇ ਮਾਰਗ 'ਤੇ, ਅਸੀਂ ਚਲਦੇ ਹਾਂ ਰਿਸ਼ਤੇਦਾਰੀ ਦੇ ਮਾਰਗ 'ਤੇ, ਅਸੀਂ ਚਲਦੇ ਹਾਂ ਦੁਨਿਆਵੀ ਸੱਜਣਤਾਈ ਦੇ ਮਾਰਗ 'ਤੇ, ਪਰ ਅਸੀਂ ਗੁਰੂ

ਸਾਹਿਬ ਦੇ ਦੱਸੇ ਮਾਰਗ 'ਤੇ ਚਲਣ ਲਈ ਤਿਆਰ ਨਹੀਂ ਹਾਂ।

ਜਿਸ ਦਿਨ ਅਸੀਂ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚਲਣ ਲਈ ਤਿਆਰ ਹੋ ਗਏ, ਉਸ ਦਿਨ ਗੁਰੂ ਸਾਹਿਬਾਨ ਨੇ ਆਪ ਸਾਡੇ ਹਮ-ਸਫ਼ਰ ਬਣ ਕੇ ਸਾਨੂੰ ਮੰਜ਼ਿਲ ਤੱਕ ਲੈ ਜਾਣਾ ਹੈ, ਜਿਸ ਮੰਜ਼ਿਲ ਦੇ ਦਰਸ਼ਨਾਂ ਲਈ ਦੁਨੀਆਂ ਦੇ ਲੋਕ ਤਰਸਦੇ ਹੋਏ ਹੀ ਇਥੋਂ ਤੁਰ ਜਾਂਦੇ ਹਨ। ਗੁਰੂ ਦੇ ਮਾਰਗ ਦੀ ਮੰਜ਼ਿਲ ਪਰਮੇਸ਼੍ਵਰ ਦੇ ਘਰ ਨਾਲ ਜੁੜੀ ਹੋਈ ਹੈ, ਪਰ ਸਾਡੀ ਬਦਕਿਸਮਤੀ ਹੈ ਕਿ ਅਸੀਂ ਇਸ ਮਾਰਗ 'ਤੇ ਤੁਰਦੇ ਨਹੀਂ। ਜਿਹੜੇ ਗੁਰੂ ਮਾਰਗ 'ਤੇ ਤੁਰਦੇ ਨੇ, ਉਹਨਾਂ ਦੇ ਜੀਵਨ ਦਾ ਇਤਿਹਾਸ ਹੀ ਸਰਹੰਦ ਦੀਆਂ ਦੀਵਾਰਾਂ ਦੇ ਇਤਿਹਾਸ ਵਾਂਗ ਸਾਹਮਣੇ ਆਉਂਦਾ ਹੈ।

ਇਧਰ ਜੋਗੀ ਅੱਲ੍ਹਾ ਯਾਰ ਖ਼ਾਂ ਦੀ ਕਲਮ ਸਾਹਿਬਜ਼ਾਦਿਆਂ ਦੀ ਭਾਵਨਾ ਨੂੰ ਬਿਆਨ ਕਰਦੀ ਹੋਈ ਦੱਸਦੀ ਹੈ ਕਿ ਸਾਹਿਬਜ਼ਾਦੇ ਆਪਸ ਵਿਚ ਸਲਾਹ ਕਰ ਰਹੇ ਹਨ ਕਿ ਅਸੀਂ ਮੰਨਾਂਗੇ ਜ਼ਰੂਰ, ਪਰ ਕੁਝ ਵਾਅਦਾ ਲੈ ਕੇ :

ਇਕਰਾਰ ਲੇਂਗੇ ਸਭ ਸੇ ਭੁਲਾਨਾ ਨਾ ਫਿਰ ਕਭੀ।
ਬਾਰਿ-ਦਿਗਰ ਬਿਛੜ ਕੇ ਸਤਾਨਾ ਨਾ ਫਿਰ ਕਭੀ।
ਹਮ ਕੋ ਅਕੇਲੇ ਛੋੜ ਕੇ ਜਾਨਾ ਨਾ ਫਿਰ ਕਭੀ।
ਕਹ ਦੇਤੇ ਹੈਂ ਯੇ ਹਮ ਕੋ ਰੁਲਾਨਾ ਨਾ ਫਿਰ ਕਭੀ।

ਕਹਿੰਦੇ, ਆਪਾਂ ਪਿਤਾ ਜੀ ਕੋਲੋਂ ਵਾਅਦਾ ਲਵਾਂਗੇ ਤੇ ਮਾਤਾ ਜੀ ਕੋਲੋਂ ਵੀ ਵਾਅਦਾ ਲਵਾਂਗੇ, ਵਾਅਦਾ ਲਵਾਂਗੇ ਆਪਣੇ ਵੱਡੇ ਵੀਰਾਂ ਕੋਲੋਂ ਵੀ ਤੇ ਸਿੰਘ ਸੂਰਬੀਰਾਂ ਕੋਲੋਂ ਵੀ ਕਿ ਸਾਨੂੰ ਦੁਬਾਰਾ ਇਸ ਤਰ੍ਹਾਂ ਇਕੱਲੇ ਛੱਡ ਕੇ ਨਾ ਜਾਇਓ, ਜੇ ਸਾਡੇ ਨਾਲ ਵਾਅਦਾ ਕਰਦੇ ਹੋ ਤਾਂ ਅਸੀਂ ਮੰਨਾਂਗੇ।

ਅਸੀਂ ਰੋਣ ਵਾਲੀ ਸੂਰਤ ਬਣਾ ਕੇ ਰੁੱਸ ਜਾਵਾਂਗੇ ਤੇ ਫਿਰ ਦੇਖਾਂਗੇ ਕਿ ਸਾਡੇ ਵੱਡੇ ਵੀਰ ਕੀ ਕਰਦੇ ਨੇ?

ਇਹ ਬਾਲਪਨ ਦੀਆਂ ਬਾਤਾਂ ਨੇ, ਫਿਰ ਕਹਿੰਦੇ ਜਦੋਂ ਸਾਨੂੰ ਵੀਰ ਮਨਾਉਣਗੇ ਤਾਂ ਅਸੀਂ ਮੰਨ ਜਾਵਾਂਗੇ ਤੇ ਮੁਸਕਰਾ ਦੇਵਾਂਗੇ ਤੇ ਹੱਸ ਕੇ ਆਖਾਂਗੇ, ਬਿਲਕੁਲ ਠੀਕ, ਜੇ ਤੁਸੀਂ ਵਾਅਦਾ ਕਰ ਲਿਆ ਤਾਂ ਹੁਣ ਅਸੀਂ ਵੀ ਮੰਨ ਗਏ ਹਾਂ।

ਇਹ ਸਭ ਅਸੀਂ ਛੋਟੇ-ਛੋਟੇ ਬੱਚਿਆਂ ਵਿਚ ਆਮ ਦੇਖਿਆ ਹੋਵੇਗਾ। ਇਹ ਬਾਤਾਂ, ਤੋਤਲੀਆਂ-ਤੋਤਲੀਆਂ ਅਵਾਜ਼ਾਂ ਨੂੰ ਦਾਦੀ ਮਾਂ ਸੁਣੀ ਜਾ ਰਹੀ ਹੈ। ਜ਼ਿਕਰ ਹੈ :

ਬੱਚੋਂ ਕੀ ਗੁਫਤਗੂ ਜੋ ਸੁਨੀ ਦਾਦੀ ਜਾਨ ਨੇ।
ਬੇ-ਇਖ਼ਤਿਯਾਰ ਰੋ ਦੀਯਾ ਇਸ ਵਾਲਾ-ਸ਼ਾਨ ਨੇ।

ਇਹ ਭੋਲੀਆਂ ਸੂਰਤਾਂ ਦੀਆਂ ਭੋਲੀਆਂ ਬਾਤਾਂ ਨੂੰ ਸੁਣ ਕੇ ਉਹ ਉੱਚੀ ਸ਼ਾਨ ਵਾਲੀ

ਦਾਦੀ ਮਾਂ ਗੁਜਰੀ ਵੈਰਾਗ ਵਿਚ ਆ ਗਈ ਅਤੇ ਅੱਖਾਂ ਭਰ ਲਈਆਂ। ਪਿਆਰ ਵਿਚ ਭਿੱਜੀ ਹੋਈ ਦਾਦੀ ਮਾਂ ਦੀਆਂ ਅੱਖਾਂ ਵਿਚੋਂ ਛਮ-ਛਮ ਨੀਰ ਵਹਿਣ ਲੱਗ ਪਿਆ, ਕਿਉਂਕਿ ਬੱਚਿਆਂ ਦੀਆਂ ਭਾਵਨਾਵਾਂ ਅਤੇ ਪਿਆਰ ਭਰੀਆਂ ਗੱਲਾਂ ਸੁਣ ਕੇ ਦਾਦੀ ਮਾਂ ਗੁਜਰੀ ਦਾ ਸੇਜਲ ਹੋਣਾ ਸੁਭਾਵਿਕ ਸੀ।

ਹੁਣ ਇਹ ਦਾਦੀ ਮਾਂ ਦੇ ਮਨ ਦੇ ਕੈਸੇ ਵਲਵਲੇ ਨੇ ? ਇਹ ਜੋਗੀ ਅੱਲ੍ਹਾ ਯਾਰ ਖ਼ਾਂ ਬਿਆਨ ਕਰਨ ਲੱਗਾ ਹੈ। ਕਹਿੰਦਾ ਹੈ:

ਕਹਤੀ ਥੀ ਜੀ ਮੇਂ ਲੇ ਕੇ ਇਨ੍ਹੇਂ ਕਿਸ ਤਰਫ਼ ਕੋ ਜਾਊਂ।
ਬੇਟੇ ਕੋ ਔਰ ਬਹੂਓਂ ਕੋ ਯਾ ਰੱਬ ਮੈਂ ਕੈਸੇ ਪਾਊਂ।

ਕਿਉਂਕਿ ਹੁਣ ਦਾਦੀ ਮਾਂ ਦੇ ਕੋਲ ਹੁਣ ਕੋਈ ਹੁਣ ਹੋਰ ਦੁਨਿਆਵੀ ਆਸਰਾ ਨਹੀਂ ਹੈ।

ਨਾ ਸੂਰਬੀਰ ਸਿਪਾਹੀ ਨੇ, ਨਾ ਪੁੱਤਰ ਹੈ, ਨਾ ਵੱਡੇ ਸਾਹਿਬਜ਼ਾਦੇ ਨੇ, ਕੋਈ ਵੀ ਦਾਦੀ ਮਾਂ ਦੇ ਕੋਲ ਨਹੀਂ ਹੈ, ਸਿਵਾਏ ਇਹ ਦੋ ਛੋਟੇ ਸਾਹਿਬਜ਼ਾਦਿਆਂ ਦੇ।

ਦਾਦੀ ਮਾਂ ਦੇ ਮਨ ਵਿਚ ਇਹ ਤੌਖਲਾ ਹੈ ਕਿ ਮੈਂ ਆਪਣੇ ਬੇਟੇ ਅਤੇ ਆਪਣੀਆਂ ਬਹੂਆਂ ਨੂੰ ਕਿਵੇਂ ਲੱਭਾਂ ? ਹੇ ਮੇਰੇ ਅਕਾਲ ਪੁਰਖ, ਮੇਰੇ ਰੱਬ ! ਮੈਂ ਉਹਨਾਂ ਨੂੰ ਕਿਵੇਂ ਲੱਭਾਂ ?

ਲਖ਼ਤਿ-ਜਿਗਰ ਕੇ ਲਾਲ ਯਿਹ ਦੋਨੋਂ ਕਹਾਂ ਛੁਪਾਊਂ।
ਤੁਰਕੋਂ ਸੇ, ਰਾਜਪੂਤੋਂ ਸੇ, ਕਿਉਂ ਕਰ ਇਨ੍ਹੇਂ ਬਚਾਊਂ।

ਦਾਦੀ ਮਾਂ ਸੋਚ ਰਹੀ ਹੈ ਕਿ ਮੈਂ ਇਹਨਾਂ ਲਾਲਾਂ ਨੂੰ ਕਿੱਥੇ ਲੁਕਾਵਾਂ ? ਇਹਨਾਂ ਲਾਲਾਂ ਨੂੰ ਲੱਭਣ ਲਈ ਉਹ ਤੁਰਕ ਤੇ ਰਾਜਪੂਤ ਫ਼ੌਜਾਂ ਹਰਲ-ਹਰਲ ਕਰਦੀਆਂ ਫਿਰਦੀਆਂ ਨੇ। ਉਹ ਪਹਾੜੀ ਰਾਜਿਆਂ ਦੀਆਂ ਫ਼ੌਜਾਂ, ਉਹ ਮੁਗਲ ਜਰਨੈਲਾਂ ਦੀਆਂ ਫ਼ੌਜਾਂ, ਸ਼ਿਕਾਰ ਕਰਨ ਲਈ ਭੱਜੀਆਂ ਫਿਰਦੀਆਂ ਨੇ, ਮੈਂ ਇਹਨਾਂ ਨੂੰ ਕਿੱਥੇ ਛੁਪਾ ਲਵਾਂ।

ਦੇਖਿਓ, ਇਹ ਬਾਤ ਜਿਵੇਂ-ਜਿਵੇਂ ਅੱਗੇ ਤੁਰਦੀ ਜਾਵੇਗੀ, ਦਾਦੀ ਮਾਂ ਗੁਜਰੀ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਦੀ ਜਾਵੇਗੀ। ਦਾਸ ਨੂੰ ਲੱਗਦਾ ਹੈ ਕਿ ਦਾਦੀ ਮਾਂ ਗੁਜਰੀ ਆਪਣੇ ਫ਼ਰਜ਼ਾਂ ਦੀ ਪੂਰਤੀ ਉਸੇ ਤਰ੍ਹਾਂ ਕਰੇਗੀ ਜਿਵੇਂ ਉਦਾਹਰਨ ਦੇ ਤੌਰ 'ਤੇ ਅਸੀਂ ਮੁਰਗੀ ਨੂੰ ਦੇਖ ਲਈਏ, ਉਹ ਆਪਣੇ ਬੱਚਿਆਂ ਨੂੰ ਦਾਣਾ ਵੀ ਚੁਗਾਉਂਦੀ ਹੈ, ਪਰ ਜਦੋਂ ਉਸ ਨੂੰ ਕਿਸੇ ਵੀ ਖ਼ਤਰੇ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਆਪਣੇ ਬੱਚਿਆਂ ਨੂੰ ਆਪਣੇ ਖੰਭਾਂ ਹੇਠ ਛੁਪਾ ਲੈਂਦੀ ਹੈ। ਆਪਣੇ ਖੰਭਾਂ ਹੇਠ ਛੁਪਾ ਕੇ ਉਹ ਆਪਣੇ ਬੱਚਿਆਂ ਦੀ ਬਾਹਰੀ ਹੋਂਦ ਨੂੰ ਖ਼ਤਮ ਕਰ ਦੇਂਦੀ ਹੈ, ਪਰ ਖ਼ਿਆਲ ਕਰਿਉ ਉਹ ਮੁਰਗੀ ਆਪਣੀ ਜਾਨ ਦੀ ਪਰਵਾਹ ਨਾ ਕਰਦੀ ਹੋਈ ਆਪਣੇ ਬੱਚਿਆਂ ਦੀ ਹਿਫ਼ਾਜ਼ਤ ਕਰਦੀ ਹੈ।

ਦਾਦੀ ਮਾਂ ਗੁਜਰੀ ਨੇ ਵੀ ਉਸੇ ਤਰ੍ਹਾਂ ਹੀ ਆਪਣੇ ਪੋਤਿਆਂ ਦੀ ਹਿਫ਼ਾਜ਼ਤ ਲਈ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਨੀ ਹੈ। ਦਾਦੀ ਮਾਂ ਕਹਿ ਰਹੀ ਹੈ :

ਲਖ਼ਤਿ-ਜਿਗਰ ਕੇ ਲਾਲ ਯਿਹ ਦੋਨੋਂ ਕਹਾਂ ਛੁਪਾਊਂ।
ਤੁਰਕੋਂ ਸੇ, ਰਾਜਪੂਤੋਂ ਸੇ ਕਿਉਂ ਕਰ ਇਨ੍ਹੇਂ ਬਚਾਊਂ।
ਬਿਪਤਾ ਜ਼ੀਅਫ਼ਯੋਂ ਮੇਂ ਯਿਹ ਕਯਾ ਮੁਝ ਪਰ ਪੜ ਗਈ।
ਥੀ ਕੌਨ ਸੀ ਘੜੀ ਮੈਂ ਪਿਸਰ ਸੇ ਬਿਛੜ ਗਈ।

ਦਾਦੀ ਮਾਂ ਇਕ ਪਾਸੇ ਲਾਲਾਂ ਦੀ ਉਮਰ ਵੱਲ ਤੱਕਦੀ ਹੈ। (ਇਤਿਹਾਸਕਾਰਾਂ ਨੇ ਛੋਟੇ ਲਾਲਾਂ ਦੀ ਉਮਰ ਕ੍ਰਮਵਾਰ ਲਗਭਗ 8 ਸਾਲ ਅਤੇ 6 ਸਾਲ ਲਿਖੀ ਹੈ।)

ਇਕ ਪਾਸੇ ਦਾਦੀ ਮਾਂ ਇਹਨਾਂ ਲਾਲਾਂ ਦੀ ਉਮਰ ਵੱਲ ਤੱਕਦੀ ਹੈ, ਦੂਸਰੇ ਪਾਸੇ ਆਪਣੀ ਉਮਰ ਵੱਲ ਤੱਕਦੀ ਹੈ। ਹੁਣ ਕਿੰਨਾ ਫ਼ਰਕ ਹੈ ਉਹਨਾਂ ਦੀਆਂ ਉਮਰਾਂ ਵਿਚ। ਦਾਦੀ ਮਾਂ ਆਪਣੀ ਉਮਰ ਦੇ ਅਖ਼ੀਰਲੇ ਪੜਾਅ ਵਿਚ ਪਹੁੰਚ ਚੁੱਕੀ ਹੈ, ਜਦ ਕਿ ਬੱਚੇ ਆਪਣੀ ਉਮਰ ਦੇ ਪਹਿਲੇ ਪੜਾਅ ਵਿਚ ਹਨ। ਮੈਂ ਪਹਿਲਾਂ ਗੱਲ ਕੀਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਦੇ ਹਰ ਪੜਾਅ ਨੂੰ ਅਗਵਾਈ ਦਿੰਦੀ ਹੈ, ਪਰ ਇਹ ਸਾਡੀ ਬਦ-ਕਿਸਮਤੀ ਹੈ ਕਿ ਅਸੀਂ ਅਗਵਾਈ ਲੈਣ ਨੂੰ ਤਿਆਰ ਨਹੀਂ ਹਾਂ।

ਗੁਰੂ ਨਾਨਕ ਸਾਹਿਬ ਨੇ ਮਨੁੱਖਾ ਜੀਵਨ ਨੂੰ 10 ਹਿੱਸਿਆਂ ਵਿਚ ਵੰਡ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ। ਸਾਨੂੰ ਸੰਦੇਸ਼ ਕੀ ਦਿੱਤਾ ਹੈ ? ਇਹ ਵੀ ਦੇਖਣਾ ਕਿ ਇਹਨਾਂ 10 ਹਿੱਸਿਆਂ ਵਿਚੋਂ ਕੋਈ ਹਿੱਸਾ ਪਰਮੇਸ਼੍ਵਰ ਦੀ ਯਾਦ ਵਾਲਾ ਹੈ ਕਿ ਨਹੀਂ ? ਗੁਰੂ ਸਾਹਿਬ ਆਪਣੀ ਬਾਣੀ ਰਾਹੀਂ ਸਾਨੂੰ ਦੱਸ ਰਹੇ ਹਨ ਕਿ ਮਨੁੱਖ ਦਾ 10 ਹਿੱਸਿਆਂ ਦੇ ਜੀਵਨ ਵਿਚ ਵੀ ਪਿਆਰ ਕਿੱਥੇ-ਕਿੱਥੇ ਲੱਗਾ ਹੋਇਆ ਹੈ। ਗੁਰੂ ਸਾਹਿਬ ਫ਼ੁਰਮਾਨ ਕਰਦੇ ਹਨ ਕਿ :

ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥
ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੁਛੈ ਜਾਤਿ॥
ਸਤਵੈ ਸੰਜਿ ਕੀਆ ਘਰ ਵਾਸੁ॥ ਅਠਵੈ ਕ੍ਰੋਧੁ ਹੋਆ ਤਨ ਨਾਸੁ॥
ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥

(ਮਹਲਾ ੧-੧੩੭)

ਗੁਰੂ ਸਾਹਿਬ ਕਹਿੰਦੇ ਹਨ ਕਿ ਜੀਵਨ ਦਾ ਨੌਵਾਂ ਹਿੱਸਾ ਆ ਗਿਆ, ਧਉਲੇ ਆ ਗਏ, ਸਾਹ ਵੀ ਹੁਣ ਪੂਰੀ ਤਰ੍ਹਾਂ ਨਾਲ ਰੈਗੂਲਰ ਨਹੀਂ ਚੱਲਦਾ ਤੇ ਫਿਰ ਇਸ ਅਵਸਥਾ

ਤੋਂ ਅੱਗੇ ਤਾਂ ਅੰਤ ਹੀ ਹੈ।

ਜਿਵੇਂ ਬਾਬਾ ਫ਼ਰੀਦ ਸਾਹਿਬ ਨੇ ਲਿਖਿਆ ਹੈ ਕਿ :

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥

(ਸਲੋਕ ਸੇਖ ਫਰੀਦ ਕੇ – ੧੩੮੦)

ਇਸ ਅਵਸਥਾ ਵਿਚ ਪਹੁੰਚ ਕੇ ਮਨੁੱਖ ਦੇ ਵੱਸ ਵਿਚ ਕੁਝ ਵੀ ਨਹੀਂ ਰਹਿ ਜਾਂਦਾ।

ਇਕ ਕਵੀ ਦੀਆਂ ਮੈਂ ਆਪ ਦੇ ਸਾਹਮਣੇ ਇਸ ਪ੍ਰਥਾਏ ਦੋ ਲਾਈਨਾਂ ਰੱਖਾਂ। ਉਹ ਕਹਿੰਦਾ ਹੈ :

ਪੁੱਤਾਂ ਘਰ ਸੰਭਾਲੇ ਰਾਮ, ਨੂੰਹਾਂ ਜਿੰਦਰੇ ਮਾਰੇ ਰਾਮ।
ਧੰਨ ਬੁੱਢੜੀ ਦਾ ਜਿਗਰਾ, ਬੁੱਢੜੀ ਅਜੇ ਵੀ ਨਾ ਜਪਦੀ, ਹਰਿ ਕਾ ਨਾਮ।

ਇਹ ਹੈ ਸਾਡੇ ਘਰਾਂ ਦਾ ਸੱਚ, ਸਾਡੀ ਜ਼ਿੰਦਗੀ ਦੀ ਹਾਲਤ ਦਾ ਸੱਚ।

ਮਨੁੱਖਾ ਜੀਵਨ ਦੀ ਹਾਲਤ ਗੁਰੂ ਨਾਨਕ ਸਾਹਿਬ ਜੀ ਨੇ ਦਸ ਹਿੱਸਿਆਂ ਵਿਚ ਵੰਡ ਕੇ ਬਿਆਨ ਕੀਤੀ ਹੈ।

ਪਹਿਲੈ ਪਿਆਰਿ................॥
.....ਦਸਵੈ ਦਧਾ ਹੋਆ ਸੁਆਹ॥

ਫਿਰ ਕਹਿੰਦੇ ਹਨ :

ਗਏ ਸਿਗੀਤ ਪੁਕਾਰੀ ਧਾਹ॥ ਉਡਿਆ ਹੰਸੁ ਦਸਾਏ ਰਾਹ॥
ਆਇਆ ਗਇਆ ਮੁਇਆ ਨਾਉ॥ ਪਿਛੈ ਪਤਲਿ ਸਦਿਹੁ ਕਾਵ॥

(ਮਹਲਾ ੧-੧੩੮)

ਹੁਣ ਬਾਬਾ ਨਾਨਕ ਜੀ ਨੂੰ ਪੁੱਛੀਏ ਕਿ ਆਪ ਨੇ ਮਨੁੱਖ ਦੀਆਂ 10 ਹਾਲਤਾਂ ਦਾ ਵਰਨਣ ਕਰ ਦਿੱਤਾ ਹੈ, ਪਰ ਇਨਸਾਨ ਦੇ ਜੀਵਨ ਵਿਚ ਰੱਬ ਤਾਂ ਕਿੱਧਰੇ ਲੱਭਾ ਨਹੀਂ। ਰੱਬ ਕਿਉਂ ਨਹੀਂ ਲੱਭਾ ? ਕੀ ਕਾਰਨ ਹੈ ਇਨਸਾਨ ਦੇ ਜੀਵਨ ਨੂੰ ਅਗਵਾਈ ਕਿਉਂ ਨਹੀਂ ਮਿਲੀ ? ਬਾਬਾ ਜੀ ਇਹ ਆਪ ਜੀ ਦੇ ਦੱਸੇ ਹੋਏ ਮਾਰਗ 'ਤੇ ਕਿਉਂ ਨਹੀਂ ਤੁਰਿਆ ? ਤਾਂ ਬਾਬਾ ਜੀ ਨੇ ਅਗਲੀਆਂ ਦੋ ਪੰਗਤੀਆਂ ਵਿਚ ਇਸ ਗੱਲ ਦਾ ਉੱਤਰ ਵੀ ਬੜੇ ਤਸੱਲੀਬਖ਼ਸ਼ ਤਰੀਕੇ ਨਾਲ ਦਿੱਤਾ :

ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥

(ਮਹਲਾ ੧-੧੩੮)

ਕਿ ਮਨੁੱਖ ਗੁਰੂ ਦੀ ਮੱਤ ਦਾ ਧਾਰਨੀ ਨਹੀਂ ਬਣਿਆ ਤੇ ਨਾ ਹੀ ਇਹ ਗੁਰੂ ਵਾਲਾ ਬਣਿਆ ਹੈ। ਇਹੀ ਕਾਰਨ ਹੈ ਕਿ ਇਸ ਦੇ ਜੀਵਨ ਵਿਚ ਰੱਬ ਦੀ ਹੋਂਦ ਨਹੀਂ ਹੈ।

ਇਕ ਵਿਅਕਤੀ ਕਿਸੇ ਮਹਾਤਮਾ ਕੋਲ ਗਿਆ ਤੇ ਕਹਿਣ ਲੱਗਾ ਕਿ ਰੱਬ ਕਿੱਥੇ ਹੈ ? ਹੁਣ ਮਹਾਤਮਾ ਦਾ ਉਸ ਨੂੰ ਸਮਝਾਉਣ ਦਾ ਤਰੀਕਾ ਬੜਾ ਹੀ ਸੰਤੋਸ਼ਜਨਕ ਹੈ। ਉਹ ਮਹਾਤਮਾ ਕਹਿਣ ਲੱਗੇ "ਭਲਿਆ ਪੁਰਸ਼ਾ ਤੂੰ ਇਸ ਤਰ੍ਹਾਂ ਕਰ ਕਿ ਆਹ ਕਾਗਜ਼ ਪੈਨ ਫੜ ਤੇ ਇਸ ਉੱਪਰ ਉਸ ਦਾ ਨਾਮ ਲਿਖ,ਜਿਸ ਨੂੰ ਆਪਣਾ ਸਭ ਤੋਂ ਨਜ਼ਦੀਕ ਮੰਨਦਾ ਏਂ, ਫਿਰ ਤੂੰ ਇਸ ਦੇ ਦੁਆਲੇ ਇਕ ਸਰਕਲ ਬਣਾ ਦੇ।"

ਉਸ ਭਲੇ ਪੁਰਸ਼ ਨੇ ਇਸੇ ਤਰ੍ਹਾਂ ਹੀ ਕੀਤਾ, ਆਪਣੇ ਇਕ ਨਜ਼ਦੀਕੀ ਦਾ ਨਾਮ ਲਿਖਿਆ ਤੇ ਫਿਰ ਉਸ ਨਾਮ ਦੇ ਦੁਆਲੇ ਇਕ ਸਰਕਲ ਬਣਾ ਦਿੱਤਾ। ਫਿਰ ਮਹਾਤਮਾ ਨੇ ਕਿਹਾ "ਹੁਣ ਇਸ ਸਰਕਲ ਦੇ ਬਾਹਰਵਾਰ ਆਪਣੇ ਦੋ ਨਜ਼ਦੀਕੀਆਂ ਦੇ ਨਾਮ ਲਿਖ ਅਤੇ ਫਿਰ ਉਸ ਦੇ ਦੁਆਲੇ ਹੋਰ ਸਰਕਲ ਬਣਾ ਦੇ।" ਭਲੇ ਪੁਰਸ਼ ਨੇ ਇਸੇ ਤਰ੍ਹਾਂ ਹੀ ਕੀਤਾ।

ਮਹਾਤਮਾ ਨੇ ਫਿਰ ਉਸ ਦੂਸਰੇ ਸਰਕਲ ਦੇ ਬਾਹਰਵਰ ਕਿਸੇ ਚਾਰ ਨਜ਼ਦੀਕੀਆਂ ਦੇ ਨਾਮ ਲਿਖ ਕੇ ਫਿਰ ਬਾਹਰਵਾਰ ਹੋਰ ਸਰਕਲ ਬਣਾਉਣ ਲਈ ਕਿਹਾ। ਭਲੇ ਪੁਰਸ਼ ਨੇ ਫਿਰ ਮਹਾਤਮਾ ਦੀ ਗੱਲ ਮੰਨ ਕੇ ਉਹ ਕਿਰਿਆ ਕੀਤੀ। ਹੁਣ ਜਦ ਇਹ ਕਿਰਿਆ ਪੂਰੀ ਹੋ ਗਈ ਤਾਂ ਮਹਾਤਮਾ ਨੇ ਭਲੇ ਪੁਰਸ਼ ਤੋਂ ਪੁੱਛਿਆ "ਭਾਈ ਤੂੰ ਕਿਸ-ਕਿਸ ਦੇ ਨਾਮ ਲਿਖੇ ਹਨ, ਜ਼ਰਾ ਪੜ੍ਹ ਕੇ ਸੁਣਾ।"

ਭਲੇ ਪੁਰਸ਼ ਨੇ ਪੜ੍ਹ ਕੇ ਦੱਸਿਆ ਕਿ ਮੈਂ ਆਪਣੇ ਪੁੱਤਰਾਂ ਦਾ, ਧੀਆਂ ਦਾ, ਪਤਨੀ ਦਾ, ਮਾਤਾ-ਪਿਤਾ ਦਾ ਅਤੇ ਆਪਣੇ ਭਰਾਵਾਂ ਦੇ ਨਾਮ ਲਿਖੇ ਹਨ। ਮਹਾਤਮਾ ਹੱਸ ਪਏ ਤੇ ਕਹਿਣ ਲੱਗੇ "ਭਲਿਆ ! ਦੱਸ ਰੱਬ ਦਾ ਨਾਮ ਕਿੱਥੇ ਹੈ ? ਰੱਬ ਤੇਰੇ ਜੀਵਨ ਵਿਚ ਕਿੱਥੇ ਹੈ ? ਰੱਬ ਨੂੰ ਤਾਂ ਤੂੰ ਆਪਣਾ ਬਣਾਇਆ ਹੀ ਨਹੀਂ, ਉਸ ਦਾ ਨਾਮ ਤਾਂ ਤੇਰੇ ਕਾਗਜ਼ 'ਤੇ ਕਿੱਧਰੇ ਵੀ ਨਹੀਂ ਲਿਖਿਆ ਗਿਆ।"

ਸਭੁ ਕਿਛੁ ਅਪਨਾ ਇਕੁ ਰਾਮ ਪਰਾਇਆ॥

(ਪ੍ਰਭਾਤੀ ਮਹਲਾ ੧-੧੩੪੨)

ਸਾਡੀ ਹਾਲਤ ਇਹ ਹੈ। ਅਸੀਂ ਕਹਿੰਦੇ ਤਾਂ ਹਾਂ ਕਿ ਰੱਬ ਨੂੰ ਮਿਲਣਾ ਹੈ। ਮੈਂ ਬੇਨਤੀ ਕਰਾਂ ਕਿ ਅਸੀਂ ਵੀ ਉਸ ਭਲੇ ਪੁਰਸ਼ ਵਾਂਗ ਕਾਗਜ਼ 'ਤੇ ਸਰਕਲ ਬਣਾ ਕੇ ਆਪਣੇ ਨਜ਼ਦੀਕੀਆਂ ਦੇ ਨਾਮ ਲਿਖ ਕੇ ਵੇਖੀਏ ਤਾਂ ਰੱਬ ਦਾ ਨਾਮ ਸਾਡੇ ਸਰਕਲਾਂ ਵਿਚ ਨਹੀਂ ਆਵੇਗਾ। ਅਸੀਂ ਰੱਬ ਨੂੰ ਮਿਲਣਾ ਤਾਂ ਲੋਚਦੇ ਹਾਂ, ਪਰ ਕੀ ਅਸੀਂ ਰੱਬ ਦੇ

ਨੇੜੇ ਜਾ ਰਹੇ ਹਾਂ ?

ਸਭ ਰਿਸ਼ਤੇਦਾਰ ਨਜ਼ਦੀਕੀ ਹਨ, ਸੁਬੰਧੀ ਸਾਡੇ ਨਜ਼ਦੀਕੀ ਹਨ, ਸਾਡਾ ਪਰਿਵਾਰ ਸਾਡੇ ਨਜ਼ਦੀਕ ਹੈ, ਪਰ ਗੁਰੂ ਤੇਗ ਬਹਾਦਰ ਸਾਹਿਬ ਇਹਨਾਂ ਰਿਸ਼ਤੇਦਾਰੀਆਂ, ਨਜ਼ਦੀਕੀਆਂ ਬਾਰੇ ਬਹੁਤ ਹੀ ਬਰੀਕੀ ਨਾਲ ਸਮਝਾਉਂਦੇ ਹਨ :

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥

(ਸੋਰਠਿ ਮਹਲਾ ੯-੬੩੪)

ਇਹ ਨਜ਼ਦੀਕੀਆਂ ਕਦੋਂ ਤੱਕ ਰਹਿਣਗੀਆਂ, ਜ਼ਰਾ ਸੋਚਿਓ !

ਜੇਕਰ ਹੋਰ ਅਗਵਾਈ ਲੈਣੀ ਹੋਵੇ ਤਾਂ ਗੁਰੂ ਰਾਮਦਾਸ ਜੀ ਕੋਲੋਂ ਲੈ ਲਓ। ਗੁਰੂ ਸਾਹਿਬ ਆਪਣੀ ਬਾਣੀ ਦੁਆਰਾ ਫ਼ੁਰਮਾਨ ਕਰ ਰਹੇ ਨੇ ਕਿ ਜਿਨ੍ਹਾਂ ਨੂੰ ਤੂੰ ਆਪਣਾ-ਆਪਣਾ ਕਹਿੰਦਾ ਫਿਰਦਾ ਹੈਂ ਨਾ, ਇਹਨਾਂ ਆਪਣਿਆਂ ਦੇ ਸੰਬੰਧ ਪਤਾ ਕਿਸ ਤਰ੍ਹਾਂ ਦੇ ਨੇ ? ਇਹ ਸਭ ਸਬੰਧੀ, ਰਿਸ਼ਤੇਦਾਰ ਆਪਣੇ-ਆਪਣੇ ਸੁਆਰਥ ਦੀ ਪੂਰਤੀ ਲਈ ਹੀ ਤੇਰੇ ਤੱਕ ਸੀਮਤ ਨੇ, ਜਿਸ ਦਿਨ ਇਹਨਾਂ ਦੇ ਸੁਆਰਥ ਦੀ ਪੂਰਤੀ ਤੇਰੇ ਪਾਸੋਂ ਨਹੀਂ ਹੋਵੇਗੀ ਤਾਂ ਇਹ ਸੰਬੰਧ ਵੀ ਖ਼ਤਮ ਹੋ ਜਾਣਗੇ। ਗੁਰੂ ਸਾਹਿਬ ਫ਼ੁਰਮਾਨ ਕਰਦੇ ਹਨ :

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥

(ਗੋਂਡ ਮਹਲਾ ੪-੮੬੦)

ਇਹ ਗੁਰੂ ਰਾਮਦਾਸ ਜੀ ਕਹਿ ਰਹੇ ਹਨ। ਫਿਰ ਅਸੀਂ ਇਸ ਅੱਟਲ ਸਚਾਈ ਤੋਂ ਕਿਵੇਂ ਮੁਨਕਰ ਹੋ ਸਕਦੇ ਹਾਂ ? ਇਹ ਵੱਖਰੀ ਗੱਲ ਹੈ ਕਿ ਅਸੀਂ ਗੁਰੂ ਸਾਹਿਬ ਦੀ ਬਾਣੀ ਨੂੰ ਪੜ੍ਹ ਸੁਣ ਕੇ ਸਮਝੇ ਨਹੀਂ ਜਾਂ ਫਿਰ ਜਾਣ ਬੁੱਝ ਕੇ ਬਾਣੀ ਦੀ ਸਚਾਈ ਨੂੰ ਆਪਣੇ ਜੀਵਨ ਵਿਚ ਧਾਰਨ ਨਹੀਂ ਕਰਨਾ ਚਾਹੁੰਦੇ। ਤਾਂ ਫਿਰ ਭਗਤ ਕਬੀਰ ਜੀ ਨੂੰ ਕਹਿਣਾ ਪਿਆ :

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥

(ਸਲੋਕ ਭਗਤ ਕਬੀਰ ਜੀਉ ਕੇ-੧੩੭੨)

ਕਬੀਰ ਸਾਹਿਬ ਕਹਿੰਦੇ ਹਨ ਕਿ ਐ ਸਿੱਖੋ ! ਕਸੂਰ ਸਤਿਗੁਰੂ ਦਾ ਨਹੀਂ ਹੈ, ਕਸੂਰ ਸਾਡਾ ਹੈ। ਜ਼ਰਾ ਆਪਣੇ ਅੰਦਰ ਝਾਤੀ ਮਾਰ, ਤੂੰ ਗੁਰੂ ਦੀ ਗੱਲ ਇਕ ਕੰਨ ਤੋਂ ਸੁਣਦਾ ਏਂ ਤੇ ਦੂਸਰੇ ਕੰਨ ਦੇ ਰਾਹੀਂ ਕੱਢ ਦੇਂਦਾ ਏਂ। ਤੇਰੀ ਹਾਲਤ ਤਾਂ ਅੰਦਰੋਂ ਪੋਲੇ ਬਾਂਸ ਵਰਗੀ ਹੈ, ਜਿਸ ਦੇ ਇਕ ਪਾਸਿਓਂ ਫੂਕ ਮਾਰੀਏ ਤੇ ਦੂਸਰੇ ਪਾਸੇ ਤੋਂ ਬਾਹਰ

ਨਿਕਲ ਜਾਂਦੀ ਹੈ।

ਦਾਸ ਦੇ ਇਕ ਮਿੱਤਰ ਹਨ। ਉਹ ਅਕਸਰ ਵਿਅੰਗਾਤਮਕ ਰੂਪ ਵਿਚ ਇਹ ਗੱਲ ਕਹਿੰਦੇ ਹਨ ਕਿ ਜਦੋਂ ਸਿੱਖ ਨੇ ਗੁਰਦੁਆਰਾ ਸਾਹਿਬ ਆਉਣਾ ਹੈ ਤਾਂ ਉਸ ਨੂੰ ਚਾਹੀਦਾ ਹੈ ਆਪਣੇ ਇਕ ਕੰਨ ਵਿਚ ਰੂੰ ਦੇ ਕੇ ਆਵੇ ਤਾਂ ਕਿ ਜੋ ਵੀ ਉਪਦੇਸ਼ ਗੁਰੂ ਦਾ ਸੁਣੇ, ਕਿਧਰੇ ਦੂਸਰੇ ਕੰਨ ਰਾਹੀਂ ਬਾਹਰ ਨਾ ਨਿਕਲ ਸਕੇ। ਗੱਲ ਤਾਂ ਸਮਝਣ ਦੀ ਹੈ ਜੋ ਸਾਡੀ ਸੋਚ 'ਤੇ ਨਿਰਭਰ ਕਰਦੀ ਹੈ।

ਮੈਂ ਬੇਨਤੀ ਕਰ ਰਿਹਾ ਸਾਂ ਕਿ ਦਾਦੀ ਮਾਂ ਗੁਜਰੀ ਕਹਿ ਰਹੀ ਹੈ ਕਿ ਇਹ ਬੁਢੇਪੇ ਵਿਚ ਮੇਰੇ 'ਤੇ ਇਹ ਜ਼ਿੰਮੇਵਾਰੀ ਆ ਗਈ ਹੈ।

ਲਖ਼ਤਿ-ਜਿਗਰ ਕੇ ਲਾਲ ਯਿਹ ਦੋਨੋਂ ਕਹਾਂ ਛੁਪਾਊ।
ਤੁਰਕੋਂ ਸੇ, ਰਾਜਪੂਤੋਂ ਸੇ ਕਿਊਂ ਕਰ ਇਨ੍ਹੇਂ ਬਚਾਊਂ।

ਬਿਪਤਾ ਜ਼ੀਅਫ਼ਯੋਂ ਮੇਂ ਯਿਹ ਕਯਾ ਮੁਝ ਪਰ ਪੜ ਗਈ।
ਥੀ ਕੌਨ ਸੀ ਘੜੀ ਮੈਂ ਪਿਸਰ ਸੇ ਬਿਛੜ ਗਈ।

ਉਹ ਕਿਹੜੀ ਮਾੜੀ ਘੜੀ ਸੀ, ਜਿਸ ਸਮੇਂ ਮੈਂ ਆਪਣੇ ਬੇਟੇ ਗੁਰੂ ਕਲਗੀਧਰ ਨਾਲੋਂ ਵਿਛੜ ਗਈ, ਦੇਖੋ ! ਇਹ ਮਾਂ ਦੀ ਮਮਤਾ ਬੋਲ ਰਹੀ ਹੈ। ਪਰ ਖ਼ਿਆਲ ਕਰਿਓ! ਕਿ ਸਾਡੇ ਆਪਣੇ ਘਰਾਂ ਵਿਚ ਮਮਤਾ ਕਿੱਥੇ ਚੱਲੀ ਜਾਂਦੀ ਹੈ। ਇਥੇ ਮੈਂ ਛੋਟੀ ਜਿਹੀ ਗਾਥਾ ਕਹਿਣੀ ਚਾਹੁੰਦਾ ਹਾਂ :

ਇਕ ਘਰ ਦੇ ਅੰਦਰ ਮਾਂ ਬੁੱਢੀ ਹੋ ਗਈ। ਪੁੱਤਰ ਨੂੰ ਅਕਾਲ ਪੁਰਖ ਨੇ ਮਾਇਆ ਬਹੁਤ ਜ਼ਿਆਦਾ ਦੇ ਦਿੱਤੀ ਤੇ ਪੁੱਤਰ ਨੇ ਬਹੁਤ ਵਧੀਆ ਕੋਠੀ ਵੀ ਬਣਾ ਲਈ। ਹੁਣ ਪੁੱਤਰ ਨੂੰ ਲੱਗਦਾ ਹੈ ਕਿ ਮੇਰੀ ਇਸ ਕੋਠੀ ਦੇ ਅੰਦਰ, ਮੇਰੇ ਵਧੀਆ ਬਣਾਏ ਹੋਏ ਬੈਡਰੂਮਾਂ ਦੇ ਅੰਦਰ ਇਹ ਬੁੱਢੀ ਮਾਂ ਚੰਗੀ ਨਹੀਂ ਲੱਗਦੀ, ਹਰ ਵੇਲੇ ਖੰਘਦੀ ਰਹਿੰਦੀ ਹੈ। ਇਹ ਮੇਰੀ ਵਧੀਆ ਕੋਠੀ ਵਿਚ ਚੰਗੀ ਨਹੀਂ ਲੱਗਦੀ, ਮੇਰੀ ਸ਼ਾਨੋ-ਸ਼ੌਕਤ ਵਿਚ ਫ਼ਰਕ ਪੈਂਦਾ ਹੈ। ਪੁੱਤਰ ਨੇ ਬਾਹਰ ਵਾਲੇ ਗੇਟ ਦੇ ਕੋਲ ਇਕ ਕਮਰਾ ਬਣਾ ਦਿੱਤਾ। ਮਾਤਾ ਦਾ ਮੰਜਾ-ਬਿਸਤਰਾ, ਖਾਣ-ਪੀਣ, ਰਹਿਣ-ਸਹਿਣ, ਸਾਰਾ ਇੰਤਜ਼ਾਮ ਉਥੇ ਹੀ ਕਰ ਦਿੱਤਾ। ਕਿਉਂਕਿ ਮਾਂ ਕੋਠੀ ਦੇ ਸ਼ਿੰਗਾਰ ਵਿਚ ਵਿਘਨ ਲੱਗਦੀ ਹੈ।

ਇਕ ਦਿਨ ਹੋਇਆ ਕਿ ਪੁੱਤਰ ਦਾ ਆਪਣਾ ਪਰਿਵਾਰ ਖਾਣਾ ਖਾਣ ਲਈ ਡਾਇਨਿੰਗ ਟੇਬਲ 'ਤੇ ਬੈਠਾ ਤਾਂ ਘਰ ਵਿਚੋਂ ਛੋਟੇ ਬੱਚੇ ਨੇ ਦਾਦੀ ਮਾਂ ਦਾ ਮਿੱਟੀ ਦਾ ਕਟੋਰਾ ਲਿਆ ਕੇ ਡਾਇਨਿੰਗ ਟੇਬਲ 'ਤੇ ਰੱਖ ਦਿੱਤਾ। ਜਦੋਂ ਪਿਤਾ ਨੇ ਇਹ ਦੇਖਿਆ ਤਾਂ ਬੱਚੇ ਨੂੰ ਕਹਿਣ ਲੱਗਾ "ਬੇਟਾ, ਇਹ ਕਟੋਰਾ ਦਾਦੀ ਮਾਂ ਦਾ ਹੈ ਉਸ ਨੂੰ ਵਾਪਸ ਕਰ ਕੇ ਆਉ।" ਪਰ ਬੱਚੇ ਨੇ ਜ਼ਿੱਦ ਕੀਤੀ "ਮੈਂ ਵਾਪਸ ਨਹੀਂ ਦੇਣਾ, ਮੈਂ ਇਹ ਇੱਥੇ

ਹੀ ਰੱਖਣਾ ਹੈ।"

ਘਰ ਦਾ ਮਾਲਕ ਪਿਤਾ ਸਮਝਾ ਰਿਹਾ ਹੈ "ਬੇਟਾ, ਇਸ ਨਾਲ ਡਾਇਨਿੰਗ ਟੇਬਲ ਦੀ ਸ਼ੋਭਾ ਨਹੀਂ ਬਣਦੀ, ਮੈਂ ਤੈਨੂੰ ਵਧੀਆ ਕਰਾਕਰੀ ਹੋਰ ਲਿਆ ਕੇ ਦਿਆਂਗਾ," ਪਰ ਬੱਚਾ ਮਿੱਟੀ ਦਾ ਕਟੋਰਾ ਛੱਡਣ ਲਈ ਤਿਆਰ ਨਹੀਂ ਤੇ ਬਾਪ ਖੋਹਣਾ ਚਾਹੁੰਦਾ ਹੈ। ਇਸੇ ਤਰ੍ਹਾਂ ਜਿੱਦ ਵਿਚ ਕਟੋਰਾ ਫਰਸ਼ ਤੇ ਡਿੱਗਾ ਅਤੇ ਟੁੱਟ ਗਿਆ। ਬੱਚਾ ਜ਼ਾਰ-ਜ਼ਾਰ ਰੋਣ ਲੱਗ ਪਿਆ।

ਬਾਪ ਕਹਿੰਦਾ "ਤੂੰ ਇਸ ਮਿੱਟੀ ਦੇ ਕਟੋਰੇ ਪਿੱਛੇ ਰੋ ਰਿਹਾ ਏਂ, ਮੈਂ ਤੈਨੂੰ ਚਾਂਦੀ ਦਾ, ਸੋਨੇ ਦਾ ਕਟੋਰਾ ਲਿਆ ਦਿਆਂਗਾ ਤੂੰ ਰੋ ਨਾ, ਚੁੱਪ ਕਰ ਜਾ। ਤੂੰ ਇਸ 5-10 ਰੁਪਏ ਦੇ ਮਿੱਟੀ ਦੇ ਕਟੋਰੇ ਕੀ ਕਰਨਾ ਹੈ?" ਬੱਚਾ ਜੁਆਬ ਦਿੰਦਾ ਹੈ "ਨਹੀਂ ਡੈਡੀ ਮੈਂ ਇਹ ਕਟੋਰਾ ਤੁਹਾਡੇ ਲਈ ਸਾਂਭ ਕੇ ਰੱਖਣਾ ਸੀ, ਜਦੋਂ ਤੁਸੀਂ ਬੁੱਢੇ ਹੋ ਜਾਓਗੇ ਮੈਂ ਤੁਹਾਨੂੰ ਰੋਟੀ ਪਾਣੀ ਕਿਸ ਵਿਚ ਦੇਵਾਂਗਾ।"

ਖ਼ਿਆਲ ਕਰਿਓ ! ਜੇਕਰ ਅਸੀਂ ਆਪਣੇ ਘਰਾਂ ਵਿਚ ਬਜ਼ੁਰਗਾਂ ਦਾ ਮਾਣ ਸਤਿਕਾਰ ਨਹੀਂ ਕਰਦੇ ਤਾਂ ਇਹ ਸਭ ਸਾਡੇ ਬੱਚੇ ਵੇਖ ਰਹੇ ਨੇ, ਅਸੀਂ ਵੀ ਆਪਣੇ ਹਸ਼ਰ ਨੂੰ ਮਹਿਸੂਸ ਕਰ ਲਈਏ ਤਾਂ ਹੀ ਸਤਿਗੁਰੂ ਜੀ ਸਾਨੂੰ ਕਹਿ ਰਹੇ ਹਨ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥

(ਸਾਰਗ ਮਹਲਾ ੪-੧੨੦੦)

ਮੈਂ ਹੈਰਾਨ ਹੁੰਦਾ ਹਾਂ ਕਿ ਕਈ ਕੱਟੜਵਾਦੀ ਸਿੱਖ ਅਖਵਾਉਣ ਵਾਲੇ ਧਰਮ ਦੀ ਦੁਨੀਆਂ ਦੇ ਨਾਮ ਉਤੇ ਆਪਣੇ ਹੀ ਬਜ਼ੁਰਗਾਂ ਨਾਲ ਈਰਖਾ ਕਰੀ ਜਾਂਦੇ ਨੇ। ਮੈਂ ਬੇਨਤੀ ਕਰਾਂ ਗੁਰੂ ਬਾਅਦ ਵਿਚ ਹੈ ਪਹਿਲਾਂ ਮਾਂ-ਬਾਪ ਹੈ, ਕਿਉਂਕਿ ਜੇਕਰ ਭਾਈ ਗੁਰਦਾਸ ਜੀ ਨੂੰ ਪੁੱਛੀਏ ਤਾਂ ਉਹ ਕਹਿੰਦੇ ਹਨ ਕਿ ਕੋਈ ਮਨੁੱਖ ਜਿੰਨਾ ਮਰਜ਼ੀ ਧਰਮੀ ਹੋਣ ਦਾ ਦਾਅਵੇਦਾਰ ਬਣਦਾ ਫਿਰੇ, ਬਹੁਤ ਵੱਡਾ ਤੀਰਥ ਇਸ਼ਨਾਨੀ, ਬੜਾ ਵੱਡਾ ਦਾਨੀ ਬਣਦਾ ਫਿਰੇ ਆਪਣੇ ਆਪ ਵਿਚ। ਭਾਈ ਸਾਹਿਬ ਲਿਖਦੇ ਹਨ :

ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ॥
ਗੁਰ ਪਰਮੇਸਰੁ ਸਾਰੁ ਨ ਜਾਣੀ॥ (ਵਾਰ ੩੭, ਪਉੜੀ ੧੩)

ਮੈਂ ਨਹੀਂ ਕਹਿ ਰਿਹਾ ਇਹ ਭਾਈ ਗੁਰਦਾਸ ਜੀ ਕਹਿ ਰਹੇ ਹਨ ਕਿ ਜੋ ਮਾਂ-ਪਿਉ ਨੂੰ ਛੱਡ ਕੇ ਬਹੁਤ ਵੱਡਾ ਧਰਮੀ ਹੋਣ ਦਾ ਦਾਅਵਾ ਕਰਦਾ ਫਿਰੇ ਉਹ ਸਭ ਤੋਂ ਵੱਡਾ ਬੇਈਮਾਨ ਮਨੁੱਖ ਹੈ ਜੋ ਮਾਂ-ਬਾਪ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਭੁੱਲ ਕੇ ਹੋਰ ਫੋਕੇ ਕਰਮਕਾਂਡਾਂ ਦਾ ਦਿਖਾਵਾ ਕਰਦਾ ਹੈ। ਜ਼ਰਾ ਆਪਣੇ ਅੰਦਰ ਝਾਤੀ ਮਾਰੀਏ। ਠੀਕ ਸਮਾਜ ਉਸਰਦਾ ਹੀ ਉਸ ਸਮੇਂ ਹੈ,

ਜਦੋਂ ਸੁਚੱਜੇ ਸਮਾਜ ਦੀ ਉਸਾਰੀ ਆਪਣੇ ਆਪ ਤੋਂ ਆਰੰਭ ਕਰੀਏ। ਨਿੱਜੀ ਜੀਵਨ ਤੋਂ ਬਾਅਦ, ਪਰਿਵਾਰਕ ਜੀਵਨ, ਫਿਰ ਸਮੁੱਚਾ ਸਮਾਜ ਅਤੇ ਆਪਣੇ ਫ਼ਰਜ਼ਾਂ ਪ੍ਰਤੀ ਦ੍ਰਿੜ੍ਹਤਾ। ਕਿਧਰੇ ਆਪਾਂ ਵੀ ਸਮੁੱਚੇ ਸਮਾਜ ਦੀ ਉਸਾਰੀ ਕਰ ਸਕੀਏ। ਭਗਤ ਰਵਿਦਾਸ ਜੀ ਦਾ ਦਰਸਾਇਆ ਉਹ ਸਮਾਜ ਜੋ ਬਾਣੀ ਵਿਚ ਬਖ਼ਸ਼ਿਸ਼ ਕਰਦੇ ਹਨ :

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥

(ਗਉੜੀ ਰਵਿਦਾਸ ਜੀ-੩੪੫)

ਉਹ ਸਮਾਜ ਉਸਾਰੀਏ : ਜਿਸ ਦੇ ਵਸਨੀਕਾਂ ਦੇ ਜੀਵਨ ਦੀ ਗੱਲ ਗੁਰੂ ਤੇਗ ਬਹਾਦਰ ਜੀ ਕਰਦੇ ਹਨ—

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥

(ਸੋਰਠਿ ਮਹਲਾ ੯-੬੩੩)

ਰਲ ਮਿਲ ਕੇ ਉਸਾਰੀਏ ਉਹ ਸਮਾਜ ਜੋ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਡੇ ਕੋਲੋਂ ਚਾਹੁੰਦੀ ਹੈ।

ਮੱਤ ਕਿਧਰੇ ਸੋਚਿਓ ! ਕਿ ਕੋਈ ਬਾਹਰੋਂ ਆਣ ਕੇ ਸੁਚੱਜਾ ਸਮਾਜ ਉਸਾਰੇਗਾ, ਨਹੀਂ ! ਇਹ ਅਸੀਂ ਉਸਾਰਨਾ ਹੈ, ਇਹ ਜ਼ਿੰਮੇਵਾਰੀ ਸਾਡੀ ਹੈ। ਸਤਿਗੁਰੂ ਜੀ ਨੇ ਇਹ ਜ਼ਿੰਮੇਵਾਰੀ ਸਾਡੀ ਲਾਈ ਹੈ, ਜੇਕਰ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਕਹਿੰਦੇ ਹਾਂ, ਜਿਨ੍ਹਾਂ ਨੂੰ ਅਸੀਂ ਗੁਰੂ ਸਾਹਿਬ ਆਖਦੇ ਹਾਂ, ਉਹ ਗੁਰੂ ਜੀ ਸਾਡੇ ਕੋਲੋਂ ਮੰਗ ਕਰਦੇ ਹਨ ਕਿ ਸਿੱਖਾ ਕੇਵਲ ਮੱਥੇ ਹੀ ਨਾ ਟੇਕੀ ਜਾ, ਗੁਰੂ ਦੀ ਮੱਤ ਵੀ ਲੈ।

ਖ਼ੈਰ ! ਮੈਂ ਬੇਨਤੀ ਕਰ ਰਿਹਾ ਸੀ ਕਿ ਮਾਤਾ ਗੁਜਰੀ ਜੀ ਕਹਿ ਰਹੇ ਹਨ ਕਿ :

ਬੱਚੋਂ ਕਾ ਸਾਥ ਰਾਹ ਕਠਨ ਸਰ ਪਿ ਸ਼ਾਮ ਹੈ।
ਸੁੰਨਸਾਨ ਦਸ਼ਤ ਚਾਰਸੂ ਹੂ ਕਾ ਮੁਕਾਮ ਹੈ।

ਮਾਂ ਗੁਜਰੀ ਕਹਿੰਦੀ ਹੈ ਕਿ ਛੋਟੇ-ਛੋਟੇ ਬੱਚੇ ਮੇਰੇ ਨਾਲ ਹਨ, ਉਪਰੋਂ ਸ਼ਾਮ ਦਾ ਸਮਾਂ ਹੈ ਤੇ ਸੂਰਜ ਵੀ ਡੁੱਬ ਰਿਹਾ ਹੈ, ਇਹ ਕਿਹੜੀ ਸ਼ਾਮ ਦਾ ਸਮਾਂ ਹੈ ? 6 ਤੇ 7 ਪੋਹ ਦੀ ਰਾਤ ਨੂੰ ਗੁਰੂ ਕਲਗੀਧਰ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਿਆ ਹੈ ਅਤੇ 7 ਪੋਹ ਦੀ ਸਵੇਰ ਨੂੰ ਆਸਾ ਕੀ ਵਾਰ ਦਾ ਦੀਵਾਨ ਸਰਸਾ ਨਦੀ ਦੇ ਕੰਢੇ ਤੇ ਲਗਾਇਆ। ਜੰਗ ਦਾ ਮੈਦਾਨ ਭਖਿਆ, ਫਿਰ ਸਰਸਾ ਨਦੀ ਨੂੰ ਪਾਰ ਕੀਤਾ। ਸਰਸਾ ਨਦੀ ਨੂੰ ਪਾਰ ਕਰਨ ਤੋਂ ਬਾਅਦ, ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਹੁਣ 7 ਪੋਹ ਨੂੰ ਸ਼ਾਮ ਦਾ ਸਮਾਂ ਹੋ ਗਿਆ ਹੈ। ਸਵੇਰ ਤੋਂ ਹੀ ਦਾਦੀ ਮਾਂ ਲਾਲਾਂ ਨੂੰ ਛੁਪਾਉਂਦੀ ਹੋਈ, ਸਾਰਾ ਦਿਨ ਹੀ ਤੁਰੀ ਫਿਰਦੀ ਰਹੀ, ਪਰ ਹੁਣ ਸ਼ਾਮ ਦਾ ਸਮਾਂ ਹੋ

ਗਿਆ ਹੈ। ਕਿੱਥੇ ਅੰਮ੍ਰਿਤ ਵੇਲੇ ਤੋਂ ਸ਼ਾਮ ਹੋ ਗਈ, ਬੱਚਿਆਂ ਨੂੰ ਬਚਾਉਂਦੀ-ਬਚਾਉਂਦੀ ਦਾਦੀ ਮਾਂ ਨੇ ਕਿੰਨੀ ਖੇਚਲ ਕੀਤੀ ਹੋਵੇਗੀ?

ਦਾਦੀ ਮਾਂ ਨੂੰ ਡਰ ਕਿੰਨ੍ਹਾਂ-ਕਿੰਨ੍ਹਾਂ ਗੱਲਾਂ ਦਾ ਖਾ ਰਿਹਾ ਹੈ? ਇਕ ਤਾਂ ਜੰਗਲੀ ਰਸਤਾ, ਉਪਰੋਂ ਸਾਥ ਕੋਈ ਨਹੀਂ ਤੇ ਸ਼ਾਮ ਵੀ ਪੈ ਗਈ ਹੈ। ਹੁਣ ਦਾਦੀ ਮਾਂ ਜਦੋਂ ਆਪਣੇ ਵੱਲ ਝਾਤੀ ਮਾਰਦੀ ਹੈ ਤਾਂ ਬੁਢੇਪਾ ਦਿਖਾਈ ਦਿੰਦਾ ਹੈ ਤੇ ਜਦੋਂ ਬੱਚਿਆਂ ਵੱਲ ਝਾਤੀ ਮਾਰਦੀ ਹੈ ਤਾਂ ਬਾਲਪਨ ਦਿਖਾਈ ਦਿੰਦਾ ਹੈ, ਜਿਨ੍ਹਾਂ ਦਾ ਕਿ ਆਪਸ ਵਿਚ ਕੋਈ ਮੇਲ ਨਹੀਂ ਹੈ।

ਮੈਂ ਇਕ ਹੋਰ ਬੇਨਤੀ ਕਰਾਂ ! ਇਸ ਨਾਲੋਂ ਵੀ ਜਿਹੜੀ ਔਖੀ ਗੱਲ ਹੈ ਕਿ ਇਹ ਜੋ ਠੰਢ ਹੈ ਨਾ ਠੰਢ, ਇਹ ਦੋ ਸਟੇਜਾਂ 'ਤੇ ਜ਼ਿਆਦਾ ਤੰਗ ਕਰਦੀ ਹੈ ਮਨੁੱਖੀ ਸਰੀਰ ਨੂੰ। ਇਕ ਬਾਲਪਨ ਨੂੰ ਤੇ ਦੂਸਰਾ ਬੁਢੇਪੇ ਨੂੰ, ਤੇ ਏਥੇ ਇਹ ਦੋਵੇਂ ਹੀ ਸਟੇਜਾਂ ਵਾਲੇ ਨੇ, ਬਜ਼ੁਰਗ ਵੀ ਤੇ ਬਾਲਪਨ ਵੀ ਅਤੇ ਉਪਰੋਂ ਸ਼ਾਮ ਨੂੰ ਸੂਰਜ ਡੁੱਬਣ ਦਾ ਸੰਕੇਤ ਦੇ ਰਿਹਾ ਹੈ। ਜੰਗਲੀ ਰਸਤਾ ਅਤੇ ਕੋਲ ਕੋਈ ਕੱਪੜਾ ਵੀ ਨਹੀਂ ਹੈ, ਜਿਨ੍ਹਾਂ ਨਾਲ ਦਾਦੀ ਮਾਂ ਆਪਣੇ ਜਿਗਰ ਦੇ ਟੋਟਿਆਂ ਨੂੰ ਢੱਕ ਸਕੇ, ਆਪਣੇ ਲਾਲਾਂ ਨੂੰ ਠੰਢ ਤੋਂ ਬਚਾਅ ਸਕੇ। ਕਹਿੰਦੇ ਹਨ :

ਹੋਤਾ ਕਹਾਂ ਪਰ ਦੇਖੀਏ ਸ਼ਬ ਕੋ ਕਯਾਮ ਹੈ,
ਖ਼ਾਦਿਮ ਹੈ ਔਰ ਕੋਈ ਨਾ ਹਮਰਾਹ ਗ਼ੁਲਾਮ ਹੈ।

ਦਾਦੀ ਮਾਂ ਹੁਣ ਸੋਚਦੀ ਹੈ ਕਿ ਪਤਾ ਨਹੀਂ ਕਿ ਰਾਤ ਕੱਟਣ ਨੂੰ ਜਗ੍ਹਾ ਕਿੱਥੇ ਮਿਲੇਗੀ।

ਇਤਿਹਾਸਕਾਰ ਲਿਖਦੇ ਹਨ ਕਿ ਹੁਣ ਦਾਦੀ ਮਾਂ ਆਪਣੇ ਦੋ ਸਾਹਿਬਜ਼ਾਦਿਆਂ ਨੂੰ ਲਈ ਜਾ ਰਹੀ ਹੈ। ਹੁਣ ਚਲਦਿਆਂ-ਚਲਦਿਆਂ ਉਹ 7 ਪੋਹ ਦੀ ਸ਼ਾਮ ਨੂੰ ਕੁੰਮੇ ਮਾਸ਼ਕੀ ਦੀ ਝੁੱਗੀ ਵਿਚ ਪਹੁੰਚੇ। ਕੁੰਮੇ ਮਾਸ਼ਕੀ ਨੇ ਮਾਤਾ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ "ਮਾਤਾ ਜੀ, ਤੁਸੀਂ ਅੱਜ ਦੀ ਰਾਤ ਬੱਚਿਆਂ ਦੇ ਨਾਲ ਮੇਰੀ ਝੁੱਗੀ ਵਿਚ ਵਿਸ਼ਰਾਮ ਕਰ ਲਉ।" ਇਤਿਹਾਸ ਵਿਚ ਉਸ ਕੁੰਮੇ ਮਾਸ਼ਕੀ ਦੀ ਘਰਵਾਲੀ ਦਾ ਨਾਮ 'ਲਛਮੀ' ਲਿਖਿਆ ਹੈ। ਉਸ ਲਛਮੀ ਨੇ ਆਪਣੀ ਝੁੱਗੀ ਵਿਚ ਜੋ ਵੀ ਰੁੱਖਾ ਸੁੱਖਾ ਖਾਣ ਲਈ ਸੀ, ਉਹ ਦਾਦੀ ਮਾਂ ਤੇ ਬੱਚਿਆਂ ਨੂੰ ਖਾਣ ਲਈ ਦਿੱਤਾ। ਕੁੰਮੇ ਮਾਸ਼ਕੀ ਦੀ ਝੁੱਗੀ ਵਿਚ ਮਾਤਾ ਜੀ ਅਤੇ ਬੱਚਿਆਂ ਨੇ 7-8 ਪੋਹ ਵਾਲੀ ਰਾਤ ਕੱਟੀ। ਇਥੋਂ ਗੁਰੂ ਕਲਗੀਧਰ ਪਾਤਸ਼ਾਹ ਦੀ ਇਕ ਛੋਟੀ ਜਿਹੀ ਇਤਿਹਾਸਕ ਗੱਲ ਯਾਦ ਆਈ, ਆਪ ਜੀ ਨਾਲ ਸਾਂਝੀ ਕਰਾਂ :

ਇਕ ਵਾਰ ਗੁਰੂ ਕਲਗੀਧਰ ਪਾਤਸ਼ਾਹ ਜੀ ਸਿੰਘ ਸੂਰਬੀਰਾਂ ਦੇ ਨਾਲ

ਚਲਦਿਆਂ-ਚਲਦਿਆਂ ਕਾਫੀ ਲੇਟ ਪਿੰਡ ਸੋਹਰਾਮ ਵਿਖੇ ਪਹੁੰਚੇ। ਸਤਿਗੁਰੂ ਜੀ ਨੇ ਸੰਦੇਸ਼ਾ ਭੇਜਿਆ ਕਿ ਰਾਤ ਪਿੰਡ ਸੋਹਰਾਮ ਵਿਖੇ ਗੁਜ਼ਾਰਨੀ ਹੈ। ਜਦੋਂ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਸਿੰਘ ਸੂਰਬੀਰਾਂ ਨਾਲ ਇਸ ਪਿੰਡ ਸੋਹਰਾਮ ਵਿਖੇ ਪੜਾਓ ਕੀਤਾ ਤੇ ਪੁੱਛਿਆ "ਸਿੰਘੋ ! (ਪਿੰਡ ਵਾਲਿਆਂ ਨੂੰ) ਲੰਗਰ ਪਾਣੀ ਦਾ ਕੀ ਪ੍ਰਬੰਧ ਹੈ" ਪਿੰਡ ਵਾਲੇ ਕਹਿਣ ਲੱਗੇ "ਪਾਤਸ਼ਾਹ ਜੇਕਰ ਹੁਣ ਲੰਗਰ ਪਾਣੀ ਲਈ ਦੇਗਾਂ ਚੜ੍ਹਾਉਣ ਲੱਗੇ, ਪਰਸ਼ਾਦੇ ਬਣਾਉਣ ਲੱਗੇ ਤਾਂ ਸਾਰੀ ਰਾਤ ਦਾ ਸਮਾਂ ਲੰਘ ਜਾਵੇਗਾ,ਰਾਤ ਤਾਂ ਪਹਿਲਾਂ ਹੀ ਕਾਫੀ ਹੋ ਚੁੱਕੀ ਹੈ।"

ਕਲਗੀਧਰ ਪਾਤਸ਼ਾਹ ਹੱਸ ਪਏ ਤੇ ਕਹਿਣ ਲੱਗੇ "ਲੱਗਦਾ ਹੈ ਕਿ ਤੁਸੀਂ ਅੱਜ ਦੀ ਰਾਤ ਖ਼ਾਲਸਾ ਫ਼ੌਜਾਂ ਨੂੰ ਫਾਕਾ ਹੀ ਕਟਵਾਉਣਾ ਹੈ, ਲੱਗਦਾ ਨਹੀਂ ਕਿ ਤੁਸੀਂ ਸਾਨੂੰ ਤੇ ਸਾਡੀਆਂ ਫ਼ੌਜਾਂ ਨੂੰ ਲੰਗਰ ਪਾਣੀ ਛਕਾਉਗੇ ?" ਪਰ ਉਸ ਪਿੰਡ ਸੋਹਰਾਮ ਦੇ ਵਸਨੀਕ ਹੱਥ ਜੋੜ ਕੇ ਬੇਨਤੀ ਕਰਨ ਲੱਗੇ "ਪਾਤਸ਼ਾਹ ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਸਾਡੀ ਇੰਨੀ ਹਿੰਮਤ ਨਹੀਂ, ਅਸੀਂ ਇਹ ਕਿਵੇਂ ਸੋਚ ਸਕਦੇ ਹਾਂ ਕਿ ਆਪ ਜੀ ਨੂੰ ਤੇ ਸਿੱਖ ਫ਼ੌਜਾਂ ਨੂੰ ਫਾਕਾ ਕਟਵਾ ਦੇਈਏ, ਆਪ ਜੀ ਦੀ ਸੇਵਾ ਨਾ ਕਰ ਸਕੀਏ। ਸਤਿਗੁਰੂ ਜੀ ਅਸੀਂ ਆਪ ਜੀ ਦੀਆਂ ਸੇਵਾਵਾਂ ਲਈ ਹੋਰ ਤਰੀਕੇ ਦਾ ਪ੍ਰਬੰਧ ਕੀਤਾ ਹੈ, ਉਹ ਇਹ ਹੈ ਕਿ ਅਸੀਂ ਸਾਡੇ ਪਿੰਡ ਵਾਲਿਆਂ ਨੇ ਸਲਾਹ ਕੀਤੀ ਹੈ ਕਿ ਦੋ-ਦੋ, ਚਾਰ ਚਾਰ ਸਿੰਘਾਂ ਨੂੰ ਘਰਾਂ ਵਿਚ ਵੰਡ ਦਿਉ ਤਾਂ ਉਹਨਾਂ ਦੀ ਰਾਤ ਵੀ ਵਧੀਆ ਕੱਟੀ ਜਾਵੇਗੀ ਭਾਵ ਕਿ ਮੰਜਾ ਬਿਸਤਰਾ ਵੀ ਮਿਲ ਜਾਵੇਗਾ ਤੇ ਨਾਲ ਹੀ ਦੋ-ਦੋ ਚਾਰ-ਚਾਰ ਸਿੰਘਾਂ ਦੇ ਪਰਸ਼ਾਦੇ ਪਾਣੀ ਦੀ ਸੇਵਾ ਵੀ ਭਾਵਨਾ ਨਾਲ ਸੁਖਾਲੀ ਹੋ ਜਾਵੇਗੀ।"

ਸਤਿਗੁਰੂ ਜੀ ਕਹਿੰਦੇ "ਮੈਂ ਤੁਹਾਡੀ ਸੋਚ ਤੋਂ ਬਲਿਹਾਰ ਜਾਂਦਾ ਹਾਂ।" ਹੁਣ ਪਿੰਡ ਦੇ ਵਸਨੀਕਾਂ ਵਿਚੋਂ ਵਾਰੀ-ਵਾਰੀ ਇਕ ਇਕ ਪ੍ਰਾਣੀ ਖੜ੍ਹਾ ਹੁੰਦਾ ਹੈ ਤੇ ਪਾਤਸ਼ਾਹ ਦੋ-ਦੋ, ਚਾਰ-ਚਾਰ, ਛੇ-ਛੇ ਸਿੰਘਾਂ ਨੂੰ ਨਾਲ ਭੇਜ ਰਹੇ ਹਨ। ਹੁਣ ਕਲਗੀਧਰ ਦੇ ਬਹੁਤ ਨਜ਼ਦੀਕ ਸੋਹਰਾਮ ਪਿੰਡ ਦਾ ਇਕ ਸਿੱਖ ਬੈਠਾ ਹੈ, ਜੋ ਕਿ ਬਹੁਤ ਗ਼ਰੀਬ ਹੈ ਤੇ ਮਨ ਵਿਚ ਆਪਣੀ ਗ਼ਰੀਬੀ ਬਾਰੇ ਸੋਚ ਰਿਹਾ ਹੈ, ਪਰ ਕਲਗੀਧਰ ਦੇ ਦੀਦਾਰ ਵੀ ਕਰ ਰਿਹਾ ਹੈ।

ਕਲਗੀਧਰ ਪਾਤਸ਼ਾਹ ਉਸ ਨੂੰ ਕਹਿਣ ਲੱਗੇ "ਸਿੱਖਾ ! ਤੂੰ ਕਿਉਂ ਨਹੀਂ ਉੱਠਦਾ, ਉੱਠ! ਤੈਨੂੰ ਵੀ ਸੇਵਾ ਲਈ ਸਿੰਘ ਦਿਆਂ।" ਉਸ ਸਿੱਖ ਦੇ ਨਾਲ ਕਲਗੀਧਰ ਪਾਤਸ਼ਾਹ ਨੇ ਇਕ ਸਿੰਘ ਸੂਰਬੀਰ ਭੇਜਿਆ, ਜਿਸ ਦਾ ਨਾਮ ਭਾਈ ਮਲਾਗਰ ਸਿੰਘ ਹੈ। ਉਹ ਗ਼ਰੀਬ ਸਿੱਖ ਕਲਗੀਧਰ ਪਾਤਸ਼ਾਹ ਨੂੰ ਨਾਂਹ ਤਾਂ ਨਹੀਂ ਕਰ ਸਕਿਆ, ਪਰ ਆਪਣੇ ਘਰ ਦੀ ਗ਼ਰੀਬੀ ਬਾਰੇ ਸੋਚੀ ਜਾ ਰਿਹਾ ਹੈ ਤੇ ਨਾਲ ਤੁਰਿਆ ਜਾਂਦਾ ਹੈ ਕਿ ਮੇਰੇ ਆਪਣੇ ਘਰ ਵਿਚ ਤਾਂ ਬੱਚਿਆਂ ਦਾ ਪੇਟ ਭਰਨ ਲਈ ਭੋਜਨ ਨਹੀਂ ਹੈ, ਘਰ ਵਿਚ ਮੰਜਾ

ਬਿਸਤਰਾ ਵੀ ਨਹੀਂ ਹੈ। ਚਲਦਾ-ਚਲਦਾ ਉਹ ਭਾਈ ਮਲਾਗਰ ਸਿੰਘ ਨੂੰ ਲੈ ਕੇ ਆਪਣੇ ਘਰ ਪਹੁੰਚ ਗਿਆ। ਉਸ ਗ਼ਰੀਬ ਸਿੱਖ ਨੇ ਆਪਣੇ ਸਿਰ ਉਤੋਂ ਸਾਫਾ ਲਾਹਿਆ, ਉਸ ਸਾਫੇ ਨੂੰ, ਜ਼ਮੀਨ 'ਤੇ ਵਿਛਾਇਆ, ਹੱਥ ਜੋੜ ਕੇ ਭਾਈ ਮਲਾਗਰ ਸਿੰਘ ਨੂੰ ਕਿਹਾ, "ਸਿੰਘ ਜੀ, ਬੈਠੋ।"

ਫਿਰ ਭੋਜਨ ਛਕਾਉਣ ਦੀ ਵਾਰੀ ਆਈ ਤਾਂ ਚੁੱਲ੍ਹੇ ਵਿਚ ਅੱਗ ਬਾਲ ਕੇ ਉੱਪਰ ਪਤੀਲਾ ਰੱਖ ਦਿੱਤਾ ਤੇ ਸਿਰਫ ਪਾਣੀ ਪਤੀਲੇ ਵਿਚ ਪਾ ਦਿੱਤਾ, ਕਿਉਂਕਿ ਘਰ ਵਿਚ ਰਾਸ਼ਨ ਨਾਮ ਦੀ ਕੋਈ ਚੀਜ਼ ਹੀ ਨਹੀਂ ਸੀ। ਫਿਰ ਬਾਹਰ ਗਿਆ ਤੇ ਕੱਚੇ ਪੀਲੂ ਲਿਆ ਕੇ ਗਰਮ ਪਾਣੀ ਨਾਲ ਪੋਲੇ ਕਰ-ਕਰ ਕੇ ਭਾਈ ਮਲਾਗਰ ਸਿੰਘ ਨੂੰ ਛਕਾਉਣ ਲੱਗਾ,ਪਰ ਕੱਚੇ ਪੀਲੂ ਭਾਈ ਮਲਾਗਰ ਸਿੰਘ ਦੇ ਅੰਦਰ ਨਹੀਂ ਲੰਘਦੇ। ਸਿੰਘ ਨੇ ਹਰ ਪੀਲੂ ਨੂੰ ਪਾਣੀ ਦੇ ਘੁੱਟ ਭਰ-ਭਰ ਕੇ ਅੰਦਰ ਲੰਘਾਇਆ ਤੇ ਪੰਜ ਸੱਤ ਪੀਲੂ ਛਕ ਕੇ ਕਹਿਣ ਲੱਗਾ "ਸਿੱਖਾ ਬਸ ! ਮੈਂ ਤ੍ਰਿਪਤ ਹੋ ਗਿਆ ਹਾਂ।"

ਉਹ ਗ਼ਰੀਬ ਸਿੱਖ ਮਨ ਵਿਚ ਸੋਚਣ ਲੱਗਾ ਕਿ ਇਹ ਸਿੰਘ ਕੱਲ ਸਵੇਰੇ ਮੇਰੀ ਸ਼ਿਕਾਇਤ ਗੁਰੂ ਸਾਹਿਬ ਜੀ ਕੋਲ ਕਰੇਗਾ, ਪਰ ਭਾਈ ਮਲਾਗਰ ਸਿੰਘ ਕੱਚੇ ਪੀਲੂ ਛਕ ਕੇ ਫਿਰ ਖੜੇ ਹੋ ਕੇ ਗਲ ਵਿਚ ਪੱਲ੍ਹਾ ਪਾ ਕੇ ਗੁਰੂ ਕਲਗੀਧਰ ਦੇ ਚਰਨਾਂ ਦਾ ਧਿਆਨ ਧਰ ਕੇ ਅਰਦਾਸ ਕਰਨ ਲੱਗਾ : "ਹੇ ਮੇਰੇ ਕਲਗੀਧਰ ਪਾਤਸ਼ਾਹ ਜੀ ! ਆਪ ਜੀ ਦੇ ਸਿੱਖ ਨੇ, ਆਪ ਜੀ ਦੇ ਬਖ਼ਸ਼ੇ ਹੋਏ ਖ਼ਜ਼ਾਨਿਆਂ ਵਿਚੋਂ ਬੜੇ ਪ੍ਰੇਮ, ਭਾਵਨਾ ਨਾਲ ਆਪ ਜੀ ਦੇ ਦਾਸ ਦੀ ਸੇਵਾ ਕੀਤੀ ਹੈ, ਦਾਸ ਤ੍ਰਿਪਤ ਹੋ ਗਿਆ ਹੈ। ਸਿੱਖ ਦੀ ਸੇਵਾ ਥਾਇ ਪਾਉਣੀ, ਸਿੱਖ ਦੇ ਬੰਧਨ ਕੱਟ ਦੇਣੇ।"

ਦਿਨ ਚੜ੍ਹਿਆ ਤੇ ਦੋਵੇਂ ਸਿੰਘ ਕਲਗੀਧਰ ਦੇ ਪਾਸ ਪਹੁੰਚ ਗਏ। ਭਾਈ ਮਲਾਗਰ ਸਿੰਘ ਦੇ ਨਾਲ ਗ਼ਰੀਬ ਸਿੱਖ ਵੀ ਪਹੁੰਚ ਗਿਆ। ਗ਼ਰੀਬ ਸਿੱਖ ਸੋਚ ਰਿਹਾ ਹੈ ਕਿ ਇਹ ਸਿੰਘ ਹੁਣ ਮੇਰੀ ਸ਼ਿਕਾਇਤ ਗੁਰੂ ਸਾਹਿਬ ਪਾਸ ਕਰੇਗਾ। ਗੁਰੂ ਸਾਹਿਬ ਨੂੰ ਭਰੀ ਸੰਗਤ ਵਿਚ ਕਿਸੇ ਨੇ ਸਵਾਲ ਕਰ ਦਿੱਤਾ "ਪਾਤਸ਼ਾਹ ਕਿਸੇ ਪੂਰਨ ਗੁਰਸਿੱਖ ਦੇ ਦਰਸ਼ਨ ਕਰਵਾਉ" ਗੁਰੂ ਸਾਹਿਬ ਨੇ ਸਾਰੀ ਸੰਗਤ ਵੱਲ ਝਾਤ ਮਾਰੀ, ਫਿਰ ਭਾਈ ਮਲਾਗਰ ਸਿੰਘ ਨੂੰ ਬਾਂਹ ਤੋਂ ਫੜ ਕੇ ਖੜੇ ਕਰ ਲਿਆ ਤੇ ਕਹਿਣ ਲੱਗੇ "ਆਹ ਜੇ ਪੂਰਨ ਗੁਰਸਿੱਖ।"

ਕਲਗੀਧਰ ਪਾਤਸ਼ਾਹ ਕਹਿਣ ਲੱਗੇ "ਹੋਰ ਸਿੰਘਾਂ ਵਾਂਗ ਇਸ ਨੂੰ ਰਾਤ ਖਾਣ ਲਈ ਸੁਆਦਲੇ ਪਕਵਾਨ ਨਹੀਂ ਮਿਲੇ,ਨਾ ਹੀ ਇਸ ਨੂੰ ਵਧੀਆ ਮੰਜਾ ਬਿਸਤਰਾ ਮਿਲਿਆ ਹੈ, ਪਰ ਫਿਰ ਵੀ ਇਸ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ, ਅਰਦਾਸ ਕੀਤੀ ਹੈ ਕਿ ਸਤਿਗੁਰੂ ਜੀ ਇਸ ਸਿੱਖ ਦੀ ਸੇਵਾ ਥਾਇ ਪਾਉਣੀ, ਇਸ ਦੇ ਬੰਧਨ ਕੱਟ ਦੇਣੇ' ਕਲਗੀਧਰ ਪਾਤਸ਼ਾਹ ਸੁਭਾਵਿਕ ਹੀ ਆਪਣੇ ਮੁਖਾਰਬਿੰਦ ਤੋਂ

ਉਚਾਰਦੇ ਹਨ

"ਧੰਨ ਸਿੱਖਾ, ਧੰਨ ਤੇਰੀ ਸਿੱਖੀ
ਧੰਨ ਸਿੱਖਾ, ਧੰਨ ਤੇਰੀ ਸਿੱਖੀ"

ਪਰ ਦੂਜੇ ਪਾਸੇ ਭਾਈ ਮਲਾਗਰ ਸਿੰਘ ਜੋ ਕਿ ਗੁਰੂ ਬਖ਼ਸ਼ਿਸ਼ਾਂ ਨਾਲ ਨਿਵਾਜਿਆ ਹੋਇਆ ਹੈ, ਆਖੀ ਜਾ ਰਿਹਾ ਹੈ :

"ਸਤਿਗੁਰੂ ਜੀ ਸਭ ਆਪ ਜੀ ਦੀ ਕ੍ਰਿਪਾ।
ਸਤਿਗੁਰੂ ਜੀ ਸਭ ਆਪ ਜੀ ਦੀ ਕ੍ਰਿਪਾ।
ਸਤਿਗੁਰੂ ਜੀ ਸਭ ਆਪ ਜੀ ਦੀ ਕ੍ਰਿਪਾ।"

ਕਿਧਰੇ ਐਸੇ ਜੀਵਨ ਦੀਆਂ ਬਾਤਾਂ, ਸਾਡੇ ਜੀਵਨ ਵਿਚ ਵੀ ਆ ਜਾਣ ਅਤੇ ਗੁਰੂ ਸਾਡੇ ਲਈ ਵੀ ਇਕ ਵਾਰ ਕਹਿ ਦੇਵੇ ਕਿ ਧੰਨ ਸਿੱਖਾ, ਧੰਨ ਤੇਰੀ ਸਿੱਖੀ।

ਪਰ ਖ਼ਿਆਲ ਕਰਿਓ, ਜੋ ਸਾਡਾ ਅੱਜ ਦਾ ਜੀਵਨ ਹੈ, ਸਾਡਾ ਜੀਵਨ ਵੇਖ ਕੇ ਸ਼ਾਇਦ ਗੁਰੂ ਕਲਗੀਧਰ ਪਾਤਸ਼ਾਹ ਦੇ ਮੁਖਾਰਬਿੰਦ ਵਿਚੋਂ ਇਹ ਬਚਨ ਨਾ ਨਿਕਲਣ। ਭਾਈ ਮਲਾਗਰ ਸਿੰਘ ਦੇ ਜੀਵਨ ਵੱਲ ਝਾਤ ਮਾਰ ਕੇ ਫਿਰ ਆਪਣੇ ਜੀਵਨ ਵੱਲ ਝਾਤ ਮਾਰਿਓ ਕਿ ਸਾਡੇ ਪ੍ਰਤੀ ਗੁਰੂ ਸਾਹਿਬ ਦਾ ਕੀ ਨਿਰਣਾ ਹੋਵੇਗਾ?

ਕਬੀਰ ਸਾਹਿਬ ਆਪਣੀ ਬਾਣੀ ਰਾਹੀਂ ਸਾਨੂੰ ਆਖ ਰਹੇ ਹਨ ਕਿ ਐ ਬੰਦੇ ! ਜੇਕਰ ਤੂੰ ਸਿੱਖੀ ਦੇ ਮਾਰਗ 'ਤੇ ਚਲਣਾ ਹੈ ਤਾਂ ਪਤਾ ਤੈਨੂੰ ਕੀ ਕਰਨਾ ਪਵੇਗਾ :

ਬੰਦੇ ਖੋਜੁ ਦਿਲ ਹਰ ਰੋਜ ਨ ਫਿਰੁ ਪਰੇਸਾਨੀ ਮਾਹਿ॥

(ਤਿਲੰਗ ਕਬੀਰ ਜੀ-੭੨੭)

ਰੋਜ਼ਾਨਾ ਰਾਤ ਨੂੰ ਸੌਣ ਤੋਂ ਪਹਿਲਾਂ ਪੂਰੇ ਦਿਨ ਦੀ ਕਿਰਿਆ ਨੂੰ ਜ਼ਰਾ ਪੜਚੋਲ ਕੇ ਵੇਖੀਂ ਕਿ ਗੁਰੂ ਦੀ ਮੱਤ ਕੀ ਸੀ ਤੇ ਤੂੰ ਕੀ ਕੀ ਕੀਤਾ ਹੈ। ਜੇਕਰ ਤੂੰ ਰੋਜ਼ ਹੀ ਆਪਣੇ ਆਪ ਨੂੰ ਪੜਚੋਲੀ ਜਾਵੇਂਗਾ ਤਾਂ ਇਕ ਦਿਨ ਪਤਾ ਕੀ ਰਿਜਲਟ ਨਿਕਲੇਗਾ ? ਤੂੰ ਆਪਣੇ ਆਪ ਨੂੰ ਪੜਚੋਲਦਿਆਂ-ਪੜਚੋਲਦਿਆਂ ਆਪਣੀ ਜ਼ਿੰਦਗੀ ਦੇ ਅਵਗੁਣਾਂ ਨੂੰ ਪਾਸੇ ਕਰਦਾ ਜਾਵੇਂਗਾ। ਫਿਰ ਜੀਵਨ ਦੀਆਂ ਪਰੇਸ਼ਾਨੀਆਂ ਖ਼ਤਮ ਹੋ ਜਾਣਗੀਆਂ, ਜੀਵਨ ਦੇ ਔਗੁਣ ਇਕ ਦਿਨ ਖ਼ਤਮ ਹੋ ਜਾਣਗੇ, ਪਰ ਅਸੀਂ ਆਪਣੇ ਆਪ ਨੂੰ ਕਦੀ ਪੜਚੋਲਦੇ ਹੀ ਨਹੀਂ। ਜਿਸ ਦਿਨ ਅਸੀਂ ਵੀ ਗੁਰੂ ਦੀ ਮੱਤ ਰੂਪੀ ਕਸਵੱਟੀ 'ਤੇ ਆਪਣੇ ਆਪ ਨੂੰ ਪੂਰੇ ਕਰ ਲਵਾਂਗੇ,ਉਸ ਦਿਨ ਗੁਰੂ ਜੀ ਵੀ ਸਾਡੇ ਬਾਰੇ ਕਹਿਣਗੇ :" ਧੰਨ ਸਿੱਖਾ, ਧੰਨ ਤੇਰੀ ਸਿੱਖੀ।"

ਉਹ ਕਿੰਨਾ ਮਹਾਨ ਸਿੱਖ ਹੋਵੇਗਾ, ਜਿਸ ਦੇ ਲਈ ਗੁਰੂ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਇਹ ਸ਼ਬਦ ਨਿਕਲੇ ਹੋਣਗੇ।

ਹੁਣ ਮਾਤਾ ਜੀ ਅਤੇ ਛੋਟੇ ਲਾਲਾਂ ਨੂੰ ਕੁੰਮੇ ਮਾਸ਼ਕੀ ਦੀ ਪਤਨੀ ਲਛਮੀ ਨੇ ਰੁੱਖਾ-ਸੁੱਖਾ ਪ੍ਰਸ਼ਾਦਾ ਛਕਾਇਆ। ਖ਼ਿਆਲ ਕਰਿਓ ! ਮੱਤ ਕਿਧਰੇ ਸੋਚ ਲੈਣਾ ਕਿ ਲਛਮੀ ਨੇ ਕੋਈ ਵਧੀਆ ਪਕਵਾਨਾਂ ਨਾਲ ਸੇਵਾ ਕੀਤੀ ਹੋਵੇਗੀ, ਨਹੀਂ, ਉਸ ਦੇ ਘਰ ਜੋ ਕੁਝ ਸੀ ਉਸ ਨੇ ਉਹੀ ਭੇਟਾ ਕਰ ਦਿੱਤਾ। ਹੁਣ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੇ ਰਾਤ ਇਥੇ ਹੀ ਕੱਟ ਲਈ ਤੇ ਕੁੰਮੇ ਮਾਸ਼ਕੀ ਦੀ ਝੁੱਗੀ ਤੋਂ ਅਗਲਾ ਪੜਾਅ ਜੋ ਅਰੰਭ ਹੋਇਆ, ਉਸ ਦੀ ਬਾਤ ਜੋਗੀ ਅੱਲ੍ਹਾ ਯਾਰ ਖ਼ਾਂ ਆਪਣੇ ਢੰਗ ਨਾਲ ਕਰ ਰਿਹਾ ਹੈ।

ਹੋਤਾ ਕਹਾਂ ਪਰ ਦੇਖੀਏ ਸ਼ਬ ਕੋ ਕਯਾਮ ਹੈ।

ਖ਼ਾਦਿਮ ਹੈ ਔਰ ਕੋਈ ਨਾ ਹਮਰਾਹ ਗੁਲਾਮ ਹੈ।

ਨਾ ਤਾਂ ਕੋਈ ਸਿੱਖ ਸੇਵਾਦਾਰ ਨਾਲ ਹੈ ਤੇ ਨਾ ਹੀ ਕੋਈ ਨੌਕਰ ਚਾਕਰ ਹੈ, ਕੋਈ ਵੀ ਨਾਲ ਨਹੀਂ ਹੈ। ਬਸ ! ਮਾਂ ਗੁਜਰੀ ਤੇ ਨਾਲ ਛੋਟੇ ਸਾਹਿਬਜ਼ਾਦੇ ਹਨ।

ਗੰਗੂ ਰਸੋਈਯਾ ਹੈ ਫ਼ਕਤ ਸਾਥ ਰਹ ਗਯਾ।

ਲੈ ਦੇ ਕੇ ਰਹਬਰੀ ਕੋ ਯਿਹ ਹੈਯਾਤ ਰਹ ਗਯਾ।

ਹੁਣ ਗੰਗੂ ਜੋ ਕਿ ਗੁਰੂ ਜੀ ਦੇ ਘਰ ਦਾ ਰਸੋਈਆ ਸੀ, ਉਹ ਮਾਤਾ ਜੀ ਨੂੰ ਮਿਲ ਗਿਆ। ਮਾਤਾ ਜੀ ਕਹਿੰਦੇ ਹਨ ਕਿ ਮੇਰੇ ਕੋਲ ਹੁਣ ਕੋਈ ਹੋਰ ਦੁਨਿਆਵੀਂ ਟਿਕਾਣਾ ਜਾਂ ਆਸਰਾ ਨਹੀਂ ਹੈ, ਪਰ ਇਹ ਗੰਗੂ ਮਿਲ ਗਿਆ ਹੈ, ਇਹੀ ਆਸਰਾ ਹੈ। ਜਿਥੇ ਉਹ ਬੱਚਿਆਂ ਨੂੰ ਲੈ ਕੇ ਚੱਲੀ ਜਾਵੇ। ਹੁਣ ਗੰਗੂ ਰਸੋਈਆ ਮਾਂ ਗੁਜਰੀ ਅਤੇ ਬੱਚਿਆਂ ਨੂੰ ਲੈ ਕੇ ਆਪਣੇ ਪਿੰਡ ਵੱਲ ਨੂੰ ਚੱਲ ਪਿਆ।

ਆਤੇ ਥੇ ਸ਼ੇਰ ਸਾਹਮਨੇ ਗਰਦਨ ਕੋ ਡਾਲ ਕੇ।

ਤਕਤੇ ਹਿਰਨ ਭੀ ਆਜ ਹੈਂ ਆਖੇਂ ਨਿਕਾਲ ਕੇ।

ਮਾਨੋ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਹਰ ਚੀਜ਼ ਡਰਾ ਰਹੀ ਹੋਵੇ।

ਖ਼ਿਆਲ ਕਰਿਓ ! ਜਦੋਂ ਮਨ ਦੇ ਅੰਦਰ ਡਰ ਹੋਵੇ, ਉਦੋਂ ਹਨੇਰੇ ਵਿਚ ਪਈ ਹੋਈ ਰੱਸੀ ਵੀ ਸੱਪ ਦਿਖਾਈ ਦੇਂਦੀ ਹੈ। ਮਾਂ ਗੁਜਰੀ ਅਤੇ ਲਾਲਾਂ ਦੀ ਬਾਤ ਜੋਗੀ ਅੱਲ੍ਹਾ ਯਾਰ ਖ਼ਾਂ ਕਰ ਰਿਹਾ ਹੈ ਕਿ ਰਸਤੇ ਵਿਚ ਕੋਈ ਜਾਨਵਰ ਆਦਿ ਵੀ ਮਿਲਦਾ ਹੈ ਤਾਂ ਮਾਂ ਗੁਜਰੀ ਨੂੰ ਇਵੇਂ ਪ੍ਰਤੀਤ ਹੁੰਦਾ ਹੈ ਕਿ ਇਹ ਅੱਖਾਂ ਪਾੜ-ਪਾੜ ਕੇ ਸਾਡੇ ਵੱਲ ਤੱਕ ਰਿਹਾ ਹੈ। ਪਤਾ ਨਹੀਂ ਮੇਰੇ ਕੋਲੋਂ ਕਦੋਂ ਇਹ ਲਾਲਾਂ ਨੂੰ ਖੋਹ ਕੇ ਖਾ ਜਾਣਗੇ ?

ਏਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਮਾਂ ਗੁਜਰੀ ਦੀ ਅਵਸਥਾ ਇਸ ਮਾਤ-ਲੋਕ ਤੋਂ ਕਿਧਰੇ ਉੱਚੀ ਸੋਚ ਵਾਲੀ ਸੀ। ਇਹ ਵਲਵਲੇ, ਇਹ ਖ਼ਿਆਲ ਕਵੀ ਦੇ ਆਪਣੇ ਅਨੁਭਵ ਅਤੇ ਸਮੇਂ ਦੀ ਨਜ਼ਾਕਤ ਨੂੰ ਮੱਦੇਨਜ਼ਰ ਰੱਖਦਿਆਂ, ਕਵੀ ਦੇ ਮਨ ਵਿਚ ਆ ਰਹੇ ਹਨ। ਸ਼ਾਇਦ ਆਮ ਦਿਲਾਂ ਵਿਚ ਇਹ ਖ਼ਿਆਲ ਮਨ ਵਿਚ ਆ ਹੀ

ਜਾਂਦੇ ਹਨ।

ਨੈਰੰਗ ਹੈਂ ਤਮਾਮ ਜ਼ਮਾਨੇ ਕੀ ਚਾਲ ਕੇ।

ਤੇਵਰ ਹੈਂ ਬਨ ਮੇਂ ਬਦਲੇ ਹੂਏ ਹਰ ਸ਼ਗਾਲ ਕੇ।

ਜ਼ਮਾਨੇ ਦੀ ਚਾਲ ਹੀ ਮਾਂ ਗੁਜਰੀ ਨੂੰ ਬਦਲੀ ਹੋਈ ਲੱਗ ਰਹੀ ਹੈ ਤੇ ਗਿੱਦੜ ਵੀ ਅੱਜ ਸ਼ੇਰ ਬਣੇ ਦਿਖਾਈ ਦੇ ਰਹੇ ਹਨ।

ਦਰਪੇਸ਼ ਅਨ ਕਰੀਬ ਕੋਈ ਇਮਤਿਹਾਨ ਹੈ।

ਖ਼ਤਰੇ ਮੇਂ ਦਿਖ ਰਹੀ ਮੁਝੇ ਬਚੋਂ ਕੀ ਜਾਨ ਹੈ।

ਮਾਤਾ ਗੁਜਰੀ ਜਾਣਦੀ ਹੈ ਕਿ ਇਹ ਹੁਣ ਖ਼ਤਰੇ ਦਾ ਸਮਾਂ ਹੈ ਅਤੇ ਇਮਤਿਹਾਨ ਦੀ ਘੜੀ ਵੀ ਚੱਲ ਰਹੀ ਹੈ।

ਪੂਰਾ ਜ਼ਰੂਰ ਹੋਗਾ ਇਰਾਦਾ ਹਜ਼ੂਰ ਕਾ।

ਕਰਤਾ ਪੁਰਖ ਕਾ ਵਾਹੇਗੁਰੂ ਕਾ, ਗ਼ਫ਼ੂਰ ਕਾ।

ਇਹ ਸਭ ਵਲਵਲੇ ਕਵੀ ਦੇ ਮਨ ਵਿਚੋਂ ਉਠ ਰਹੇ ਹਨ, ਪਰ ਦਾਦੀ ਮਾਂ ਨੂੰ ਪਰਮੇਸ਼੍ਵਰ 'ਤੇ ਪੂਰਾ ਭਰੋਸਾ ਹੈ ਕਿ ਹੋਣਾ ਉਹੀ ਹੈ ਜੋ ਅਕਾਲ ਪੁਰਖ ਦੇ ਮਨ ਨੂੰ ਭਾਉਂਦਾ ਹੈ, ਜੋ ਅਕਾਲ ਪੁਰਖ ਨੂੰ ਚੰਗਾ ਲਗਦਾ ਹੈ, ਕਿਉਂਕਿ ਮੇਰੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਪਾਵਨ ਬਾਣੀ ਬਖ਼ਸ਼ਿਸ਼ ਕੀਤੀ ਹੈ, ਜੋ ਕਿ ਅਸੀਂ ਸਭ ਹੁਕਮਨਾਮੇ ਦੇ ਰੂਪ ਵਿਚ ਸਰਵਣ ਵੀ ਕਰਦੇ ਹਾਂ, ਪਰ ਕਦੀ ਵਿਚਾਰ ਦੀ ਜ਼ਰੂਰਤ ਮਹਿਸੂਸ ਨਹੀਂ ਕੀਤੀ ਜਦ ਕਿ ਸਾਨੂੰ ਗੁਰੂ ਸਾਹਿਬ ਦੀ ਬਾਣੀ ਪੜਣ ਸੁਨਣ ਦੇ ਨਾਲ ਨਾਲ ਵਿਚਾਰਨ ਦੀ ਲੋੜ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਬੰਦਿਆ ! ਜੇਕਰ ਤੂੰ ਪਰਮੇਸ਼੍ਵਰ ਦੇ ਹੁਕਮ ਅੱਗੇ ਕੁਝ ਕਰ ਸਕਦਾ ਹੈਂ ਤਾਂ ਫਿਰ ਕਰ ਕੇ ਵੇਖ ਲੈ। ਫ਼ੁਰਮਾਨ ਹੈ :

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥

ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥

(ਸੂਹੀ ਮਹਲਾ ੪-੭੩੬)

ਸਾਡੇ ਵਿਚ ਕੋਈ ਜੋਰ ਨਹੀਂ ਹੈ। ਸਤਿਗੁਰੂ ਜੀ ਨੇ ਇਹ ਵੀ ਕਹਿ ਦਿੱਤਾ ਕਿ ਇਹ ਸ੍ਰਿਸ਼ਟੀ ਪੰਜ ਤੱਤਾਂ ਤੋਂ ਬਣੀ ਹੋਈ ਹੈ। ਅਕਾਲ ਪੁਰਖ ਦੀ ਮਿਹਰ ਨਾਲ ਪੰਜ ਤੱਤਾਂ ਦੀ ਸਾਜੀ ਹੋਈ ਸ੍ਰਿਸ਼ਟੀ ਨੂੰ ਕੋਈ ਬਦਲ ਕੇ ਦਿਖਾਵੇ, ਭਾਵ ਕੋਈ ਛੇਵਾਂ ਤੱਤ ਪੈਦਾ ਕਰ ਕੇ ਵਿਖਾਵੇ। ਫ਼ੁਰਮਾਨ ਕਰਦੇ ਹਨ :

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥

(ਸੂਹੀ ਮਹਲਾ ੪-੭੩੬)

ਪਰਮੇਸ਼੍ਵਰ ਦੀ ਸਾਜੀ ਹੋਈ ਪੰਜਾਂ ਤੱਤਾਂ ਦੀ ਸ੍ਰਿਸ਼ਟੀ ਵਿਚ ਪੰਜ ਤੱਤ ਹੀ ਰਹਿਣਗੇ, ਛੇਵਾਂ ਤੱਤ ਕਦੀ ਵੀ ਨਹੀਂ ਹੋ ਸਕਦਾ। ਬੰਦਾ ਭਾਵੇਂ ਆਪਣੀ ਸਿਆਣਪ ਦੇ ਲੱਖ ਢੰਡੋਰੇ ਪਿੱਟਦਾ ਫਿਰੇ,ਪਰ ਹੋਣਾ ਉਹੀ ਹੈ ਜੋ ਪਰਮੇਸ਼੍ਵਰ ਚਾਹੁੰਦਾ ਹੈ। ਫ਼ੁਰਮਾਨ ਹੈ :

ਸਿਆਨਪ ਕਾਹੂ ਕਾਮਿ ਨ ਆਤ॥
ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥

(ਗੂਜਰੀ ਮਹਲਾ ੫-੪੯੬)

ਗੁਰੂ ਅਰਜਨ ਦੇਵ ਜੀ ਵਲੋਂ ਦਿਤੀ ਉਦਾਹਰਣ ਵੇਖੋ : ਬੰਦਾ ਘਰੋਂ ਨਿਕਲਦਾ ਹੈ ਕਿ ਮੈਂ ਡੁੱਬਦੇ ਸੂਰਜ ਵਾਲੇ ਪਾਸੇ ਨੂੰ ਜਾਣਾ ਹੈ, ਪਰ ਅਕਾਲ ਪੁਰਖ ਦੀ ਐਸੀ ਲੀਲ੍ਹਾ ਵਰਤਦੀ ਹੈ ਕਿ ਚੜ੍ਹਦੇ ਸੂਰਜ ਵਾਲੇ ਪਾਸੇ ਨੂੰ ਜਾਣਾ ਪੈ ਜਾਂਦਾ ਹੈ। ਫ਼ੁਰਮਾਨ ਹੈ :

ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥

(ਗੂਜਰੀ ਮਹਲਾ ੫-੪੯੬)

ਇਹ ਪਰਮੇਸ਼੍ਵਰ ਦੀਆਂ ਬਾਤਾਂ ਹਨ। ਪਰਮੇਸ਼੍ਵਰ ਦੇ ਹੁਕਮ ਨੂੰ ਦੁਨੀਆਂ ਨਹੀਂ ਬਦਲ ਸਕਦੀ। ਬੰਦਿਆ ! ਤੂੰ ਐਵੇਂ ਆਪਣੀਆਂ ਸਿਆਣਪਾਂ 'ਤੇ ਮਾਣ, ਅੰਹਕਾਰ ਨਾ ਕਰਿਆ ਕਰ।

ਦੇਖੋ ਹੁਣ ਅਮਰੀਕਾ (ਨਾਸਾ) ਦੇ ਸਾਇੰਸਦਾਨਾਂ ਨੇ ਕੋਈ ਘੱਟ ਸਿਆਣਪ ਵਰਤੀ ਹੋਵੇਗੀ, ਜਦੋਂ ਕਲਪਨਾ ਚਾਵਲਾ ਅਤੇ ਉਸ ਦੇ ਸਾਥੀ ਵਿਗਿਆਨੀ ਪੁਲਾੜ 'ਚੋਂ ਵਾਪਸ ਆਉਂਦਿਆਂ ਪਰਮੇਸ਼੍ਵਰ ਨੂੰ ਪਿਆਰੇ ਹੋ ਗਏ। ਕੋਈ ਘੱਟ ਸਿਆਣਪ ਤਾਂ ਨਹੀਂ ਵਰਤੀ ਹੋਵੇਗੀ ਅਮਰੀਕਾ ਨੇ, ਪਰ ਅਕਾਲ ਪੁਰਖ ਨੂੰ ਉਹਨਾਂ ਦਾ ਵਾਪਸ ਆਉਣਾ ਮਨਜ਼ੂਰ ਨਹੀਂ ਸੀ। ਬੇਹੱਦ ਸਿਆਣਪਾਂ ਵੀ ਅਕਾਲ ਪੁਰਖ ਅੱਗੇ ਫ਼ੇਲ੍ਹ ਹੋ ਗਈਆਂ। ਅਸੀਂ ਬੇਅੰਤ ਉਦਾਹਰਣਾਂ ਲੈ ਸਕਦੇ ਹਾਂ ਜਿੱਥੇ ਆਪਣੀਆਂ ਸਿਆਣਪਾਂ ਕੰਮ ਨਹੀਂ ਆਉਂਦੀਆਂ।

ਤੇ ਦਾਦੀ ਮਾਂ ਗੁਜਰੀ ਕਹਿ ਰਹੀ ਹੈ ਕਿ :

ਪੂਰਾ ਜ਼ਰੂਰ ਹੋਗਾ ਇਰਾਦਾ ਹਜ਼ੂਰ ਕਾ।
ਕਰਤਾ ਪੁਰਖ ਕਾ, ਵਾਹਿਗੁਰੂ ਕਾ, ਗਫ਼ੂਰ ਕਾ।
ਹੈ ਸਖ਼ਤ ਇਮਤਿਹਾਂ ਯਿਹ ਕਿਸੀ ਬੇ-ਕਸੂਰ ਕਾ।
ਹਾਫ਼ਿਜ਼ ਤੋ ਆਪ ਹੀ ਹੈ ਦਿਲਿ ਨਾਸਬੂਰ ਕਾ।

ਮਾਤਾ ਗੁਜਰੀ ਦਾ ਇਮਤਿਹਾਨ ਵਾਲਾ ਸਮਾਂ ਤਾਂ ਹੈ, ਪਰ ਮਾਂ ਗੁਜਰੀ ਜਾਣਦੀ ਹੈ ਕਿ ਇਮਤਿਹਾਨ ਨੂੰ ਲੈਣ ਵਾਲਾ ਵੀ ਪਰਮੇਸ਼੍ਵਰ ਹੈ ਤੇ ਇਸ ਇਮਤਿਹਾਨ ਵਿਚੋਂ

ਕੱਢੇਗਾ ਵੀ ਪਰਮੇਸ਼ੁਰ ਆਪ। ਮਾਂ ਗੁਜਰੀ ਭਰੋਸੇ ਦੀ ਬਾਤ ਕਰਦੀ ਹੈ ਕਿ ਜੇਕਰ ਮੈਨੂੰ ਪਰਮੇਸ਼ੁਰ ਨੇ ਇਸ ਇਮਤਿਹਾਨ ਵਿਚ ਪਾਇਆ ਹੈ ਤਾਂ ਮੈਨੂੰ ਉਸ ਪਰਮੇਸ਼ੁਰ 'ਤੇ ਭਰੋਸਾ ਹੈ ਕਿ ਮੈਨੂੰ ਪਾਰ ਵੀ ਉਹੀ ਲਗਾਏਗਾ।

ਪਯਾਰੇ ਪਤੀ ਕੋ ਪਹਿਲੇ ਹੀ ਮੈਂ ਹੂੰ ਕਟਾ ਚੁਕੀ।
ਕੁਦਰਤ ਤੋ ਹੈ ਸਬਰ ਮਿਰਾ ਆਜ਼ਮਾ ਚੁਕੀ।

ਮਾਂ ਗੁਜਰੀ ਕਹਿ ਰਹੀ ਹੈ ਕਿ ਮੈਂ ਆਪਣੇ ਪਿਆਰੇ ਪਤੀ ਨੂੰ ਧਰਮ ਲਈ ਪਹਿਲਾਂ ਹੀ ਕੁਰਬਾਨ ਕਰ ਚੁੱਕੀ ਹਾਂ, ਕੁਦਰਤ ਨੇ ਮੇਰੇ ਸਬਰ ਦਾ ਇਮਤਿਹਾਨ ਪਹਿਲਾਂ ਹੀ ਲੈ ਲਿਆ ਹੈ। ਕੋਈ ਗੱਲ ਨਹੀਂ ਜੇਕਰ ਇਕ ਇਮਤਿਹਾਨ ਹੋਰ ਆ ਗਿਆ ਹੈ ਤਾਂ ਮੈਂ ਇਹ ਵੀ ਉਸ ਪਰਮੇਸ਼ੁਰ ਦੀ ਕ੍ਰਿਪਾ ਨਾਲ ਪਾਸ ਕਰ ਲਵਾਂਗੀ।

ਹੁਣ ਮਾਂ ਗੁਜਰੀ ਨੂੰ ਇਕ ਪਤਨੀ ਦੇ ਰੂਪ ਵਿਚ ਦੇਖਿਓ ਕਿ ਮਾਂ ਗੁਜਰੀ ਕੈਸੀ ਪਤਨੀ ਹੈ।

ਸ੍ਰੀ ਰਾਮ ਚੰਦਰ ਜੀ ਨੇ 14 ਸਾਲ ਬਨਵਾਸ ਕੱਟਿਆ ਤੇ ਉਸ ਮਿਥਿਹਾਸਕ ਬਨਵਾਸ ਦੇ ਮੁਕਾਬਲੇ ਮਾਂ ਗੁਜਰੀ ਦਾ ਜੀਵਨ ਦੇਖੀਏ ਉਹ ਕੈਸਾ ਅਨੋਖਾ ਬਨਵਾਸ ਸੀ। ਸ੍ਰੀ ਰਾਮਚੰਦਰ ਜੀ ਦਾ ਭਰਾ ਨਾਲ ਹੈ, ਪਤਨੀ ਨਾਲ ਹੈ, ਪਰ ਜੇਕਰ ਉਸ ਤੋਂ ਵੀ ਵੱਡਾ ਕਠਿਨ ਬਨਵਾਸ ਵੇਖਣਾ ਹੋਵੇ ਤਾਂ ਮਾਂ ਗੁਜਰੀ ਦੇ ਜੀਵਨ ਵੱਲ ਝਾਤੀ ਮਾਰਿਓ ਕਿ ਪਤੀ ਭੋਰੇ ਵਿਚ ਹੈ ਤੇ ਬਾਬੇ ਬਕਾਲੇ ਦੀ ਧਰਤੀ 'ਤੇ ਮਾਂ ਗੁਜਰੀ ਭੋਰੇ ਦੇ ਬਾਹਰ ਹੈ, ਪਰ ਦੋਨੋਂ ਹੀ ਤੱਪ ਕਰ ਰਹੇ ਹਨ। ਕੈਸੀ ਹੈ ਮਾਂ ਗੁਜਰੀ, ਜਿਸ ਨੂੰ ਪਤਾ ਹੈ ਕਿ ਮੇਰਾ ਪਤੀ ਦਿੱਲੀ ਦੇ ਚਾਂਦਨੀ ਚੌਕ ਨੂੰ ਜਾ ਰਿਹਾ ਹੈ, ਪਰ ਵਾਪਸ ਆਵੇਗਾ ਨਹੀਂ, ਪਰ ਫਿਰ ਵੀ ਮਾਂ ਗੁਜਰੀ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਨੂੰ ਖ਼ੁਸ਼ੀ ਨਾਲ ਵਿਦਾ ਕਰਦੇ ਹਨ। ਧੰਨ ਹੈ "ਮਾਂ ਗੁਜਰੀ ਦਾ ਜਿਗਰਾ" ਜਿਸ ਦੇ ਕੋਲ ਪਤੀ ਦਾ ਧੜ ਵੀ ਨਹੀਂ ਆਉਂਦਾ, ਕੇਵਲ ਸੀਸ ਹੀ ਆਉਂਦਾ ਹੈ, ਕੈਸਾ ਹੈ ਮਾਂ ਗੁਜਰੀ ਦਾ ਜਿਗਰਾ।

ਜਦੋਂ ਮਾਂ ਗੁਜਰੀ ਜੀ ਦੇ ਕੋਲ ਭਾਈ ਜੈਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਲੈ ਕੇ ਪਹੁੰਚੇ ਸਨ ਤਾਂ ਮਾਂ ਗੁਜਰੀ ਨੇ ਝੋਲੀ ਅੱਡ ਦਿੱਤੀ ਸੀ ਅਤੇ ਆਪਣੇ ਪਤੀ ਦਾ ਸੀਸ ਆਪਣੀ ਝੋਲੀ ਵਿਚ ਪੁਆ ਲਿਆ ਸੀ, ਕਿੰਨੇ ਵਿਸ਼ਾਲ ਜਿਗਰੇ ਦੀ ਮਾਲਿਕ ਹੋਵੇਗੀ ਮਾਂ ਗੁਜਰੀ। ਜਦੋਂ ਆਪਣੀ ਝੋਲੀ ਵਿਚ ਪਤੀ ਦਾ ਸੀਸ ਪੁਆ ਲਿਆ ਤਾਂ ਅਰਦਾਸ ਦੀ ਸ਼ਬਦਾਵਲੀ ਕੀ ਸੀ ? ਮਾਂ ਗੁਜਰੀ ਦੀ :–

"ਹੇ ਮੇਰੇ ਪਤੀ ਪਰਮੇਸ਼ੁਰ ! ਆਪ ਜੀ ਦੀ ਨਿੱਭ ਗਈ, ਮੇਰੀ ਵੀ ਨਿੱਭ ਜਾਵੇ"

ਕਿੰਨੀ ਮਹਾਨ ਆਤਮਾ ਤੇ ਮਹਾਨ ਸੋਚ ਦੀ ਮਾਲਿਕ ਹੋਵੇਗੀ, ਮਾਂ ਗੁਜਰੀ। ਅਸੀਂ ਮਾਂ ਗੁਜਰੀ ਦੇ ਵਿਰਸੇ ਦੇ ਮਾਲਿਕ ਹਾਂ, ਕਾਸ਼ ! ਅੱਜ ਘਰ-ਘਰ ਵਿਚ ਮਾਂ ਗੁਜਰੀ

ਵਰਗੀਆਂ ਮਾਤਾਵਾਂ ਪੈਦਾ ਹੋ ਜਾਵਣ।

ਮੈਂ ਬੇਨਤੀ ਕਰਾਂ ! ਜਿਸ ਘਰ ਵਿਚ ਮਾਂ ਗੁਜਰੀ ਵਰਗੀ ਸੋਚ ਹੋਵੇਗੀ, ਉਸ ਘਰ ਵਿਚ ਕਲਗੀਧਰ ਵਰਗਾ ਜੀਵਨ ਦਾਤਾ ਵੀ ਜ਼ਰੂਰ ਹੋਵੇਗਾ, ਉਸ ਘਰ ਵਿਚ ਜ਼ੋਰਾਵਰ ਸਿੰਘ, ਫ਼ਤਹਿ ਸਿੰਘ ਵਰਗੇ ਸਾਹਿਬਜ਼ਾਦੇ ਵੀ ਜ਼ਰੂਰ ਹੋਣਗੇ।

ਸਾਡੇ ਸਿੱਖ ਪਰਿਵਾਰਾਂ ਵਿਚੋਂ ਅੱਜ ਸਿੱਖੀ ਅਲੋਪ ਹੋ ਰਹੀ ਹੈ। ਇਸ ਦੇ ਵਿਚ ਕਸੂਰ ਬੱਚਿਆਂ ਦਾ ਨਹੀਂ ਹੈ, ਕਸੂਰ ਸਾਡਾ ਹੈ, ਕਿਉਂਕਿ ਅਸੀਂ ਮਾਂ ਗੁਜਰੀ ਦਾ ਕਿਰਦਾਰ ਆਪਣੇ ਘਰਾਂ ਵਿਚ ਨਹੀਂ ਨਿਭਾ ਸਕੇ।

ਆਓ ! ਅਸੀਂ ਵੀ ਆਪਣੇ ਘਰਾਂ ਵਿਚ ਮਾਂ ਗੁਜਰੀ ਦਾ ਵਿਰਸਾ ਦੁਬਾਰਾ ਪੈਦਾ ਕਰ ਲਈਏ, ਜੇਕਰ ਅਸੀਂ ਕਾਮਯਾਬ ਹੋ ਜਾਂਦੇ ਹਾਂ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਸਾਡੇ ਘਰਾਂ ਵਿੱਚੋਂ ਸਿੱਖੀ ਖ਼ਤਮ ਨਹੀਂ ਕਰ ਸਕੇਗੀ। ਆਓ ! ਅਸੀਂ ਆਪਣੀ ਸੋਚ ਨੂੰ ਮਾਂ ਗੁਜਰੀ ਦੀ ਸੋਚ ਬਣਾਈਏ, ਮਾਂ ਗੁਜਰੀ ਦੀ ਸ਼ਹਾਦਤ ਨੂੰ ਸੱਚੀ ਸ਼ਰਧਾ ਦੇ ਫੁੱਲ ਅਰਪਣ ਕਰੀਏ।

★★★

ਗੰਗੂ ਨਾਲ ਮਿਲਾਪ

ਪੰਜਾਬੀ ਕਵੀ ਡਾਕਟਰ ਚਰਨ ਸਿੰਘ 'ਗਿੱਲ' ਆਪਣੀ ਕਲਮ ਤੋਂ ਸਾਕਾ ਸਰਹੰਦ ਦੀ ਬਾਤ ਨੂੰ ਬੜੇ ਸੁਚੱਜੇ ਢੰਗ ਨਾਲ ਬਿਆਨ ਕਰ ਜਾਂਦਾ ਹੈ। ਉਹ ਕਹਿੰਦਾ ਹੈ ਕਿ ਇਹ ਜੋ ਸਾਕਾ ਸਰਹੰਦ ਹੋਇਆ ਹੈ, ਇਸ ਸਾਕਾ ਸਰਹੰਦ ਰਾਹੀਂ ਉਹਨਾਂ ਜ਼ਾਲਮਾਂ ਨੇ:

ਸੱਚ ਨੂੰ ਦਬਾਉਣ ਦਾ ਯਤਨ ਕੀਤਾ,
ਸੱਚ ਨੂੰ ਡਰਾਉਣ ਦਾ ਯਤਨ ਕੀਤਾ,
ਸੱਚ ਨੂੰ ਲਾਲਚ ਦੇਣ ਦਾ ਯਤਨ ਕੀਤਾ।

ਉਹਨਾਂ ਜ਼ਾਲਮਾਂ ਨੇ ਹਰ ਉਹ ਯਤਨ ਕੀਤਾ ਜੋ ਕਰ ਸਕਦੇ ਸਨ। ਗੁਰੂ ਨਾਨਕ ਦੇ ਘਰ ਦੇ ਸਿਧਾਂਤਾਂ ਨੂੰ ਦਬਾਉਣ ਦੇ ਲਈ, ਮਿਟਾਉਣ ਦੇ ਲਈ, ਪਰ ਉਹ ਕਹਿੰਦਾ ਹੈ :

ਸੱਚ ਕਦ ਡਰਦਾ ਹੈ ਕੰਧਾਂ ਤੋਂ,
ਸੱਚ ਕਦ ਡਰਦਾ ਲਲਕਾਰਾਂ ਤੋਂ।
ਸੱਚ ਕਦ ਡਰਦਾ ਹੈ ਜਾਬਰ ਤੋਂ,
ਸੱਚ ਕਦ ਡਰਦਾ ਤਲਵਾਰਾਂ ਤੋਂ।

ਜਿਹੜਾ ਸੱਚ ਨਾਲ ਜੁੜਿਆ ਹੁੰਦਾ ਹੈ, ਦੁਨੀਆਂ ਦੀ ਕੋਈ ਦੀਵਾਰ ਉਸ ਨੂੰ ਰੋਕ ਨਹੀਂ ਸਕਦੀ, ਦੁਨੀਆਂ ਦੀ ਕੋਈ ਤਲਵਾਰ ਉਸ ਨੂੰ ਮੋੜ ਨਹੀਂ ਸਕਦੀ, ਦੁਨੀਆਂ ਦੀ ਕੋਈ ਲਲਕਾਰ ਉਸ ਨੂੰ ਉਸ ਦੇ ਨਿਸ਼ਾਨੇ ਤੋਂ ਪਿਛਾਂਹ ਨਹੀਂ ਹਟਾ ਸਕਦੀ, ਪਰ ਸ਼ਰਤ ਇਹ ਹੈ ਕਿ ਉਹ ਸਹੀ ਅਰਥਾਂ ਵਿਚ ਸੱਚ ਨਾਲ ਜੁੜਿਆ ਹੋਵੇ। ਗੁਰੂ ਕਲਗੀਧਰ ਪਾਤਸ਼ਾਹ ਦੇ ਲਾਲਾਂ ਦੀ ਐਨੀ ਦ੍ਰਿੜ੍ਹਤਾ ਦਾ ਰਾਜ਼ ਹੀ ਇਹ ਸੀ ਕਿ ਉਹ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਜੁੜੇ ਹੋਏ ਸਨ। ਉਹ ਉਸ ਸੱਚ ਨਾਲ ਜੁੜੇ ਹੋਏ ਸਨ, ਜਿਸ ਸੱਚ ਦੀ ਮਹਿਮਾ ਗੁਰੂ ਦੀ ਬਾਣੀ ਬਿਆਨ ਕਰਦੀ ਹੈ :

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

(ਜਪੁ-੧)

ਸਾਹਿਬਜ਼ਾਦੇ ਉਸ ਸੱਚ ਨਾਲ ਜੁੜੇ ਹੋਏ ਸਨ, ਜੋ ਕਦੇ ਨਾਸ਼ ਨਹੀਂ ਹੁੰਦਾ ਤੇ

ਇਹ ਖ਼ਿਆਲ ਰੱਖਿਓ ਕਿ ਜੇਕਰ ਅੱਜ ਵੀ ਕੋਈ ਉਸ ਸੱਚ ਨਾਲ ਜੁੜ ਜਾਵੇ ਤਾਂ ਉਹ ਵੀ ਸਾਹਿਬਜ਼ਾਦਿਆਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਇਤਿਹਾਸ ਦੀ ਸਿਰਜਣਾ ਕਰ ਸਕਦਾ ਹੈ।

ਬਸ ! ਲੋੜ ਹੈ ਸੱਚ ਨਾਲ ਜੁੜਨ ਦੀ। ਸਰਹੰਦ ਦੀ ਖ਼ੂਨੀ ਦੀਵਾਰ ਦੇ ਪ੍ਰਥਾਏ ਇਕ ਵਿਦਵਾਨ ਡਾਕਟਰ ਬਲਬੀਰ ਸਿੰਘ ਜੀ ਜੋ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਭਰਾਤਾ ਨੇ, ਉਹ ਸਰਹੰਦ ਦੀ ਖ਼ੂਨੀ ਦੀਵਾਰ ਦੀ ਬਾਤ ਬੜੇ ਕਮਾਲ ਨਾਲ ਕਰ ਜਾਂਦੇ ਹਨ। ਉਹ ਕਹਿੰਦੇ ਹਨ "ਸਰਹੰਦ ਦੀ ਦੀਵਾਰ ਇਕ 'ਨਖਮੀਨਾ' ਹੈ, ਜਿਸ ਦੁਆਰਾ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਜਿਗਰ ਦੀ ਬੁਲੰਦੀ ਨੂੰ ਵੇਖਿਆ ਜਾ ਸਕਦਾ ਹੈ। ਸਰਹੰਦ ਦੀ ਦੀਵਾਰ ਇਕ ਤਰਾਜ਼ੂ ਹੈ, ਜਿਸ ਨਾਲ ਦੁਸ਼ਟਾਂ, ਜਾਲਮਾਂ ਦਾ ਵਹਿਸ਼ੀਪੁਣਾ ਤੋਲਿਆ ਜਾ ਸਕਦਾ ਹੈ, ਸਰਹੰਦ ਦੀ ਦੀਵਾਰ ਇਕ ਪੈਮਾਨਾ ਹੈ, ਜਿਸ ਨਾਲ ਛੋਟੇ ਲਾਲਾਂ ਦੇ ਸਬਰ ਨੂੰ ਮਿਣਿਆ ਜਾ ਸਕਦਾ ਹੈ।"

ਗੁਰੂ ਕਲਗੀਧਰ ਦੇ ਸਾਹਿਬਜ਼ਾਦਿਆਂ ਨੇ ਗੁਰੂ ਨਾਨਕ ਸਾਹਿਬ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਹੋਇਆਂ, ਆਪਣੇ ਦਾਦਾ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਹੋਇਆਂ, ਆਪਣੇ ਪੜਦਾਦਾ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਹੋਇਆਂ, ਆਪਣੇ ਲੱਕੜ-ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਹੋਇਆਂ, ਇਕ ਐਸਾ ਇਤਿਹਾਸ ਸਿਰਜਿਆ ਹੈ ਕਿ ਰਹਿੰਦੀ ਦੁਨੀਆਂ ਤੱਕ ਜਦ ਵੀ ਕਦੇ ਦੁਨੀਆਂ ਦੇ ਸ਼ਹੀਦਾਂ ਦੇ ਇਤਿਹਾਸ ਦੀ ਬਾਤ ਚੱਲੇਗੀ, ਕਲਗੀਧਰ ਦੇ ਲਾਲਾਂ ਨੂੰ ਹਮੇਸ਼ਾ ਸਤਿਕਾਰ ਨਾਲ ਯਾਦ ਕੀਤਾ ਜਾਵੇਗਾ।

ਅਸੀਂ ਜੋਗੀ ਅੱਲ੍ਹਾ ਯਾਰ ਖ਼ਾਂ ਦੇ ਲਿਖੇ ਹੋਏ ਸਾਕਾ ਸਰਹੰਦ ਅਰਥਾਤ "ਸ਼ਹੀਦਾਨਿ-ਵਫ਼ਾ" 'ਤੇ ਵਿਚਾਰ ਕਰ ਰਹੇ ਸੀ ਕਿ ਗੁਰੂ ਪਿਤਾ ਕਲਗੀਧਰ ਪਾਤਸ਼ਾਹ ਨੇ ਜਦੋਂ ਅਨੰਦਪੁਰ ਸਾਹਿਬ ਨੂੰ ਛੱਡਿਆ ਤੇ ਸਰਸਾ ਨਦੀ ਦੇ ਕੰਢੇ ਪਰਿਵਾਰ ਵਿਛੋੜਾ ਹੋ ਗਿਆ। ਹੁਣ ਸਰਸਾ ਨਦੀ ਦੇ ਕੰਢੇ ਤੋਂ ਚੱਲ ਕੇ ਮਾਂ ਗੁਜਰੀ ਅਤੇ ਛੋਟੇ ਲਾਲਾਂ ਨੇ 7-8 ਪੋਹ ਦੀ ਰਾਤ ਕੁੰਮੇ ਮਾਸ਼ਕੀ ਦੀ ਝੁੱਗੀ ਵਿਚ ਕੱਟੀ।

ਫਿਰ ਉਹਨਾਂ ਨੂੰ ਅਗਲੀ ਸੁਬ੍ਹਾ ਗੰਗੂ ਮਿਲ ਪਿਆ, ਜੋ ਕਿ ਕਲਗੀਧਰ ਪਾਤਸ਼ਾਹ ਦੇ ਘਰ ਦਾ ਰਸੋਈਆ ਹੈ। ਸਮੇਂ ਦੀ ਨਜ਼ਾਕਤ ਅਤੇ ਹਾਲਾਤ ਦੇ ਅਨੁਸਾਰ ਇਸ ਵੇਲੇ ਇਹ ਮਾਂ ਗੁਜਰੀ ਅਤੇ ਲਾਲਾਂ ਦਾ ਇੱਕੋ ਇਕ ਆਸਰਾ ਹੈ।

ਮਾਂ ਗੁਜਰੀ ਅਤੇ ਛੋਟੇ ਲਾਲ ਹੁਣ ਗੰਗੂ ਨਾਲ ਤੁਰੇ ਜਾਂਦੇ ਹਨ ਤੇ ਮਾਂ ਗੁਜਰੀ ਨੂੰ ਆਉਣ ਵਾਲੇ ਸਮੇਂ ਦੇ ਵਲਵਲੇ (ਫ਼ਿਕਰ) ਅੱਖਾਂ ਸਾਹਮਣੇ ਆ ਰਹੇ ਹਨ। ਜੋਗੀ ਅੱਲ੍ਹਾ ਯਾਰ ਖ਼ਾਂ ਮਾਂ ਗੁਜਰੀ ਪ੍ਰਤੀ ਕਿੰਨੀ ਗੰਭੀਰਤਾ ਨਾਲ ਲਿਖਦਾ ਹੈ ਕਿ ਮਾਂ ਗੁਜਰੀ

ਆਪਣੇ ਦਿਲ ਦੇ ਵਲਵਲੇ ਮਾਨੋ ਇਉਂ ਕਹਿ ਰਹੀ ਹੈ :

ਲੇਕਿਨ ਯੇ ਦੋ ਸਮਰ ਹੈਂ ਮਿਰੇ ਨੌਂ-ਨਿਹਾਲ ਕੇ।
ਬੇਟੇ ਹੈਂ ਦੋਨੋਂ ਸਰਵਰਿ-ਫ਼ੌਜ਼ਿ-ਅਕਾਲ ਕੇ।

ਇਹ ਦੋ ਫੁੱਲ ਨੇ ਮੇਰੇ ਪੁੱਤਰ ਗੁਰੂ ਗੋਬਿੰਦ ਸਿੰਘ ਦੇ ਮੇਰੇ ਪਾਸ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ। ਉਸ ਅਕਾਲੀ ਸੈਨਾ ਦੇ ਮੁਖੀ ਗੁਰੂ ਗੋਬਿੰਦ ਸਿੰਘ ਦੇ ਇਹ ਦੋ ਪੁੱਤਰ ਨੇ। ਹੁਣ ਇੱਥੇ ਦੱਸਣਾ ਜ਼ਰੂਰੀ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਕਾਲੀ ਸੈਨਾ ਦਾ ਮੁਖੀ ਕਿਉਂ ਕਿਹਾ ਗਿਆ ਹੈ ? ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਬਾਤ ਕਹੀ ਹੋਈ ਹੈ ਕਿ ਖ਼ਾਲਸਾ ਮੇਰਾ ਨਹੀਂ ਹੈ। ਖ਼ਾਲਸਾ ਕਿਸ ਦਾ ਹੈ ? ਕਹਿੰਦੇ ਹਨ :

ਖਾਲਸਾ ਅਕਾਲ ਪੁਰਖ ਕੀ ਫ਼ੌਜ॥
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥ (ਸਰਬ ਲੋਹ ਗ੍ਰੰਥ)

ਜੋਗੀ ਅੱਲ੍ਹਾ ਯਾਰ ਖ਼ਾਂ ਮਾਂ ਗੁਜਰੀ ਦੇ ਮਨ ਦੇ ਵਲਵਲਿਆਂ ਨੂੰ ਉਸੇ ਤਰ੍ਹਾਂ ਬਿਆਨ ਕਰ ਰਿਹਾ ਹੈ :

ਰਖ ਕਰ ਉਨ੍ਹੇਂ ਕਲੇਜੇ ਮੇਂ ਆਖੋਂ ਮੇਂ ਡਾਲ ਕੇ।
ਬੇਟੇ ਕੀ ਲੇ ਕੇ ਜਾਊਂ ਅਮਾਨਤ ਸੰਭਾਲ ਕੇ।

ਮਾਤਾ ਜੀ ਕਹਿੰਦੇ ਹਨ ਕਿ ਮੈਂ ਯਤਨ ਕਰਾਂਗੀ ਕਿ ਜਿੰਨਾ ਚਿਰ ਮੇਰੇ ਸੁਆਸ ਚਲਦੇ ਨੇ, ਇਹ ਜੋ ਬਾਲਾਂ ਦੀ ਜ਼ਿੰਮੇਵਾਰੀ ਮੇਰੇ 'ਤੇ ਪਈ ਹੈ, ਮੈਂ ਇਹਨਾਂ ਦੀ ਪੂਰਨ ਸੰਭਾਲ ਕਰਾਂਗੀ ਤੇ ਆਪਣੇ ਬੇਟੇ ਦੀ ਅਮਾਨਤ ਜੋ ਮੇਰੇ ਕੋਲ ਹੈ, ਮੈਂ ਇਸ ਅਮਾਨਤ ਨੂੰ ਸੰਭਾਲ ਕੇ ਵਾਪਸ ਲੈ ਜਾਵਾਂਗੀ।

ਬੇਟੇ ਕਾ ਮਾਲ ਹੈ ਯਿਹ ਬਹੂ ਕੀ ਕਮਾਈ ਹੈ।
ਹੈ ਮੇਰੀ ਲਾਖ ਫਿਰ ਭੀ ਯਿਹ ਦੌਲਤ ਪਰਾਈ ਹੈ।

ਇਹਨਾਂ ਬੱਚਿਆਂ 'ਤੇ ਪਹਿਲਾ ਹੱਕ ਮੇਰਾ ਨਹੀਂ ਹੈ, ਕਿਉਂਕਿ ਬੱਚਿਆਂ 'ਤੇ ਪਹਿਲਾ ਹੱਕ ਮਾਂ ਬਾਪ ਦਾ ਬਣਦਾ ਹੈ। ਮਾਤਾ-ਪਿਤਾ ਦੇ ਹੱਕ ਤੋਂ ਬਾਅਦ ਹੀ ਮੇਰਾ ਹੱਕ ਬਣਦਾ ਹੈ।

ਮਨਜ਼ੂਰ ਇਸ ਘੜੀ ਜੋ ਮੁਝੇ ਇਮਤਿਹਾਨ ਹੈ।
ਹਾਜ਼ਿਰ ਬਜਾਇ ਪੋਤੋਂ ਕੇ ਦਾਦੀ ਕੀ ਜਾਨ ਹੈ।

ਦਾਦੀ ਮਾਂ ਗੁਜਰੀ ਕਹਿੰਦੀ ਹੈ ਕਿ ਆਉਣ ਵਾਲਾ ਸਮਾਂ ਮੇਰੇ ਉਤੇ ਇਮਤਿਹਾਨ ਬਣ ਕੇ ਆ ਰਿਹਾ ਹੈ, ਪਰ ਮੈਂ ਉਸ ਇਮਤਿਹਾਨ ਲਈ ਤਿਆਰ ਹਾਂ। ਇਹਨਾਂ ਬੱਚਿਆਂ

ਦੀ ਜਾਨ ਵਿਚ ਹੀ ਮੇਰੀ ਜਾਨ ਹੈ, ਇਹਨਾਂ ਦੀ ਸਲਾਮਤੀ ਵਿਚ ਹੀ ਮੇਰੀ ਸਲਾਮਤੀ ਹੈ।

ਖ਼ਿਆਲ ਕਰਿਉ ! ਇਹ ਪਿਆਰ ਅਤੇ ਭਾਵਨਾ ਦੀਆਂ ਬਾਤਾਂ ਹਨ। ਮਾਂ ਗੁਜਰੀ ਕਹਿੰਦੀ :

ਹੂੰ ਸੁਰਖ਼ਰੂ ਬਹੂ ਸੇ ਯਹੀ ਦਿਲ ਮੇਂ ਧਯਾਨ ਹੈ।
ਬੀਂਕਾ ਨਾ ਇਨ ਕਾ ਬਾਲ ਹੋ ਡਰ ਯਿਹ ਹਰ ਆਨ ਹੈ।

ਮਾਂ ਗੁਜਰੀ ਕਹਿੰਦੀ ਹੈ ਕਿ ਉਹ ਘੜੀ ਕਦੋਂ ਆਵੇਗੀ, ਜਦੋਂ ਮੈਂ ਇਸ ਇਮਤਿਹਾਨ ਤੋਂ ਸੁਰਖ਼ਰੂ ਹੋਵਾਂਗੀ, ਇਹਨਾਂ ਬੱਚਿਆਂ ਨੂੰ ਇਹਨਾਂ ਦੀ ਮਾਂ ਦੇ ਹਵਾਲੇ ਕਰ ਕੇ। ਪਰ ਦਾਦੀ ਮਾਂ ਨੂੰ ਆਉਣ ਵਾਲੇ ਸਮੇਂ ਦੇ ਸੰਕੇਤ ਕੋਈ ਚੰਗੇ ਨਹੀਂ ਲੱਗ ਰਹੇ :

ਵਰਨਾ ਜਵਾਬ ਦੂੰਗੀ ਮੈਂ ਕਯਾ ਇਨ ਕੇ ਬਾਪ ਕੋ।
ਸਦਕੇ ਕਰੂੰ ਮੈਂ ਇਨ ਕੇ ਸਰੋਂ ਪਰ ਸੇ ਆਪ ਕੋ।

ਦਾਦੀ ਮਾਂ ਗੁਜਰੀ ਸੋਚਦੀ ਹੈ ਕਿ ਜੇ ਮੈਂ ਆਪਣੀ ਜ਼ਿੰਮੇਵਾਰੀ ਨੂੰ ਸੁਚੱਜੇ ਤਰੀਕੇ ਨਾਲ ਨਿਭਾ ਨਾ ਸਕੀ ਤਾਂ ਮੈਂ ਆਪਣੇ ਪੁੱਤਰ ਤੇ ਇਹਨਾਂ ਦੇ ਬਾਪ ਗੁਰੂ ਕਲਗੀਧਰ ਨੂੰ ਕੀ ਜਵਾਬ ਦੇਵਾਂਗੀ ?

ਫਿਰ ਇਹ ਸੋਚਦੀ ਹੈ ਕਿ ਜੇਕਰ ਅਕਾਲ ਪੁਰਖ ਦੀ ਮਿਹਰ ਹੋਵੇ ਤਾਂ "ਮੈਂ ਸਦਕੇ ਕਰੂੰ, ਇਨਕੇ ਸਰੋਂ ਪਰ।" ਜੇਕਰ ਮੈਨੂੰ ਇਹਨਾਂ ਦੀ ਰਖਵਾਲੀ ਕਰਦਿਆਂ ਆਪਾ ਕੁਰਬਾਨ ਵੀ ਕਰਨਾ ਪੈ ਜਾਵੇ ਤਾਂ ਮੈਂ ਆਪਾ ਕੁਰਬਾਨ ਕਰਨ ਲਈ ਵੀ ਤਿਆਰ ਹਾਂ, ਪਰ ਇਹਨਾਂ ਦੀ ਰਖਵਾਲੀ ਮੈਂ ਆਪਣੇ ਅੰਤਿਮ ਸੁਆਸਾਂ ਤੱਕ ਕਰਾਂਗੀ। ਆਪਣੇ ਖ਼ੂਨ ਦੇ ਆਖ਼ਰੀ ਕਤਰੇ ਤਕ ਵੀ ਮੈਂ ਇਹਨਾਂ ਦਾ ਸਾਥ ਨਿਭਾਵਾਂਗੀ।

ਜਦੋਂ ਮਾਂ ਗੁਜਰੀ ਦੇ ਇਹ ਦਿਲ ਦੇ ਵਲਵਲੇ, ਦਿਲ ਦੀ ਹਾਲਤ ਨੂੰ ਗੰਗੂ ਨੇ ਵੇਖਿਆ, ਜੋ ਕਿ ਉਸ ਵੇਲੇ ਮਾਤਾ ਤੇ ਬੱਚਿਆਂ ਦੇ ਨਾਲ-ਨਾਲ ਚੱਲ ਰਿਹਾ ਸੀ, ਮਾਤਾ ਜੀ ਨੂੰ ਸੰਬੋਧਨ ਕਰ ਕੇ ਗੰਗੂ ਕੀ ਆਖਦਾ ਹੈ :

ਗੰਗੂ ਰਸੋਈਏ ਨੇ ਜੋ ਦੇਖਾ ਯਿਹ ਇਜ਼ਤਿਰਾਬ।
ਮਾਤਾ ਸੇ ਸਤਗੁਰੂ ਕੀ ਕਿਯਾ ਇਸ ਨੇ ਯਿਹ ਖ਼ਿਤਾਬ।
ਗਾਉਂ ਮਿਰਾ ਕਰੀਬ ਹੈ ਚਲੀਏ ਵਹਾਂ ਜਨਾਬ।
ਬਾਗੋਂ ਉਠਾ ਕੇ ਆਈਏ ਪੀਛੇ ਮਿਰੇ ਸ਼ਿਤਾਬ।

ਜਦੋਂ ਮਾਂ ਗੁਜਰੀ ਦੀ ਭਾਵਨਾ ਨੂੰ ਗੰਗੂ ਰਸੋਈਏ ਨੇ ਪੜ੍ਹਿਆ ਤਾਂ ਉਹ

ਕਲਗੀਧਰ ਦੀ ਮਾਤਾ ਨੂੰ ਸੰਬੋਧਨ ਹੋ ਕੇ ਕਹਿੰਦਾ ਹੈ, "ਮਾਤਾ ਜੀ ਡਰਨ ਦੀ ਕੋਈ ਲੋੜ ਨਹੀਂ ਹੈ, ਕੋਈ ਫ਼ਿਕਰ ਨਾ ਕਰੋ ਮੇਰਾ ਪਿੰਡ ਇਥੋਂ ਨਜ਼ਦੀਕ ਹੀ ਹੈ। ਮਾਤਾ ਜੀ ਇਹਨਾਂ ਲਾਲਾਂ ਨੂੰ ਲੈ ਕੇ ਹੁਣ ਤੁਸੀਂ ਮੇਰੇ ਪਿੰਡ ਨੂੰ ਚੱਲੋ। ਆਪਾਂ ਸਮੇਂ ਸਿਰ ਘਰ ਪਹੁੰਚਣਾ ਹੈ ਇਸ ਲਈ ਤੁਸੀਂ ਮੇਰੇ ਨਾਲ ਜਲਦੀ-ਜਲਦੀ ਚੱਲੋ, ਮੇਰਾ ਘਰ ਤੁਹਾਡਾ ਹੀ ਘਰ ਹੈ, ਤੁਹਾਨੂੰ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ ਹੈ।"

ਖੇੜੀ ਮੇਂ ਜਾ ਬਿਰਾਜੇ ਯਿਹ ਅਲ-ਕਿੱਸਾ ਸ਼ਾਮ ਕੋ।

ਕੋਠਾ ਬ੍ਰਾਹਮਨ ਨੇ ਦਿਯਾ ਇਕ ਕਯਾਮ ਕੋ।

ਗੰਗੂ ਬ੍ਰਾਹਮਣ ਮਾਤਾ ਜੀ ਅਤੇ ਬੱਚਿਆਂ ਨੂੰ ਲੈ ਕੇ 8 ਪੋਹ ਦੀ ਸ਼ਾਮ ਨੂੰ ਆਪਣੇ ਪਿੰਡ ਖੇੜੀ ਆ ਬਿਰਾਜਿਆ।

ਵਿਦਵਾਨਾਂ ਨੇ ਇਕ ਤੱਤ ਕੱਢਿਆ ਹੈ ਅਤੇ ਸੱਚਾਈ ਸਾਹਮਣੇ ਲਿਆਂਦੀ। ਅਕਸਰ ਕਹਿੰਦੇ ਹਨ ਕਿ ਗੰਗੂ ਆਪਣੇ ਪਿੰਡ ਖੇੜੀ ਆ ਗਿਆ, ਪਰ ਅਸਲੀਅਤ ਵਿਚ ਇਸ ਨਾਮ ਦਾ ਕੋਈ ਪਿੰਡ ਰਿਕਾਰਡ ਵਿਚ ਹੈ ਹੀ ਨਹੀਂ ਹੈ। ਅਸਲ ਵਿਚ ਸਰਕਾਰੀ ਰਿਕਾਰਡ ਅਨੁਸਾਰ ਇਸ ਪਿੰਡ ਦਾ ਨਾਮ 'ਸਹੇੜੀ' ਹੈ।

ਪਰ ਸਿੱਖ ਸੂਰਬੀਰਾਂ ਦੇ ਮਨਾਂ ਦੇ ਅੰਦਰ ਗੰਗੂ ਦੁਆਰਾ ਕੀਤੀ ਗਈ ਨਮਕ ਹਰਾਮੀ ਨੂੰ ਤੱਕਦਿਆਂ ਹੋਇਆਂ ਸਿੰਘਾਂ ਦੇ ਦਿਲਾਂ ਵਿਚ ਇੰਨਾ ਗ਼ੁੱਸਾ ਅਤੇ ਜੋਸ਼ ਭਰਿਆ ਹੋਇਆ ਸੀ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਫ਼ੌਜਾਂ ਸਮੇਤ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਚੜ੍ਹਦੇ ਨੇ ਤਾਂ ਕਹਿੰਦੇ ਸਨ ਕਿ ਸਹੇੜੀ ਨੂੰ ਜੜ੍ਹੋਂ ਉਖਾੜ ਕੇ ਰੱਖ ਦਿਉ। ਸਿੱਖ ਸਹੇੜੀ ਨੂੰ ਉਖੇੜੀ ਆਖਦੇ ਸਨ ਤੇ ਇਹ ਕਾਰਨ ਸੀ ਕਿ ਉਥੋਂ ਇਹ ਨਾਮ ਉਖੇੜੀ ·ਲਦਾ-ਚਲਦਾ ਹੀ ਵਿਗੜ ਕੇ ਖੇੜੀ ਹੋ ਗਿਆ। ਅਸਲ ਵਿਚ ਇਸ ਖੇੜੀ (ਉਖੇੜੀ) ਦਾ ਨਾਮ ਰਿਕਾਰਡ ਅਨੁਸਾਰ 'ਸਹੇੜੀ' ਹੈ।

ਗੰਗੂ ਨੇ ਆਪਣੇ ਘਰ ਅੰਦਰ, ਘਰ ਦੇ ਸਭ ਤੋਂ ਪਿੱਛੇ ਇਕ ਲੁਕਵਾਂ ਕਮਰਾ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਰਹਿਣ ਲਈ ਦਿੱਤਾ।

ਭਾਈ ਕਾਨ੍ਹ ਸਿੰਘ ਨਾਭਾ ਜੋ ਕਿ ਪੰਥ ਦੇ ਪ੍ਰਸਿੱਧ ਵਿਦਵਾਨ ਸਨ ਉਹ ਆਪਣੇ ਮਹਾਨ ਕੋਸ਼ ਵਿਚ ਗੰਗੂ ਦੇ ਪਿੰਡ ਬਾਰੇ ਲਿਖਦੇ ਹਨ ਕਿ ਇਹ ਪਿੰਡ ਮੋਰਿੰਡੇ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਅਤੇ ਸਰਹੰਦ ਤੋਂ 17 ਕਿਲੋਮੀਟਰ ਦੀ ਦੂਰੀ 'ਤੇ ਹੈ।

ਜਦੋਂ ਭਾਈ ਕਾਨ੍ਹ ਸਿੰਘ ਜੀ ਨਾਭਾ 'ਮਹਾਨ ਕੋਸ਼' ਦੀ ਰਚਨਾ ਕਰ ਰਹੇ ਸਨ ਤਾਂ ਕਿਸੇ ਮਸਲੇ ਤੇ ਕਿਸੇ ਸੱਜਣ ਨੇ ਭਾਈ ਸਾਹਿਬ ਨੂੰ ਚਿੱਠੀ ਲਿਖੀ ਸੀ, ਭਾਈ ਸਾਹਿਬ ਨੇ ਉਸ ਚਿੱਠੀ ਦਾ ਜੁਆਬ ਤਾਂ ਦੇ ਦਿੱਤਾ, ਕਿਉਂਕਿ ਉਹ ਚਿੱਠੀ ਕਿਸੇ ਗੰਭੀਰ ਮਸਲੇ 'ਤੇ ਸੀ, ਪਰ ਜੁਆਬ ਦੇ ਨਾਲ ਹੀ ਭਾਈ ਸਾਹਿਬ ਨੇ ਲਿਖ ਦਿੱਤਾ ਕਿ ਅੱਜ ਤੋਂ ਬਾਅਦ

ਮੈਨੂੰ ਕੋਈ ਚਿੱਠੀ ਨਾ ਲਿਖੀ ਜਾਵੇ, ਕਿਉਂਕਿ ਮੇਰੇ ਕੋਲ ਕੋਈ ਸਮਾਂ ਨਹੀਂ ਹੈ ਕਿ ਮੈਂ 'ਮਹਾਨ ਕੋਸ਼' ਦੀ ਰਚਨਾ ਕਰਦੇ ਸਮੇਂ ਵਿਚੋਂ ਸਮਾਂ ਕੱਢ ਕੇ ਚਿੱਠੀਆਂ ਦੇ ਜਵਾਬ ਦੇ ਸਕਾਂ।

"ਮਹਾਨ ਕੋਸ਼" ਦੀ ਰਚਨਾ ਕਰਦਿਆਂ ਭਾਈ ਸਾਹਿਬ ਨੂੰ 14 ਸਾਲ ਦਾ ਸਮਾਂ ਲੱਗਾ ਹੈ। ਕਦੀ ਭਾਈ ਸਾਹਿਬ ਦੀ ਰਚਨਾ "ਮਹਾਨ ਕੋਸ਼" ਪੜ੍ਹ ਕੇ ਦੇਖਿਉ, ਆਪ ਹੈਰਾਨ ਹੋਵੋਗੇ ਕਿ ਭਾਈ ਸਾਹਿਬ ਵਰਗੇ ਵਿਦਵਾਨ ਆਮ ਪੈਦਾ ਨਹੀਂ ਹੋਇਆ ਕਰਦੇ, ਇਹ ਤਾਂ ਪ੍ਰਭੂ ਦੀ ਬਖ਼ਸ਼ਿਸ਼ ਸਦਕਾ ਹੀ ਐਸੇ ਮਹਾਨ ਕਾਰਜ ਕਰਨ ਲਈ ਸੰਸਾਰ 'ਤੇ ਆਉਂਦੇ ਹਨ। ਕਾਸ਼ ! ਕਿੱਧਰੇ ਸਾਡੇ ਜੀਵਨ ਵਿਚ ਵੀ ਕੋਈ ਪਲਟਾ ਹੋਵੇ ਤਾਂ ਭਾਈ ਸਾਹਿਬ ਦੇ ਜੀਵਨ ਵਰਗੀ ਜੀਵਨ ਜਾਚ ਸਾਨੂੰ ਆ ਜਾਵੇ।

ਕਹਿੰਦੇ ਹਨ, ਇਕ ਵਾਰੀ ਭਾਈ ਕਾਨ੍ਹ ਸਿੰਘ ਜੀ ਨਾਭਾ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦੀਦਾਰ ਕਰਨ ਲਈ ਗਏ। ਗੁਰੂ ਰਾਮਦਾਸ ਜੀ ਦੇ ਦਰਬਾਰ ਅੰਦਰ ਜਾ ਕੇ ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋ ਕੇ ਅਰਦਾਸ ਕੀਤੀ ਅਤੇ ਤਿੰਨ ਮੰਗਾਂ ਰੱਖੀਆਂ ਸਨ। ਦੇਖੋ ਮੰਗਾਂ ਕੈਸੀਆਂ ਸਨ, ਗੁਰੂ ਸਾਹਿਬ ਦੇ ਸਨਮੁਖ:

ਪਹਿਲੀ ਮੰਗ :—ਗੁਰੂ ਸਾਹਿਬ ਮੇਰਾ ਅੰਤ ਅੰਮ੍ਰਿਤ ਵੇਲੇ ਹੋਵੇ।

ਦੂਸਰੀ ਮੰਗ :—ਮੈਂ ਜਿਹੜੀ ਵੀ ਪੁਸਤਕ ਲਿਖ ਰਿਹਾ ਹੋਵਾਂ, ਉਹ ਪੁਸਤਕ ਅਧੂਰੀ ਛੱਡ ਕੇ ਨਾ ਮਰਾਂ।

ਤੀਸਰੀ ਮੰਗ :—ਗੁਰੂ ਸਾਹਿਬ ਜੀ, ਮੈਂ ਅੰਤ ਵੇਲੇ ਇਕਾਂਤ ਵਿਚ ਹੋਵਾਂ।

ਜਦੋਂ 1938 ਈਸਵੀ ਨੂੰ ਭਾਈ ਕਾਨ੍ਹ ਸਿੰਘ ਜੀ ਨਾਭਾ ਰਾਤ ਨੂੰ ਇਕ ਪੁਸਤਕ ਲਿਖ ਰਹੇ ਸਨ—"ਗਿਆਨ ਰਤਨਾਵਲੀ" ਪੁਸਤਕ ਪੂਰੀ ਕੀਤੀ ਅਤੇ ਸੌਂ ਗਏ। ਸਵੇਰੇ ਨੂੰਹ ਰਾਣੀ ਚਾਹ ਦਾ ਪਿਆਲਾ ਲੈ ਕੇ ਗਈ ਤਾਂ ਭਾਈ ਸਾਹਿਬ ਅਹਿੱਲ ਸੁੱਤੇ ਪਏ ਸਨ। ਜੋ ਮੰਗਾਂ ਭਾਈ ਸਾਹਿਬ ਨੇ ਮੰਗੀਆਂ ਸਨ, ਗੁਰੂ ਰਾਮਦਾਸ ਜੀ ਨੇ ਉਹਨਾਂ ਦੀ ਪੂਰਤੀ ਵੀ ਕੀਤੀ।

ਕਦੀ ਅਸੀਂ ਵੀ ਸੋਚੀਏ ਕੀ ਅਸੀਂ ਵੀ ਕੋਈ ਮੰਗ ਗੁਰੂ ਸਾਹਿਬ ਪਾਸੋਂ ਮੰਗੀ ਹੈ ਜੋ ਕਿ ਭਾਈ ਸਾਹਿਬ ਦੀ ਮੰਗ ਨਾਲ ਮੇਲ ਖਾਂਦੀ ਹੋਵੇ।

ਹੁਣ ਜੋ ਕਮਰਾ ਗੰਗੂ ਨੇ ਮਾਤਾ ਜੀ ਅਤੇ ਲਾਲਾਂ ਨੂੰ ਰਹਿਣ ਲਈ ਦਿੱਤਾ ਉਹ ਕਮਰਾ ਘਰ ਦੇ ਸਭ ਤੋਂ ਪਿੱਛੇ ਹੈ। ਕਿਉਂਕਿ ਗੰਗੂ ਜਾਣਦਾ ਹੈ ਕਿ ਇਹਨਾਂ ਨੂੰ ਖਤਰਾ ਵੀ ਹੋ ਸਕਦਾ ਹੈ। ਇਸ ਲਈ ਉਹ ਉਹਨਾਂ ਨੂੰ ਆਪਣੇ ਘਰ ਵੀ ਲੈ ਕੇ ਜਾਂਦਾ ਹੈ ਤੇ ਉਹਨਾਂ ਨੂੰ ਮਹਿਫੂਜ਼ ਵੀ ਰੱਖਦਾ ਹੈ। ਦਿਨ ਦੀ ਦੌੜ ਭੱਜ ਕਾਰਨ ਮਾਤਾ ਜੀ ਅਤੇ

ਸਾਹਿਬਜ਼ਾਦਿਆਂ ਨੂੰ ਥਕਾਵਟ ਵੀ ਬਹੁਤ ਸੀ।

ਦਿਨ ਭਰ ਕੀ ਦੌੜ ਧੂਪ ਸੇ ਸਭ ਕੋ ਥਕਾਨ ਥਾ।
ਮਹਿਫ਼ੂਜ ਹਰ ਤਰਹ ਸੇ ਬਜ਼ਾਹਿਰ ਮਕਾਨ ਥਾ।
ਬਰਸੋਂ ਜਿਸੇ ਖਿਲਾਯਾ ਥਾ ਵੁਹ ਮੇਜ਼ਬਾਨ ਥਾ।
ਖ਼ਤਰੇ ਕਾ ਇਸ ਵਜਹ ਨਹੀਂ ਵਹਮੋ ਗੁਮਾਨ ਥਾ।

ਹੁਣ ਮਾਂ ਗੁਜਰੀ ਸੋਚਦੀ ਹੈ ਕਿ ਇਹ ਕੋਈ ਬੇਗਾਨਾ ਥੋੜੀ ਹੈ, ਇਹ ਗੰਗੂ ਤਾਂ ਕਈ ਸਾਲਾਂ ਤੋਂ ਗੁਰੂ-ਘਰ ਦਾ ਰਸੋਈਆ ਚਲਿਆ ਆ ਰਿਹਾ ਹੈ, ਇਹ ਤਾਂ ਆਪਣਾ ਹੈ। ਮਾਤਾ ਜੀ ਨੂੰ ਅਹਿਸਾਸ ਹੋਇਆ ਕਿ ਇਥੇ ਅਸੀਂ ਮਹਿਫ਼ੂਜ ਹਾਂ, ਕੋਈ ਖਤਰਾ ਨਹੀਂ ਹੈ, ਕੋਈ ਡਰ-ਭੈਅ ਨਹੀਂ ਹੈ। ਹੁਣ ਕੀ ਹੋਇਆ ? ਰਾਤ ਦਾ ਸਮਾਂ ਸੀ, ਥਕਾਵਟ ਜ਼ਿਆਦਾ ਸੀ

ਜੋਗੀ ਅੱਲ੍ਹਾ ਯਾਰ ਖ਼ਾਂ ਦੀ ਕਲਮ ਅੱਗੇ ਚੱਲਦੀ ਹੈ:

ਨੌਕਰ ਕਾ ਘਰ ਸਮਝ ਕੇ ਵੁਹ ਬੇ-ਫ਼ਿਕਰ ਹੋ ਗਏ।
ਲਗ ਕਰ ਗਲੇ ਸੇ ਦਾਦੀ ਕੇ ਸ਼ਹਜ਼ਾਦੇ ਸੌਂ ਗਏ।

ਨੌਕਰ ਦਾ ਘਰ ਸਮਝ ਕੇ ਮਾਤਾ ਗੁਜਰੀ ਦੇ ਗਲੇ ਲੱਗ ਕੇ ਇਕ ਸੱਜੇ ਪਾਸਿਉਂ, ਇਕ ਖੱਬੇ ਪਾਸਿਉਂ ਆਪਣੀ ਦਾਦੀ ਨੂੰ ਗਲਵਕੜੀ ਪਾ ਕੇ ਦੋਨੋਂ ਸਾਹਿਬਜ਼ਾਦੇ ਸੌਂ ਗਏ। ਥਕਾਵਟ ਹੋਣ ਕਰ ਕੇ ਮਾਤਾ ਜੀ ਨੂੰ ਵੀ ਨੀਂਦ ਆ ਗਈ। ਹੁਣ ਇਥੋਂ ਗੰਗੂ ਦੀ ਨਮਕਹਰਾਮੀ ਸ਼ੁਰੂ ਹੋ ਗਈ, ਪਰ ਅਸਲ ਵਿਚ ਨਮਕਹਰਾਮੀ ਦਾ ਕਾਰਨ ਕੀ ਬਣਿਆ ?

ਵਜ਼ੀਰ ਖ਼ਾਂ ਨੂੰ ਆਪਣਾ ਡਰ ਸਤਾ ਰਿਹਾ ਹੈ ਅਤੇ ਉਹ ਹਰ ਪਿੰਡ, ਹਰ ਜਗ੍ਹਾ 'ਤੇ ਢੰਡੋਰਾ ਪਿਟਵਾ ਰਿਹਾ ਹੈ। ਢੰਡੋਰਾ ਕੀ ਪਿਟਵਾ ਰਿਹਾ ਹੈ ਵਜ਼ੀਰ ਖ਼ਾਂ ਕਿ—"ਗੁਰੂ ਗੋਬਿੰਦ ਸਿੰਘ ਜਾਂ ਉਸ ਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਪਨਾਹ ਦੇਣ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਉਹਨਾਂ ਦੀ ਸੂਚਨਾ ਦੇਣ ਵਾਲੇ ਨੂੰ ਮੂੰਹ ਮੰਗੇ ਇਨਾਮਾਂ ਨਾਲ ਨਿਵਾਜਿਆ ਜਾਵੇਗਾ।"

ਹੁਣ ਵਜ਼ੀਰ ਖ਼ਾਂ ਨੂੰ ਇਕ ਪਾਸੇ ਤਾਂ ਡਰ ਸਤਾ ਰਿਹਾ ਹੈ ਤੇ ਉਹ ਧਮਕੀ ਦੇ ਰਿਹਾ ਹੈ, ਪਰ ਦੂਜੇ ਪਾਸੇ ਲਾਲਚ ਵੀ ਦੇ ਰਿਹਾ ਹੈ। ਇਹ ਦੋਵੇਂ ਪੱਖ ਵਜ਼ੀਰ ਖ਼ਾਂ ਦੇ ਢੰਡੋਰੇ ਵਿਚੋਂ ਸਾਹਮਣੇ ਆ ਰਹੇ ਹਨ। ਗੰਗੂ ਜਦੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਲੈ ਕੇ ਆਪਣੇ ਘਰ ਆਇਆ ਸੀ ਤਾਂ ਉਸ ਨੇ ਦੇਖਿਆ ਸੀ ਕਿ ਮਾਤਾ ਜੀ ਕੋਲ ਜੇਵਰਾਤਾਂ ਦੀ ਪੋਟਲੀ ਵੀ ਸੀ। ਗੰਗੂ ਨੇ ਜਦੋਂ ਢੰਡੋਰਾ ਸੁਣਿਆ ਤਾਂ ਉਸ ਦੇ ਮਨ ਵਿਚ ਲਾਲਚ ਆ ਗਿਆ ਤੇ ਨਾਲ ਡਰਾਵਾ ਵੀ ਦਿਖਾਈ ਦੇ ਰਿਹਾ ਹੈ। ਤੀਸਰਾ ਹੁਣ ਮਾਂ

ਗੁਜਰੀ ਦੇ ਖ਼ਜ਼ਾਨੇ ਬਾਰੇ ਵੀ ਗੰਗੂ ਦੇ ਮਨ ਵਿਚ ਫੁਰਨੇ ਫੁਰ ਰਹੇ ਹਨ। ਗੰਗੂ ਸੋਚਦਾ ਹੈ ਕਿ ਹੁਣ ਤਾਂ ਸਾਰੇ ਪਾਸੇ ਲਾਭ ਹੀ ਲਾਭ ਹੈ ਤੇ ਗੰਗੂ ਦੇ ਮਨ ਵਿਚ ਲੋਭ ਦੇ ਅਧੀਨ ਹੁਣ ਬੇਈਮਾਨੀ ਆ ਗਈ। ਉਸ ਬੇਈਮਾਨੀ ਦਾ ਜ਼ਿਕਰ ਜੋਗੀ ਅੱਲ੍ਹਾ ਯਾਰ ਖ਼ਾਂ ਇਸ ਤਰ੍ਹਾਂ ਕਰ ਰਿਹਾ ਹੈ :

ਮਾਤਾ ਕੇ ਸਾਥ ਡੱਬਾ ਥਾ ਇਕ ਜ਼ੇਵਰਾਤ ਕਾ।
ਲਲਚਾ ਜਿਸੇ ਥਾ ਦੇਖ ਕੇ ਜੀ ਬਦ-ਸਿਫ਼ਾਤ ਕਾ।
ਕਹਤੇ ਹੈ ਜਬ ਕਿ ਵਕਤ ਹੂਆ ਆਧੀ ਰਾਤ ਕਾ।
ਜੀ ਮੇਂ ਕਿਯਾ ਨਾ ਖ਼ੌਫ਼ ਕੁਛ ਆਕਾ ਕੀ ਮਾਤ ਕਾ।

ਅੱਧੀ ਰਾਤ ਦਾ ਸਮਾਂ ਹੋ ਗਿਆ ਹੈ, ਪਰ ਗੰਗੂ ਨੂੰ ਨੀਂਦ ਨਹੀਂ ਆ ਰਹੀ, ਉਸ ਦੀਆਂ ਅੱਖਾਂ ਸਾਹਮਣੇ ਇਕ ਵਜ਼ੀਰ ਖ਼ਾਂ ਦੀ ਧਮਕੀ ਦਾ ਡਰ, ਦੂਸਰਾ ਇਨਾਮ ਦਾ ਲਾਲਚ ਤੇ ਤੀਸਰਾ ਮਾਤਾ ਜੀ ਦਾ ਖ਼ਜ਼ਾਨਾ ਹੈ। ਗੰਗੂ ਸੋਚਦਾ ਹੈ ਕਿ ਹੁਣ ਤਾਂ ਹਰ ਪਾਸੇ ਮੇਰਾ ਫ਼ਾਇਦਾ ਹੀ ਫ਼ਾਇਦਾ ਹੈ। ਦੂਜੇ ਪਾਸੇ ਮਾਤਾ ਜੀ ਅਤੇ ਦੋਨੋਂ ਸਾਹਿਬਜ਼ਾਦੇ ਬੇਫ਼ਿਕਰ ਹੋ ਕੇ ਸੁੱਤੇ ਪਏ ਨੇ। ਅੱਧੀ ਰਾਤ ਹੋ ਗਈ ਹੈ। ਹੁਣ ਗੰਗੂ ਦਾ ਲਾਲਚ ਸਭ ਹੱਦਾਂ ਪਾਰ ਕਰ ਕੇ ਬਾਹਰ ਆ ਗਿਆ। ਉਸ ਦੇ ਮਨ ਵਿਚ ਮਾਤਾ ਗੁਜਰੀ ਅਤੇ ਆਪਣੇ ਆਕਾ (ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਡਰ ਵੀ ਖ਼ਤਮ ਹੋ ਗਿਆ। ਹੁਣ ਉਸ ਨੇ ਕੀ ਕੀਤਾ :

ਮੁਹਰੋਂ ਦਾ ਬਦਰਾ ਔਰ ਵੁਹ ਡੱਬਾ ਉੜਾ ਗਯਾ।
ਧੋਖੇ ਸੇ ਬ੍ਰਹਮਨ ਵੁਹ ਖ਼ਜ਼ਾਨਾ ਚੁਰਾ ਗਯਾ।

ਲਾਲਚ ਵਸ ਹੋ ਕੇ ਗੰਗੂ ਨੇ ਮੋਹਰਾਂ ਦੀ ਥੈਲੀ ਜੋ ਕਿ ਭਰੀ ਹੋਈ ਸੀ, ਉਹ ਉੜਾ ਲਈ, ਇਹ ਸਭ ਕੁਝ ਮਾਂ ਗੁਜਰੀ ਨੇ ਤੱਕ ਵੀ ਲਿਆ ਕਿ ਗੰਗੂ ਇਹ ਬਦਹਰਾਮੀ ਕਰ ਰਿਹਾ ਹੈ, ਪਰ ਉਸ ਸਮੇਂ ਮਾਂ ਗੁਜਰੀ ਖਾਮੋਸ਼ ਰਹੀ।

ਸਵੇਰ ਹੋਈ ਤਾਂ ਮਾਂ ਗੁਜਰੀ ਨੇ ਗੰਗੂ ਨੂੰ ਪੁੱਛਿਆ ਤਾਂ ਗੰਗੂ "ਉਲਟਾ ਚੋਰ ਕੋਤਵਾਲ ਕੋ ਡਾਂਟੇ" ਵਾਲੀ ਗੱਲ ਕਰਨ ਲੱਗ ਪਿਆ। ਜੋਗੀ ਅੱਲ੍ਹਾ ਯਾਰ ਖ਼ਾਂ ਗੰਗੂ ਦੀ ਨਮਕਹਰਾਮੀ ਦੇ ਕਿੱਸੇ ਨੂੰ ਕਿਵੇਂ ਅਗਾਂਹ ਵੱਲ ਲੈ ਜਾ ਰਿਹਾ ਹੈ :

ਬਦਜ਼ਾਤ ਬਦ-ਸਿਫ਼ਾਤ ਵੁਹ ਗੰਗੂ ਨਮਕ-ਹਰਾਮ।
ਟੁਕੜੋਂ ਪਿ ਸਤਗੁਰੂ ਕੇ ਜੋ ਪਲਤਾ ਰਹਾ ਮੁਦਾਮ।

ਉਹ ਭੈੜੀ ਨੀਅਤ ਵਾਲਾ, ਨਮਕਹਰਾਮੀ ਗੰਗੂ, ਜਿਹੜਾ ਗੁਰੂ ਕਲਗੀਧਰ ਜੀ ਦੇ ਟੁਕੜਿਆਂ 'ਤੇ ਪਲਦਾ ਸੀ। ਹਮੇਸ਼ਾ ਗੁਰੂ ਘਰ ਦਾ ਨਮਕ ਖਾਣ ਵਾਲਾ ਗੰਗੂ, ਲਾਲਚ ਨੇ ਉਸ ਦੇ ਮਨ 'ਤੇ ਸਾਰੇ ਡਰ ਲਾਹ ਦਿੱਤੇ, ਉਸ ਤੋਂ ਬੇਈਮਾਨੀ ਕਰਵਾ ਦਿੱਤੀ।

ਖ਼ਿਆਲ ਕਰਿਉ ! ਇਕ ਪਾਸੇ ਤਾਂ ਇਹ ਗੰਗੂ ਬ੍ਰਾਹਮਣ ਨਮਕਹਰਾਮੀ ਕਰ ਰਿਹਾ ਹੈ ਜੋ ਕਿ ਗੁਰੂ ਘਰ ਦਾ ਰਸੋਈਆ ਹੈ। ਦੂਸਰੇ ਪਾਸੇ ਭਾਈ ਨੰਦ ਲਾਲ ਜੀ ਦੀ ਗੁਰੂ ਘਰ ਪ੍ਰਤੀ ਸ਼ਰਧਾ ਅਤੇ ਪਿਆਰ ਭਰੀ ਬਾਤ ਯਾਦ ਆ ਗਈ।

ਇਕ ਦਿਨ ਗੁਰੂ ਕਲਗੀਧਰ ਪਾਤਸ਼ਾਹ ਪਰਸ਼ਾਦਾ ਛਕਦੇ ਪਏ ਨੇ ਤੇ ਮਾਂ ਗੁਜਰੀ ਮਮਤਾ ਦੇ ਅਧੀਨ ਬੜੇ ਪਿਆਰ ਨਾਲ ਇਕੱਲਾ-ਇਕੱਲਾ ਪਰਸ਼ਾਦਾ ਲਿਆ ਕੇ ਆਪਣੇ ਪੁੱਤਰ ਨੂੰ ਛਕਾਉਂਦੇ ਪਏ ਹਨ। ਪਰਸ਼ਾਦਾ ਛਕਾਉਂਦਿਆਂ-ਛਕਾਉਂਦਿਆਂ ਮਾਂ ਗੁਜਰੀ ਜੀ ਆਪਣੇ ਪੁੱਤਰ ਗੁਰੂ ਕਲਗੀਧਰ ਪਾਤਸ਼ਾਹ ਨੂੰ ਕਹਿੰਦੇ, "ਨਹੀਂ ਲਾਲ ਜੀ ਇਕ ਹੋਰ" ਪਰ ਕਲਗੀਧਰ ਪਾਤਸ਼ਾਹ ਕਹਿੰਦੇ "ਨਹੀਂ ਮਾਤਾ ਜੀ ਮੈਂ ਤ੍ਰਿਪਤ ਹੋ ਗਿਆ ਹਾਂ।" ਪਰ ਕਹਿੰਦੇ ਹਨ ਕਿ ਮਾਂ ਦੀ ਮਮਤਾ ਨੂੰ ਬੱਚਾ ਹਮੇਸ਼ਾ ਭੁੱਖਾ ਹੀ ਦਿਖਾਈ ਦਿੰਦਾ ਹੈ ਤੇ ਫਿਰ ਕਹਿੰਦੇ ਹਨ "ਨਹੀਂ ਇਕ ਹੋਰ।" ਕਲਗੀਧਰ ਪਾਤਸ਼ਾਹ ਦੇ ਇਨਕਾਰ ਦੇ ਬਾਵਜੂਦ ਵੀ ਮਾਤਾ ਜੀ ਨੇ ਇਕ ਪਰਸ਼ਾਦਾ ਹੋਰ ਰੱਖ ਦਿੱਤਾ, ਪਰ ਕਲਗੀਧਰ ਪਾਤਸ਼ਾਹ ਸਰੀਰਕ ਤੌਰ 'ਤੇ ਭੋਜਨ ਛਕ ਕੇ ਤ੍ਰਿਪਤ ਹੋ ਚੁੱਕੇ ਸਨ। ਪਾਤਸ਼ਾਹ ਨੇ ਪ੍ਰਸ਼ਾਦੇ ਦੇ ਦੋ ਟੁਕੜੇ ਕਰ ਕੇ ਇਕ ਟੁਕੜਾ ਪਾਸ ਬੈਠੇ ਕੁੱਤੇ ਨੂੰ ਪਾ ਦਿੱਤਾ। ਭਾਈ ਨੰਦ ਲਾਲ ਵੀ ਕਲਗੀਧਰ ਪਾਤਸ਼ਾਹ ਦੇ ਪਾਸ ਹੀ ਬੈਠੇ ਹੋਏ ਹਨ, ਦੋਵੇਂ ਹੱਥ ਜੋੜ ਕੇ ਕਲਗੀਧਰ ਪਾਤਸ਼ਾਹ ਨੂੰ ਸੰਬੋਧਨ ਹੋਏ ਤੇ ਆਪਣੇ ਵੱਲ ਨੂੰ ਇਸ਼ਾਰਾ ਕਰ ਕੇ ਕਹਿਣ ਲੱਗੇ- "ਪਾਤਸ਼ਾਹ ਜੀ ! ਦੂਸਰਾ ਕੂਕਰ ਇੱਧਰ ਵੀ ਬੈਠਾ ਹੈ, ਬਾਕੀ ਅੱਧੀ ਰੋਟੀ ਆਪਣੇ ਇਸ ਕੂਕਰ ਨੂੰ ਵੀ ਪਾ ਦਿਉ।"

ਸੋਚਣ ਵਾਲੀ ਬਾਤ ਹੈ ਕਿ ਕਿੰਨੀ ਭਾਵਨਾ ਅਤੇ ਪ੍ਰੇਮ ਵਾਲੇ ਸਿੱਖ ਹੋਣਗੇ ਭਾਈ ਨੰਦ ਲਾਲ ਜੀ।

ਸਤਿਗੁਰੂ ਕਹਿਣ ਲੱਗੇ, "ਨੰਦ ਲਾਲ! ਆਪ ਨੂੰ ਇਹ ਪ੍ਰਸ਼ਾਦਾ ਨਹੀਂ ਮਿਲੇਗਾ।" ਭਾਈ ਨੰਦ ਲਾਲ ਜੀ ਫਿਰ ਹੱਥ ਜੋੜ ਕੇ ਪੁੱਛਦੇ ਹਨ, "ਪਾਤਸ਼ਾਹ ਮੇਰੇ ਕੋਲੋਂ ਕੀ ਗ਼ਲਤੀ ਹੋ ਗਈ ਹੈ, ਕੀ ਖਤਾ ਹੋ ਗਈ ਹੈ ? ਜੋ ਇਸ ਕੂਕਰ ਨੂੰ ਆਪ ਜੀ ਦੇ ਹੱਥੋਂ ਇਹ ਅੱਧਾ ਪ੍ਰਸ਼ਾਦਾ ਨਹੀਂ ਮਿਲੇਗਾ ?" ਕਲਗੀਧਰ ਪਾਤਸ਼ਾਹ ਕਹਿਣ ਲੱਗੇ "ਨੰਦ ਲਾਲ ਇਸ ਕੁੱਤੇ ਨੇ ਪ੍ਰਸ਼ਾਦਾ ਮੰਗਿਆ ਨਹੀਂ, ਪਰ ਤੁਸਾਂ ਮੰਗ ਲਿਆ ਹੈ।"

ਇਹ ਗੱਲ ਮੈਂ ਕਰ ਰਿਹਾ ਸੀ ਗੁਰੂ ਘਰ ਦੀਆਂ ਭਿੱਜੀਆਂ ਹੋਈਆਂ ਰੂਹਾਂ ਦੀ।

ਭਾਈ ਨੰਦ ਲਾਲ ਜੀ ਦੀ ਤੁਲਨਾ ਉਸ ਗੁਰੂ ਘਰ ਦੇ ਗੰਗੂ ਬ੍ਰਾਹਮਣ ਨਾਲ ਕਰੀਏ ਕਿ ਉਹ ਗੰਗੂ ਨਮਕਹਰਾਮੀ ਤੇ ਉਤਰ ਆਇਆ ਹੈ ਤੇ ਦੂਸਰੇ ਪਾਸੇ ਭਾਈ ਨੰਦ ਲਾਲ ਦੀ ਗੁਰੂ ਘਰ ਨਾਲ ਪ੍ਰੀਤ। ਗੁਰੂ ਨਾਨਕ ਦੇ ਘਰ ਵਿਚੋਂ ਦੋਹਾਂ ਪੱਖਾਂ ਦੀਆਂ ਬਾਤਾਂ ਸਾਹਮਣੇ ਆਉਂਦੀਆਂ ਹਨ।

ਇਕ ਦਿਨ ਗੁਰੂ ਜੀ ਦੇ ਘਰ ਦੇ ਸੇਵਕ ਭਾਈ ਨੰਦ ਲਾਲ ਗੁਰੂ ਪਾਤਸ਼ਾਹ ਨੂੰ ਹੱਥ ਜੋੜ ਕੇ ਕਹਿਣ ਲੱਗੇ, "ਸਤਿਗੁਰੂ ਜੀ ! ਤੁਸੀਂ ਸਭ ਨੂੰ ਬਖ਼ਸ਼ਿਸ਼ਾਂ ਨਾਲ ਨਿਵਾਜਦੇ ਹੋ, ਇਕ ਬਖ਼ਸ਼ਿਸ਼ ਅੱਜ ਮੈਂ ਆਪ ਤੋਂ ਮੰਗ ਕੇ ਲੈਣੀ ਹੈ।" ਸਤਿਗੁਰੂ ਜੀ ਕਹਿਣ ਲੱਗੇ—"ਦੱਸੋ ਨੰਦ ਲਾਲ ਤੁਹਾਨੂੰ ਕੀ ਚਾਹੀਦਾ ਹੈ ?" ਤਾਂ ਭਾਈ ਨੰਦ ਲਾਲ ਜੀ ਕਹਿਣ ਲੱਗੇ—"ਪਾਤਸ਼ਾਹ ! ਦਾਸ ਦੀ ਇੱਛਾ ਹੈ ਕਿ ਮੇਰਾ ਅੰਤਿਮ ਸਸਕਾਰ ਤੁਸੀਂ ਆਪਣੇ ਹੱਥਾਂ ਨਾਲ ਕਰਨਾ, ਪਰ ਜਦੋਂ ਮੇਰਾ ਅੰਤਮ ਸਸਕਾਰ ਹੋਵੇ ਤਾਂ ਹਵਾ ਨੂੰ ਜ਼ਰੂਰ ਰੋਕ ਲੈਣਾ, ਕਿਤੇ ਨੰਦ ਲਾਲ ਦੇ ਸਰੀਰ ਦੀ ਰਾਖ ਉੱਡ ਕੇ ਦੂਸਰੇ ਪਾਸੇ ਨਾ ਚੱਲੀ ਜਾਵੇ। ਮਤਾਂ ਉਹ ਦੂਸਰੇ ਲੋਕ ਜਿਨ੍ਹਾਂ ਨੂੰ ਛੱਡ ਕੇ ਮੈਂ ਆਪ ਜੀ ਪਾਸ ਆਇਆ ਹਾਂ ਉਹ ਇਹ ਨਾ ਆਖਣ ਕਿ ਸਾਨੂੰ ਛੱਡ ਕੇ ਗੁਰੂ ਕਲਗੀਧਰ ਕੋਲ ਗਿਆ ਸੀ,ਮਰ ਕੇ ਫਿਰ ਸਾਡੇ ਕੋਲ ਆ ਗਿਆ ਹੈ।"

ਪਰ ਦੂਸਰੇ ਪਾਸੇ ਗੁਰੂ ਘਰ ਦੇ ਟੁਕੜਿਆਂ 'ਤੇ ਪਲਣ ਵਾਲਾ ਉਹ ਗੰਗੂ ਬ੍ਰਾਹਮਣ ਗੁਰੂ ਘਰ ਨਾਲ ਕਿਵੇਂ ਬੇਈਮਾਨੀ, ਬਦ-ਹਰਾਮੀ ਕਰ ਰਿਹਾ ਹੈ।

ਜੋਗੀ ਅੱਲ੍ਹਾ ਯਾਰ ਖ਼ਾਂ ਦੀ ਕਲਮ ਇਸ ਕਿੱਸੇ ਨੂੰ ਅੱਗੇ ਤੋਰਦੀ ਹੈ :

ਘਰ ਲੇ ਕੇ ਸ਼ਾਹਜ਼ਾਦੋਂ ਕੋ ਆਯਾ ਜੋ ਬਦਲਗਾਮ।
ਥਾ ਜ਼ਰ ਕੇ ਲੂਟਨੇ ਕੋ ਕੀਯਾ ਯਿਹ ਇੰਤਜ਼ਾਮ।
ਦੁਨੀਆਂ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ।
ਦੁਸ਼ਮਨ ਭੀ ਜੋ ਨਾ ਕਰਤਾ ਵੁਹ ਯਿਹ ਕਾਮ ਕਰ ਗਯਾ।

ਪਹਿਲਾਂ ਤਾਂ ਗੰਗੂ ਮਾਤਾ ਜੀ ਅਤੇ ਬੱਚਿਆਂ ਨੂੰ ਹਮਦਰਦੀ ਨਾਲ ਆਪਣੇ ਘਰ ਲੈ ਕੇ ਆਇਆ ਸੀ, ਪਰ ਜਦੋਂ ਉਹ ਲਾਲਚ ਵਸ ਹੋ ਕੇ ਬੇਈਮਾਨੀ 'ਤੇ ਉਤਰ ਆਇਆ ਤਾਂ ਇਹ ਸਭ ਵੇਖ ਕੇ ਲੱਗਦਾ ਹੈ ਕਿ ਉਹ ਇਹਨਾਂ ਨੂੰ ਆਪਣੇ ਘਰ ਲਿਆਇਆ ਹੀ ਲੁੱਟਣ ਦੀ ਨੀਯਤ ਨਾਲ ਸੀ। ਇਹ ਗੰਗੂ ਬ੍ਰਾਹਮਣ ਆਪਣੇ ਨਾਮ ਨੂੰ ਲਾਲਚ ਵਸ ਹੋ ਕੇ ਐਸਾ ਬਦਨਾਮ ਕਰ ਗਿਆ ਕਿ ਦੁਸ਼ਮਣ ਵੀ ਐਸਾ ਕੰਮ ਨਹੀਂ ਕਰਦੇ, ਜਿਹੜਾ ਕੰਮ ਗੰਗੂ ਨੇ ਕਰ ਲਿਆ।

ਜ਼ਰਾ ਖ਼ਿਆਲ ਕਰਨਾ ! ਇਕੱਲੇ ਨਾਵਾਂ ਉੱਪਰ ਨਾ ਜਾਣਾ, ਗੰਗੂ ਬ੍ਰਾਹਮਣ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਜੀਵਨ ਕਾਲ ਅੰਦਰ ਇਤਿਹਾਸ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਗੰਗਾ ਰਾਮ ਬ੍ਰਾਹਮਣ ਦਾ ਇਕ ਹੋਰ ਜ਼ਿਕਰ ਆਉਂਦਾ ਹੈ। ਇਹ ਨਾ ਸੋਚਣਾ ਕਿ ਗੰਗੂ ਬ੍ਰਾਹਮਣ ਮਾੜਾ ਹੈ ਤੇ ਸਾਰੇ ਬ੍ਰਾਹਮਣ ਮਾੜੇ ਹੁੰਦੇ ਹੋਣਗੇ, ਨਹੀਂ ਇਸ ਤਰ੍ਹਾਂ ਨਹੀਂ, ਸਾਰੇ ਬ੍ਰਾਹਮਣ ਮਾੜੇ ਨਹੀਂ ਹੁੰਦੇ।

ਗੰਗਾ ਰਾਮ ਬ੍ਰਾਹਮਣ ਬੰਠਿਡੇ ਦਾ ਰਹਿਣ ਵਾਲਾ ਵਪਾਰੀ ਸੀ। ਉਹ ਆਪਣੇ ਘੋੜਿਆਂ ਅਤੇ ਖੱਚਰਾਂ ਉਪਰ ਸੌਦਾ ਲੱਦ ਕੇ ਦੂਰ-ਦੂਰ ਤੱਕ ਵਪਾਰ ਕਰਨ ਜਾਂਦਾ ਹੈ। ਗੰਗਾ ਰਾਮ ਬ੍ਰਾਹਮਣ ਨੇ ਸੁਣਿਆ ਕਿ ਅੰਮ੍ਰਿਤਸਰ ਦੀ ਧਰਤੀ 'ਤੇ ਗੁਰੂ ਅਰਜਨ ਦੇਵ ਜੀ, ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਰਹੇ ਹਨ। ਉਹ ਇਸ ਨੀਯਤ ਨਾਲ ਆਪਣਾ ਸਾਮਾਨ ਲੱਦ ਕੇ ਅੰਮ੍ਰਿਤਸਰ ਵੱਲ ਨੂੰ ਤੁਰ ਪਿਆ। ਉਸ ਦੇ ਮਨ ਅੰਦਰ ਵਪਾਰ ਵਧਾਉਣ ਦੀ ਭਾਵਨਾ ਹੈ। ਉਸ ਭਾਵਨਾ ਨੂੰ ਲੈ ਕੇ ਗੰਗਾ ਰਾਮ ਉਸ ਸਮੇਂ ਅੰਮ੍ਰਿਤਸਰ ਪਹੁੰਚ ਗਿਆ, ਜਿਸ ਸਮੇਂ ਪ੍ਰਿਥੀ ਚੰਦ ਨੇ ਗੁਰੂ ਘਰ ਦੀ ਨਾਕਾਬੰਦੀ ਕੀਤੀ ਹੋਈ ਸੀ।

ਬਾਬਾ ਪ੍ਰਿਥੀ ਚੰਦ ਨੇ ਆਪਣੇ ਹਿਸਾਬ ਨਾਲ ਅੰਮ੍ਰਿਤਸਰ ਦੀ ਨਾਕਾਬੰਦੀ ਇੰਨੀ ਸਫਲਤਾ ਨਾਲ ਕੀਤੀ ਹੋਈ ਸੀ ਕਿ ਜਿਹੜੀਆਂ ਵੀ ਸੰਗਤਾਂ ਗੁਰੂ ਘਰ ਲਈ ਕਾਰ ਭੇਟਾ ਲੈ ਕੇ ਆਉਂਦੀਆਂ ਸਨ ਉਹ ਸਾਰੀ ਦੀ ਸਾਰੀ ਕਾਰ ਭੇਟਾ ਆਪ ਰੱਖ ਲੈਂਦਾ ਸੀ ਤੇ ਪ੍ਰਸ਼ਾਦੇ ਪਾਣੀ ਲਈ ਸੰਗਤਾਂ ਨੂੰ ਗੁਰੂ ਅਰਜਨ ਦੇਵ ਜੀ ਪਾਸ ਭੇਜ ਦਿੰਦਾ ਸੀ। ਆਮਦਨ ਸਾਰੀ ਪ੍ਰਿਥੀ ਚੰਦ ਦੀ ਅਤੇ ਖ਼ਰਚ ਸਾਰਾ ਗੁਰੂ ਘਰ ਦਾ ਸੀ।

ਉਹ ਵੀ ਸਮਾਂ ਆਇਆ ਜਦੋਂ ਗੁਰੂ ਸਾਹਿਬ ਅਤੇ ਮਾਤਾ ਗੰਗਾ ਜੀ ਨੂੰ ਰੁੱਖਾ ਮਿੱਸਾ ਪ੍ਰਸ਼ਾਦਾ ਛਕ ਕੇ ਗੁਜ਼ਾਰਾ ਕਰਨਾ ਪਿਆ। ਉਸ ਸਮੇਂ ਗੰਗਾ ਰਾਮ ਬ੍ਰਾਹਮਣ ਆਪਣਾ ਸਾਰਾ ਸਮਾਨ ਤੇ ਬਾਜ਼ਰਾ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਗਿਆ ਸੀ। ਗੁਰੂ ਸਾਹਿਬ ਨੇ ਗੰਗਾ ਰਾਮ ਬ੍ਰਾਹਮਣ ਨੂੰ ਆਖਿਆ "ਗੰਗਾ ਰਾਮਾ ਗੁਰੂ ਘਰ ਦਾ ਲੰਗਰ ਚਲਦਾ ਰਹੇ ਇਸ ਲਈ ਤੂੰ ਸਾਨੂੰ ਇਹ ਰਸਦ ਉਧਾਰੀ ਦੇ ਦੇ।" ਗੰਗਾ ਰਾਮ ਨੇ ਕੋਈ ਨਾਂਹ ਨਹੀਂ ਕੀਤੀ ਤੇ ਰੋਜ਼ਾਨਾ ਲੋੜ ਅਨੁਸਾਰ ਗੁਰੂ ਘਰ ਵਿਚ ਲੰਗਰ ਲਈ ਰਸਦ ਉਧਾਰੀ ਦੇਂਦਾ ਰਿਹਾ। ਪਰ ਪ੍ਰਿਥੀ ਚੰਦ ਨੇ ਜੋ ਨਾਕਾਬੰਦੀ ਕੀਤੀ ਹੋਈ ਸੀ ਇਸ ਕਾਰਨ ਗੁਰੂ ਘਰ ਵਿਚ ਕੋਈ ਵੀ ਦਸਵੰਧ ਦੀ ਭੇਟਾ ਨਾ ਆਈ।

ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੇ ਬੜੀ ਸਿਆਣਪ ਨਾਲ ਪ੍ਰਿਥੀ ਚੰਦ ਦੇ ਨਾਕੇ ਤੋਂ ਵੀ ਅਗਾਂਹ ਸਿੱਖ ਖੜੇ ਕਰ ਦਿੱਤੇ, ਜੋ ਕਿ ਸਿੱਖ ਸੰਗਤਾਂ ਨੂੰ ਪਹਿਲਾਂ ਹੀ ਸਮਝਾ ਦਿੰਦੇ ਸਨ ਕਿ ਤੁਹਾਡੇ ਨਾਲ ਅੱਗੇ ਕੀ ਵਾਪਰੇਗਾ। ਇਸ ਤਰ੍ਹਾਂ ਗੁਰੂ ਘਰ ਵਿਚ ਮਾਇਆ ਆਉਣੀ ਸ਼ੁਰੂ ਹੋ ਗਈ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਸਿਆਣਪ ਨਾਲ ਬਾਬਾ ਪ੍ਰਿਥੀ ਚੰਦ ਦੀ ਨਾਕਾਬੰਦੀ ਟੁੱਟ ਗਈ।

ਹੁਣ ਗੁਰੂ ਅਰਜਨ ਪਾਤਸ਼ਾਹ ਨੇ ਗੰਗਾ ਰਾਮ ਬ੍ਰਾਹਮਣ ਨੂੰ ਆਪਣੇ ਪਾਸ ਬੁਲਾਇਆ ਤੇ ਕਹਿਣ ਲੱਗੇ—"ਗੰਗਾ ਰਾਮ ! ਤੇਰੀ ਜਿੰਨੀ ਮਾਇਆ ਗੁਰੂ ਘਰ ਵੱਲ ਬਣਦੀ ਹੈ ਉਹ ਲੈ ਲਵੋ।" ਹੁਣ ਗੰਗਾ ਰਾਮ ਬ੍ਰਾਹਮਣ ਗੁਰੂ ਦੀ ਰੰਗਤ ਵਿਚ ਰੰਗਿਆ

ਗਿਆ ਸੀ। ਉਹ ਆਪਣਾ ਵਪਾਰ ਵਧਾਉਣ ਲਈ ਅੰਮ੍ਰਿਤਸਰ ਆਇਆ ਸੀ। ਕਹਿਣ ਲੱਗਾ, "ਸਤਿਗੁਰੂ ਜੀ ਮੈਨੂੰ ਮਾਇਆ ਨਹੀਂ, ਮੈਨੂੰ ਸਿੱਖੀ ਬਖ਼ਸ਼ ਦਿਉ। ਬਸ ! ਮੇਰੀ ਝੋਲੀ ਵਿਚ ਸਿੱਖੀ ਦੀ ਬਖ਼ਸ਼ਿਸ਼ ਪਾ ਦਿਉ।"

ਐਸਾ ਰੰਗ ਚੜ੍ਹਿਆ ਗੰਗਾ ਰਾਮ ਬ੍ਰਾਹਮਣ ਨੂੰ,ਆਇਆ ਸੀ ਵਪਾਰ ਕਰਨ ਲਈ, ਪਰ ਗੁਰੂ ਬਖ਼ਸ਼ਿਸ਼ਾਂ ਨਾਲ ਸਿੱਖੀ ਕਮਾ ਗਿਆ। ਇਕ ਪਾਸੇ ਗੰਗਾ ਰਾਮ ਬ੍ਰਾਹਮਣ ਸਿੱਖੀ ਕਮਾ ਗਿਆ ਤੇ ਦੂਸਰੇ ਪਾਸੇ ਗੰਗੂ ਬ੍ਰਾਹਮਣ ਗੁਰੂ ਘਰ ਨਾਲ ਬੇਈਮਾਨੀ ਕਮਾ ਰਿਹਾ ਹੈ ਜੋ ਕਿ:

ਦੁਨੀਆਂ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ।
ਦੁਸ਼ਮਨ ਭੀ ਜੋ ਨਾ ਕਰਤਾ ਵੁਹ ਯਿਹ ਕਾਮ ਕਰ ਗਯਾ।

ਜਦੋਂ ਹੁਣ ਰਾਤ ਦਾ ਸਮਾਂ ਬੀਤ ਗਿਆ। ਮਾਤਾ ਜੀ ਨੇ ਗੰਗੂ ਦੀ ਸਭ ਨਮਕਹਰਾਮੀ ਦੇਖ ਲਈ ਸੀ, ਪਰ ਰਾਤ ਦੇ ਸਮੇਂ ਮਾਤਾ ਜੀ ਨੇ ਗੰਗੂ ਨੂੰ ਕੁਝ ਵੀ ਕਹਿਣਾ ਮੁਨਾਸਿਬ ਨਾ ਸਮਝਿਆ, ਕਿਉਂਕਿ ਮਾਂ ਗੁਜਰੀ ਨੇ ਵੀ ਵਜ਼ੀਰ ਖ਼ਾਂ ਦਾ ਢੰਡੋਰਾ ਸੁਣਿਆ ਸੀ। ਮਾਂ ਗੁਜਰੀ ਜੀ ਜਾਣਦੇ ਹਨ ਕਿ ਇਹ ਸਮਾਂ ਇਮਤਿਹਾਨ ਤੇ ਬਿਪਤਾ ਵਾਲਾ ਹੈ। ਸਵੇਰੇ ਮਾਤਾ ਜੀ ਨੇ ਗੰਗੂ ਨੂੰ ਬੁਲਾ ਕੇ ਪੁੱਛਣ ਦਾ ਮਨ ਬਣਾਇਆ। ਗੰਗੂ ਬ੍ਰਾਹਮਣ ਨੂੰ ਪਾਸ ਬੁਲਾ ਕੇ ਕੀ ਆਖਦੇ ਨੇ:

ਗੰਗੂ ਸੇ ਬੋਲੀ ਲੇਤਾ ਹੈ ਕਯੋਂ ਸਬਰਿ ਬੇਕਸਾਂ।
ਜ਼ਰ ਲੇ ਗਯਾ ਉਠਾ ਕੇ ਤੂੰ ਐ ਜਿਸ਼ਤ-ਰੂ ਕਹਾਂ।
ਬਿਹਤਰ ਥਾ ਮਾਂਗ ਲੇਤਾ ਤੂੰ ਹਮ ਸੇ ਤਮਾਮ ਮਾਲ।
ਲੇਕਿਨ ਹੂਆ ਚੁਰਾਨੇ ਸੇ ਤੁਝ ਪਰ ਹਰਾਮ ਮਾਲ।

ਕਹਿੰਦੇ ਹਨ, "ਕਾਲੇ ਮੂੰਹ ਵਾਲਿਆ ! ਤੂੰ ਸਾਡੇ ਸਬਰ ਦਾ ਇਮਤਿਹਾਨ ਲੈਣ ਲਈ ਕਿਉਂ ਤੁਰਿਆ ਏਂ। "ਲੇਤਾ ਹੈ ਕਯੋਂ ਸਬਰਿ ਬੇਕਸਾਂ" ਅਸੀਂ ਤਾਂ ਅੱਗੇ ਹੀ ਕਾਫ਼ੀ ਪਰੇਸ਼ਾਨ ਹਾਂ। ਸਾਡਾ ਬਾਹਰੀ ਤੌਰ 'ਤੇ ਕੋਈ ਟਿਕਾਣਾ ਨਹੀਂ ਹੈ ਤੇ ਤੂੰ ਸਾਨੂੰ ਹੋਰ ਪਰੇਸ਼ਾਨ ਕਰ ਰਿਹਾ ਹੈਂ।"

"ਹੇ ਗੰਗੂ ! ਤੂੰ ਇਥੋਂ ਧਨ ਦੌਲਤ ਚੁੱਕ ਕੇ ਕਿੱਥੇ ਲੈ ਗਿਆ ਏਂ ? ਇਸ ਨਾਲੋਂ ਤਾਂ ਬੇਹਤਰ ਹੁੰਦਾ, ਤੂੰ ਇਕ ਵਾਰ ਮੰਗ ਕੇ ਤਾਂ ਵੇਖਦਾ। ਤੂੰ ਜੇਕਰ ਮੰਗ ਲੈਂਦਾ ਤਾਂ ਮੈਂ ਤੈਨੂੰ ਸਾਰਾ ਖ਼ਜ਼ਾਨਾ ਦੇ ਦਿੰਦੀ, ਪਰ ਤੂੰ ਇਹ ਚੋਰੀ ਕੀਤੀ ਹੈ ਤੇ ਚੋਰੀ ਕਰਨ ਦੇ ਨਾਲ ਇਹ ਸਾਰਾ ਖ਼ਜ਼ਾਨਾ ਤੇਰੇ ਲਈ ਹਰਾਮ ਦਾ ਮਾਲ ਹੋ ਗਿਆ ਹੈ।"

ਬਿਲਕੁਲ ਉਹੀ ਗੱਲ ਜੋ ਗੁਰੂ ਨਾਨਕ ਸਾਹਿਬ ਨੇ ਬਾਣੀ ਵਿਚ ਫ਼ੁਰਮਾਈ ਹੈ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

(ਮਹਲਾ ੧-੧੪੧)

ਦਾਸ ਨੂੰ ਇਥੇ ਇਕ ਛੋਟੀ ਜਿਹੀ ਗੱਲ ਯਾਦ ਆਈ। ਸਾਡੇ ਵਿਚ ਬਹੁਤ ਐਸੇ ਸਰੀਰ ਵੀ ਹਨ ਜੋ ਦਾਰੂ ਮੀਟ ਛਕਣ ਲਈ ਕਈ ਤਰ੍ਹਾਂ ਦੇ ਬਹਾਨੇ ਬਣਾ ਲੈਂਦੇ ਹਨ, ਵਧੀਆ ਤੋਂ ਵਧੀਆ ਦਲੀਲਾਂ ਉਹਨਾਂ ਦੇ ਸ਼ਰਾਰਤੀ ਦਿਮਾਗ ਦੀ ਉਪਜ ਹੁੰਦੀਆਂ ਹਨ।

ਦੋ ਦੋਸਤ ਜੋ ਕਿ ਰੋਜ਼ਾਨਾ ਸ਼ਰਾਬ ਦੇ ਪਿਆਲੇ ਦੀ ਸਾਂਝ ਵਾਲੇ ਮਿੱਤਰ ਹਨ। ਇਕ ਦਿਨ ਕਿਸੇ ਧਰਮ ਅਸਥਾਨ ਤੋਂ ਧਰਮ ਦੀ ਗੱਲ ਉਹਨਾਂ ਦੇ ਕੰਨੀਂ ਪੈ ਗਈ। ਉਥੇ ਧਰਮ ਦਾ ਪ੍ਰਚਾਰਕ ਕਹਿ ਰਿਹਾ ਸੀ ਕਿ ਸ਼ਰਾਬ ਪੀਣਾ ਮੁਸਲਮਾਨ ਲਈ ਸੂਰ ਦਾ ਮਾਸ ਖਾਣ ਦੇ ਬਰਾਬਰ ਹੈ ਅਤੇ ਹਿੰਦੂ ਦੇ ਲਈ ਸ਼ਰਾਬ ਪੀਣਾ ਗਊ ਦਾ ਮਾਸ ਖਾਣ ਦੇ ਬਰਾਬਰ ਹੈ। ਉਹ ਦੋਸਤ ਵੀ ਇਕ ਹਿੰਦੂ ਅਤੇ ਦੂਸਰਾ ਮੁਸਲਮਾਨ ਹੈ। ਇਹ ਸੁਣ ਕੇ ਉਹਨਾਂ ਦੇ ਮਨ ਨੂੰ ਡੂੰਘੀ ਚੋਟ ਪਹੁੰਚੀ। ਉਹਨਾਂ ਦੋਵਾਂ ਨੇ ਕਸਮਾਂ ਖਾ ਕੇ ਫ਼ੈਸਲਾ ਕਰ ਲਿਆ ਕਿ ਅਗਾਂਹ ਤੋਂ ਅਸੀਂ ਸ਼ਰਾਬ ਨਹੀਂ ਪੀਵਾਂਗੇ। ਪਰ ਅਫ਼ਸੋਸ ਕਿ ਥੋੜਾ ਸਮਾਂ ਬੀਤਿਆ ਤਾਂ ਉਹ ਅਚਾਨਕ ਸ਼ਰਾਬ ਦੇ ਠੇਕੇ ਦੇ ਅੱਗਿਓਂ ਦੀ ਲੰਘੇ ਤੇ ਕਹਿਣ ਲੱਗੇ, "ਅਸੀਂ ਕੋਈ ਬੋਤਲ ਖ਼ਰੀਦਣ ਦੀ ਕਸਮ ਥੋੜਾ ਪਾਈ ਹੈ ਤੇ ਅਹਾਤੇ ਵਿਚ ਜਾਣ ਤੋਂ ਵੀ ਕਸਮ ਨਹੀਂ ਪਾਈ।"

ਹੁਣ ਉਹ ਦੋਵੇਂ ਦੋਸਤਾਂ ਨੇ ਸ਼ਰਾਬ ਗਲਾਸਾਂ ਵਿਚ ਪਾਈ ਤੇ ਬੈਠ ਗਏ। ਕੁਝ ਦੇਰ ਬੈਠ ਕੇ ਸੋਚਿਆ ਤੇ ਕਮਾਲ ਦਾ ਹੱਲ ਕੱਢਿਆ। ਕਹਿੰਦੇ, "ਮਿੱਤਰਾ ਅਸੀਂ ਆਪਣੇ-ਆਪਣੇ ਪਿਆਲੇ ਵਟਾ ਲਈਏ।" ਹਿੰਦੂ, ਮੁਸਲਮਾਨ ਨੂੰ ਕਹਿੰਦਾ, "ਤੂੰ ਗਊ ਦਾ ਮਾਸ ਖਾ ਲੈ ਤੇ ਮੈਂ ਸੂਰ ਦਾ ਮਾਸ ਖਾ ਲੈਂਦਾ ਹਾਂ।" ਖ਼ਿਆਲ ਕਰਿਉ ! ਸਾਡੇ ਵਿਚ ਵੀ ਬਹੁਤ ਐਸੇ ਹਨ ਜੋ ਆਪਣੀਆਂ ਗਲਤੀਆਂ ਨੂੰ ਜਾਇਜ ਠਹਿਰਾਉਣ ਲਈ ਬਹਾਨੇ-ਬਾਜ਼ੀਆਂ ਆਪੇ ਹੀ ਬਣਾ ਲੈਂਦੇ ਹਨ।

ਕਿਸੇ ਨੂੰ ਕਹਿ ਕੇ ਦੇਖੋ ਕਿ ਭਾਈ ਸਾਹਿਬ ਉਮਰ ਕਾਫ਼ੀ ਹੋ ਗਈ ਹੈ, ਅੰਮ੍ਰਿਤ ਕਿਉਂ ਨਹੀਂ ਛਕਦੇ, ਅੰਮ੍ਰਿਤ ਛਕ ਲਉ। ਤਾਂ ਅੱਗੋਂ ਬਹੁਤ ਵਧੀਆ ਤੇ ਲਾਜਵਾਬ ਉੱਤਰ ਮਿਲੇਗਾ ਕਿ ਜੀ ਅੰਮ੍ਰਿਤ ਤਾਂ ਛੱਕਣਾ ਹੈ ਪਹਿਲਾਂ ਮੁੰਡੇ ਦਾ ਵਿਆਹ ਕਰ ਲਈਏ, ਫੇਰ ਛਕ ਲਵਾਂਗੇ। ਹੁਣ ਪੁੱਛਿਆ ਜਾਵੇ ਕਿ ਭਲਿਓ, ਮੁੰਡੇ ਦਾ ਵਿਆਹ ਅੰਮ੍ਰਿਤ ਛਕਣ ਵਿਚ ਕਿਵੇਂ ਰੁਕਾਵਟ ਹੈ? ਕਹਿੰਦੇ ਜੀ ਰੁਕਾਟਵ ਤਾਂ ਹੈ, ਸਮਾਜਿਕ ਤੌਰ 'ਤੇ ਕੀ ?

ਦੇਖੋ ਜੀ ਅਸੀਂ ਰਿਸ਼ਤੇਦਾਰਾਂ ਤੇ ਸਾਕ ਸਬੰਧੀਆਂ ਦੇ ਵਿਆਹਾਂ 'ਤੇ ਦਾਰੂ ਪੀਂਦੇ ਰਹੇ ਹਾਂ, ਜੇਕਰ ਅਸੀਂ ਨਾ ਪਿਲਾਈ ਤਾਂ ਲੋਕ ਕੀ ਕਹਿਣਗੇ ? ਬਸ ! ਆਹ ਰੁਕਾਵਟ ਜੇ। ਤੇ ਸੋਚੋ ਕਿ ਜੇ ਅਸੀਂ ਦੋਸਤਾਂ ਮਿੱਤਰਾਂ ਕੋਲੋਂ ਪੀਵਾਂਗੇ ਨਹੀਂ ਤਾਂ ਸਾਨੂੰ ਕੌਣ ਆਖੇਗਾ। ਬਸ ਸਾਨੂੰ ਵਿਆਹ-ਸ਼ਾਦੀਆਂ, ਪਾਰਟੀਆਂ ਹੀ ਆਪਣੇ ਗੁਰੂ ਤੋਂ ਬੇ-ਮੁਖ ਕਰੀ ਜਾਂਦੀਆਂ ਨੇ।

ਕਾਸ਼ ! ਕਿੱਧਰੇ ਸਾਡਾ ਮਨ ਹੀ ਸਾਡੇ ਵਸ ਵਿਚ ਆ ਜਾਵੇ। ਇਥੇ ਅਸੀਂ ਜੀਵਨ ਜਾਚ ਵਾਲਿਆਂ ਕੋਲੋਂ ਕੁਝ ਸਿੱਖਿਆ ਲਈਏ ਤੇ ਸਿੱਖਿਆ ਲੈਣੀ ਬਣਦੀ ਵੀ ਹੈ ਸਾਡੇ ਲਈ।

ਵੀਹਵੀਂ ਸਦੀ ਦੇ ਮਹਾਨ ਜਰਨੈਲ, "ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ" ਕਿਤੇ ਐਸੀ ਸ਼ਖ਼ਸੀਅਤ ਵਰਗੀ ਜੀਵਨ ਜਾਚ ਆ ਜਾਵੇ। ਕਿਧਰੇ ਅੱਜ ਹੋਵੇਗਾ ਕੋਈ ਐਸਾ ਧਰਮ ਪ੍ਰਚਾਰਕ ? ਕਹਿੰਦੇ ਹਨ ਗੁਰਮਤਿ ਪ੍ਰਚਾਰ ਦੌਰੇ ਤੇ ਚਲਦਿਆਂ-ਚਲਦਿਆਂ ਇਕ ਨਗਰ ਵਿਚ ਪਹੁੰਚੇ ਅਤੇ ਸੰਗਤ ਵਿਚ ਆਪਣੇ ਵਿਚਾਰ ਰੱਖਣ ਤੋਂ ਬਾਅਦ ਇਕ ਬੇਨਤੀ ਕੀਤੀ। ਉਹ ਬੇਨਤੀ ਕੀ ਸੀ ?

ਕਹਿਣ ਲੱਗੇ, "ਗੁਰੂ ਪਿਆਰੀ ਸਾਧ ਸੰਗਤ ਜੀ ਅਸੀਂ ਮਹਿਤਾ ਨਗਰ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਉਤੇ ਗੁਰਦੁਆਰਾ "ਗੁਰਦਰਸ਼ਨ ਪ੍ਰਕਾਸ਼' ਦੀ ਉਸਾਰੀ ਕਰਵਾ ਰਹੇ ਹਾਂ, (ਕਿਉਂਕਿ ਉਸ ਸਮੇਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਚੱਲ ਰਹੀ ਸੀ) ਸਾਧ ਸੰਗਤ ਜੀ, ਮੇਰੇ ਮਨ ਦੀ ਇੱਛਾ ਹੈ ਕਿ 'ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼' ਉੱਪਰ ਸਾਰੀ ਸੰਗਤ ਵੱਲੋਂ ਤਿੱਲ ਫੁੱਲ ਭੇਟਾ ਜ਼ਰੂਰ ਲੱਗੇ। ਇਸ ਲਈ ਅਸੀਂ ਚਾਦਰ ਵਿਛਾ ਰਹੇ ਹਾਂ, ਆਪ ਸਭ ਆਪਣੀ ਸ਼ਰਧਾ ਅਤੇ ਭਾਵਨਾ ਦੇ ਨਾਲ ਜੋ ਵੀ ਤਿੱਲ ਫੁੱਲ ਭੇਟਾ ਦੇਣੀ ਚਾਹੋ ਤਾਂ ਦੇ ਦਿਉ।" ਚਾਦਰ ਵਿਛਾਈ ਗਈ, ਸਾਰੀ ਸੰਗਤ ਨੇ ਆਪਣੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਮਾਇਆ ਰੱਖੀ। ਜਦੋਂ ਸਾਰੀ ਸੰਗਤ ਨੇ ਮਾਇਆ ਚਾਦਰ ਉੱਤੇ ਰੱਖ ਦਿੱਤੀ ਤਾਂ ਖ਼ਾਲਸਾ ਜੀ ਫਿਰ ਖੜੇ ਹੋਏ ਅਤੇ ਆਪਣੇ ਦੋਵੇਂ ਹੱਥ ਜੋੜ ਕੇ ਕਹਿਣ ਲੱਗੇ, "ਸਾਧ ਸੰਗਤ ਜੀ ! ਆਪ ਜੀ ਦਾ ਬਹੁਤ-ਬਹੁਤ ਧੰਨਵਾਦ, ਆਪ ਜੀ ਨੇ ਦਾਸ ਦੀ ਬੇਨਤੀ ਨੂੰ ਸਵੀਕਾਰ ਕੀਤਾ ਤੇ ਆਪਣੀ-ਆਪਣੀ ਸ਼ਰਧਾ ਦੇ ਅਨੁਸਾਰ ਮਾਇਆ ਭੇਟਾ ਕੀਤੀ ਹੈ" ਜਦੋਂ ਉਹਨਾਂ ਨੇ ਅਗਲੀ ਗੱਲ ਕੀਤੀ ਤਾਂ ਕਮਾਲ ਦੀ ਗੱਲ ਕਰ ਗਏ, ਕਿਉਂਕਿ ਇਥੋਂ ਤੱਕ ਤਾਂ ਇਕ ਆਮ ਗੱਲ ਸੀ। ਸੰਤ ਜੀ ਕਹਿਣ ਲੱਗੇ, "ਸਾਧ ਸੰਗਤ ਜੀ ! ਆਪ ਨੇ ਮਾਇਆ ਭੇਟ ਕੀਤੀ ਆਪ ਜੀ ਦਾ ਬਹੁਤ-ਬਹੁਤ ਧੰਨਵਾਦ, ਹੁਣ ਮੇਰੀ ਆਪ ਜੀ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਅਸੀਂ ਗੁਰਦੁਆਰਾ 'ਗੁਰ-ਦਰਸ਼ਨ ਪ੍ਰਕਾਸ਼' ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ 'ਤੇ ਬਣਵਾ ਰਹੇ ਹਾਂ ਤੇ ਦਾਸ ਦੀ ਖ਼ਾਹਿਸ਼ ਹੈ ਕਿ ਇਸ ਗੁਰਦੁਆਰਾ ਸਾਹਿਬ ਉੱਪਰ ਕਿਸੇ ਸ਼ਰਾਬੀ

ਜਾਂ ਨਸ਼ੇ ਕਰਨ ਵਾਲੇ ਦੀ ਮਾਇਆ ਨਾ ਲੱਗੇ, ਤੁਹਾਡੇ ਵਿਚੋਂ ਜੋ ਵੀ ਕੋਈ ਸ਼ਰਾਬ ਪੀਂਦਾ ਹੈ ਜਾਂ ਕੋਈ ਨਸ਼ਾ ਕਰਦਾ ਹੈ ਤਾਂ ਉਸ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਉਹ ਆਪ ਆ ਕੇ ਆਪਣੀ ਮਾਇਆ ਚੁੱਕ ਲਵੇ।"

ਅੱਜ ਹੈ ਕੋਈ ਐਸਾ ਪ੍ਰਚਾਰਕ ? ਅੱਜ ਹੈ ਕਿਧਰੇ ਕੋਈ ਐਸੀ ਗੱਲ ਕਿੱਧਰੇ ? ਝਾਤੀ ਮਾਰ ਕੇ ਦੇਖਿਓ, ਆਪਣੇ ਆਲੇ ਦੁਆਲੇ। ਜਦੋਂ ਹੁਣ ਇੰਨੀ ਗੱਲ ਕਹੀ ਤਾਂ ਕਿਸੇ ਦੀ ਵੀ ਹਿੰਮਤ ਨਹੀਂ ਪੈ ਰਹੀ ਅੱਗੇ ਆਉਣ ਦੀ। ਉਨ੍ਹਾਂ ਫਿਰ ਆਖਿਆ, "ਮੈਂ ਦੋਵੇਂ ਹੱਥ ਜੋੜ ਕੇ ਗੁਰੂ ਗ੍ਰੰਥ ਸਾਹਿਬ ਦਾ ਵਾਸਤਾ ਪਾ ਕੇ ਫਿਰ ਬੇਨਤੀ ਕਰਦਾ ਹਾਂ, ਜੇ ਕੋਈ ਸ਼ਰਾਬ ਦਾ ਸੇਵਨ ਕਰਦਾ ਹੈ ਜਾਂ ਕੋਈ ਹੋਰ ਨਸ਼ਾ ਕਰਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਦਾ ਵਾਸਤਾ ਜੇ ਆਪਣੀ ਮਾਇਆ ਚੁੱਕ ਲਉ।"

ਖ਼ਿਆਲ ਕਰਿਉ ! ਜੇਕਰ ਸਿੱਖ ਨੂੰ ਗੁਰੂ ਦਾ ਵਾਸਤਾ ਪਾ ਕੇ ਕੋਈ ਗੱਲ ਕਹੀ ਜਾਵੇ ਤਾਂ ਅੰਦਰ ਝੰਜੋੜਿਆ ਜਾਂਦਾ ਹੈ। ਹੁਣ ਸੰਗਤ ਵਿਚੋਂ ਪੰਜ-ਸੱਤ ਸਰੀਰ ਖੜੇ ਹੋਏ ਤੇ ਹੱਥ ਜੋੜ ਕੇ ਕਹਿਣ ਲੱਗੇ, "ਅਸੀਂ ਇਕ ਗੁਨਾਹ ਤਾਂ ਕਰਦੇ ਹੀ ਹਾਂ, ਨਸ਼ਿਆਂ ਵਿਚ ਗ੍ਰਸਤ ਹਾਂ। ਕ੍ਰਿਪਾ ਕਰ ਕੇ ਸਾਡੇ ਪਾਸੋਂ ਦੂਸਰਾ ਗੁਨਾਹ ਨਾ ਕਰਵਾਉ। ਸਾਡੇ ਵੱਲੋਂ ਦਿੱਤੀ ਹੋਈ ਮਾਇਆ ਸਾਡੇ ਕੋਲੋਂ ਚੁਕਵਾ ਰਹੇ ਹੋ, ਇਹ ਦੂਸਰਾ ਗੁਨਾਹ ਸਾਡੇ ਕੋਲੋਂ ਨਾ ਕਰਵਾਉ।" ਫਿਰ ਖ਼ਾਲਸਾ ਜੀ ਕਹਿਣ ਲੱਗੇ, "ਫਿਰ ਤੁਸੀਂ ਦੋਹਾਂ ਵਿਚੋਂ ਇਕ ਚੀਜ਼ ਚੁਣ ਲਵੋ, ਜਾਂ ਆਪਣੀ ਮਾਇਆ ਚੁੱਕ ਲਵੋ ਜਾਂ ਫਿਰ ਨਸ਼ੇ ਛੱਡਣ ਦਾ ਪ੍ਰਣ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋ ਕੇ ਕਰ ਲਉ।" ਭਰੀ ਸੰਗਤ ਵਿਚ ਉਹਨਾਂ ਸਰੀਰਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਪ੍ਰਣ ਕੀਤਾ ਕਿ ਅੱਜ ਤੋਂ ਬਾਅਦ ਉਹ ਨਸ਼ੇ ਨਹੀਂ ਕਰਨਗੇ।

ਅੱਜ ਕਿਧਰੇ ਹੈ ਕੋਈ ਐਸੀ ਜੀਵਨ ਜਾਚ ਸਿਖਾਉਣ ਵਾਲਾ ? ਅੱਜ ਜੇ ਮੈਂ ਇਹ ਵੀ ਕਹਿ ਦੇਵਾਂ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਅੱਜ ਗੁਰੂ ਨਾਨਕ ਦੇ ਘਰ ਅੰਦਰ ਭਾਈ ਲਾਲੋ ਨੂੰ ਗੁਰਦੁਆਰਿਆਂ ਦੇ ਅੰਦਰ ਕੋਈ ਨਹੀਂ ਪੁੱਛਦਾ, ਉੱਪਰ ਤੋਂ ਲੈ ਕੇ ਹੇਠਾਂ ਤੱਕ ਝਾਤੀ ਮਾਰ ਕੇ ਵੇਖ ਲਓ, ਮਲਕ ਭਾਗੋ ਹੀ ਸਤਿਕਾਰੇ ਜਾਂਦੇ ਹਨ, ਅੱਜ ਭਾਈ ਲਾਲੋ ਨੂੰ ਕੌਣ ਸਿਰਪਾਉ ਦਿੰਦਾ ਹੈ। ਅੱਜ ਤਾਂ ਮਲਕ ਭਾਗੋ ਨੂੰ ਸਿਰਪਾਉ ਦੇ ਕੇ ਨਿਵਾਜਿਆ ਜਾਂਦਾ ਹੈ। ਅੱਜ ਭਾਈ ਲਾਲੋ ਕਿੱਥੇ ਜਾ ਕੇ ਖੜਾ ਹੋ ਗਿਆ। ਗੁਰੂ ਨਾਨਕ ਸਾਹਿਬ ਤਾਂ ਮਲਕ ਭਾਗੋ ਦੇ ਪਕਵਾਨ ਛੱਡ ਕੇ ਭਾਈ ਲਾਲੋ ਦੇ ਘਰ ਕੋਧਰੇ ਦੀ ਰੋਟੀ ਨੂੰ ਪਰਵਾਨ ਕਰਦੇ ਨੇ। ਮਲਕ ਭਾਗੋ ਗੁਰੂ ਨਾਨਕ ਸਾਹਿਬ ਨੂੰ ਆਖਦਾ ਹੈ, "ਆਹ ਛੱਤੀ ਪ੍ਰਕਾਰ ਦੇ ਸਵਾਦਲੇ ਪਕਵਾਨ ਛੱਡ ਕੇ ਬਾਬਾ ਨਾਨਕ ਜੀ ਤੁਸੀਂ ਕੋਧਰੇ ਦੀ ਰੋਟੀ ਖਾਣ ਚੱਲੇ ਹੋ। ਆਹ ਵੇਖੋ ਸਭ ਮਾਈ ਭਾਈ ਚਟਖਾਰੇ ਲੈ-ਲੈ ਕੇ ਖਾ ਰਹੇ ਹਨ, ਤੁਹਾਨੂੰ ਕੁਝ ਨਹੀਂ ਹੁੰਦਾ, ਤੁਸੀਂ ਵੀ ਖਾ ਲਓ।"

ਤੇ ਮੇਰੇ ਗੁਰੂ ਨਾਨਕ ਜੀ ਨੇ ਜੋ ਜੁਆਬ ਦਿੱਤਾ ਸੀ, ਉਹ ਜਨਮ ਸਾਖੀ ਵਿਚ ਲਿਖਿਆ ਹੈ "ਮਾਲਕ ਭਾਗੋ ! ਕਿੱਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ, ਪਰ ਜਦੋਂ ਬੀਜ ਧਰਤੀ ਵਿਚ ਬੀਜ ਦੇਈਏ ਤਾਂ ਕੰਡੇ ਆਪੇ ਹੀ ਸੂਲਾਂ ਬਣ ਕੇ ਉੱਗ ਆਉਂਦੇ ਹਨ। ਇਹ ਤੇਰੇ ਛੱਤੀ ਪ੍ਰਕਾਰ ਦੇ ਸੁਆਦਲੇ ਪਕਵਾਨ, ਗ਼ਰੀਬਾਂ ਦਾ ਖ਼ੂਨ ਚੂਸ-ਚੂਸ ਕੇ ਕਮਾਈ ਹੋਈ ਦੌਲਤ ਨਾਲ ਬਣਾਏ ਹੋਏ ਪਕਵਾਨ, ਖਾਣ ਨੂੰ ਜ਼ਰੂਰ ਸੁਆਦਲੇ ਲੱਗਦੇ ਨੇ, ਪਰ ਜਦੋਂ ਇਹ ਪਕਵਾਨ ਨਿਰਮਲ ਹਿਰਦਿਆਂ ਵਾਲੇ ਖਾਂਦੇ ਹਨ ਉਦੋਂ ਉਹਨਾਂ ਦੀ ਬਿਰਤੀ ਉਖੜ ਜਾਂਦੀ ਹੈ।"

ਅਗਲੀ ਗੱਲ ਗੁਰੂ ਸਾਹਿਬ ਨੇ ਮਲਕ ਭਾਗੋ ਨੂੰ ਆਖੀ ਸੀ, "ਮਲਕ ਭਾਗੋ ! ਕਿਸ ਦਾ ਚਿੱਤ ਕਰੇਗਾ ਕਿ ਉਹ ਛੱਤੀ ਪ੍ਰਕਾਰ ਦੇ ਪਕਵਾਨ ਛੱਡ ਕੇ ਕੋਧਰੇ ਦੀ ਰੋਟੀ ਖਾਵੇ, ਪਰ ਕੌਣ ਇਹ ਖੰਡ ਵਿਚ ਲਪੇਟਿਆ ਜ਼ਹਿਰ ਖਾਵੇ।"

ਅੱਜ ਜ਼ਰਾ ਝਾਤੀ ਮਾਰਿਓ ਕਿ ਸਾਡੇ ਗੁਰਦੁਆਰਿਆਂ ਰਾਹੀਂ ਜੋ ਗੁਰਮਤਿ ਦਾ ਪ੍ਰਚਾਰ ਅਤੇ ਗੁਰਮਤਿ ਦਾ ਪ੍ਰਸਾਰ ਤਸੱਲੀਬਖ਼ਸ਼ ਨਹੀਂ ਹੋ ਰਿਹਾ, ਕਿੱਧਰੇ ਇਹ ਮਲਕ ਭਾਗੋ ਦੀ ਕਮਾਈ ਤਾਂ ਅੱਗੇ ਨਹੀਂ ਆ ਰਹੀ। ਆਹ ਸਾਡੇ ਲੰਗਰਾਂ ਵਿਚ ਕਿਧਰੇ ਮਲਕ ਭਾਗੋ ਤਾਂ ਨਹੀਂ ਵਰਤ ਰਿਹਾ ? ਅੱਜ ਲਾਲੋ ਨੂੰ ਅੱਗੇ ਲਿਆਉਣਾ ਪਵੇਗਾ, ਅੱਜ ਲੋੜ ਹੈ ਕਿ ਭਾਈ ਲਾਲੋ ਬਿਰਤੀ ਵਾਲੇ ਹਿਰਦੇ ਸਤਿਕਾਰੇ ਜਾਣ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

(ਸਿਰੀ ਰਾਗ ਮਹਲਾ ੧-੧੫)

ਅੱਜ ਵੱਡੀ ਗਿਣਤੀ ਦੇ ਗੁਰਦੁਆਰਿਆਂ ਵਿਚ ਭਾਈ ਲਾਲੋ ਨੂੰ ਕੋਈ ਨਹੀਂ ਪੁੱਛਦਾ। ਅੱਜ ਤਾਂ ਲਾਲੋ ਦੀ ਧੀ ਦਾ ਵਿਆਹ ਵੀ ਮੁਸ਼ਕਿਲ ਹੋ ਗਿਆ ਹੈ। ਗੁਰੂ ਅਮਰਦਾਸ ਜੀ ਨੇ ਬਾਣੀ ਵਿਚ ਫ਼ੁਰਮਾਇਆ ਹੈ :

ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥
ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥

(ਆਸਾ ਮਹਲਾ ੩-੪੩੫)

ਇਹ ਖ਼ਿਆਲ ਕਰਿਉ, ਧੀਆਂ ਸਭ ਦੀਆਂ ਸਾਂਝੀਆਂ ਹਨ ਅਤੇ ਅੱਜ ਧੀਆਂ ਦਾ ਧਨ ਵੀ ਖਾਧਾ ਜਾ ਰਿਹਾ ਹੈ। ਅੱਜ ਭਾਈ ਲਾਲੋ ਦੀ ਧੀ ਦਾ ਅਨੰਦ ਕਾਰਜ ਸ਼ਾਇਦ ਗੁਰਦੁਆਰਾ ਸਾਹਿਬ ਵਿਚ ਨਾ ਹੋ ਸਕੇ, ਕਿਥੇ ਖੜੇ ਹੋਵਾਂਗੇ ਜਾ ਕੇ ਅਸੀਂ ? ਜ਼ਰਾ ਝਾਤੀ ਮਾਰ ਕੇ ਦੇਖਣਾ ਪਵੇਗਾ ਸਾਨੂੰ।

ਜੋਗੀ ਅੱਲ੍ਹਾ ਯਾਰ ਖ਼ਾਂ ਦੀ ਕਲਮ ਮਾਤਾ ਗੁਜਰੀ ਜੀ ਅਤੇ ਗੰਗੂ ਦੀ ਵਾਰਤਾਲਾਪ ਨੂੰ ਅੱਗੇ ਲਿਖਦੀ ਹੈ : ਹੇ ਗੰਗੂ ! ਤੂੰ ਇਹ ਖ਼ਜ਼ਾਨਾ ਮੇਰੇ ਤੋਂ ਮੰਗ ਲੈਂਦਾ ਤਾਂ ਚੰਗੀ ਗੱਲ ਸੀ, ਪਰ ਤੂੰ ਚੋਰੀ ਕੀਤਾ ਹੈ ਤੇ ਇਹ ਖ਼ਜ਼ਾਨਾ ਤੇਰੇ ਲਈ ਹਰਾਮ ਹੋ ਗਿਆ ਹੈ।

ਜਿਸ ਘਰ ਕਾ ਤੂ ਗ਼ੁਲਾਮ ਥਾ ਉਸ ਸੇ ਦਗਾ ਕੀਯਾ।
ਲਾ ਕਰ ਕੇ ਘਰ ਮੇਂ ਕਾਮ ਯਿਹ ਕਯਾ ਬੇਵਫ਼ਾ ਕੀਯਾ।

ਹੇ ਗੰਗੂ ! ਤੂੰ ਦਗਾ ਕਿਸ ਨਾਲ ਕਮਾਇਆ, ਜਿਸ ਘਰ ਦਾ ਤੂੰ ਨਮਕ ਖਾਧਾ ਹੈ, ਉਸ ਘਰ ਨਾਲ ਤੂੰ ਦਗਾ ਕਮਾਇਆ ਹੈ। ਕਮਲਿਆ ! ਤੂੰ ਮਾਂ ਗੁਜਰੀ ਦੇ ਹਿਰਦੇ ਨੂੰ ਸਮਝ ਨਾ ਸਕਿਆ। ਗੰਗੂ ! ਤੇਰੀਆਂ ਅੱਖਾਂ ਦੇ ਸਾਹਮਣੇ ਤਾਂ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਭ ਕੁਝ ਵਾਪਰਦਾ ਰਿਹਾ ਹੈ, ਪਰ ਤੈਨੂੰ ਮਾਂ ਗੁਜਰੀ ਦੇ ਹਿਰਦੇ ਦੀ ਸਮਝ ਨਾ ਪਈ।

ਜ਼ਰ ਕੇ ਲੀਏ ਸਵਾਲ ਨਾ ਕਯੋਂ ਬਰਮਲਾ ਕੀਯਾ।
ਹਮ ਸੇ ਤੋ ਜਿਸ ਨੇ ਭੀ ਮਾਂਗਾ ਅਤਾ ਕੀਯਾ।

ਮਾਂ ਗੁਜਰੀ ਜੀ ਕਹਿੰਦੇ ਹਨ ਕਿ ਮੇਰੇ ਕੋਲੋਂ ਤਾਂ ਜਿਸ ਨੇ ਜੋ ਵੀ ਮੰਗਿਆ ਹੈ ਮੈਂ ਦਿੱਤਾ। ਕੀ ਤੈਨੂੰ ਮੇਰੇ 'ਤੇ ਭਰੋਸਾ ਨਹੀਂ ਸੀ।

ਇਥੇ ਬਾਲਾ ਪ੍ਰੀਤਮ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਬੜੀ ਪਿਆਰੀ ਗੱਲ ਯਾਦ ਆਈ। ਦਾਸ ਆਪ ਜੀ ਨਾਲ ਸਾਂਝੀ ਕਰਨੀ ਚਾਹੇਗਾ। ਪਟਨੇ ਦੀ ਧਰਤੀ 'ਤੇ ਰਾਜਾ ਫ਼ਤਹਿ ਚੰਦ ਮੈਣੀ ਦੀ ਰਾਣੀ ਬਾਲਾ ਪ੍ਰੀਤਮ ਨੂੰ ਵੇਖਦੀ ਹੈ। ਉਸ ਦੇ ਮਨ ਵਿਚੋਂ ਲਾਲਸਾ ਜਾਗਦੀ ਹੈ ਕਿ ਕਿਧਰੇ ਮੇਰੇ ਘਰ ਵਿਚ ਵੀ ਐਸਾ ਪੁੱਤਰ ਪੈਦਾ ਹੋ ਜਾਵੇ। ਕਲਗੀਧਰ ਬਾਲਾ ਪ੍ਰੀਤਮ ਇਕ ਦਿਨ ਆਪਣੇ ਸਾਥੀਆਂ ਦੇ ਨਾਲ ਖੇਡਦੇ-ਖੇਡਦੇ ਰਾਜਾ ਫ਼ਤਹਿ ਚੰਦ ਮੈਣੀ ਦੀ ਰਾਣੀ ਦੀ ਗੋਦ ਵਿਚ ਬੈਠ ਕੇ ਮਾਂ-ਮਾਂ ਕਰ ਕੇ ਸੰਬੋਧਨ ਕਰਨ ਲੱਗ ਪਏ। ਰਾਣੀ ਨਿਹਾਲ ਹੋ ਗਈ। ਵਾਰਤਾਲਾਪ ਹੋਈ। ਬਾਲਾ ਪ੍ਰੀਤਮ ਜੀ ਕਹਿਣ ਲੱਗੇ "ਜਿੰਨਾ ਪਿਆਰ ਤੇ ਸਤਿਕਾਰ ਮੇਰੇ ਮਨ ਵਿਚ ਮਾਂ ਗੁਜਰੀ ਨਾਲ ਹੈ, ਅੱਜ ਤੋਂ ਬਾਅਦ ਓਨਾ ਹੀ ਪਿਆਰ ਸਤਿਕਾਰ ਮੈਂ ਆਪ ਜੀ ਨੂੰ ਵੀ ਦਿਆਂਗਾ।" ਮਾਂ ਗੁਜਰੀ ਜੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਸੀ ਤਾਂ ਮਾਂ ਗੁਜਰੀ ਜੀ ਨੇ ਬਾਲਾ ਪ੍ਰੀਤਮ ਨੂੰ ਇਕ ਸਵਾਲ ਕੀਤਾ, "ਪੁੱਤਰ ਜੀ ! ਇਹ ਕਿਵੇਂ ਹੋਵੇਗਾ ਕਿ ਪੁੱਤਰ ਇਕ ਤੇ ਮਾਵਾਂ ਦੋ ?" ਬਾਲਾ ਪ੍ਰੀਤਮ ਜੀ ਨੇ ਆਖਿਆ, "ਮਾਤਾ ਜੀ ! ਇਹ ਉਸੇ ਤਰ੍ਹਾਂ ਹੀ ਹੋ ਸਕਦਾ ਹੈ ਜਿਵੇਂ ਅੱਖਾਂ ਦੋ ਤੇ ਨਜ਼ਰ ਇਕ। ਇਸੇ ਤਰ੍ਹਾਂ ਮਾਵਾਂ ਦੋ ਤੇ ਪੁੱਤਰ ਇਕ।" ਇਹ ਨੇ ਬਾਲਾ ਪ੍ਰੀਤਮ ਦੇ ਪਿਆਰ ਦੀਆਂ ਗੱਲਾਂ।

ਮਾਂ ਗੁਜਰੀ ਜੀ ਨੇ ਤਾਂ ਰਾਜਾ ਫ਼ਤਹਿ ਚੰਦ ਮੈਣੀ ਦੀ ਰਾਣੀ ਨਾਲ ਆਪਣਾ ਪੁੱਤਰ ਵੀ ਵੰਡ ਲਿਆ ਸੀ ਤੇ ਹੋਰ ਕੀ ਵੰਡਿਆ ਮਾਂ ਗੁਜਰੀ ਨੇ, ਜੋਗੀ ਜੀ ਦੇ ਖ਼ਿਆਲਾਤ ਨੇ :

ਮਾਤਾ ਹੂੰ ਕਲਗੀਧਰ ਕੀ, ਤੁਝੇ ਕਿਆ ਖ਼ਬਰ ਨ ਥੀ।

ਤੇਰੀ ਤਰਹ ਤੋ ਮੁਝ ਕੋ ਜਰਾ ਜਿਰ ਹਿਰਸਿ ਜ਼ਰ ਨ ਥੀ।

ਵਾਹਿਗੁਰੂ ਕੇ ਨਾਮ ਪੇ, ਮਾਲੋ ਜਰ ਭੀ ਦੂੰ।

ਖਲਕਤ ਕੇ ਫ਼ਾਇਦੇ ਕੋ, ਲੁਟਾ ਆਪਣਾ ਘਰ ਭੀ ਦੂੰ।

ਮਾਤਾ ਗੁਜਰੀ ਜੀ ਕਹਿੰਦੇ ਕਿ ਗੰਗੂ ਤੈਨੂੰ ਪਤਾ ਨਹੀਂ, ਮੈਂ ਕਲਗੀਧਰ ਦੀ ਮਾਂ ਹਾਂ। ਤੈਨੂੰ ਤਾਂ ਮਾਇਆ ਦਾ ਲੋਭ ਲਾਲਚ ਹੈ, ਪਰ ਕਲਗੀਧਰ ਦੀ ਮਾਂ ਨੂੰ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਮਹਿਲਾਂ ਨੂੰ ਮਾਇਆ ਦਾ ਕੋਈ ਲੋਭ ਲਾਲਚ ਨਹੀਂ ਹੈ। ਮੈਂ ਤਾਂ ਵਾਹਿਗੁਰੂ ਜੀ ਦੇ ਨਾਮ ਤੋਂ ਆਪਣਾ ਸਭ ਕੁਝ ਦੇ ਦਿੰਦੀ। ਇਹ ਇਸ਼ਾਰਾ ਹੈ ਕਿ ਉਹਨਾਂ ਨੇ ਖਲਕਤ ਦੇ ਫ਼ਾਇਦੇ ਲਈ ਦਿੱਲੀ ਵਿਚ ਆਪਣੇ ਪਤੀ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦੇ ਦਿਤੀ, ਆਪਣੇ ਨਿਜੀ ਫ਼ਾਇਦੇ ਲਈ ਨਹੀਂ ਦਿੱਤੀ।

ਪਹਿਲੇ ਜਾਮੇ ਵਿਚ, ਗੁਰੂ ਨਾਨਕ ਦੇਵ ਪਾਤਸ਼ਾਹ ਨੂੰ 10 ਸਾਲ ਦੀ ਉਮਰ ਵਿਚ ਪੰਡਿਤ ਹਰਦਿਆਲ ਜਨੇਊ ਪਾਉਣਾ ਚਾਹੁੰਦਾ ਹੈ ਤੇ ਗੁਰੂ ਨਾਨਕ ਸਾਹਿਬ ਕਹਿ ਰਹੇ ਹਨ ਕਿ ਮੈਂ ਜਬਰੀ ਜਨੇਊ ਪਾਉਣ ਨਹੀਂ ਦੇਣਾ ਤੇ ਉਹੀ ਗੁਰੂ ਨਾਨਕ ਸਾਹਿਬ ਆਪਣੇ ਨੌਵੇਂ ਜਾਮੇ ਵਿਚ ਇਹ ਗੱਲ ਕਹਿ ਰਹੇ ਹਨ ਕਿ ਮੈਂ ਜਬਰੀ ਜਨੇਊ ਲਾਹੁਣ ਨਹੀਂ ਦੇਣਾ ਤੇ ਤਿਲਕ ਜੰਞੂ ਦੀ ਰਖਵਾਲੀ ਲਈ ਨੌਵੇਂ ਜਾਮੇ ਵਿਚ ਸ਼ਹਾਦਤ ਦਾ ਜਾਮ ਪੀ ਗਏ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥

(ਬਚਿਤ੍ਰ ਨਾਟਕ)

ਇਸ ਦੇ ਵਿਚ ਰਮਜ਼ ਕੀ ਹੈ ?

ਪਹਿਲੇ ਜਾਮੇ ਵਿਚ ਜੰਞੂ ਪਾਉਣ ਤੋਂ ਇਨਕਾਰ ਕੀਤਾ ਜਾਂਦਾ ਹੈ ਅਤੇ ਨੌਵੇਂ ਜਾਮੇ ਵਿਚ ਉਸੇ ਹੀ ਜੰਞੂ ਨੂੰ ਜਬਰੀ ਲਾਹੁਣ ਦੇ ਵਿਰੋਧ ਵਿਚ ਸ਼ਹਾਦਤ ਦਿੱਤੀ ਜਾਂਦੀ ਹੈ। ਇਸ ਦੇ ਵਿਚ ਰਮਜ਼ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜ਼ਬਰਦਸਤੀ ਜਨੇਊ ਪਾਉਣ ਨਹੀਂ ਦੇਣਾ ਤੇ ਨੌਵੇਂ ਜਾਮੇ ਵਿਚ ਗੁਰੂ ਤੇਗ਼ ਬਹਾਦਰ ਜੀ ਕਹਿ ਰਹੇ ਹਨ ਕਿ ਮੈਂ ਜ਼ਬਰਦਸਤੀ ਜਨੇਊ ਲਾਹੁਣ ਨਹੀਂ ਦੇਣਾ। ਇਹ ਹਨ ਮੇਰੇ ਗੁਰੂ ਨਾਨਕ ਸਾਹਿਬ ਦੇ ਘਰ ਦੀਆਂ ਨਿਵੇਕਲੀਆਂ ਬਾਤਾਂ।

ਇਹ ਧਰਮ ਦੀ ਸੁਤੰਤਰਤਾ ਦੀਆਂ ਬਾਤਾਂ ਨੇ।

ਇਹ ਧਰਮ ਦੇ ਇਤਿਹਾਸ ਦੀਆਂ ਬਾਤਾਂ ਨੇ।

ਇਹ ਗੱਲ ਵੱਖਰੀ ਹੈ ਕਿ ਅੱਜ ਅਕ੍ਰਿਤਘਣ ਲੋਕ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਭੁੱਲ ਗਏ ਹਨ। ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸੰਨ 1675 ਈਸਵੀ ਵਿਚ ਜਦੋਂ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਜੀਊਂਦੇ ਹੀ ਅੱਗ ਨਾਲ ਸਾੜਿਆ ਗਿਆ ਸੀ, ਤਾਂ ਉਸ ਸਮੇਂ ਦਿੱਲੀ ਦੇ ਤਮਾਸ਼ਬੀਨਾਂ ਨੇ ਤਾੜੀਆਂ ਮਾਰੀਆਂ ਸਨ ਤੇ ਕਹਿੰਦੇ ਸੀ "ਦੇਖੋ ਸਿਖੜਾ ਨਾਚ ਕਰਤਾ ਹੈ।" ਉਸ ਤੋਂ ਠੀਕ 309 ਸਾਲ ਬਾਅਦ 1984 ਈਸਵੀ ਵਿਚ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ-ਪਾ ਕੇ ਜੀਉਂਦੇ ਜੀਅ ਅੱਗ ਲਾ ਕੇ ਸਾੜ ਦਿੱਤੇ ਗਏ। ਤਮਾਸ਼ਬੀਨਾ ਨੇ ਉਸੇ ਦਿਲੀ ਸ਼ਹਿਰ ਵਿਚ, ਜਿਨ੍ਹਾਂ ਲਈ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਉਹਨਾਂ ਦੇ ਧਰਮ ਦੀ ਸੁਤੰਤਰਤਾ ਦੀ ਰਖਵਾਲੀ ਕੀਤੀ, ਫਿਰ ਤਾੜੀਆਂ ਮਾਰਦੇ ਹੋਏ ਕਿਲਕਾਰੀਆਂ ਮਾਰੀਆਂ 'ਦੇਖੋ ਸਿਖੜਾ ਕੈਸੇ ਨਾਚ ਕਰਤਾ ਹੈ।" ਅਕ੍ਰਿਤਘਣਤਾ ਦਾ ਇਸ ਤੋਂ ਵੱਡਾ ਸਬੂਤ ਕੀ ਹੋਵੇਗਾ ?

ਉਸ ਸਮੇਂ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੇਕਰ ਆਪਣੀ ਸ਼ਹਾਦਤ ਨਾ ਦਿੰਦੇ ਤਾਂ ਸ਼ਾਇਦ ਅੱਜ ਹਿੰਦੁਸਤਾਨ ਦੀ ਧਰਤੀ ਦਾ ਇਤਿਹਾਸ ਹੀ ਹੋਰ ਹੁੰਦਾ। ਹਿੰਦੁਸਤਾਨ ਦੀ ਧਰਤੀ 'ਤੇ ਫਿਰ ਕੀ ਹੁੰਦਾ ? ਅੱਜ ਬੁੱਲ੍ਹੇ ਸ਼ਾਹ ਦੇ ਉਹ ਬਚਨ ਸੱਚ ਸਾਬਤ ਹੋਏ ਹੁੰਦੇ, ਕਿਹੜੇ ?

ਨਾ ਬਾਤ ਕਹੂੰ ਅਬ ਕੀ, ਨਾ ਬਾਤ ਕਹੂੰ ਤਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਤੋ ਸੁੰਨਤ ਹੋਤੀ ਸਭ ਕੀ।

ਜੇਕਰ ਗੁਰੂ ਗੋਬਿੰਦ ਸਿੰਘ ਜੀ 9 ਸਾਲ ਦੀ ਉਮਰ ਵਿਚ ਪਹਿਲਾ ਕਦਮ ਆਪਣੇ ਪਿਤਾ ਜੀ ਦੀ ਸ਼ਹਾਦਤ ਵਾਲਾ ਨਾ ਪੁੱਟਦੇ ਤਾਂ ਅੱਜ ਹਿੰਦੁਸਤਾਨ ਵਿਚ ਧਰਮ ਦੀ ਆਜ਼ਾਦੀ ਨਾ ਬਚੀ ਹੁੰਦੀ। ਪਰ ਅਕ੍ਰਿਤਘਣਤਾ ਦਾ ਇਸ ਤੋਂ ਵੱਡਾ ਕੀ ਸਬੂਤ ਹੋ ਸਕਦਾ ਹੈ ਕਿ 309 ਸਾਲ ਬਾਅਦ ਉਹੀ ਲੋਕ ਤਾੜੀਆਂ ਮਾਰ ਕੇ ਹੱਸਦੇ ਹੋਏ ਕਹਿੰਦੇ ਨੇ ਕਿ, 'ਦੇਖੋ ਸਿੱਖੜਾ ਕੈਸੇ ਨਾਚ ਕਰਤਾ ਹੈ।"

ਭਾਈ ਗੁਰਦਾਸ ਜੀ ਦੇ ਬਚਨ ਇਥੇ ਬਹੁਤ ਚੇਤੇ ਆਉਂਦੇ ਹਨ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜਦੋਂ ਧਰਤੀ ਦੀ ਕੂਕ ਪੁਕਾਰ ਅਕਾਲ ਪੁਰਖ ਨੇ ਸੁਣੀ ਤਾਂ ਪੁੱਛਿਆ ਕਿ ਤੈਨੂੰ ਕੀ ਗੱਲ ਹੈ, ਕਿਸ ਗੱਲ ਦਾ ਦੁੱਖ ਹੈ ? ਤਾਂ ਧਰਤੀ ਨੇ ਕਿਹਾ ਕਿ ਮੇਰੇ 'ਤੇ ਭਾਰ ਬਹੁਤ ਵੱਧ ਗਿਆ ਹੈ। ਬੜਾ ਸੁੰਦਰ ਚਿਤਰਨ ਹੈ ਇਸ ਖ਼ਿਆਲ ਦਾ।

ਅਕਾਲ ਪੁਰਖ ਨੇ ਕਿਹਾ ਕਿ ਤੇਰੇ 'ਤੇ ਪਹਾੜਾਂ ਦਾ ਭਾਰ ਵੱਧ ਗਿਆ ਹੈ ਤਾਂ ਮੈਂ ਪਹਾੜ ਚੁੱਕ ਲਵਾਂ, ਤੈਨੂੰ ਬਨਸਪਤੀ ਦਾ ਭਾਰ ਲੱਗਦਾ ਹੈ, ਉਹ ਚੁੱਕ ਲਵਾਂ ? ਤੈਨੂੰ ਜੀਵ ਜੰਤੂਆਂ ਦਾ ਭਾਰ ਲੱਗਦਾ ਹੈ, ਉਹ ਚੁੱਕ ਦਿਆਂ ? ਤਾਂ ਧਰਤੀ ਕਹਿਣ ਲੱਗੀ

ਕਿ ਇਨ੍ਹਾਂ ਵਿਚੋਂ ਮੈਨੂੰ ਕਿਸੇ ਦਾ ਵੀ ਭਾਰ ਨਹੀਂ ਲੱਗਦਾ। ਤਾਂ ਅਕਾਲ ਪੁਰਖ ਨੇ ਪੁੱਛਿਆ ਕਿ ਫਿਰ ਤੈਨੂੰ ਕਿਸ ਦਾ ਭਾਰ ਲੱਗਦਾ ਹੈ, ਤਾਂ ਧਰਤੀ ਨੇ ਜੁਆਬ ਦਿੱਤਾ ਸੀ:

ਭਾਰੇ ਭੁਈ ਅਕਿਰਤਘਣ ਮੰਦੀ ਹੂੰ ਮੰਦੇ। (ਵਾਰ ੩੫, ਪਉੜੀ ੮)

ਧਰਤੀ ਕਹਿੰਦੀ ਹੈ ਕਿ ਮੇਰੇ 'ਤੇ ਅਕ੍ਰਿਤਘਣਾਂ ਦਾ ਭਾਰ ਵੱਧ ਗਿਆ ਹੈ ਤੇ ਉਸ ਦਿੱਲੀ ਨੇ 309 ਸਾਲ ਬਾਅਦ ਵੀ ਅਕ੍ਰਿਤਘਣਤਾ ਦਾ ਸਬੂਤ ਦੇ ਦਿੱਤਾ ਕਿ "ਵੇਖੋ ਸਿੱਖੜਾ ਨਾਚ ਕਰਤਾ ਹੈ।" ਕਦੋਂ ਸਮਝਾਂਗੇ ਅਸੀਂ ?

ਉਹ ਲੋਕ ਜੋ ਆਪਣੀ ਆਟੋਬਾਇਗਰਾਫੀ ਵਿਚ ਆਪ ਲਿਖ ਰਹੇ ਹਨ ਕਿ ਇੰਦਰਾ ਗਾਂਧੀ ਓਪਰੇਸ਼ਨ ਬਲਿਊ ਸਟਾਰ ਨਹੀਂ ਸੀ ਕਰਨਾ ਚਾਹੁੰਦੀ, ਅਸੀਂ ਉਸ ਨੂੰ ਮਜਬੂਰ ਕੀਤਾ ਤਾਂ ਮਜਬੂਰੀ ਵਿਚ ਉਸ ਨੂੰ ਓਪਰੇਸ਼ਨ ਬਲਿਊ ਸਟਾਰ ਕਰਨਾ ਪਿਆ। ਸਾਡੇ ਚੌਧਰੀ ਉਹਨਾਂ ਨਾਲ ਜੱਫੀਆਂ ਪਾਉਂਦੇ ਫਿਰਦੇ ਨੇ। ਪਤਾ ਨਹੀਂ ਇਹਨਾਂ ਆਗੂਆਂ ਨੂੰ ਕਦੋਂ ਅਕਲ ਆਵੇਗੀ?

ਸੰਨ 1999 ਈ. ਨੂੰ ਅਨੰਦਪੁਰ ਸਾਹਿਬ ਵਿਚ ਖ਼ਾਲਸੇ ਦੀ 300 ਸਾਲਾ ਸ਼ਤਾਬਦੀ ਮਨਾਈ ਗਈ ਤੇ 300 ਸਾਲਾ ਸ਼ਤਾਬਦੀ ਦੀ ਅਰੰਭਤਾ ਦਾ ਮਾਣ ਤਾਂ ਪੰਜ ਪਿਆਰਿਆਂ ਨੂੰ ਮਿਲਣਾ ਚਾਹੀਦਾ ਸੀ,ਪਰ ਉਹ ਮਾਣ ਸਾਡੇ ਆਗੂਆਂ ਨੇ ਕਿਸ ਨੂੰ ਦਿੱਤਾ ?

ਉਹ ਮਾਣ ਸਾਡੇ ਆਗੂਆਂ ਵੱਲੋਂ ਦਿੱਤਾ ਗਿਆ ਅਟੱਲ ਬਿਹਾਰੀ ਵਾਜਪਾਈ ਨੂੰ। ਕਿੱਥੇ ਖੜੇ ਹੋਵਾਂਗੇ ਅਸੀਂ ? ਖ਼ਾਲਸੇ ਦਾ ਸਾਜਨਾ ਦਿਹਾੜਾ ਹੋਵੇ, 300 ਸਾਲਾ ਸ਼ਤਾਬਦੀ ਸਮਾਗਮਾਂ ਦੀ ਅਰੰਭਤਾ ਹੋਵੇ ਤੇ ਮਾਣ ਪੰਜ ਪਿਆਰਿਆਂ ਨੂੰ ਮਿਲਣ ਦੀ ਜਗ੍ਹਾ ਮਾਣ ਸਾਡੇ ਆਗੂਆਂ ਨੇ ਕਿਸ ਨੂੰ ਦੇ ਦਿੱਤਾ? ਅਫ਼ਸੋਸ ਇਸ ਅਸਚਰਜਤਾ ਦਾ ਹੈ ਕਿ ਕਦੋਂ ਸਮਝ ਆਵੇਗੀ ਸਾਨੂੰ ? ਕਦੋਂ ਸਾਡੀ ਕੌਮ ਦੇ ਆਗੂ ਇਨ੍ਹਾਂ ਗੱਲਾਂ ਨੂੰ ਸਮਝਣਗੇ ਕਿ ਪੰਜ ਪਿਆਰੇ ਦੇ ਸਿਧਾਂਤ ਤੋਂ ਉੱਪਰ ਗੁਰੂ ਨਾਨਕ ਦੇ ਘਰ ਵਿਚ ਕੋਈ ਵੀ ਗੱਲ ਨਹੀਂ ਹੈ। 300 ਸਾਲ ਸ਼ਤਾਬਦੀ ਸਮਾਗਮਾਂ ਦੀ ਅਰੰਭਤਾ ਕਰਨ ਦਾ ਮਾਣ ਪੰਜ ਪਿਆਰਿਆਂ ਦਾ ਹੱਕ ਸੀ, ਕੋਈ ਖੈਰਾਤ ਨਹੀਂ ਸੀ, ਇਹ ਹੱਕ ਗੁਰੂ ਕਲਗੀਧਰ ਪਾਤਸ਼ਾਹ ਨੇ ਦਿੱਤਾ ਹੈ,

ਸਿੱਖ ਪੰਚਨ ਮਹਿਂ ਮੇਰੋ ਬਾਸਾ। ਪੂਰਨ ਕਰੋਂ ਧਰਹਿਂ ਜੋ ਆਸਾ।

(ਗੁਰ ਪ੍ਰਤਾਪ ਸੂਰਜ ੨:੨੩)

ਇਹ ਹੱਕ ਗੁਰੂ ਕਲਗੀਧਰ ਪਾਤਸ਼ਾਹ ਨੇ ਪੰਜ ਪਿਆਰਿਆਂ ਨੂੰ ਦਿੱਤਾ ਹੈ, ਪਰ ਸਾਡੇ ਅੱਜ ਦੇ ਚੌਧਰੀਆਂ ਨੂੰ ਇਹ ਸਭ ਕੁਝ ਭੁੱਲ ਗਿਆ ਹੈ।

ਤੇ ਮਾਂ ਗੁਜਰੀ ਗੰਗੂ ਨੂੰ ਕਹਿ ਰਹੀ ਹੈ ਕਿ ਕਮਲਿਆ ਮੈਂ ਤਾਂ ਸਰਬੱਤ ਦੇ ਭਲੇ ਲਈ ਕੁਝ ਵੀ ਕਰ ਸਕਦੀ ਹਾਂ ਤੂੰ ਇਸ ਮਾਇਆ ਲਈ ਨਮਕਹਰਾਮੀ ਕਰ ਲਈ, ਤੂੰ

ਇਕ ਵਾਰ ਮੇਰਾ ਜਿਗਰਾ ਤਾਂ ਦੇਖਦਾ, ਮੂੰਹੋਂ ਮੰਗ ਕੇ। ਕਵੀ ਦੀ ਕਲਮ ਅੱਗੇ ਲਿਖ ਰਹੀ ਹੈ, ਜੋ ਮਾਂ ਗੁਜਰੀ ਜੀ ਕਹਿ ਰਹੇ ਹਨ :

ਵਾਹਿਗੁਰੂ ਕੇ ਨਾਮ ਪਿ ਕੁਲ ਮਾਲੋ-ਜ਼ਰ ਭੀ ਦੂੰ।
ਖ਼ਿਲਕਤ ਕੇ ਫ਼ਾਇਦੇ ਕੋ ਲੁਟਾ ਅਪਨਾ ਘਰ ਭੀ ਦੂੰ।
ਗਰਦਨ ਪਤੀ ਕੀ ਦੇ ਚੁਕੀ ਅਪਨਾ ਸਿਰ ਭੀ ਦੂੰ।
ਖ਼ੁਸ਼ਨੂਦੀਏ-ਅਕਾਲ ਕੋ ਲਖ਼ਤੇ-ਜਿਗਰ ਭੀ ਦੂੰ।

ਮਾਂ ਗੁਜਰੀ ਕਹਿੰਦੀ ਹੈ ਕਿ ਮੈਂ ਖਲਕਤ ਦੇ ਭਲੇ ਲਈ ਆਪਣੇ ਪਤੀ ਗੁਰੂ ਤੇਗ ਬਹਾਦਰ ਦੀ ਗਰਦਨ ਕਟਵਾ ਚੁੱਕੀ ਹਾਂ ਤੇ ਜੇਕਰ ਮੈਨੂੰ ਆਪਣੀ ਗਰਦਨ ਵੀ ਕਟਵਾਉਣੀ ਪਈ ਤਾਂ ਮੈਂ ਉਹ ਵੀ ਕਟਵਾ ਦਿਆਂਗੀ।

ਅਕਾਲ ਪੁਰਖ ਦੇ ਭਾਣੇ ਅੰਦਰ ਜੇਕਰ ਮੈਨੂੰ ਆਪਣੇ ਪੁੱਤਰ ਨੂੰ ਵੀ ਕੁਰਬਾਨ ਪਿਆ ਤਾਂ ਮੈਂ ਆਪਣਾ ਪੁੱਤਰ ਵੀ ਕੁਰਬਾਨ ਕਰ ਦਿਆਂਗੀ। ਜੇਕਰ ਅਕਾਲ ਪੁਰਖ ਦੇ ਭਾਣੇ ਅੰਦਰ ਮੈਨੂੰ ਆਪਣੇ ਪੁੱਤਰ ਦੇ ਲਾਲ ਵੀ ਕੁਰਬਾਨ ਕਰਨੇ ਪਏ, ਮੈਂ ਫਿਰ ਵੀ ਸੰਕੋਚ ਨਹੀਂ ਕਰਾਂਗੀ। ਹੇ ਗੰਗੂ ! ਮੈਂ ਮਾਂ ਗੁਜਰੀ ਹਾਂ ਤੂੰ ਮੈਨੂੰ ਜਾਣਦਾ ਨਹੀਂ।

ਇਕਰਾਰ ਕਰ ਲੇ ਅਪਨੀ ਖ਼ਤਾ ਤੂੰ ਅਗਰ ਅਭੀ।
ਹਮ ਬਖ਼ਸ਼ ਦੇਂਗੇ ਸ਼ੌਂਕ ਸੇ ਸਭ ਮਾਲੋ ਜ਼ਰ ਅਭੀ।

ਗੰਗੂ ਜੇਕਰ ਤੂੰ ਆਪਣੀ ਗ਼ਲਤੀ ਹੁਣ ਵੀ ਮੰਨ ਲਵੇਂ, ਜੋ ਤੂੰ ਨਮਕਹਰਾਮੀ ਕੀਤੀ ਹੈ ਤੂੰ ਮੰਨ ਲਵੇਂ ਤਾਂ ਤੈਨੂੰ ਫਿਰ ਵੀ ਬਖ਼ਸ਼ ਦਿਆਂਗੀ ਤੇ ਸਾਰਾ ਖ਼ਜ਼ਾਨਾ ਵੀ ਤੈਨੂੰ ਦੇ ਦੇਵਾਂਗੀ। ਇਹ ਹੈ ਮੇਰੀ ਮਾਂ ਗੁਜਰੀ ਦਾ ਜਿਗਰਾ। ਪਰ ਗੰਗੂ ਮੰਨਣ ਲਈ ਕਿੱਥੇ ਤਿਆਰ ਸੀ। ਜ਼ਰਾ ਇਤਿਹਾਸ ਪੜ੍ਹ ਕੇ ਵੇਖਿਉ ਕਿ ਜਿਸ ਧਨ ਕਾਰਨ ਗੰਗੂ ਨੇ ਇਹ ਨਮਕਹਰਾਮੀ ਕੀਤੀ, ਉਹੀ ਧਨ ਗੰਗੂ ਦੀ ਮੌਤ ਦਾ ਕਾਰਨ ਬਣਿਆ ਸੀ।

ਜਦੋਂ ਮਾਂ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋ ਗਈ ਸੀ ਤਾਂ ਕਿਸੇ ਸੂਹੀਏ ਨੇ ਵਜ਼ੀਰ ਖ਼ਾਂ ਸੂਬੇ ਨੂੰ ਇਹ ਖ਼ਬਰ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਮਾਲ-ਅਸਬਾਬ ਗੰਗੂ ਦੇ ਕੋਲ ਹੈ। ਹੁਣ ਕਿਉਂਕਿ ਵਜ਼ੀਰ ਖ਼ਾਂ ਨੇ ਪਹਿਲਾਂ ਹੀ ਢੰਡੋਰਾ ਪਿਟਵਾਇਆ ਹੋਇਆ ਸੀ ਕਿ ਗੁਰੂ ਗੋਬਿੰਦ ਸਿੰਘ ਦਾ ਮਾਲ ਅਸਬਾਬ, ਖ਼ਜ਼ਾਨਾ ਜ਼ਬਤ ਕਰ ਲਿਆ ਜਾਵੇ। ਤੇ ਗੰਗੂ ਨੇ ਪਤਾ ਕੀ ਕੀਤਾ ਸੀ, ਸਾਰਾ ਖ਼ਜ਼ਾਨਾ ਘਰ ਰੱਖਣ ਦੀ ਬਜਾਇ, ਦਰਿਆ ਦੇ ਕੰਢੇ 'ਤੇ ਜਾ ਕੇ ਰੇਤਾ ਵਿਚ ਦਬਾ ਦਿੱਤਾ ਸੀ, ਪਰ ਹੋਇਆ ਕੀ ? ਗੰਗੂ ਦੀ ਹਾਲਤ ਉਹੀ ਹੋਈ, ਜਿਵੇਂ ਸਿਆਣਾ ਕਾਂ ਆਪਣੇ ਲਈ ਮਾਸ ਦੀ ਬੋਟੀ ਲਿਆ ਕੇ ਮਿੱਟੀ ਵਿਚ ਲੁਕਾ ਦੇਂਦਾ ਹੈ, ਪਰ ਕਹਿੰਦੇ ਹਨ ਕਿ ਉਹ ਕਾਂ ਆਪਣੀ ਹੀ ਰੱਖੀ ਹੋਈ ਚੀਜ਼ ਨੂੰ ਆਪ ਹੀ ਭੁੱਲ ਜਾਂਦਾ ਹੈ ਕਿ ਪਤਾ ਨਹੀਂ ਮੈਂ ਮਾਸ ਦੀ ਬੋਟੀ ਕਿੱਥੇ

ਲੁਕਾਈ ਸੀ। ਉਸ ਸਿਆਣੇ ਕਾਂ ਵਾਂਗ, ਗੰਗੂ ਨਾਲ ਵੀ ਉਹੀ ਘਟਨਾ ਵਾਪਰੀ।

ਉਹ ਡਰ ਦੇ ਕਾਰਨ ਗੁਰੂ ਘਰ ਦਾ ਚੋਰੀ ਕੀਤਾ ਸਾਰਾ ਮਾਲ ਰੇਤਾ ਵਿਚ ਲੁਕਾ ਆਇਆ। ਪਰ ਜਦੋਂ ਵਜ਼ੀਰ ਖ਼ਾਂ ਦੇ ਸਿਪਾਹੀ ਚੜ੍ਹ ਕੇ ਆਏ ਤੇ ਕਹਿਣ ਲੱਗੇ, "ਗੁਰੂ ਗੋਬਿੰਦ ਸਿੰਘ ਦਾ ਸਾਰਾ ਮਾਲ ਅਸਬਾਬ ਤੇਰੇ ਕੋਲ ਹੈ, ਉਹ ਤੂੰ ਸਾਡੇ ਹਵਾਲੇ ਕਰ ਦੇ, ਉਸ ਨੂੰ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਇਆ ਜਾਵੇਗਾ।" ਗੰਗੂ ਪਹਿਲਾਂ ਤਾਂ ਇਨਕਾਰੀ ਹੋਇਆ, ਪਰ ਜਦੋਂ ਗੰਗੂ ਦੀ ਮਾਰ ਕੁੱਟ ਕੀਤੀ ਗਈ ਤਾਂ ਗੰਗੂ ਮੰਨ ਗਿਆ। ਫਿਰ ਕੀ ਸੀ, ਸਿਪਾਹੀ ਉਸ ਨੂੰ ਲੈ ਕੇ ਦਰਿਆ ਦੇ ਕੰਢੇ 'ਤੇ ਗਏ। ਕਾਫੀ ਦੇਰ ਲੱਗੇ ਰਹੇ, ਪਰ ਗੰਗੂ ਨੂੰ ਉਹ ਟਿਕਾਣਾ ਹੀ ਨਾ ਲੱਭ ਸਕਿਆ, ਕਿਉਂਕਿ ਉਹ ਸਭ ਖ਼ਜ਼ਾਨਾ ਦਰਿਆ ਦੇ ਪਾਣੀ ਨਾਲ ਵਹਿ ਗਿਆ ਸੀ। ਗੰਗੂ ਅਤੇ ਸਿਪਾਹੀਆਂ ਦੇ ਹੱਥ ਕੁਝ ਵੀ ਨਾ ਆਇਆ। ਵਜ਼ੀਰ ਖ਼ਾਂ ਦੇ ਸਿਪਾਹੀ ਸਖ਼ਤੀ ਨਾਲ ਬੋਲੇ, "ਗੰਗੂ ! ਤੂੰ ਝੂਠ ਬੋਲ ਰਿਹਾ ਏਂ, ਤੂੰ ਸਾਨੂੰ ਪਰੇਸ਼ਾਨ ਕਰ ਰਿਹਾ ਏਂ ?" ਇਸ ਕਾਰਨ ਨੂੰ ਮੁੱਖ ਰੱਖ ਕੇ ਵਜ਼ੀਰ ਖ਼ਾਂ ਦੇ ਸਿਪਾਹੀਆਂ ਨੇ ਗੰਗੂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਇਹੀ ਧਨ ਗੰਗੂ ਦੀ ਮੌਤ ਦਾ ਕਾਰਨ ਬਣਿਆ ਸੀ।

ਖ਼ਿਆਲ ਕਰਿਉ ! ਦਾਸ ਨੇ ਇਕ ਪਾਸੇ ਗੰਗੂ ਦੇ ਉਲਟ, ਦੂਸਰੇ ਪਾਸੇ ਭਾਈ ਨੰਦ ਲਾਲ ਜੀ ਦੀ ਬਾਤ ਕੀਤੀ ਸੀ ਤੇ ਇਥੇ ਮੈਂ ਇਕ ਹੋਰ ਉਦਾਹਰਣ ਆਪ ਜੀ ਦੇ ਸਾਹਮਣੇ ਰੱਖਾਂ :

ਇਕ ਇਲਾਕੇ ਦਾ ਚੌਧਰੀ ਆਪਣੀ ਹਵੇਲੀ ਵਿਚ ਬੈਠਾ ਹੋਇਆ ਹੈ। ਅਚਾਨਕ ਇਕ ਭਲਾ ਪੁਰਸ਼ ਆਇਆ ਤੇ ਚੌਧਰੀ ਦੇ ਪੈਰਾਂ 'ਤੇ ਸਿਰ ਰੱਖ ਕੇ ਰੋਣ ਲੱਗ ਪਿਆ ਅਤੇ ਕਹਿਣ ਲੱਗਾ, "ਚੌਧਰੀ ਜੀ ! ਮੈਨੂੰ ਮੁਆਫ਼ ਕਰ ਦਿਉ, ਚੌਧਰੀ ਜੀ ਮੈਨੂੰ ਮੁਆਫ਼ ਕਰ ਦਿਉ।" ਚੌਧਰੀ ਪੁੱਛਣ ਲੱਗਾ, "ਭਲਿਆ ਤੂੰ ਹੈ ਕੌਣ ? ਮੂੰਹ ਉੱਪਰ ਕਰ ਕੇ ਤਾਂ ਵਿਖਾ ਕਿ ਤੂੰ ਕੌਣ ਹੈਂ ?" ਚੌਧਰੀ ਨੇ ਜਦੋਂ ਉਸ ਪੁਰਸ਼ ਦਾ ਮੂੰਹ ਦੇਖਿਆ ਤਾਂ ਕਹਿਣ ਲੱਗਾ, "ਮੈਂ ਤਾਂ ਤੈਨੂੰ ਜਾਣਦਾ ਵੀ ਨਹੀਂ ਕਿ ਤੂੰ ਕੌਣ ਹੈਂ ? ਤੂੰ ਕਿਹੜਾ ਗੁਨਾਹ ਕੀਤਾ ਹੈ, ਜਿਸ ਦੀ ਤੂੰ ਮੁਆਫ਼ੀ ਮੰਗ ਰਿਹਾ ਹੈਂ ?"

ਉਹ ਭਲਾ ਪੁਰਸ਼ ਕਹਿਣ ਲੱਗਾ, "ਚੌਧਰੀ ਜੀ ! ਤੁਹਾਨੂੰ ਯਾਦ ਹੋਵੇਗਾ ਕਿ ਕੁਝ ਸਾਲ ਪਹਿਲਾਂ ਤੁਹਾਡੀ ਮੱਝ ਚੋਰੀ ਹੋਈ ਸੀ, ਉਹ ਚੋਰ ਕੋਈ ਹੋਰ ਨਹੀਂ, ਮੈਂ ਸੀ। ਮੈਂ ਹੀ ਤੁਹਾਡੀ ਮੱਝ ਚੋਰੀ ਕਰ ਕੇ ਲੈ ਗਿਆ ਸੀ, ਮੈਂ ਤੁਹਾਡੀ ਮੱਝ ਵੀ ਵਾਪਸ ਲੈ ਕੇ ਆਇਆ ਹਾਂ, ਉਸ ਮੱਝ ਨੇ ਮੇਰੇ ਘਰ ਜਾ ਕੇ ਇਕ ਕੱਟਾ ਦਿੱਤਾ ਸੀ, ਉਹ ਵੀ ਲੈ ਆਇਆ ਹਾਂ, ਉਹ ਵੀ ਲੈ ਲਵੋ। ਇਸ ਸਮੇਂ ਦੌਰਾਨ ਮੱਝ ਨੇ ਜਿੰਨਾ ਦੁੱਧ ਦਿੱਤਾ ਸੀ, ਅਸੀਂ ਉਹ ਪੀਤਾ ਹੈ ਉਸ ਦੀ ਕੀਮਤ ਵੀ ਲੈ ਲਵੋ, ਪਰ ਮੈਨੂੰ ਮੁਆਫ਼ ਕਰ ਦਿਉ।" ਚੌਧਰੀ ਦੀ ਹੈਰਾਨਗੀ ਦੀ ਹੱਦ ਨਾ ਰਹੀ। ਹੈਰਾਨ ਪਰੇਸ਼ਾਨ ਹੋ ਕੇ ਸੋਚਣ ਲੱਗਾ ਕਿ ਇਸ ਤਰ੍ਹਾਂ ਤਾਂ

ਕਦੀ ਵੀ ਨਹੀਂ ਹੋਇਆ ਕਿ ਚੋਰ ਚੋਰੀ ਕਰ ਕੇ ਲੈ ਜਾਵੇ ਤੇ ਕੁਝ ਸਾਲਾਂ ਬਾਅਦ ਆ ਕੇ ਕਹੇ ਕਿ ਆਹ ਮੱਝ ਅਤੇ ਕੱਟਾ ਵੀ ਲਵੋ, ਇਹ ਪੈਸੇ ਵੀ ਦੁੱਧ ਦੇ ਲੈ ਲਵੋ ਅਤੇ ਕਹੇ ਕਿ ਮੈਨੂੰ ਮੁਆਫ਼ ਕਰ ਦਿਉ।

"ਭਲਿਆ ਪੁਰਸ਼ਾ ! ਤੈਨੂੰ ਕੀ ਹੋ ਗਿਆ ?" ਭਲੇ ਪੁਰਸ਼ ਨੇ ਉੱਤਰ ਦਿੱਤਾ, "ਚੌਧਰੀ ਜੀ ! ਹੁਣ ਮੈਂ ਗੁਰੂ ਦਾ ਸਿੱਖ ਹੋ ਗਿਆ ਹਾਂ।" ਇਤਿਹਾਸ ਵਿਚ ਉਸ ਸਿੱਖ ਦਾ ਨਾਮ 'ਭਾਈ ਮੇਹਰੂ' ਕਰ ਕੇ ਆਉਂਦਾ ਹੈ। ਕਿਧਰੇ ਸਾਨੂੰ ਵੀ ਐਸੀ ਜੀਵਨ ਜਾਚ ਆ ਜਾਵੇ।

ਇਕ ਪਾਸੇ ਭਾਈ ਮੇਹਰੂ ਵਰਗੇ ਪਿਆਰੇ ਗੁਰਸਿੱਖ ਹਨ ਤੇ ਦੂਸਰੇ ਪਾਸੇ ਗੰਗੂ ਵਰਗੇ ਨਮਕ ਹਰਾਮੀ ਹਨ, ਜਿਸ ਨੂੰ ਮਾਤਾ ਗੁਜਰੀ ਜੀ ਤਾੜਨਾ ਕਰਦੇ ਹੋਏ ਕਹਿ ਰਹੇ ਹਨ, "ਗੰਗੂ ਤੂੰ ਮਾੜਾ ਕੀਤਾ ਹੈ।" ਗੰਗੂ ਅੱਗੋਂ ਕੀ ਕਹਿ ਰਿਹਾ ਹੈ।

ਉਪਦੇਸ਼ ਮਾਤਾ ਗੁਜਰੀ ਕਾ ਸੁਨ ਕਰ ਵੁਹ ਬੇ-ਹਯਾ।
ਸ਼ਰਮਿੰਦਾ ਹੋਨੇ ਕੀ ਜਗ੍ਹਾ ਚਿਲਾਨੇ ਲਗ ਗਯਾ।
ਬਕਤਾ ਥਾ ਜ਼ੋਰ ਜ਼ੋਰ ਸੇ ਦੇਖੋ ਗ਼ਜਬ ਹੈ ਕਯਾ।
ਤੁਮ ਕੋ ਪਨਾਹ ਦੇਨੇ ਕੀ ਕਯਾ ਥੀ ਯਹੀ ਸਜ਼ਾ।

ਮਾਤਾ ਗੁਜਰੀ ਦੀਆਂ ਇਹ ਗੱਲਾਂ ਸੁਣ ਕੇ ਗੰਗੂ ਸ਼ਰਮਿੰਦਾ ਹੋਣ ਦੀ ਬਜਾਏ, ਚਿਲਾਉਣ ਲੱਗ ਪਿਆ, ਸ਼ੋਰ ਮਚਾਉਣ ਲੱਗ ਪਿਆ ਤੇ ਉੱਚੀ ਉੱਚੀ ਰੌਲਾ ਪਾ ਕੇ ਕਹਿ ਰਿਹਾ ਹੈ ਕਿ ਦੱਸੋ ਜੀ, "ਉਲਟਾ ਚੋਰ ਕੋਤਵਾਲ ਕੋ ਡਾਂਟੇ।" ਦੇਖੋ ਜੀ ਮੈਨੂੰ ਚੋਰ ਬਣਾਈ ਜਾਂਦੇ ਨੇ, ਮੈਂ ਇਹਨਾਂ ਨੂੰ ਆਪਣੇ ਘਰ ਪਨਾਹ ਦਿੱਤੀ ਤੇ ਇਹ ਉਲਟਾ ਮੈਨੂੰ ਹੀ ਚੋਰ ਬਣਾਈ ਜਾਂਦੇ ਨੇ।

ਮਾਂ ਗੁਜਰੀ ਗੰਗੂ ਨੂੰ ਕਹਿ ਰਹੀ ਹੈ ਕਿ ਗੰਗੂ ਚੁੱਪ ਕਰ, ਸ਼ੋਰ ਕਿਉਂ ਮਚਾ ਰਿਹਾ ਏਂ। ਕਵੀ ਦੇ ਖ਼ਿਆਲ ਨੇ ਕਿ ਮਾਂ ਗੁਜਰੀ ਨੂੰ ਖ਼ਤਰਾ ਵੀ ਦਿਖਾਈ ਦਿੰਦਾ ਹੈ, ਕਿਉਂਕਿ ਮਾਂ ਗੁਜਰੀ ਨੇ ਵੀ ਵਜ਼ੀਰ ਖ਼ਾਂ ਦਾ ਢੰਡੋਰਾ ਸੁਣਿਆ ਹੋਇਆ ਹੈ। ਪਰ ਗੰਗੂ ਨੂੰ ਚੁੱਪ ਕਰਾਉਣ ਦਾ ਯਤਨ ਕਾਮਯਾਬ ਨਾ ਹੋਇਆ, ਗੰਗੂ ਉੱਚੀ-ਉੱਚੀ ਰੌਲਾ ਪਾ ਰਿਹਾ ਹੈ ਕਿ ਵੇਖੋ ਜੀ ਕਿੰਨੀ ਹੈਰਾਨੀ ਦੀ ਗੱਲ ਹੈ ਦੁਨੀਆਂ ਦੇ ਲੋਕੋ ਮੇਰੀ ਗੱਲ ਸੁਣੋ ਮੈਂ ਕੀ ਕਹਿ ਰਿਹਾ ਹਾਂ। ਗੰਗੂ ਕਹਿੰਦਾ ਹੈ ਕਿ ਤੁਸੀਂ ਮੈਨੂੰ ਪਨਾਹ ਦੇਣ ਦੀ ਇਹ ਸਜ਼ਾ ਦੇ ਰਹੇ, ਮੈਂ ਤਾਂ ਤੁਹਾਨੂੰ ਪਨਾਹ ਦੇ ਕੇ ਗ਼ਲਤੀ ਕਰ ਲਈ ਤੇ ਗੰਗੂ ਮਾਂ ਗੁਜਰੀ ਨੂੰ ਡਾਂਟ ਰਿਹਾ ਹੈ ਤੇ ਕਹਿ ਰਿਹਾ ਹੈ ਕਿ :

ਫ਼ਿਰਤੇ ਹੋ ਜਾਂ ਛੁਪਾਏ ਹੂਏ ਖ਼ੁਦ ਨਵਾਬ ਸੇ।
ਕਹਤੇ ਹੋ ਮੁਝਕੋ ਚੋਰ ਯਿ ਫਿਰ ਕਿਸ ਹਿਸਾਬ ਸੇ।

ਗੰਗੂ ਕਹਿੰਦਾ ਹੈ ਕਿ ਚੋਰ ਮੈਂ ਥੋੜ੍ਹੀ ਹਾਂ, ਚੋਰ ਤਾਂ ਤੁਸੀਂ ਹੋ, ਨਵਾਬ ਦੇ ਡਰ ਤੋਂ ਚੋਰਾਂ ਦੀ ਤਰ੍ਹਾਂ ਲੁਕਦੇ ਫਿਰਦੇ ਹੋ। ਆਪਣੀ ਜਾਨ ਦੀ ਖ਼ੈਰ ਨਹੀਂ ਤੇ ਉਲਟਾ ਮੈਨੂੰ ਚੋਰ ਕਹਿੰਦੇ ਹੋ। ਕਿਉਂਕਿ ਗੰਗੂ ਨਹੀਂ ਸੀ ਚਾਹੁੰਦਾ ਕਿ ਮੈਂ ਜੋ ਇਹ ਨਮਕਹਰਾਮੀ ਕੀਤੀ ਹੈ ਇਹ ਚੋਰੀ ਕੀਤਾ ਖ਼ਜ਼ਾਨਾ, ਮੇਰੇ ਤੋਂ ਖੁੱਸ ਜਾਵੇ। ਗੰਗੂ ਦੇ ਮਨ ਵਿਚ ਇਹ ਆਇਆ ਕਿ ਜੇਕਰ ਮੈਂ ਇਹਨਾਂ ਨੂੰ ਆਪਣੇ ਘਰ ਵਿਚ ਰੱਖਿਆ ਤਾਂ ਵਜ਼ੀਰ ਖ਼ਾਂ ਵੱਲੋਂ ਮੈਨੂੰ ਸਿੱਧੀ ਮੌਤ ਹੈ। ਦੂਸਰੇ ਪਾਸੇ ਡਰ ਵੀ ਹੈ ਕਿ ਜੇਕਰ ਮਾਤਾ ਗੁਜਰੀ ਬੱਚਿਆਂ ਨੂੰ ਲੈ ਕੇ ਸਹੀ ਸਲਾਮਤ ਗੁਰੂ ਗੋਬਿੰਦ ਸਿੰਘ ਪਾਸ ਪਹੁੰਚ ਗਏ ਤਾਂ ਮੇਰਾ ਕੀ ਬਣੇਗਾ ?

ਹੁਣ ਗੰਗੂ ਦੋਹਾਂ ਪਾਸਿਆਂ ਤੋਂ ਡਰਿਆ ਹੋਇਆ ਹੈ ਤੇ ਮਨ ਵਿਚ ਲਾਲਚ ਵੀ ਹੈ ਕਿ ਇਕ ਪਾਸੇ ਨਵਾਬ ਕੋਲੋਂ ਇਨਾਮ ਮਿਲੇਗਾ ਤੇ ਦੂਸਰੇ ਪਾਸੇ ਜੋ ਖ਼ਜ਼ਾਨਾ ਚੋਰੀ ਕੀਤਾ ਹੈ ਉਸ ਨੂੰ ਵੀ ਕੋਈ ਨਹੀਂ ਪੁੱਛੇਗਾ, ਇਹ ਵੀ ਮੇਰਾ ਹੋ ਜਾਵੇਗਾ। ਲਾਲਚ ਵੀ ਦੋਹਰਾ ਹੈ ਅਤੇ ਡਰ ਵੀ ਦੋਹਰਾ ਹੈ। ਹੁਣ ਗੰਗੂ ਨੇ ਕੀ ਕੀਤਾ :

ਚੁਪ ਚਾਪ ਘਰ ਸੇ ਚਲ ਦੀਯਾ ਫਿਰ ਵੁਹ ਨਮਕ ਹਰਾਮ।
ਪਹੁੰਚਾ ਵੁਹ ਉਸ ਜਗ੍ਹਾ ਪਿ ਮੋਰਿੰਡਾ ਥਾ ਜਿਸ ਕਾ ਨਾਮ।

ਹੁਣ ਇਹ ਨਮਕ ਹਰਾਮੀ ਗੰਗੂ ਰੌਲਾ ਪਾਉਂਦਿਆਂ-ਪਾਉਂਦਿਆਂ ਆਪਣੇ ਘਰੋਂ ਤੁਰ ਪਿਆ ਤੇ ਤੁਰਦਾ-ਤੁਰਦਾ ਉਹ ਮੋਰਿੰਡੇ ਦੇ ਕੋਤਵਾਲ ਕੋਲ ਪਹੁੰਚ ਗਿਆ।

ਮੁਖ਼ਬਿਰ ਵਹਾਂ ਨਵਾਬ ਕੇ ਰਖਤੇ ਥੇ ਕੁਛ ਕਯਾਮ।
ਖ਼ੁਫੀਆ ਕੁਛ ਉਨ ਸੇ ਕਰਨੇ ਲਗਾ ਬਦਸਯਰ ਕਲਾਮ।

ਕਹਿੰਦੇ ਹਨ ਕਿ ਇਥੇ ਨਵਾਬ ਵਜ਼ੀਰ ਖ਼ਾਂ ਦਾ ਠਾਣਾ ਹੈ ਅਤੇ ਕੁਝ ਖੁਫੀਆ ਜਸੂਸ ਵੀ ਉਥੇ ਬੈਠੇ ਹੋਏ ਹਨ। ਹੁਣ ਗੰਗੂ ਉਹਨਾਂ ਕੋਲ ਜਾ ਕੇ ਹੌਲੀ-ਹੌਲੀ ਖ਼ਬਰ ਕੀ ਦੇ ਰਿਹਾ ਹੈ :

ਮਤਲਬ ਥਾ ਜਿਸ ਕਾ, ਘਰ ਮਿਰੇ ਸਤਗੁਰ ਕੇ ਲਾਲ ਹੈਂ।
ਜਿਨ ਕੇ ਪਕੜਨੇ ਕੇ ਸਭੀ ਖ਼੍ਵਾਹਾਂ ਕਮਾਲ ਹੈਂ।

ਠਾਣੇ ਵਿਚ ਜਾ ਕੇ ਗੰਗੂ ਖ਼ਬਰ ਦੇ ਰਿਹਾ ਹੈ ਕਿ ਜਿਨ੍ਹਾਂ ਨੂੰ ਤੁਸੀਂ ਲੱਭਦੇ ਫਿਰਦੇ ਹੋ, ਜੋ ਨਵਾਬ ਵਜ਼ੀਰ ਖ਼ਾਂ ਦਾ ਖੁਆਬ ਹੈ ਉਹ ਬੱਚੇ ਗੁਰੂ ਗੋਬਿੰਦ ਸਿੰਘ ਦੇ ਅਤੇ ਸਤਿਗੁਰਾਂ ਦੀ ਮਾਤਾ ਮੇਰੇ ਘਰ ਨੇ। ਬਸ ! ਗੰਗੂ ਨੇ ਨਮਕ ਹਰਾਮੀ ਕਰ ਹੀ ਦਿੱਤੀ।

ਹੁਣ ਖ਼ਿਆਲ ਕਰਿਉ ! ਇਕ ਪਾਸੇ ਸੱਚ ਹੈ ਤੇ ਇਕ ਪਾਸੇ ਝੂਠ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ ਹੀ ਨੇ ਇਹ ਦੋ ਬਾਤਾਂ। ਇਤਿਹਾਸਕ ਤੌਰ 'ਤੇ ਗੰਗੂ ਜੋ ਇਹ ਸ਼ਿਕਾਇਤ ਕਰ ਰਿਹਾ ਹੈ, ਉਹ ਸੱਚ ਬੋਲ ਰਿਹਾ ਹੈ, ਉਹ ਝੂਠ ਨਹੀਂ ਬੋਲ ਰਿਹਾ, ਉਹ ਇਹ ਸੱਚ ਹੀ ਕਹਿ ਰਿਹਾ ਹੈ ਕਿ ਪਾਤਸ਼ਾਹ ਦੀ ਮਾਤਾ ਅਤੇ ਬੱਚੇ ਮੇਰੇ ਘਰ ਵਿਚ ਹਨ।

ਪਰ ਦੂਸਰੇ ਪਾਸੇ ਗਨੀ ਖ਼ਾਂ ਤੇ ਨਬੀ ਖ਼ਾਂ ਦੋ ਸਕੇ ਭਰਾ ਜਿਹੜੇ ਕਲਗੀਧਰ ਪਾਤਸ਼ਾਹ ਨੂੰ ਉੱਚ ਦਾ ਪੀਰ ਦੱਸ ਕੇ ਲਈ ਜਾਂਦੇ ਨੇ। ਜਦੋਂ ਉਹਨਾਂ ਨੂੰ ਰਸਤੇ ਵਿਚ ਰੋਕ ਕੇ ਪੁੱਛਿਆ ਜਾਂਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਤਾਂ ਨਹੀਂ। ਗਨੀ ਖ਼ਾਂ ਤੇ ਨਬੀ ਖ਼ਾਂ ਜੋ ਕਿ ਪਲੰਘ ਦੇ ਅਗਲੇ ਦੋ ਪਾਵਿਆਂ ਨੂੰ ਮੋਢਿਆਂ 'ਤੇ ਲੈ ਕੇ ਚੱਲ ਰਹੇ ਨੇ ਤੇ ਪਿਛਲੇ ਪਾਵਿਆਂ 'ਤੇ ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਹਨ,ਸਭ ਤੋਂ ਪਿੱਛੇ ਭਾਈ ਦਇਆ ਸਿੰਘ ਜੀ ਮੋਰ ਦੇ ਖੰਭਾਂ ਦਾ ਬਣਿਆ ਚੌਰ ਕਰ ਰਹੇ ਹਨ।

ਕਲਗੀਧਰ ਪਾਤਸ਼ਾਹ ਨੇ ਨੀਲੇ ਰੰਗ ਦੇ ਬਸਤਰ ਪਹਿਨ ਰੱਖੇ ਹਨ ਅਤੇ ਕੇਸ ਪਿਛਾਂਹ ਨੂੰ ਖਿਲਾਰ ਕੇ ਗੋਲ ਦਸਤਾਰ ਬੰਨ੍ਹੀ ਹੋਈ ਹੈ। ਹੁਣ ਗਨੀ ਖ਼ਾਂ ਤੇ ਨਬੀ ਖ਼ਾਂ ਅੱਗੇ ਹਨ ਤੇ ਜੁਆਬ ਦੇ ਰਹੇ ਨੇ ਕਿ ਨਹੀਂ, ਇਹ ਉੱਚ ਦੇ ਪੀਰ ਹਨ। ਜਦ ਕਿ ਉਹ ਸਰਸਰੀ ਤੌਰ 'ਤੇ ਝੂਠ ਵੀ ਬੋਲ ਰਹੇ ਹਨ।

ਗੰਗੂ ਦਾ ਸੱਚ ਇਤਿਹਾਸ ਨੂੰ ਗ਼ਲਤ ਪਾਸੇ ਲੈ ਗਿਆ ਅਤੇ ਗਨੀ ਖ਼ਾਂ ਤੇ ਨਬੀ ਖ਼ਾਂ ਦਾ ਝੂਠ, ਇਤਿਹਾਸ ਨੂੰ ਸਹੀ ਦਿਸ਼ਾ ਵੱਲ ਲੈ ਗਿਆ।

ਕਹਿੰਦੇ ਹਨ, ਉਹਨਾਂ ਸਿਪਾਹੀਆਂ ਨੂੰ ਸ਼ੱਕ ਜ਼ਰੂਰ ਪਿਆ ਕਿ ਇਹ ਗੁਰੂ ਗੋਬਿੰਦ ਸਿੰਘ ਹੀ ਹੈ ਤੇ ਉਹਨਾਂ ਨੇ ਸ਼ਨਾਖਤ ਲਈ ਉਹ ਕਾਜ਼ੀ ਫੜ ਲਿਆਂਦਾ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿਚ ਫ਼ਾਰਸੀ ਪੜਾਉਂਦਾ ਹੁੰਦਾ ਸੀ। ਸਿਪਾਹੀ ਉਸ ਕਾਜ਼ੀ ਨੂੰ ਕਹਿਣ ਲੱਗੇ ਕਿ ਚੰਗੀ ਤਰ੍ਹਾਂ ਵੇਖ ਕੇ ਦੱਸ ! ਇਹ ਗੁਰੂ ਗੋਬਿੰਦ ਸਿੰਘ ਹੈ ਕਿ ਨਹੀਂ। ਕਹਿੰਦੇ ਹਨ, ਹੁਣ ਕਾਜ਼ੀ ਵੀ ਝੂਠ ਬੋਲ ਰਿਹਾ ਹੈ ਕਿ ਨਹੀਂ ਇਹ ਵਾਕਿਆ ਹੀ ਉੱਚ ਦੇ ਪੀਰ ਨੇ। ਦੇਖੋ ! ਕਾਜ਼ੀ ਸੱਚ ਵੀ ਬੋਲ ਗਿਆ ਤੇ ਪਰਦਾ ਵੀ ਪਾ ਗਿਆ। ਜੇਕਰ ਕਾਜ਼ੀ ਇਹ ਰਮਜ਼ ਭਰੀ ਗੱਲ ਨਾ ਕਰਦਾ ਤਾਂ ਸ਼ਾਇਦ ਗੁਰੂ ਗੋਬਿੰਦ ਸਿੰਘ ਹਾਕਮਾਂ ਦੀ ਕੈਦ ਵਿਚ ਹੁੰਦੇ ਅਤੇ ਮੁਕਤਸਰ ਦੀ ਧਰਤੀ 'ਤੇ 40 ਮੁਕਤਿਆਂ ਦਾ ਇਤਿਹਾਸ ਨਾ ਰਚਿਆ ਜਾਂਦਾ, ਜ਼ਫ਼ਰਨਾਮਾ ਕਦੀ ਨਾ ਲਿਖਿਆ ਜਾਂਦਾ, ਕਿਤੇ ਦਮਦਮਾ ਸਾਹਿਬ ਦੀ ਧਰਤੀ 'ਤੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਨਾ ਕਰਵਾਉਂਦੇ। ਕਿਤੇ ਹਜ਼ੂਰ ਸਾਹਿਬ (ਨਾਂਦੇੜ) ਦੀ ਧਰਤੀ 'ਤੇ ਗੁਰੂ ਪਾਤਸ਼ਾਹ ਗ੍ਰੰਥ ਸਾਹਿਬ ਨੂੰ ਗੁਰਿਆਈ ਵੀ ਨਾ ਦੇ ਪਾਉਂਦੇ। ਬਲਿਹਾਰੀ ਜਾਈਏ ਉਹਨਾਂ ਗੁਰੂ ਦੇ ਸੇਵਕਾਂ ਦੀਆਂ ਸੋਚਾਂ 'ਤੇ। ਇਕ ਪਾਸੇ ਗੰਗੂ ਹੈ ਜੋ ਧਨ-ਦੌਲਤ ਪਿੱਛੇ ਇਹ ਨਖਿਧ ਕਾਰਾ ਕਰ ਰਿਹਾ ਹੈ।

ਰਾਜੋਂ ਸੇ ਔਰ ਨਵਾਬ ਸੇ ਦਿਲਵਾਓ ਗਰ ਇਨਾਮ।
ਆਕਾ ਕੀ ਮਾਂ ਕੋ, ਬੇਟੋਂ ਕੋ ਪਕੜਾਊਂ ਲਾ ਕਲਾਮ।

ਗੰਗੂ ਕਹਿੰਦਾ ਹੈ ਕਿ ਜੇਕਰ ਤੁਸੀਂ ਮੇਰੇ ਨਾਲ ਵਾਅਦਾ ਕਰੋ ਕਿ ਮੈਨੂੰ ਹਿੰਦੁਸਤਾਨ ਦੇ ਬਾਦਸ਼ਾਹ ਔਰੰਗਜ਼ੇਬ ਕੋਲੋਂ ਅਤੇ ਸਰਹੰਦ ਦੇ ਨਵਾਬ ਤੋਂ ਇਨਾਮ

ਦਿਵਾਓਗੇ ਤਾਂ ਮੈਂ ਗੁਰੂ ਗੋਬਿੰਦ ਸਿੰਘ ਦੀ ਮਾਤਾ ਅਤੇ ਉਸ ਦੇ ਦੋ ਬੱਚਿਆਂ ਨੂੰ ਤੁਹਾਡੇ ਹਵਾਲੇ ਕਰ ਸਕਦਾ ਹਾਂ, ਪਰ ਪਹਿਲਾਂ ਮੇਰੇ ਨਾਲ ਵਾਅਦਾ ਕਰੋ।

ਪਾ ਕੇ ਸਿਲਾ ਬਜੀਦ ਸੇ ਤੁਮ ਭੀ ਹੋ ਸ਼ਾਦ-ਕਾਮ।
ਮੁਝਕੋ ਭੀ ਖ਼ਿਅਲਤੌਂ ਸੇ ਕਰੇ ਫ਼ਾਇਜ਼ੁਲਮਰਾਮ।

ਕਹਿੰਦਾ ਹੈ, ਵਜ਼ੀਰ ਖ਼ਾਂ ਦੇ ਕੋਲੋਂ ਤੁਸੀਂ ਸ਼ਾਬਾਸ਼ ਵੀ ਲੈ ਲੈਣੀ ਤੇ ਦੂਸਰੀ ਗੱਲ ਤੁਸੀਂ ਉਸ ਤੋਂ ਇਨਾਮ ਵੀ ਪਾਉ ਅਤੇ ਮੈਨੂੰ ਵੀ ਇਨਾਮ ਦਿਵਾਉ।

★★★

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਗ੍ਰਿਫ਼ਤਾਰੀ

ਅਲਕਿੱਸਾ ਲੇ ਕੇ ਸਾਥ ਵੁਹ ਜਾਸੂਸ ਆ ਗਯਾ।
ਪਕੜਾਨੇ ਸ਼ਾਹਜਾਦੋਂ ਕੋ ਮਨਹੂਸ ਆ ਗਯਾ।

ਮੋਰਿੰਡੇ ਦੇ ਕੋਤਵਾਲ ਨੇ ਵਜੀਰ ਖਾਂ ਕੋਲੋਂ ਗੰਗੂ ਨੂੰ ਇਨਾਮ ਦਿਵਾਉਣ ਦਾ ਵਾਅਦਾ ਕੀਤਾ ਤਾਂ ਜਾਨੀ ਖ਼ਾਂ ਅਤੇ ਮਾਨੀ ਖ਼ਾਂ ਦੀ ਅਗਵਾਈ ਵਿਚ ਮੁਗਲ ਫ਼ੌਜੀਆਂ ਨੂੰ ਲੈ ਕੇ ਆਪਣੇ ਘਰ ਆ ਗਿਆ। ਮਾਂ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਪਕੜਵਾਉਣ ਦੇ ਲਈ। ਜਦੋਂ ਮਾਤਾ ਗੁਜਰੀ ਜੀ ਨੇ ਜਾਨੀ ਖ਼ਾਂ ਮਾਨੀ ਖ਼ਾਂ ਨੂੰ ਸਿਪਾਹੀਆਂ ਦੇ ਨਾਲ ਆਉਂਦਿਆਂ ਵੇਖਿਆ ਕਿ ਗੰਗੂ ਵੀ ਨਾਲ ਹੈ ਤਾਂ ਮਾਤਾ ਜੀ ਨੇ ਬੱਚਿਆਂ ਨੂੰ ਸੰਬੋਧਨ ਹੋ ਕੇ ਆਖਿਆ "ਚੱਲੋ ਬੱਚਿਉ ਚੱਲੀਏ।"

ਦਾਦੀ ਮਾਂ ਗੁਜਰੀ, ਜੋ ਕਿ ਬ੍ਰਹਮ ਗਿਆਨ ਨਾਲ ਅਕਾਲ ਪੁਰਖ ਵੱਲੋਂ ਨਿਵਾਜੀ ਹੋਈ ਆਤਮਾ ਹੈ, ਨੂੰ ਜਾਨੀ ਖ਼ਾਂ ਅਤੇ ਮਾਨੀ ਖ਼ਾਂ ਨੇ ਆਉਂਦਿਆਂ ਹੀ ਹੁਕਮ ਸੁਣਾ ਦਿੱਤਾ ਕਿ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ।

ਬੱਚੇ ਜਿਨ੍ਹੋਂ ਨੇ ਆ ਕੇ ਗ੍ਰਿਫ਼ਤਾਰ ਕਰ ਲੀਏ।
ਕਾਬੂ ਬਜਬੂ ਬੇਕਸੋ-ਬੇਯਾਰ ਕਰ ਲੀਏ।

ਜਦੋਂ ਮੁਗਲ ਸਿਪਾਹੀਆਂ ਨੇ ਮਾਂ ਗੁਜਰੀ ਅਤੇ ਲਾਲਾਂ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਉਹਨਾਂ ਕੋਲ ਕੋਈ ਵਧੀਆ ਸਾਧਨ ਨਹੀਂ ਸੀ, ਜਿਸ ਉੱਪਰ ਸਵਾਰ ਕਰ ਕੇ ਉਹ ਮਾਂ ਗੁਜਰੀ ਅਤੇ ਬੱਚਿਆਂ ਨੂੰ ਆਪਣੇ ਨਾਲ ਸਰਹੰਦ ਲੈ ਕੇ ਜਾਂਦੇ।

ਕਬਜ਼ੇ ਮੇਂ ਅਪਨੇ ਦੋ ਦੁਰੇ-ਸ਼ਹਵਾਰ ਕਰ ਲੀਏ।
ਸਰਹਿੰਦ ਸਾਥ ਚਲਨੇ ਕੋ ਤੈਯਾਰ ਕਰ ਲੀਏ।
ਪੀਨਸ ਥੀ, ਪਾਲਕੀ ਥੀ ਨਾ ਵੁਹ ਅੰਬਾਰੀ ਥੀ।
ਬਦਬਖ਼ਤ ਲਾਏ ਬੈਲ ਕੀ ਗਾੜੀ ਸਵਾਰੀ ਥੀ।

ਕੋਈ ਵਧੀਆ ਸਾਧਨ ਉਹਨਾਂ ਦੇ ਕੋਲ ਨਹੀਂ ਸੀ। ਕੰਬਖਤ ਬੈਲ ਗੱਡੀ ਲੈ ਕੇ

ਆਏ ਸਨ। ਸਫ਼ਰ ਵੀ ਬਹੁਤ ਜ਼ਿਆਦਾ ਸੀ ਅਤੇ ਇਕ ਦਿਨ ਵਿਚ ਪਹੁੰਚਿਆ ਨਹੀਂ ਸੀ ਜਾ ਸਕਦਾ। ਜਾਨੀ ਖ਼ਾਂ ਅਤੇ ਮਾਨੀ ਖ਼ਾਂ ਦੀ ਅਗਵਾਈ ਵਿਚ ਬੱਚਿਆਂ ਨੂੰ ਅਤੇ ਮਾਂ ਗੁਜਰੀ ਨੂੰ ਬੈਲ ਗੱਡੀ ਰਾਹੀਂ ਲੈ ਕੇ ਮੁਗ਼ਲ ਫ਼ੌਜੀ ਤੁਰ ਪਏ। ਇਕ ਰਾਤ ਮਾਂ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਥਾਣੇ ਵਿਚ ਰੱਖਿਆ ਗਿਆ।

ਦਾਸ ਇਕ ਗੱਲ ਇਥੇ ਆਪ ਜੀ ਦੀ ਜਾਣਕਾਰੀ ਵਧਾਉਣ ਲਈ ਦੱਸ ਦੇਵੇ ਕਿ ਇਕ ਫ਼ਿਲਮ ਪੰਜਾਬੀ ਵਿਚ ਬਣੀ ਸੀ, ਜੇਕਰ ਨਾ ਵੇਖੀ ਹੋਵੇ ਤਾਂ ਜ਼ਰੂਰ ਵੇਖਣਾ ਉਸ ਫ਼ਿਲਮ ਦਾ ਨਾਮ ਸੀ, "ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ"। ਉਸ ਫ਼ਿਲਮ ਦੇ ਪਹਿਲੇ ਸੀਨ ਵਿਚ ਹੀ ਡਾਇਰੈਕਟਰ ਦੀ ਪੇਸ਼ਕਾਰੀ ਦਿਲਾਂ ਨੂੰ ਝੰਜੋੜ ਕੇ ਰੱਖ ਦਿੰਦੀ ਹੈ। ਉਹ ਦਿਖਾਉਂਦਾ ਹੈ ਉਹ ਮੋਰਿੰਡੇ ਦੇ ਥਾਣੇ ਦੀ ਹਵਾਲਾਤ, ਜਿਸ ਵਿਚ ਮਾਂ ਗੁਜਰੀ ਅਤੇ ਬੱਚਿਆਂ ਨੂੰ ਗ੍ਰਿਫ਼ਤਾਰੀ ਉਪਰੰਤ ਪਹਿਲੀ ਰਾਤ ਕੱਟਣੀ ਪਈ। ਉਸ ਹਵਾਲਾਤ ਦੀ ਛੱਤ ਵੀ ਢੱਠੀ ਜਿਹੀ ਹੈ ਤੇ ਬਹੁਤ ਪੁਰਾਣੀ ਹਵੇਲੀ ਜਿਹੀ ਲੱਗ ਰਹੀ ਹੈ। ਅੱਜ ਜ਼ਰੂਰਤ ਹੈ ਇਹਨਾਂ ਵਿਰਾਸਤਾਂ ਨੂੰ ਸੰਭਾਲਣ ਦੀ, ਪਰ ਮੇਰੀ ਕੌਮ ਨੇ ਉਸ ਵਿਰਾਸਤ ਨੂੰ ਸੰਭਾਲਿਆ ਨਹੀਂ। ਜ਼ਰੂਰਤ ਹੈ ਸਾਨੂੰ ਆਪਣੀਆਂ ਵਿਰਾਸਤਾਂ, ਇਤਿਹਾਸਕ ਯਾਦਗਾਰਾਂ ਨੂੰ ਸੰਭਾਲਣ ਦੀ।

ਅੱਜ ਅਸੀਂ ਆਪਣੀਆਂ ਇਹਨਾਂ ਵਿਰਾਸਤਾਂ ਅਤੇ ਇਤਿਹਾਸਕ ਯਾਦਗਾਰਾਂ ਨੂੰ ਕਾਰ ਸੇਵਾ ਦੇ ਨਾਮ ਹੇਠ ਪਤਾ ਨਹੀਂ ਕਿੰਨੀਆਂ ਕੁ ਯਾਦਗਾਰਾਂ ਗਵਾ ਬੈਠੇ ਹਾਂ। ਦਾਸ ਇਕ ਉਦਾਹਰਣ ਦੇ ਰਿਹਾ ਹੈ ਕਿ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਗੁਰਦੁਆਰਾ ਚੁਬਾਰਾ ਸਾਹਿਬ ਹੈ, ਦੇਖੋ ! ਉਥੇ ਇਕ ਜਗ੍ਹਾ 'ਤੇ ਲਿਖਿਆ ਹੈ, "ਬੀਬੀ ਭਾਨੀ ਜੀ ਦਾ ਚੁੱਲ੍ਹਾ"। ਪਰ ਉਹ ਚੁੱਲ੍ਹਾ ਸੰਗਮਰਮਰ ਦਾ ਬਣਿਆ ਹੋਇਆ ਹੈ। ਦੱਸੋ ਇਹ ਸਾਡੀ ਕਿਹੜੀ ਵਿਰਾਸਤ ਹੈ, ਅਸੀਂ ਸੰਗਮਰਮਰ ਦੇ ਚੁੱਲ੍ਹੇ ਨੂੰ ਬੀਬੀ ਭਾਨੀ ਜੀ ਦਾ ਚੁੱਲ੍ਹਾ ਕਿਵੇਂ ਆਖਾਂਗੇ।

ਮੈਂ ਬੇਨਤੀ ਕਰ ਦਿਆਂ ਕਿ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਦਾ ਗੁਰਦੁਆਰਿਆਂ ਦੀ ਨਵ-ਉਸਾਰੀ ਵਿਚ ਯੋਗਦਾਨ ਤਾਂ ਹੈ। ਪਰ ਦੂਸਰੇ ਪਾਸੇ ਇਤਿਹਾਸਕ ਵਿਰਾਸਤਾਂ ਨੂੰ ਗੁਆਉਣ ਵਿਚ ਵੀ ਪੂਰਾ ਯੋਗਦਾਨ ਹੈ।

ਅਸੀਂ ਇਕ ਵਾਰ ਚਮਕੌਰ ਸਾਹਿਬ ਗਏ ਸੀ। ਦਾਸ ਨਾਲ ਸਾਥੀ ਵੀ ਸਨ। ਅਸੀਂ ਵੇਖਿਆ ਉਸ ਚਮਕੌਰ ਸਾਹਿਬ ਦੀ ਗੜ੍ਹੀ ਨੂੰ। ਪਰ ਸਾਥੀ ਬੋਲ ਪਏ ਕਿ ਅਸੀਂ ਕਿਵੇਂ ਦੱਸਾਂਗੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿ ਸਿੱਖ ਗੜ੍ਹੀ 'ਚੋਂ ਨਿਕਲ ਕੇ ਲੜਦੇ ਰਹੇ ਹੋਣਗੇ ? ਆਉਣ ਵਾਲੀ ਜਨਰੇਸ਼ਨ (ਪੀੜ੍ਹੀ) ਤਾਂ ਇਹੀ ਸੋਚੇਗੀ ਕਿ ਸਿੱਖ ਗੁਰਦੁਆਰਿਆਂ ਵਿਚੋਂ ਨਿਕਲ ਕੇ ਲੜਦੇ ਰਹੇ ਹੋਣਗੇ। ਅਸੀਂ ਆਪਣੀਆਂ ਬਹੁਤ ਵਿਰਾਸਤਾਂ ਗੁਆ ਲਈਆਂ ਹਨ, ਪਰ ਲੋੜ ਹੈ ਸਾਨੂੰ ਆਪਣੀਆਂ ਅਲੋਪ ਹੋ ਰਹੀਆਂ

ਵਿਰਾਸਤਾਂ ਨੂੰ ਸੰਭਾਲਣ ਦੀ।

ਜੇਕਰ ਕੋਈ ਵਿਰਾਸਤ ਸੰਭਾਲੀ ਹੋਈ ਵੇਖਣੀ ਹੋਵੇ ਤਾਂ ਉਹ ਗੁਰਦੁਆਰਾ ਕੰਧ ਸਾਹਿਬ (ਬਟਾਲਾ) ਵਿਖੇ ਹੈ। ਆਪ ਜਾ ਕੇ ਦਰਸ਼ਨ ਕਰ ਸਕਦੇ ਹੋ, ਪਰ ਉਹ ਵਿਰਾਸਤ ਵੀ ਨਹੀਂ ਸੀ ਰਹਿਣੀ, ਕਿਉਂਕਿ ਸਾਡੇ ਅਗਿਆਨੀ ਅਤੇ ਅੰਨੀ ਸ਼ਰਧਾ ਵਾਲੇ ਲੋਕ "ਕੱਚੀ ਕੰਧ" ਦੀਆਂ ਮੁੱਠੀਆਂ ਭਰ-ਭਰ ਕੇ ਘਰਾਂ ਨੂੰ ਲਈ ਜਾਂਦੇ ਸਨ ਤੇ ਬਲਿਹਾਰੇ ਜਾਈਏ ਉਹਨਾਂ ਪ੍ਰਬੰਧਕਾਂ ਦੇ ਜਿਨ੍ਹਾਂ ਨੇ ਉਸ ਬਾਕੀ ਬਚੀ ਹੋਈ ਕੰਧ ਨੂੰ ਸ਼ੀਸ਼ੇ ਵਿਚ ਮੜ੍ਹ ਦਿੱਤਾ ਅਤੇ ਆਪਣੀ ਵਿਰਾਸਤ ਨੂੰ ਸੰਭਾਲ ਲਿਆ। ਕਾਸ਼! ਸਭ ਪ੍ਰਬੰਧਕਾਂ ਦੀ ਸੋਚ ਇਹੋ ਜਿਹੀ ਹੋਵੇ ਇਹ ਅਰਦਾਸ ਹੈ ਅਕਾਲ ਪੁਰਖ ਦੇ ਸਨਮੁਖ।

ਕਈ ਵਿਦਵਾਨ ਮਹਾਂ ਪੁਰਖ ਬਾ-ਕਮਾਲ ਤਰੀਕੇ ਨਾਲ ਗੁਰੂ ਦੀਆਂ ਬਾਤਾਂ ਵੀ ਕਰ ਜਾਂਦੇ ਹਨ। ਮੈਂ ਕਾਰ ਸੇਵਾ ਵਾਲੇ ਬਾਬਿਆਂ ਦੀ ਨਿੰਦਾ ਨਹੀਂ ਕਰ ਰਿਹਾ, ਮੈਂ ਇਥੇ ਉਸਤਤ ਪੱਖ ਦੀ ਬਾਤ ਕਰ ਕੇ ਗੱਲ ਨੂੰ ਸਮਾਪਤ ਕਰਾਂਗਾ।

ਜਦੋਂ ਹਜ਼ੂਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਦੀ ਧਰਤੀ 'ਤੇ ਗੋਦਾਵਰੀ ਨਦੀ ਉਪਰ ਪੁਲ ਦੀ ਉਸਾਰੀ ਕਾਰ ਸੇਵਾ ਰਾਹੀ ਬਾਬਾ ਜੀਵਨ ਸਿੰਘ ਜੀ ਵਲੋਂ ਕਰਵਾਈ ਗਈ, ਉਸਾਰੀ ਪੂਰਨ ਤੌਰ 'ਤੇ ਮੁਕੰਮਲ ਹੋ ਗਈ ਤਾਂ ਉਸ ਇਲਾਕੇ ਦੇ ਮੁਹਤਬਰ ਲੋਕ ਤੇ ਕੁਝ ਰਾਜਨੀਤਕ ਲੋਕ ਬਾਬਾ ਜੀਵਨ ਸਿੰਘ ਜੀ ਪਾਸ ਆ ਕੇ ਕਹਿਣ ਲੱਗੇ, "ਬਾਬਾ ਜੀ ਪੁਲ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ ਤੇ ਪੁਲ ਦਾ ਉਦਘਾਟਨ ਕਰਨ ਲਈ ਕਿਸੇ ਵੱਡੇ ਲੀਡਰ ਜਾਂ ਵੱਡੇ ਮੰਤਰੀ, ਅਫ਼ਸਰ ਨੂੰ ਬੁਲਾ ਲਈਏ ? ਕੋਈ ਸਮਾਗਮ ਰੱਖੀਏ ਅਤੇ ਉਦਘਾਟਨ ਕਰਵਾ ਲਈਏ ?" ਬਾਬਾ ਜੀਵਨ ਸਿੰਘ ਜੀ ਕਹਿਣ ਲੱਗੇ, "ਭਲਿਓ ! ਮੈਂ ਜਿਸ ਨੂੰ ਕਹਿਣਾ ਸੀ, ਕਹਿ ਦਿੱਤਾ ਹੈ।" ਲੋਕ ਪੁੱਛਦੇ ਹਨ "ਬਾਬਾ ਜੀ ਦਿਨ ਕਿਹੜਾ ਰੱਖਿਆ ਹੈ" ਬਾਬਾ ਜੀ ਨੇ ਦਿਨ ਵੀ ਦੱਸ ਦਿੱਤਾ ਅਤੇ ਨਿਸਚਿਤ ਦਿਨ ਵੀ ਆ ਗਿਆ। ਸਾਰੇ ਲੋਕ ਪੁਲ ਦੇ ਪਾਸ ਗੋਦਾਵਰੀ ਦੇ ਕੰਢੇ 'ਤੇ ਖੜੇ ਹਨ। ਉਡੀਕ ਕਰ ਰਹੇ ਹਨ ਤੇ ਸੋਚ ਰਹੇ ਹਨ ਕਿ ਪਤਾ ਨਹੀਂ ਕੌਣ ਤੇ ਕਿਹੜਾ ਵੱਡਾ ਮੰਤਰੀ ਉਦਘਾਟਨ ਕਰਨ ਆ ਰਿਹਾ ਹੈ, ਪਰ ਹੈਰਾਨ ਵੀ ਨੇ ਕਿ ਕੋਈ ਸਕਿਉਰਟੀ ਤਾਂ ਹੈ ਨਹੀਂ ਹੈ ਤੇ ਕੋਈ ਪੁਲਿਸ ਵਗੈਰਾ ਵੀ ਨਹੀਂ ਹੈ। ਲੋਕ ਫਿਰ ਬਾਬਾ ਜੀ ਨੂੰ ਪੁੱਛਦੇ ਹਨ, "ਬਾਬਾ ਜੀ ! ਜਿਸ ਨੂੰ ਤੁਸੀਂ ਉਦਘਾਟਨ ਕਰਨ ਲਈ ਕਿਹਾ ਹੈ ਉਸ ਨੂੰ ਚੇਤਾ ਵੀ ਕਰਵਾ ਦੇਣਾ ਸੀ।" ਬਾਬਾ ਜੀ ਮੁਸਕਰਾ ਕੇ ਕਹਿਣ ਲੱਗੇ, "ਭਲਿਓ ! ਮੈਂ ਚੇਤਾ ਕਰਵਾਇਆ ਹੋਇਆ ਹੈ ਉਹ ਪੂਰੇ ਸਮੇਂ 'ਤੇ ਆ ਰਹੇ ਹਨ।"

ਕੁਝ ਹੀ ਸਮੇਂ ਬਾਅਦ ਲੋਕ ਕੀ ਦੇਖਦੇ ਹਨ ਕਿ ਕੁਝ ਸਿੱਖ, 'ਗੁਰੂ ਗ੍ਰੰਥ ਸਾਹਿਬ' ਦੀ ਸਵਾਰੀ ਲੈ ਕੇ ਆ ਰਹੇ ਹਨ ਤੇ ਦੇਖਦਿਆਂ ਹੀ ਦੇਖਦਿਆਂ ਗੁਰੂ ਸਾਹਿਬ ਦੇ ਗੁਣਗਾਨ ਕਰਦੇ ਪੁਲ ਦੇ ਉੱਪਰੋਂ ਦੀ ਲੰਘ ਗਏ।

ਬਾਬਾ ਜੀ ਕਹਿਣ ਲੱਗੇ, "ਲਉ ਭਈ ਉਦਘਾਟਨ ਹੋ ਗਿਆ ਜੇ। ਮੈਂ ਇਹਨਾਂ ਨੂੰ ਹੀ ਕਿਹਾ ਸੀ, ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੋਈ ਦਿਖਾਈ ਨਹੀਂ ਸੀ ਦਿੱਤਾ। ਮੈਂ ਇਹਨਾਂ ਨੂੰ ਹੀ ਉਦਘਾਟਨ ਕਰਨ ਲਈ ਬੇਨਤੀ ਕਰ ਦਿੱਤੀ ਸੀ।"

ਦੇਖੋ ਕੈਸੀਆਂ ਉਤਮ ਸੋਚਾਂ ਦੀ ਬਖ਼ਸ਼ਿਸ਼ ਹੈ ਮਹਾਂਪੁਰਖਾਂ ਨੂੰ ਅਕਾਲ ਪੁਰਖ ਵਲੋਂ। ਨਾਮ ਹੀ ਜੀਵਨ ਸਿੰਘ ਨਹੀਂ, ਅਸਲੀਅਤ ਵਿਚ ਵੀ ਜੀਵਨ ਵਾਲੀ ਬਾਤ ਹੈ। ਸਤਿਗੁਰੂ ਰਹਿਮਤ ਕਰਨ ਸਾਡੇ 'ਤੇ, ਅਸੀਂ ਤਾਂ ਗੁਰਦੁਆਰਿਆਂ ਦੇ ਉਦਘਾਟਨ ਲਈ ਚੌਧਰੀ ਲੱਭਦੇ ਫਿਰਦੇ ਹਾਂ।

ਦਾਸ ਇਥੇ ਇਕ ਗੱਲ ਸਤਿਕਾਰਯੋਗ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਜ਼ਰੂਰ ਕਰਨੀ ਚਾਹੇਗਾ। ਕਹਿੰਦੇ ਅੰਗਰੇਜ਼ਾਂ ਨੇ ਜਦੋਂ ਹਿੰਦੁਸਤਾਨ ਦੀ ਰਾਜਧਾਨੀ ਕਲਕੱਤੇ ਤੋਂ ਤਬਦੀਲ ਕਰ ਕੇ ਦਿੱਲੀ ਕੀਤੀ ਸੀ ਤਾਂ ਉਹਨਾਂ ਨੇ ਸਾਰੇ ਧਰਮਾਂ ਦੇ ਮੁਖੀਆਂ ਨੂੰ ਬੁਲਾਇਆ ਸੀ। ਸਿੱਖ ਧਰਮ ਵੱਲੋਂ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੂੰ ਬੁਲਾਇਆ ਗਿਆ। ਨਿਸ਼ਚਿਤ ਦਿਨ ਸਾਰੇ ਧਰਮਾਂ ਦੇ ਮੁਖੀ ਆਮ ਵਾਂਗ ਆ ਪਹੁੰਚੇ, ਪਰ ਬਾਬਾ ਜੀ ਆਪਣੇ ਸਾਥੀਆਂ ਨਾਲ ਢੋਲਕੀਆਂ, ਚਿਮਟਿਆਂ ਅਤੇ ਛੈਣਿਆਂ ਨਾਲ ਕੀਰਤਨ ਕਰਦਿਆਂ ਹੋਇਆਂ ਬਾਣੀ ਪੜ੍ਹਦਿਆਂ ਜਦੋਂ ਅੰਗਰੇਜ਼ਾਂ ਦੇ ਦਿੱਲੀ ਦਰਬਾਰ ਵਿਚ ਪਹੁੰਚੇ ਤਾਂ ਸ਼ਬਦ ਪਤਾ ਕਿਹੜਾ ਪੜ੍ਹ ਰਹੇ ਸਨ :

ਕੋਊ ਹਰਿ ਸਮਾਨਿ ਨਹੀ ਰਾਜਾ॥

ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥

(ਬਿਲਾਵਲ ਕਬੀਰ ਜੀ-੮੫੬)

ਕਹਿੰਦੇ ਹਨ, ਅੰਗਰੇਜ਼ਾਂ ਨੇ ਜਦੋਂ ਇੰਟਰ-ਪ੍ਰੇਟਰ (ਦੁਭਾਸ਼ੀਏ) ਦੇ ਰਾਹੀਂ ਇਸ ਬਾਣੀ ਦਾ ਮਤਲਬ ਸਮਝਿਆ ਕਿ ਇਹ ਕੀ ਗਾ ਰਹੇ ਹਨ ? ਤਾਂ ਅੰਗਰੇਜ਼ 'ਜਾਰਜ ਪੰਚਮ' ਨੇ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਨੂੰ ਆਪਣੇ ਤਖ਼ਤ ਦੇ ਨਾਲ ਤਖ਼ਤ ਲਗਵਾ ਕੇ ਬਿਰਾਜਮਾਨ ਕਰਵਾਇਆ। ਇੰਨਾ ਸਤਿਕਾਰ ਕਿਸੇ ਹੋਰ ਧਰਮ ਦੇ ਮੁਖੀ ਨੂੰ ਨਹੀਂ ਸੀ ਮਿਲਿਆ। ਫਿਰ ਸਤਿਕਾਰ ਕਿਸ ਨੂੰ ਮਿਲਿਆ ? ਸਤਿਕਾਰ ਉਸ ਨੂੰ ਮਿਲਿਆ ਜੋ :

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥

(ਤਿਲੰਗ ਮਹਲਾ ੧-੭੨੩)

ਜਿਨ੍ਹਾਂ ਨੇ ਪਹਿਰਾ ਵੀ ਦਿੱਤਾ। ਕਾਸ਼ ! ਅੱਜ ਵੀ ਕਿਤੇ ਐਸਾ ਪਹਿਰਾ ਅਤੇ ਸਚਾਈ ਕਹਿਣ ਵਾਲੇ ਹੋ ਜਾਣ। ਅੱਜ ਜ਼ਰੂਰ ਹੈ ਬਾਬਾ ਜੀਵਨ ਸਿੰਘ ਵਾਲਿਆਂ ਵਰਗੇ ਗੁਣ ਗ੍ਰਹਿਣ ਕਰਨ ਦੀ, ਅੱਜ ਜ਼ਰੂਰਤ ਹੈ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ

ਵਰਗੀ ਜੀਵਨ ਜਾਚ ਗ੍ਰਹਿਣ ਕਰਨ ਦੀ ਤਾਂ ਕਿ ਉਹ ਸਾਡੀ ਕੌਮ ਦਾ ਗਹਿਣਾ ਬਣ ਜਾਣ।

ਦਾਸ ਨੇ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਗੁਰੂ ਕਲਗੀਧਰ ਪਾਤਸ਼ਾਹ ਦੇ ਜੀਵਨ ਨੂੰ, ਗੁਰੂ ਕਲਗੀਧਰ ਪਾਤਸ਼ਾਹ ਦੇ ਇਤਿਹਾਸ ਨੂੰ ਅਤੇ ਗੁਰੂ ਕਲਗੀਧਰ ਪਾਤਸ਼ਾਹ ਅਤੇ ਪਰਿਵਾਰ ਦੀਆਂ ਕੁਰਬਾਨੀਆਂ ਨੂੰ, ਜਿਸ ਵੀ ਕਿਸੇ ਮਨੁੱਖ ਨੇ ਨਿਰਪੱਖਤਾ ਦੇ ਨਾਲ ਪੜ੍ਹਿਆ ਹੈ, ਨਿਰਪੱਖਤਾ ਨਾਲ ਵਾਚਿਆ ਹੈ, ਭਾਵੇਂ ਉਹ ਕਿਸੇ ਵੀ ਧਰਮ ਦਾ ਹੈ, ਪਰ ਉਹ ਗੁਰੂ ਕਲਗੀਧਰ ਪਾਤਸ਼ਾਹ ਦੀ ਸਿਫ਼ਤਿ ਕਰਨ ਤੋਂ ਬਿਨਾਂ ਨਹੀਂ ਰਹਿ ਸਕਿਆ।

ਹਿੰਦੀ ਭਾਸ਼ਾ ਦਾ ਰਾਸ਼ਟਰੀ ਕਵੀ, ਹਿੰਦੁਸਤਾਨ ਦਾ ਚੋਣਵਾਂ ਕਵੀ, 'ਮੈਥਲੀ ਸ਼ਰਨ ਗੁਪਤ' ਜਿਸ ਦਾ ਨਾਮ ਹਰ ਹਿੰਦੀ ਸਾਹਿਤ ਪੜ੍ਹਨ ਵਾਲਾ ਵਿਅਕਤੀ ਉਸ ਦੇ ਨਾਮ ਤੋਂ ਜਾਣੂ ਹੋਵੇਗਾ, ਉਸ ਨੇ ਜਦੋਂ ਸਾਕਾ ਸਰਹੰਦ ਦੀ ਗਾਥਾ ਨੂੰ ਪੜ੍ਹਿਆ, ਉਸ ਨੇ ਜਦੋਂ ਸਾਕਾ ਸਰਹੰਦ ਦੀ ਗਾਥਾ ਨੂੰ ਸੁਣਿਆ, ਉਸ ਨੇ ਜਦੋਂ ਸਾਕਾ ਸਰਹੰਦ ਦੀ ਗਾਥਾ ਨੂੰ ਵਾਚਿਆ, ਉਸ ਨੇ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਬੜੇ ਬਾ-ਕਮਾਲ ਤਰੀਕੇ ਨਾਲ ਪ੍ਰਗਟ ਕਰਦੇ ਇਸ ਸਾਕਾ ਸਰਹੰਦ ਦੀਆਂ ਦੀਵਾਰਾਂ ਦੀ ਬਾਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਹ ਲਿਖਦਾ ਹੈ ਕਿ :

ਜਿਸ ਕੁਲ ਜਾਤ ਕੌਮ ਕੇ ਬੱਚੇ, ਦੇ ਸਕਤੇ ਯੂੰ ਬਲੀਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ, ਭਵਿਸ਼ ਹੈ ਮਹਾਂ ਮਹਾਨ।

(ਮੈਥਲੀ ਸ਼ਰਨ ਗੁਪਤ)

ਇਥੇ ਮੈਂ ਇਕ ਗੱਲ ਆਪ ਨੂੰ ਦੱਸਦਾ ਜਾਵਾਂ,ਸਮਝਣ ਦਾ ਯਤਨ ਕਰਿਓ ਕਿ ਗੁਰੂ ਕਲਗੀਧਰ ਦੇ ਲਾਡਲਿਆਂ ਦੀ ਵਡਿਆਈ ਇਸ ਗੱਲ ਵਿਚ ਨਹੀਂ ਹੈ ਕਿ ਉਹ ਕਲਗੀਧਰ ਦੇ ਬੇਟੇ ਹਨ। ਉਹਨਾਂ ਲਾਲਾਂ ਦੀ ਵਡਿਆਈ ਦਾ ਮੂਲ ਕਾਰਨ ਹੈ ਉਹਨਾਂ ਦੀ ਮੌਤ, ਉਹਨਾਂ ਦੀ ਸ਼ਹੀਦੀ, ਉਹਨਾਂ ਦੀ ਕੁਰਬਾਨੀ ਦੀ ਆਪਣੀ ਇਕ ਬੇ-ਮਿਸਾਲ ਮਹਾਨਤਾ ਤਾਂ ਹੈ ਹੀ, ਪਰ ਉਹਨਾਂ ਕਲਗੀਧਰ ਦੇ ਲਾਡਲਿਆਂ ਨੇ ਦ੍ਰਿੜਤਾ ਪੂਰਵਕ ਆਪਣੀਆਂ ਸ਼ਹਾਦਤਾਂ ਦੇ ਕੇ ਆਪਣੇ ਪਿਤਾ ਦਸਮੇਸ਼ ਜੀ ਦੀ ਪਹਿਲਾਂ ਹੀ ਚਮਕਦੀ ਹੋਈ ਸ਼ਾਨ ਨੂੰ ਹੋਰ ਚਾਰ ਚੰਦ ਲਗਾ ਦਿੱਤੇ।

ਕਲਗੀਧਰ ਦੇ ਲਾਡਲੇ, ਮਾਸੂਮ ਬਾਲਕ ਇੰਨਾ ਵੱਡਾ ਇਤਿਹਾਸ ਰਚ ਗਏ, ਜਿਸ ਦੇ ਪਿੱਛੇ ਕਹਿ ਦੇਈਏ ਕਿ ਦਾਦੀ ਮਾਂ ਗੁਜਰੀ ਦੀ ਪ੍ਰੇਰਣਾ ਸੀ ਤਾਂ ਕੋਈ ਗਲਤ ਬਾਤ ਨਹੀਂ ਹੋਵੇਗੀ। ਇਹ ਸਭ ਦਾਦੀ ਮਾਂ ਦੀ ਪ੍ਰੇਰਣਾ ਸਦਕਾ ਸੀ, ਇਹ ਸਭ ਦਾਦੀ ਮਾਂ ਦਾ ਸੁਣਾਇਆ ਹੋਇਆ ਇਤਿਹਾਸ ਸੀ। ਇਹ ਸਭ ਦਾਦੀ ਮਾਂ ਦੀਆਂ ਸੁਣਾਈਆਂ

ਹੋਈਆਂ ਬਾਤਾਂ ਦਾ ਸਿੱਟਾ ਸੀ।

ਗੁਰੂ ਬਾਬਿਆਂ ਦੀਆਂ ਕਹਾਣੀਆਂ, ਜਿਸ ਦੇ ਅੰਦਰ ਘਰ ਕਰ ਜਾਂਦੀਆਂ ਹਨ, ਜਦੋਂ ਰੋਮ ਰੋਮ ਵਿਚ ਧੱਸ ਜਾਂਦੀਆਂ ਹਨ ਤਾਂ ਗੁਰੂ ਬਾਬਿਆਂ ਦਾ ਸਿਧਾਂਤ, ਪੁੱਤਰਾਂ ਨੂੰ ਨੇਕ ਸਪੁੱਤਰ ਬਣਾ ਜਾਂਦਾ ਹੈ ਤੇ ਦਾਦੀ ਮਾਂ ਗੁਜਰੀ ਨੇ ਬਿਲਕੁਲ ਗੁਰਬਾਣੀ ਦੇ **"ਬਾਬਾਣੀਆ ਕਹਾਣੀਆਂ ਪੁਤ ਸਪੁਤ ਕਰੇਨਿ"** ਵਾਲੇ ਇਸ ਆਸ਼ੇ ਨੂੰ ਪੂਰਾ ਕਰ ਕੇ ਦਿਖਾ ਦਿੱਤਾ।

ਇੰਗਲੈਂਡ ਦਾ ਈਸਾਈ ਪਾਦਰੀ ਹੋਇਆ ਹੈ, ਜਿਸ ਦਾ ਨਾਮ ਹੈ, 'ਰਸਕਿਨ' **(RASKIN)**। ਕਹਿੰਦੇ ਹਨ, ਉਸ ਨੂੰ ਬਾਈਬਲ ਦਾ ਇਕ ਇਕ ਅੱਖਰ ਜ਼ਬਾਨੀ ਯਾਦ ਸੀ, ਕਿਸੇ ਨੇ ਉਸ ਤੋਂ ਪੁੱਛਿਆ ਕਿ "ਰਸਕਿਨ! ਤੈਨੂੰ ਇਸ ਬਾਈਬਲ ਦਾ ਇਕ ਇਕ ਅੱਖਰ ਕਿਵੇਂ ਯਾਦ ਹੈ" ਰਸਕਿਨ ਦਾ ਜਵਾਬ ਸੀ "ਮੇਰੀ ਮਾਂ ਨੇ ਛਮਕਾਂ ਮਾਰ-ਮਾਰ ਕੇ ਬਾਈਬਲ ਦਾ ਇਕ ਇਕ ਅੱਖਰ ਮੇਰੀ ਚਮੜੀ ਵਿਚ ਘੁਸੇੜ ਦਿੱਤਾ ਹੈ।"

ਖ਼ਿਆਲ ਕਰਿਉ ਕਿ ਜੇਕਰ ਇਹ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੇਖੀਏ ਤਾਂ ਬਿਲਕੁਲ ਇਸੇ ਤਰ੍ਹਾਂ ਦੀ ਬਾਤ ਮਾਂ ਗੁਜਰੀ ਵਿਚ ਵੀ ਦਿਖਾਈ ਦੇਵੇਗੀ। ਮਾਂ ਗੁਜਰੀ ਨੇ ਵੀ ਉਹਨਾਂ ਦੋ ਮਾਸੂਮ ਬਾਲਾਂ ਦੇ ਅੰਦਰ ਸ਼ਹਾਦਤਾਂ ਦੀ ਬਾਤ, ਸਿੱਖ ਫ਼ਲਸਫ਼ੇ ਦੀ ਬਾਤ, ਸਿੱਖ ਵਿਚਾਰਧਾਰਾ ਦੀ ਬਾਤ, ਐਨੀ ਦ੍ਰਿੜ੍ਹਤਾ ਨਾਲ ਭਰ ਦਿੱਤੀ ਕਿ ਉਹ ਛੋਟੇ-ਛੋਟੇ ਮਾਸੂਮ ਬਾਲ, ਉਹਨਾਂ ਸਰਹੰਦ ਦੀਆਂ ਖ਼ੂਨੀ ਦੀਵਾਰਾਂ ਵਿਚ ਜਾ ਕੇ ਵੀ ਨਹੀਂ ਡੋਲੇ, ਕਿਉਂਕਿ ਉਹ ਪੁੱਤਰ ਨੇ ਗੁਰੂ ਕਲਗੀਧਰ ਦੇ, ਪੋਤਰੇ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੇ, ਪੜਪੋਤਰੇ ਨੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ।

ਕਲਗੀਧਰ ਪਾਤਸ਼ਾਹ ਦੇ ਇਹਨਾਂ ਦੋ ਮਾਸੂਮਾਂ ਬਾਲਾਂ ਨੇ ਮਾਂ ਗੁਜਰੀ ਦੀ ਪ੍ਰੇਰਣਾ ਸਦਕਾ ਆਪਣੇ ਇਤਿਹਾਸਕ ਵਿਰਸੇ ਨੂੰ ਚਾਰ ਚੰਨ ਲਗਾ ਦਿੱਤੇ ਅਤੇ ਮਾਂ ਗੁਜਰੀ ਨੇ ਵੀ ਆਪਣੇ ਫ਼ਰਜ਼ ਨੂੰ ਕਿੰਨੀ ਬਾ-ਖ਼ੂਬੀ ਨਾਲ ਨਿਭਾਇਆ, ਇਸ ਦਾ ਜ਼ਿਕਰ ਇਕ ਜਾਣਿਆ ਪਛਾਣਿਆ ਕਵੀ 'ਇੰਦਰਜੀਤ ਸਿੰਘ ਹਸਨਪੁਰੀ' ਬੜੇ ਬਾ-ਕਮਾਲ ਤਰੀਕੇ ਨਾਲ ਆਪਣੀ ਕਲਮ ਤੋਂ ਦਾਦੀ ਮਾਂ ਦੇ ਸਾਹਿਬਜ਼ਾਦਿਆਂ ਪ੍ਰਤੀ ਫ਼ਰਜ਼ ਨੂੰ ਇਸ ਤਰ੍ਹਾਂ ਲਿਖ ਰਿਹਾ ਹੈ :

ਕਿਵੇਂ ਸ਼ਹਾਦਤ ਪਾਉਣੀ ਪੁੱਤਰੋ !
ਦਾਦੀ ਮਾਂ ਸਮਝਾਵਣ ਲੱਗੀ।
ਸਿੱਖ ਕੌਮ ਦੀਆਂ ਨੀਹਾਂ ਪੱਕੀਆਂ,
ਹੱਥੀਂ ਮਾਂ ਕਰਵਾਵਣ ਲੱਗੀ।

ਬਾਬੇ ਦੀਆਂ ਮਿਸਾਲਾਂ ਦੇ ਕੇ,
ਅਣਖੀ ਹੋਰ ਬਣਾਉਂਦੀ ਪੋਤੇ।
ਇਹ ਵੀ ਕੌਮ ਲਈ ਅਰਪਣ ਹੋਵਣ,
ਕੌਮ ਦੇ ਲੇਖੇ ਲਾਉਂਦੀ ਪੋਤੇ।
ਦਿਲ ਦੇ ਟੁਕੜੇ ਗਲ ਨੂੰ ਲਾ ਕੇ,
ਬਾਤ ਧਰਮ ਦੀ ਪਾਵਣ ਲੱਗੀ।
ਕਿਵੇਂ ਸ਼ਹਾਦਤ ਪਾਉਣ ਪੁੱਤਰੋ,
ਦਾਦੀ ਮਾਂ ਸਮਝਾਵਣ ਲੱਗੀ।

ਉਹ ਦਾਦੀ ਮਾਂ ਨੇ ਐਸਾ ਬਾ-ਖ਼ੂਬੀ ਤਰੀਕੇ ਨਾਲ ਆਪਣੇ ਫ਼ਰਜ਼ ਨੂੰ ਨਿਭਾਇਆ ਕਿ ਦੁਨੀਆਂ ਵਿਚ ਕਿਧਰੇ ਵੀ ਮਿਸਾਲ ਨਾ ਮਿਲ ਸਕਦੀ ਹੈ ਤੇ ਨਾ ਹੀ ਮਿਲੇਗੀ।

ਕਿਤੇ ਉਸ ਦਾਦੀ ਮਾਂ ਦੇ ਪੂਰਨਿਆਂ ਉੱਪਰ, ਅੱਜ ਦੀ ਮਾਂ ਵੀ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਦੇ ਸਮਰੱਥ ਹੋ ਸਕੇ। ਅੱਜ ਸਾਨੂੰ ਆਪਣੇ ਪੁੱਤਰਾਂ ਨੂੰ ਬੇਮੁੱਖਤਾ ਪਾਸੇ ਜਾਣਾ ਵੇਖਣਾ ਨਾ ਪਵੇ। ਅੱਜ ਦੀਆਂ ਅਖ਼ਬਾਰਾਂ ਵਿਚ ਪੁੱਤਰਾਂ ਦੀਆਂ ਬੇ-ਦਖਲੀਆਂ ਦੇ ਨੋਟਿਸ ਨਾ ਛਪਵਾਉਣੇ ਪੈਣ। ਮਾਂ ਬਾਪ ਨੂੰ ਆਪਣੇ ਪੁੱਤਰਾਂ ਤੋਂ ਦੁਖੀ ਨਾ ਹੋਣਾ ਪਵੇ। ਕਾਸ਼ ! ਉਹ ਦਾਦੀ ਮਾਂ ਦਾ ਫ਼ਰਜ਼ ਸਾਡੇ ਘਰਾਂ ਵਿਚ ਵੀ ਕਿਤੇ ਬੀਬੀਆਂ ਨਿਭਾ ਸਕਣ। ਕਿੰਨਾ ਚੰਗਾ ਹੋਵੇ ਜੇਕਰ ਅੱਜ ਦੀਆਂ ਮਾਵਾਂ, ਦਾਦੀ ਮਾਂ ਗੁਜਰੀ ਦੇ ਵਿਰਸੇ ਨੂੰ, ਸੋਚ ਨੂੰ, ਅਪਣਾ ਕੇ ਆਪਣੇ ਘਰਾਂ ਨੂੰ ਸੰਭਾਲ ਲੈਣ।

ਆਪਾਂ ਹੁਣ ਤੱਕ ਇਹ ਜਾਣ ਚੁੱਕੇ ਹਾਂ ਕਿ ਕਿਵੇਂ ਗੁਰੂ ਕਲਗੀਧਰ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਿਆ, ਕਿਵੇਂ ਸਰਸਾ ਨਦੀ ਦੇ ਕੰਢੇ 'ਤੇ ਜੰਗ ਦਾ ਮੈਦਾਨ ਭਖਿਆ ਤੇ ਕਿਵੇਂ ਵਿਛੋੜਾ ਪੈ ਗਿਆ। ਕਿਸ ਤਰ੍ਹਾਂ ਗੰਗੂ ਦੇ ਨਾਲ ਮਾਂ ਗੁਜਰੀ ਤੇ ਛੋਟੇ ਲਾਲ ਉਸ ਗੰਗੂ ਦੇ ਘਰ ਠਹਿਰੇ, ਪਰ ਗੰਗੂ ਦੇ ਲਾਲਚ ਨੇ, ਨਮਕਹਰਾਮੀ ਨੇ, ਗੰਗੂ ਦੇ ਡਰ ਨੇ ਉਸ ਤੋਂ ਕੀ ਕੀ ਕੁਕਰਮ ਕਰਵਾ ਦਿੱਤੇ।

ਗੰਗੂ ਨੇ ਮੋਰਿੰਡੇ ਦੇ ਹਾਕਮਾਂ ਜਾਨੀ ਖ਼ਾਂ ਅਤੇ ਮਾਨੀ ਖ਼ਾਂ ਕੋਲ ਜਾ ਕੇ ਮਾਤਾ ਜੀ ਅਤੇ ਬੱਚਿਆਂ ਦੇ ਆਪਣੇ ਕੋਲ ਹੋਣ ਦੀ ਖ਼ਬਰ ਦਿੱਤੀ ਅਤੇ ਕਲਗੀਧਰ ਦੀ ਮਾਤਾ ਅਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਹੁਣ ਗ੍ਰਿਫ਼ਤਾਰ ਕਰ ਕੇ ਉਹਨਾਂ ਨੂੰ ਲਿਜਾਣ ਲਈ ਕੋਈ ਵਧੀਆ ਸਾਧਨ ਦਾ ਪ੍ਰਬੰਧ ਨਹੀਂ ਕੀਤਾ ਗਿਆ, ਉਹ ਆਪ ਤਾਂ ਘੋੜਿਆਂ 'ਤੇ ਸਵਾਰ ਨੇ, ਪਰ ਦਾਦੀ ਮਾਂ ਤੇ ਛੋਟੇ ਮਾਸੂਮ ਬਾਲਾਂ ਨੂੰ ਬੈਲ ਗੱਡੀ ਦੇ ਵਿਚ ਸਵਾਰ ਕਰਵਾ ਕੇ ਲੈ ਤੁਰੇ ਨੇ ਸਰਹੰਦ ਨੂੰ। ਕਿਉਂਕਿ ਸਰਹੰਦ ਵੱਲ ਉਹਨਾਂ ਬੈਲ ਗੱਡੀ 'ਤੇ ਲਿਜਾਣਾ ਹੈ, ਸਫ਼ਰ ਲੰਬਾ ਹੈ। ਇਕ ਦਿਨ ਵਿਚ ਬੈਲ ਗੱਡੀ ਕਿੰਨਾ ਕੁ ਸਫ਼ਰ ਤੈਅ

ਕਰ ਸਕਦੀ ਸੀ, ਇਸ ਲਈ ਇਤਿਹਾਸ ਬੋਲਦਾ ਹੈ ਕਿ ਉਹਨਾਂ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਇਕ ਰਾਤ ਮੋਰਿੰਡੇ ਦੀ ਹਵਾਲਾਤ ਵਿਚ ਰੱਖਿਆ। ਫਿਰ ਦੂਸਰੇ ਦਿਨ ਬੱਸੀ ਦੇ ਥਾਣੇ ਵਿਚ ਲੈ ਗਏ, ਉਸ ਤੋਂ ਅੱਗੇ ਚਲਦਿਆਂ-ਚਲਦਿਆਂ ਜਦੋਂ ਖ਼ਬਰ ਨਵਾਬ ਵਜ਼ੀਰ ਖ਼ਾਂ ਤਕ ਪਹੁੰਚੀ ਤਾਂ ਉਹ ਵੀ ਦਿੱਲੀ ਤੋਂ ਸਰਹੰਦ ਆ ਪਹੁੰਚਿਆ।

ਹੁਣ ਜਾਨੀ ਖ਼ਾਂ ਤੇ ਮਾਨੀ ਖ਼ਾਂ ਜੋ ਕਿ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਲਿਆ ਰਹੇ ਸਨ, ਨਵਾਬ ਦੀ ਖ਼ੁਸ਼ੀ ਲੈਣ ਲਈ ਅਤੇ ਇਨਾਮ ਦੇ ਲਾਲਚ ਵਿਚ ਮਾਂ ਗੁਜਰੀ ਅਤੇ ਲਾਲਾਂ ਨੂੰ ਲੈ ਕੇ ਸਰਹੰਦ ਪਹੁੰਚ ਗਏ।

ਸਰਹੰਦ ਨੂੰ "ਸਰਹੰਦ" ਕਿਉਂ ਕਿਹਾ ਜਾਂਦਾ ਹੈ, ਮੈਂ ਆਪ ਜੀ ਦੀ ਜਾਣਕਾਰੀ ਲਈ ਇਹ ਵੀ ਦੱਸਦਾ ਜਾਵਾਂ। ਦਿੱਲੀ ਦਰਬਾਰ ਦੀਆਂ ਵੱਖ-ਵੱਖ ਵਜ਼ਾਰਤਾਂ ਦੇ ਵਿਚੋਂ, ਵੱਖ-ਵੱਖ ਸੂਬਿਆਂ (STATES) ਦੇ ਵਿਚੋਂ, ਸਰਹੰਦ ਸਭ ਤੋਂ ਤਾਕਤਵਰ ਸੂਬਾ ਸੀ ਅਤੇ ਇਹ ਦਿੱਲੀ ਦਰਬਾਰ ਦੀ ਸਭ ਤੋਂ ਜ਼ਿਆਦਾ ਤਾਕਤਵਰ ਰਿਆਸਤ ਸੀ, ਤਾਕਤਵਰ ਹੋਣ ਕਾਰਨ ਇਸ ਨੂੰ ਕਿਹਾ ਜਾਂਦਾ ਸੀ, 'ਸਰ-ਹਿੰਦ'। ਭਾਵ ਹਿੰਦੁਸਤਾਨ ਦਾ ਸਿਰ, ਭਾਵ ਕਿ ਹਿੰਦੁਸਤਾਨ ਦੀਆਂ ਰਿਆਸਤਾਂ ਵਿਚੋਂ ਸਭ ਤੋਂ ਜ਼ਿਆਦਾ ਤਾਕਤਵਰ 'ਸਰ-ਹਿੰਦ', ਉਥੋਂ ਇਸ ਦਾ ਨਾਮ ਨਿਕਲਿਆ ਸਰਹਿੰਦ।

ਸਰਹੰਦ ਜਿਸ ਦਾ ਉਸ ਸਮੇਂ ਦਾ ਹਾਕਮ ਹੈ 'ਵਜ਼ੀਰ ਖ਼ਾਂ', ਜੋ ਕਿ ਅਨੰਦਪੁਰ ਸਾਹਿਬ ਤੋਂ ਹੀ ਗੁਰੂ ਕਲਗੀਧਰ ਪਾਤਸ਼ਾਹ ਨਾਲ ਵੈਰ ਕਮਾਉਂਦਾ ਆ ਰਿਹਾ ਹੈ। ਨਵਾਬ ਵਜ਼ੀਰ ਖ਼ਾਂ ਨੇ ਸਰਸਾ ਨਦੀ ਦੇ ਕੰਢੇ 'ਤੇ ਹੋਏ ਘਮਸਾਨ ਦੇ ਯੁੱਧ ਵਿਚ ਆਪਣੀ ਲਗਭਗ ਅੱਧੀ ਫ਼ੌਜ ਦੀ ਹੋਈ ਕੱਟ-ਵੱਢ ਨੂੰ ਆਪ ਤੱਕਿਆ ਸੀ। ਭਾਵੇਂ ਕਿ ਸਿੰਘ ਸੂਰਬੀਰ ਭੁੱਖੇ, ਤਿਹਾਏ ਸਨ, ਪਰ ਫਿਰ ਵੀ ਅਕਾਲ ਪੁਰਖ ਦੇ ਬਖ਼ਸ਼ੇ ਸਬਰ ਸੰਤੋਖ ਦੇ ਸਦਕਾ ਉਹਨਾਂ ਸੂਰਬੀਰ ਸਿੰਘਾਂ ਨੇ, ਵਜ਼ੀਰ ਖ਼ਾਂ ਦੀ ਅੱਧੀ ਫ਼ੌਜ ਨੂੰ ਤਹਿਸ-ਨਹਿਸ ਕਰ ਦਿੱਤਾ ਸੀ, ਜਿਸ ਵਿਚ ਪਹਾੜੀ ਫ਼ੌਜਾਂ ਵੀ ਵਜ਼ੀਰ ਖ਼ਾਂ ਦੇ ਨਾਲ ਸਨ ਤੇ ਇਹ ਸਾਰਾ ਦ੍ਰਿਸ਼ ਵਜ਼ੀਰ ਖ਼ਾਂ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਸੀ। ਉਸ ਦਿਨ ਤੋਂ ਹੀ ਵਜ਼ੀਰ ਖ਼ਾਂ ਨੇ ਆਪਣੇ ਆਪ ਨਾਲ ਇਕ ਵਾਅਦਾ ਕੀਤਾ ਸੀ ਕਿ ਉਹ ਕੋਈ ਵੀ ਤਰੀਕਾ ਅਪਣਾਵੇਗਾ, ਕੋਈ ਵੀ ਫਰੇਬ ਕਰੇਗਾ, ਪਰ ਗੁਰੂ ਗੋਬਿੰਦ ਸਿੰਘ ਤੋਂ ਬਦਲਾ ਜ਼ਰੂਰ ਲਵੇਗਾ। ਇਸ ਲਈ ਵਜ਼ੀਰ ਖ਼ਾਂ ਹਰ ਸੰਭਵ ਯਤਨ ਕਰ ਰਿਹਾ ਸੀ, ਉਸ ਕਤਲੋ-ਗਾਰਤ ਦਾ ਬਦਲਾ ਲੈਣ ਲਈ।

ਬਸ ! ਜਦੋਂ ਵਜ਼ੀਰ ਖ਼ਾਂ ਨੂੰ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਅਤੇ ਸਾਹਿਬਜ਼ਾਦੇ ਮੇਰੀ ਕੈਦ ਵਿਚ ਆ ਚੁੱਕੇ ਹਨ ਤਾਂ ਉਸ ਨੂੰ ਇਹ ਮਹਿਸੂਸ ਹੋਇਆ ਕਿ ਮੇਰੇ ਕੋਲ ਉਹ ਮੌਕਾ ਆ ਗਿਆ ਹੈ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਤੋਂ ਆਪਣੇ

ਬਦਲੇ ਗਿਣ-ਗਿਣ ਕੇ ਲੈ ਲਵਾਂ। ਹੁਣ ਬੈਲ ਗੱਡੀ ਵੀ ਸਰਹੰਦ ਪਹੁੰਚ ਗਈ, ਜਿਸ ਵਿਚ ਸਾਹਿਬਜ਼ਾਦੇ ਅਤੇ ਮਾਂ ਗੁਜਰੀ ਸਵਾਰ ਹਨ।

ਜੋਗੀ ਅੱਲ੍ਹਾ ਯਾਰ ਖ਼ਾਂ ਇਸ ਗਾਥਾ ਨੂੰ ਅਗਾਂਹ ਆਪਣੇ ਸ਼ਬਦਾਂ ਵਿਚ ਬਿਆਨ ਕਰਦਾ ਹੋਇਆ ਕਹਿੰਦਾ ਹੈ ਕਿ:

ਸਰਹਿੰਦ ਜਾ ਕੇ ਪਹੁੰਚੇ ਹਜ਼ਾਰ ਇਜ਼ਤਿਰਾਬ ਸੇ।
ਦੋ ਚਾਰ ਹਾਏ ! ਜਬ ਹੂਏ ਜ਼ਾਲਿਮ ਨਵਾਬ ਸੇ।

ਭਾਵ ਕਿ ਰਸਤੇ ਦੀਆਂ ਔਕੜਾਂ ਨੂੰ ਝੱਲਦੇ ਹੋਏ ਉਹ ਸਰਹੰਦ ਦੀ ਧਰਤੀ 'ਤੇ ਪਹੁੰਚ ਗਏ। ਰਸਤੇ ਵਿਚ ਲੋਕ ਬੁਢੜੀ ਮਾਂ ਅਤੇ ਬੱਚਿਆਂ ਵੱਲ ਤੱਕ-ਤੱਕ ਕੇ ਗੱਲਾਂ ਕਰਦੇ ਸਨ ਕਿ ਇਸ ਬੁਢੜੀ ਮਾਤਾ ਨੇ ਕੀ ਜ਼ੁਰਮ ਕੀਤਾ ਹੋਵੇਗਾ ਤੇ ਜਦੋਂ ਲਾਲਾਂ ਵੱਲ ਤੱਕਦੇ ਸਨ, ਤਾਂ ਵੀ ਲੋਕ ਕਹਿੰਦੇ ਸਨ ਕਿ ਇਹਨਾਂ ਮਾਸੂਮਾਂ ਨੇ ਕੀ ਗੁਨਾਹ ਕੀਤਾ ਹੋਵੇਗਾ। ਹਨੇਰ ਸਾਈਂ ਦਾ ਉਏ ਭਲਿਉ ! ਇਹਨਾਂ ਨੇ ਕਿਹੜਾ ਜ਼ੁਰਮ, ਕਿਹੜਾ ਗੁਨਾਹ ਕਰ ਲਿਆ ਕਿ ਤੁਸੀਂ ਇਹਨਾਂ ਨੂੰ ਗ੍ਰਿਫ਼ਤਾਰ ਕਰ ਕੇ ਲਈ ਜਾ ਰਹੇ ਹੋ, ਲੋਕ ਹਾਹਾਕਾਰ ਮਚਾ ਰਹੇ ਨੇ, ਹਨੇਰ ਸਾਂਈਂ ਦਾ, ਹਨੇਰ ਸਾਈਂ ਦਾ।

ਪਰ ਜ਼ਾਲਿਮ ਸਿਪਾਹੀਆਂ ਦੇ ਅੱਗੇ ਇਹਨਾਂ ਲੋਕਾਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਲੋਕਾਂ ਦੀ ਅਵਾਜ਼, ਲੋਕ ਰਾਏ, ਮਾਂ ਗੁਜਰੀ ਅਤੇ ਸਾਹਿਬਜ਼ਾਦਿਆਂ ਦੇ ਨਾਲ ਖੜੀ ਹੋ ਰਹੀ ਸੀ, ਪਰ ਕਿਸੇ ਦੀ ਕੋਈ ਪੇਸ਼ ਨਹੀਂ ਚੱਲ ਰਹੀ। ਜਾਨੀ ਖ਼ਾਂ, ਮਾਨੀ ਖ਼ਾਂ ਨੇ ਆਪਣੇ ਆਕਾ ਨੂੰ ਖ਼ੁਸ਼ ਕਰਨ ਦੇ ਲਈ ਸਿੱਧੇ ਹੀ ਮਾਤਾ ਗੁਜਰੀ ਅਤੇ ਬੱਚੇ ਵਜ਼ੀਰ ਖ਼ਾਂ ਦੇ ਸਾਹਮਣੇ ਪੇਸ਼ ਕਰ ਦਿੱਤੇ।

ਦੋ ਚਾਰ ਹਾਏ ! ਜਬ ਹੂਏ ਜ਼ਾਲਿਮ ਨਵਾਬ ਸੇ।

ਦੋ ਚਾਰ ਦਾ ਅਰਥ ਹੈ—ਆਹਮਣੇ-ਸਾਹਮਣੇ ਹੋਣਾ। ਜ਼ਾਲਿਮ ਵਜ਼ੀਰ ਖ਼ਾਂ ਦੇ ਨਾਲ, ਦੋ ਮਾਸੂਮ ਬਾਲਾਂ ਅਤੇ ਮਾਂ ਗੁਜਰੀ ਦਾ ਆਹਮਣਾ-ਸਾਹਮਣਾ ਹੋ ਗਿਆ।

ਕਮਬਖ਼ਤ ਦੇਖਤੇ ਹੀ ਯਿਹ ਬੋਲਾ ਅਤਾਬ ਸੇ।
ਫ਼ਿਲਹਾਲ ਇਨ ਕੋ ਕੈਦ ਮੇਂ ਰਖੋ ਗੁਜ਼ਾਬ ਸੇ।

ਅਤਾਬ ਦਾ ਅਰਥ ਹੈ—"ਗੁੱਸੇ" ਦੇ ਨਾਲ। ਜਿਵੇਂ ਹੀ ਨਵਾਬ ਵਜ਼ੀਰ ਖ਼ਾਂ ਨੇ ਤੱਕਿਆ ਕਿ ਇਹ ਕਲਗੀਧਰ ਦੀ ਮਾਂ ਹੈ ਅਤੇ ਇਹ ਬੱਚੇ ਕਲਗੀਧਰ ਦੇ ਹਨ ਤਾਂ ਵਜ਼ੀਰ ਖ਼ਾਂ ਗ਼ੁੱਸੇ ਦੇ ਨਾਲ ਭਰ ਗਿਆ, ਕਿਉਂਕਿ ਉਸ ਦੇ ਅੰਦਰ ਬਦਲੇ ਦੀ ਅੱਗ ਬਲ ਰਹੀ ਹੈ ਉਸ ਨੇ ਇਹ ਵੀ ਨਹੀਂ ਸੋਚਿਆ ਕਿ ਇਹਨਾਂ ਦਾ ਕੀ ਕਸੂਰ ਹੈ। ਬਸ ! ਉਹ ਨਵਾਬ ਇਕ ਹੀ ਗੱਲ ਜਾਣਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਮਾਂ ਅਤੇ ਉਸ ਦੇ ਬੱਚੇ ਨੇ, ਉਸ ਦੀਆਂ ਅੱਖਾਂ ਸਾਹਮਣੇ ਸਰਸਾ ਨਦੀ ਦੇ ਕੰਢੇ 'ਤੇ ਹੋਈ ਕਤਲੋਗਾਰਤ

ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਨੂਰਾਨੀ ਚਿਹਰਾ ਹੈ। ਨਵਾਬ ਵਜ਼ੀਰ ਖ਼ਾਂ ਗੁੱਸੇ ਦੀਆਂ ਹੱਦਾਂ ਨੂੰ ਪਾਰ ਕਰਦਾ ਹੋਇਆ ਕੀ ਬੋਲਦਾ ਹੈ ਕਿ ਇਹਨਾਂ ਨੂੰ ਪੂਰੇ ਸਖ਼ਤ ਤੋਂ ਸਖ਼ਤ ਪਹਿਰੇ ਵਿਚ ਰੱਖੋ ਅਤੇ ਇਹਨਾਂ ਦੇ ਨਾਲ ਕਿਸੇ ਤਰ੍ਹਾਂ ਦੀ ਵੀ ਲਿਹਾਜ਼ਦਾਰੀ ਨਾ ਕੀਤੀ ਜਾਵੇ ਅਤੇ ਨਾ ਹੀ ਕੋਈ ਨਰਮੀ ਵਾਲਾ ਵਰਤਾਉ ਕੀਤਾ ਜਾਵੇ।

ਸ਼ਾਮ ਦਾ ਸਮਾਂ ਸੀ, ਸਰਦੀ ਵੀ ਕਹਿਰ ਦੀ ਸੀ ਅਤੇ ਕੈਦ ਕਿੱਥੇ ਕਰਨ ਦਾ ਹੁਕਮ ਸੁਣਾਇਆ ?

ਗੁੰਬਦ ਥਾ ਜਿਸ ਮਕਾਂ ਮੇਂ ਮੁਕੱਯਦ ਹਜ਼ੂਰ ਥੇ।
ਦੋ ਚਾਂਦ ਏਕ ਬੁਰਜ ਮੇਂ ਰਖਤੇ ਜ਼ਹੂਰ ਥੇ।

ਨਵਾਬ ਦੇ ਹੁਕਮ ਦੇ ਨਾਲ ਠੰਡੇ ਬੁਰਜ ਵਿਚ ਉਹਨਾਂ ਨੂੰ ਕੈਦ ਵਿਚ ਰੱਖ ਲਿਆ ਗਿਆ। ਆਪ ਜਾਣਦੇ ਹੋ ਕਿ ਇਸ ਜਗ੍ਹਾ ਨੂੰ 'ਠੰਡਾ ਬੁਰਜ' ਕਿਉਂ ਕਿਹਾ ਜਾਂਦਾ ਹੈ ? ਨਵਾਬ ਨੇ ਇਹ ਕਿਲ੍ਹੇ ਦੀ ਚਾਰ-ਦੀਵਾਰੀ ਦੇ ਸਭ ਤੋਂ ਉਤੇ, ਸਭ ਤੋਂ ਉੱਚਾ ਬਣਵਾਇਆ ਸੀ ਤੇ ਠੰਡਾ ਕਿਵੇਂ ਸੀ ? ਉਸ ਬੁਰਜ ਦੇ ਨਾਲ ਹੀ ਇਕ ਠੰਡੇ ਪਾਣੀ ਦੀ ਨਹਿਰ ਵੱਗਦੀ ਸੀ ਅਤੇ ਗਰਮੀਆਂ ਦੇ ਇਹਨਾਂ ਦਿਨਾਂ ਵਿਚ ਵਜ਼ੀਰ ਖ਼ਾਂ ਆਪ ਉਸ ਬੁਰਜ ਵਿਚ ਬੈਠਦਾ ਸੀ, ਕਿਉਂਕਿ ਹਵਾਵਾਂ ਜਦੋਂ ਨਹਿਰ ਦੇ ਠੰਡੇ ਪਾਣੀ ਦੇ ਨਾਲ ਟਕਰਾਉਂਦੀਆਂ ਸਨ ਤੇ ਕੁਦਰਤੀ ਉਹ ਹਵਾਵਾਂ ਠੰਡੇ ਬੁਰਜ ਦੇ ਅੰਦਰ ਵੀ ਪ੍ਰਵੇਸ਼ ਹੁੰਦੀਆਂ ਸਨ। ਵਜ਼ੀਰ ਖ਼ਾਂ ਇਹਨਾਂ ਠੰਡੀਆਂ ਹਵਾਵਾਂ ਦਾ ਅਨੰਦ ਮਾਣਦਾ ਸੀ। ਉਸ ਠੰਡੇ ਬੁਰਜ ਨੂੰ ਕੋਈ ਬਾਹਰੀ ਦਰਵਾਜ਼ਾ ਨਹੀਂ ਸੀ, ਕੋਈ ਬਾਰੀ ਵੀ ਨਹੀਂ ਸੀ, ਸਿਰਫ਼ ਥੰਮਲਿਆਂ ਉੱਪਰ ਗੋਲ ਛੱਤ ਸੀ। ਸਰਦੀ ਦੇ ਮੌਸਮ ਵਿਚ ਉਪਰੋਂ ਅੱਤ ਦੀ ਸਰਦੀ ਤੇ ਨਾਲ ਠੰਡੀਆਂ ਹਵਾਵਾਂ। ਸਰਦੀਆਂ ਵਿਚ ਉਹ ਠੰਡੀਆਂ ਹਵਾਵਾਂ ਦੁਖਦਾਈ ਬਣ ਕੇ ਸਾਹਮਣੇ ਆਉਣਗੀਆਂ।

ਬਸ ! ਉਸ ਠੰਡੇ ਬੁਰਜ ਵਿਚ ਮਾਂ ਗੁਜਰੀ ਅਤੇ ਦੋ ਲਾਲਾਂ ਨੂੰ ਸਖ਼ਤ ਪਹਿਰੇ ਨਾਲ ਕੈਦ ਕਰਨ ਦਾ ਹੁਕਮ ਵਜ਼ੀਰ ਖ਼ਾਂ ਨੇ ਸੁਣਾ ਦਿੱਤਾ।

ਦੋ ਚਾਂਦ ਏਕ ਬੁਰਜ ਮੇਂ ਰਖਤੇ ਜ਼ਹੂਰ ਥੇ।

ਹੁਣ ਦੋ ਚੰਦਰਮਾ ਇਸ ਬੁਰਜ ਵਿਚ ਚੜ੍ਹੇ ਹੋਏ ਨੇ। ਇਕ ਸਾਹਿਬ ਜ਼ੋਰਾਵਰ ਸਿੰਘ ਰੂਪੀ ਅਤੇ ਇਕ ਸਾਹਿਬਜ਼ਾਦਾ ਫ਼ਤਹਿ ਸਿੰਘ ਰੂਪੀ। ਦੋ ਚੰਦਰਮਾ ਕਲਗੀਧਰ ਦੇ ਲਾਡਲੇ ਇਸ ਠੰਡੇ ਬੁਰਜ ਵਿਚ ਆਪਣੀ ਦਾਦੀ ਮਾਂ ਦੇ ਨਾਲ ਕੈਦ ਕਰ ਲਏ ਗਏ ਨੇ।

ਹੁਣ ਪੋਹ ਮਹੀਨੇ ਦੀਆਂ ਠੰਡੀਆਂ ਰਾਤਾਂ, ਮਾਂ ਗੁਜਰੀ ਅਤੇ ਲਾਲਾਂ ਦੇ ਕੋਲ ਕੱਪੜੇ ਵੀ ਪੂਰੇ ਨਹੀਂ ਹਨ। ਕੋਈ ਮੰਜਾ ਬਿਸਤਰਾ ਵੀ ਨਹੀਂ ਤੇ ਹੇਠਾਂ ਠੰਡੀ-ਠਾਰ

ਜ਼ਮੀਨ 'ਤੇ ਬੈਠਣ ਨਾਲ ਵੀ ਕਿੰਨੀ-ਕੁ ਠੰਡ ਲੱਗਦੀ ਹੋਵੇਗੀ ? ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਮਾਂ ਗੁਜਰੀ ਨੇ ਲਾਲਾਂ ਨੂੰ ਠੰਡ ਤੋਂ ਕਿਵੇਂ ਬਚਾਇਆ ਹੋਵੇਗਾ।

ਦਾਸ ਇਕ ਬੇਨਤੀ ਕਰੇਗਾ ਕਿ ਇਹ ਠੰਡ ਅਕਸਰ ਜਾਂ ਤਾਂ ਬਜ਼ੁਰਗਾਂ ਨੂੰ ਜ਼ਿਆਦਾ ਤੰਗ ਕਰਦੀ ਹੈ ਜਾਂ ਬੱਚਿਆਂ ਨੂੰ ਜ਼ਿਆਦਾ ਤੰਗ ਕਰਦੀ ਹੈ। ਹੁਣ ਇਥੇ ਠੰਡੇ ਬੁਰਜ ਵਿਚ ਜੋ ਕੈਦ ਕੀਤੇ ਗਏ ਹਨ ਉਹ ਵੀ ਇਕ ਬਜ਼ੁਰਗ ਮਾਂ ਗੁਜਰੀ ਅਤੇ ਦੋ ਮਾਸੂਮ ਬਾਲ ਹਨ ਤੇ ਦੋਵੇਂ ਪਾਸੇ ਹੀ ਠੰਡ ਤੋਂ ਮਾਰ ਖਾਣ ਵਾਲੀ ਅਵਸਥਾ ਵਿਚ ਹਨ।

ਕੈਦਿ-ਬਲਾ ਮੇਂ ਤੀਸਰਾ ਦਿਨ ਥਾ ਜਨਾਬ ਕੋ।
ਬੇ ਆਬ ਕਰ ਚੁਕੀ ਥੀ ਅਤਸ਼ ਹਰ ਗੁਲਾਬ ਕੋ।

ਵਜ਼ੀਰ ਖ਼ਾਂ ਨੇ ਬੱਚਿਆਂ ਨੂੰ ਅਤੇ ਮਾਂ ਗੁਜਰੀ ਜੀ ਨੂੰ ਤਸੀਹੇ ਦੇਣ ਦੀ ਨੀਯਤ ਨਾਲ ਤਿੰਨ ਦਿਨ ਕੈਦ ਵਿਚ ਰੱਖਿਆ। ਹੇਠਾਂ ਠੰਡਾ ਫਰਸ਼ ਉਪਰੋਂ ਕਹਿਰ ਦੀ ਸਰਦੀ ਅਤੇ ਨਾ ਹੀ ਉਹਨਾਂ ਨੂੰ ਕੋਈ ਕੱਪੜਾ ਦਿੱਤਾ ਗਿਆ ਅਤੇ ਨਾ ਹੀ ਉਹਨਾਂ ਨੂੰ ਖਾਣ-ਪੀਣ ਦੀ ਕੋਈ ਸੁਵਿਧਾ ਦਿੱਤੀ ਗਈ। ਤਿੰਨ ਦਿਨ ਇਹਨਾਂ ਨੂੰ ਸਖ਼ਤ ਪਹਿਰੇ ਹੇਠ ਠੰਡੇ ਬੁਰਜ ਵਿਚ ਰੱਖਿਆ ਗਿਆ, ਇਨ੍ਹਾਂ ਤਿੰਨ ਦਿਨਾਂ ਵਿਚ ਇਕ ਮਹਾਨ ਸ਼ਖ਼ਸੀਅਤ ਨੂੰ ਗੁਰੂ ਘਰ ਦੀ ਸੇਵਾ ਮਿਲੀ ਤੇ ਉਸ ਮਹਾਨ ਸ਼ਖ਼ਸੀਅਤ ਨੇ ਗੁਰੂ ਜੀ ਦੀ ਮਾਤਾ ਅਤੇ ਬੱਚਿਆਂ ਦੀ ਸੇਵਾ ਦਾ ਲਾਹਾ ਵੀ ਖੱਟਿਆ ਤੇ ਉਹ ਮਹਾਨ ਸ਼ਖ਼ਸੀਅਤ ਸੀ, "ਮੋਤੀ ਰਾਮ"।

ਇਹ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਮੋਤੀ ਰਾਮ ਨੂੰ ਜੋ ਕਿ ਵਜ਼ੀਰ ਖ਼ਾਂ ਦਾ ਮੁਲਾਜ਼ਮ ਸੀ, ਪਰ ਉਸ ਦਾ ਗੁਰੂ ਘਰ ਨਾਲ ਵੀ ਬਹੁਤ ਪਿਆਰ ਸੀ ਤੇ ਉਸ ਦੇ ਮਨ ਵਿਚ ਮਾਤਾ ਜੀ ਅਤੇ ਬੱਚਿਆਂ ਦੀ ਸੇਵਾ ਕਰਨ ਦਾ ਚਾਓ ਵੀ ਸੀ, ਪਰ ਉਹ ਸੋਚਾਂ ਸੋਚਦਾ ਸੀ ਕਿ ਮੈਂ ਇਹ ਸੇਵਾ ਕਿਸ ਤਰ੍ਹਾਂ ਕਰਾਂ ? ਮੈਂ ਇਹਨਾਂ ਤੱਕ ਪਹੁੰਚ ਕਿਵੇਂ ਕਰਾਂ ? ਮੈਨੂੰ ਇਹ ਪਹਿਰੇਦਾਰ ਇਹਨਾਂ ਤੱਕ ਪਹੁੰਚਣ ਨਹੀਂ ਦੇਣਗੇ।

ਆਖ਼ਿਰ ਮੋਤੀ ਰਾਮ ਨੇ ਇਕ ਵਿਉਂਤ ਬਣਾ ਲਈ, ਕਿਉਂਕਿ ਉਸ ਦੇ ਮਨ ਵਿਚ ਸੇਵਾ ਭਾਵਨਾ ਬਹੁਤ ਸੀ। ਆਖ਼ਿਰ ਮੋਤੀ ਰਾਮ ਤਿੰਨੇ ਦਿਨ ਆਪਣੀ ਪਤਨੀ ਦੇ ਗਹਿਣੇ ਲਿਆ-ਲਿਆ ਕੇ ਰਿਸ਼ਵਤ ਦੇ ਤੌਰ 'ਤੇ ਪਹਿਰੇਦਾਰਾਂ ਨੂੰ ਦਿੰਦਾ ਰਿਹਾ ਅਤੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਦੀ ਸੇਵਾ ਕਰਦਾ ਰਿਹਾ। ਮੋਤੀ ਰਾਮ ਬਹੁਤ ਅਮੀਰ ਪਰਿਵਾਰ ਦਾ ਨਹੀਂ ਸੀ, ਪਰ ਆਪਣੀ ਪਤਨੀ ਦੀ ਸਹਿਮਤੀ ਨਾਲ, ਪਹਿਰੇਦਾਰਾਂ ਨੂੰ ਗਹਿਣੇ ਲਿਆ ਕੇ ਦਿੰਦਾ ਰਿਹਾ ਤੇ ਤਿੰਨ ਦਿਨ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਇਤਿਹਾਸ ਵਿਚ ਦੋ ਲਾਈਨਾਂ ਸ਼ਰਧਾ ਦੇ ਤੌਰ 'ਤੇ ਮੋਤੀ ਰਾਮ ਪ੍ਰਤੀ ਸੇਵਾ ਭਾਵਨਾ ਨੂੰ ਦਰਸਾਉਂਦੀਆਂ ਹਨ ਕਿ :

ਧੰਨ ਮੋਤੀ, ਜਿਸ ਪੁੰਨ ਕਮਾਇਆ, ਗੁਰੂ ਲਾਲਾਂ ਤਾਈਂ ਦੁੱਧ ਪਿਲਾਇਆ।

ਕਿਸੇ ਚੁਗਲ ਖੋਰ ਨੇ ਆਖ਼ਿਰ ਵਜ਼ੀਰ ਖ਼ਾਂ ਦੇ ਕੋਲ ਜਾ ਕੇ ਚੁਗਲੀ ਕਰ ਦਿੱਤੀ "ਮੋਤੀ ਰਾਮ ਤੇਰਾ ਮੁਲਾਜ਼ਮ ਹੈ, ਪਰ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਤੇ ਉਸ ਦੇ ਬੱਚਿਆਂ ਨੂੰ ਦੁੱਧ ਪਿਲਾਉਂਦਾ ਹੈ, ਤੇਰੇ ਹੁਕਮ ਦੀ ਉਲੰਘਣਾ ਕਰ ਰਿਹਾ ਹੈ, ਹੁਕਮ ਅਦੂਲੀ ਕਰ ਰਿਹਾ ਹੈ।"

ਇਤਿਹਾਸਕ ਤੱਥ ਦੱਸਦੇ ਹਨ ਕਿ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਦੁੱਧ ਪਿਲਾਉਣ ਦੀ ਸੇਵਾ ਕਰਨ ਦੇ ਇਲਜ਼ਾਮ (ਗੁਨਾਹ) ਵਿਚ ਮੋਤੀ ਰਾਮ ਅਤੇ ਉਸ ਦੀ ਪਤਨੀ ਨੂੰ ਜਿਊਂਦੇ ਜੀਅ ਕੋਹਲੂ ਵਿਚ ਪੀੜ ਦਿੱਤਾ ਗਿਆ ਸੀ। ਕੈਸੀਆਂ ਸ਼ਹਾਦਤਾਂ ਨੇ ਗੁਰੂ ਘਰ ਦੇ ਇਤਿਹਾਸ ਦੀਆਂ। ਜਦ ਵੀ ਸਿੱਖ ਇਤਿਹਾਸ ਵਿਚ ਸਰਹੰਦ ਦੀ ਗਾਥਾ ਚੱਲੇਗੀ ਤਾਂ ਮੋਤੀ ਰਾਮ ਅਤੇ ਉਸ ਦੇ ਪ੍ਰਵਾਰ ਵੱਲੋਂ ਕੀਤੀ ਸੇਵਾ ਦੀ ਬਾਤ ਵੀ ਨਾਲ ਚੱਲੇਗੀ।

ਇਥੇ ਮੈਂ ਅੱਜ ਦੇ ਪ੍ਰਥਾਏ ਇਕ ਗੱਲ ਆਪ ਜੀ ਨਾਲ ਸਾਂਝੀ ਕਰਨੀ ਚਾਹਾਂਗਾ ਕਿ ਅੱਜ ਅਸੀਂ ਆਪਣੇ ਸ਼ਹੀਦਾਂ ਨੂੰ, ਜਾਤਾਂ ਪਾਤਾਂ ਅਤੇ ਬਰਾਦਰੀਆਂ ਦੇ ਨਾਵਾਂ 'ਤੇ ਵੰਡ ਰਹੇ ਹਾਂ। ਇਹਨਾਂ ਕੌਮੀ ਸ਼ਹੀਦਾਂ ਨੂੰ ਕਿਸੇ ਜਾਤ,ਬਰਾਦਰੀਆਂ ਵਿਚ ਵੰਡਣਾ, ਸਾਡੇ ਲਈ ਸੋਚਣਾ ਵੀ ਸਾਡੀ ਬਦਕਿਸਮਤੀ ਦਾ ਆਗਾਜ਼ ਹੈ, ਪਰ ਅੱਜ ਅਸੀਂ ਇਹਨਾਂ ਕੌਮੀ ਸ਼ਹੀਦਾਂ ਨੂੰ ਜਾਤਾਂ- ਪਾਤਾਂ ਅਤੇ ਬਰਾਦਰੀਆਂ ਵਿਚ ਵੰਡਦੇ ਜਾ ਰਹੇ ਹਾਂ, ਅੱਜ ਸਾਡੇ ਵਿਚੋਂ ਕੁਝ ਇਹ ਕਹਿ ਰਹੇ ਹਨ ਕਿ ਭਾਈ ਜੀਵਨ ਸਿੰਘ ਸਾਡੀ ਬਰਾਦਰੀ ਦਾ ਹੈ, ਭਾਈ ਮੋਤੀ ਰਾਮ ਸਾਡੀ ਬਰਾਦਰੀ ਦਾ ਹੈ, ਪਰ ਗੱਲ ਇਥੋਂ ਤੱਕ ਹੀ ਨਹੀਂ ਨਿਬੜੀ, ਅੱਜ ਸਾਡੀ ਸਥਿਤੀ ਇਥੋਂ ਤੱਕ ਪਹੁੰਚ ਚੁੱਕੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਕਰਦਿਆਂ, ਸਮੁੱਚੇ ਭਗਤਾਂ ਨੂੰ ਇਕ ਕਲਾਵੇ ਵਿਚ ਲੈ ਕੇ ਸਿਖਰ 'ਤੇ ਬਿਠਾ ਲਿਆ ਤੇ ਅੱਜ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦਿਆਂ ਨਤਮਸਤਕ ਹੁੰਦੇ ਹਾਂ ਤਾਂ ਸਮੁੱਚੇ ਭਗਤਾਂ ਨੂੰ ਵੀ ਨਮਸਕਾਰ ਕਰਦੇ ਹਾਂ, ਪਰ ਸਾਡੇ ਕੁਝ ਕੁ ਨਾ-ਸਮਝਾਂ ਨੇ, ਆਪਣੇ-ਆਪਣੇ ਭਗਤਾਂ ਨੂੰ ਵੀ ਵੰਡ ਕੇ ਰੱਖ ਲਿਆ, ਅਸੀਂ ਸ਼ਹੀਦ ਵੀ ਵੰਡ ਦਿੱਤੇ, ਅਸੀਂ ਗੁਰੂ ਗ੍ਰੰਥ ਸਾਹਿਬ ਦੇ ਭਗਤਾਂ ਨੂੰ ਵੀ ਜਾਤਾਂ, ਬਰਾਦਰੀਆਂ ਵਿਚ ਵੰਡ ਕੇ ਰੱਖ ਦਿੱਤਾ। ਮੈਂ ਬੇਨਤੀ ਕਰ ਦਿਆਂ ਕਿ ਸਾਡੇ ਸਿੱਖ ਅਖਵਾਉਣ ਵਾਲਿਆਂ ਨੇ ਗੁਰੂ ਸਾਹਿਬਾਨ ਨੂੰ ਵੀ ਵੰਡ ਕੇ ਰੱਖ ਦਿੱਤਾ।

ਬੇਦੀ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਬੇਦੀ ਨੇ, ਇਹ ਸਾਡੇ ਨੇ।

ਭੱਲੇ ਕਹਿੰਦੇ ਹਨ ਕਿ ਗੁਰੂ ਅਮਰਦਾਸ ਜੀ ਭੱਲੇ ਨੇ, ਇਹ ਸਾਡੇ ਨੇ।

ਸੋਢੀ ਕਹਿੰਦੇ ਹਨ ਕਿ ਗੁਰੂ ਰਾਮਦਾਸ ਜੀ ਸੋਢੀ ਨੇ, ਇਹ ਸਾਡੇ ਨੇ।

ਇਸੇ ਤਰ੍ਹਾਂ ਸਭ ਫ਼ਿਰਕਿਆਂ ਨੇ ਵੱਖਰੇ-ਵੱਖਰੇ ਢੰਗ ਨਾਲ ਕਿ ਫਲਾਣਾ ਸਾਡਾ ਹੈ, ਫਲਾਣਾ ਸਾਡਾ ਹੈ, ਅਸੀਂ ਤਾਂ ਗੁਰੂ ਸਾਹਿਬਾਨ ਨੂੰ ਵੀ ਵੰਡ ਕੇ ਰੱਖ ਦਿੱਤਾ।

ਖ਼ਿਆਲ ਕਰਿਓ ਕਿ ਇਸ ਵੰਡ ਦੇ ਵਿਚ, ਇਸ ਵੰਡ ਵੰਡਾਉਣ ਦੇ ਵਿਚ,ਮਤ ਸੋਚਿਓ ਕਿ ਉਹਨਾਂ ਜਾਤਾਂ ਪਾਤਾਂ ਵਾਲਿਆਂ ਦਾ ਯੋਗਦਾਨ ਹੈ। ਇਸ ਦੇ ਵਿਚ ਸਾਡੇ ਕੌਮੀ ਆਗੂਆਂ ਦਾ ਯੋਗਦਾਨ ਤਾਂ ਕਿਤੇ ਜ਼ਿਆਦਾ ਹੈ ਅਤੇ ਨਾਲ ਦੀ ਨਾਲ ਸਾਡਾ ਵੀ ਯੋਗਦਾਨ ਹੈ। ਸਾਡੇ ਘਰ ਵਿਚ ਕੋਈ ਵੀ ਖ਼ੁਸ਼ੀ ਦਾ ਸਮਾਂ ਹੋਵੇ, ਕੋਈ ਗ਼ਮੀ ਦਾ ਸਮਾਂ ਹੋਵੇ ਜਾਂ ਫਿਰ ਗੁਰਦੁਆਰਾ ਸਾਹਿਬ ਵਿਖੇ ਕੋਈ ਰੋਜ਼ਾਨਾ ਦਾ ਸਮਾਗਮ ਹੋਵੇ, ਕਦੀ ਅਸੀਂ ਇਹ ਧਿਆਨ ਕੀਤਾ ਹੈ ਕਿ ਕੀਰਤਨ ਕਰਦਿਆਂ, ਬਾਣੀ ਪੜ੍ਹਦਿਆਂ, ਇਹ ਬਾਣੀ, ਸ਼ਬਦ ਕਿਸ ਦੀ ਰਚਨਾ ਹੈ, ਇਹ ਸ਼ਬਦ ਕਿਸ ਦਾ ਉਚਾਰਨ ਕੀਤਾ ਹੋਇਆ ਹੈ ?

ਇਹ ਭਗਤ ਕਬੀਰ ਜੀ ਦਾ ਹੈ ?
ਇਹ ਭਗਤ ਨਾਮਦੇਵ ਜੀ ਦਾ ਹੈ ?
ਇਹ ਭਗਤ ਫ਼ਰੀਦ ਜੀ ਦਾ ਹੈ ?
ਇਹ ਭਗਤ ਰਵਿਦਾਸ ਜੀ ਦਾ ਹੈ ?

ਅਸੀਂ ਕਦੀ ਵਿਚਾਰ ਨਹੀਂ ਕੀਤੀ ਕਿ ਇਹ ਬਾਣੀ ਕਿਸ ਦੀ ਉਚਾਰਨ ਕੀਤੀ ਹੈ, ਪਰ ਜਦੋਂ ਉਹਨਾਂ ਭਗਤਾਂ ਦੇ ਜਨਮ ਦਿਹਾੜੇ ਮਨਾਉਣ ਦੀ ਬਾਤ ਆਉਂਦੀ ਹੈ ਤਾਂ ਅਸੀਂ ਕਹਿ ਦੇਂਦੇ ਹਾਂ ਕਿ ਭਗਤ ਕਬੀਰ ਜੀ ਦਾ ਜਨਮ ਦਿਹਾੜਾ, ਇਹ ਅਸੀਂ ਥੋੜੀ ਮਨਾਉਣਾ ਹੈ, ਇਹ ਤਾਂ ਜੁਲਾਹਾ ਬਰਾਦਰੀ ਨੇ ਮਨਾਉਣਾ ਹੈ, ਇਹ ਤਾਂ ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ, ਛੀਂਬਾ ਬਰਾਦਰੀ ਮਨਾਏਗੀ, ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਰਵਿਦਾਸੀਆਂ ਨੇ ਮਨਾਉਣਾ ਹੈ। ਮੇਰੇ ਗੁਰੂ ਨਾਨਕ ਪਾਤਸ਼ਾਹ ਨੇ ਤਾਂ ਸਭ ਨੂੰ ਇਕ ਗਲਵਕੜੀ ਵਿਚ ਲਿਆ ਅਤੇ ਗੋਦ ਵਿਚ ਬਿਠਾ ਲਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਇੱਕੋ ਸਥਾਨ 'ਤੇ ਬਿਠਾ ਲਿਆ, ਪਰ ਅਸੀਂ ਫਿਰ ਅਲੱਗ-ਅਲੱਗ ਕਰ ਕੇ ਰੱਖ ਰਹੇ ਹਾਂ, ਇਸ ਦੇ ਵਿਚ ਜ਼ਿੰਮੇਵਾਰ ਅਸੀਂ ਆਪ ਹਾਂ।

ਇਕ ਬਜ਼ੁਰਗ ਬਾਬਾ ਚਲਦਿਆਂ-ਚਲਦਿਆਂ ਇਕ ਵੱਡੇ ਨਗਰ ਵਿਚ ਪਹੁੰਚਿਆ। ਰਾਤ ਦਾ ਸਮਾਂ ਹੋ ਗਿਆ ਤਾਂ ਇਕ ਨੌਜੁਆਨ ਨੂੰ, ਬਾਬਾ ਪੁੱਛਦਾ ਹੈ, "ਕਾਕਾ ! ਮੈਂ ਗੁਰਦੁਆਰੇ ਜਾਣਾ ਹੈ, ਮੈਂ ਰਾਤ ਕੱਟਣੀ ਹੈ, ਮੈਨੂੰ ਗੁਰਦੁਆਰਾ ਸਾਹਿਬ ਦਾ ਰਸਤਾ ਦੱਸ ਦਿਉ।" ਉਸ ਨੌਜਵਾਨ ਨੇ ਬਾਬੇ ਨੂੰ ਸੁਆਲ ਕੀਤਾ, "ਬਾਬਾ ਜੀ ! ਕਿਹੜੇ ਗੁਰਦੁਆਰੇ ਜਾਣਾ ਹੈ ?" ਉਹ ਬਜ਼ੁਰਗ ਕਹਿਣ ਲੱਗਾ, "ਬੇਟਾ ਗੁਰਦੁਆਰਾ ਤਾਂ ਗੁਰਦੁਆਰਾ ਹੀ ਹੁੰਦਾ ਹੈ, ਇਹ ਤੇਰਾ ਸੁਆਲ ਅਸਚਰਜ ਜਿਹਾ ਹੈ।" ਨੌਜਵਾਨ ਕਹਿਣ ਲੱਗਾ, "ਨਹੀਂ

ਬਾਪੂ ਜੀ, ਮੇਰਾ ਮਤਲਬ ਹੈ ਕਿ ਸਾਡੇ ਨਗਰ ਵਿਚ ਤੁਸੀਂ ਦੱਸੋ ਕਿ ਜੱਟਾਂ ਦੇ ਗੁਰਦੁਆਰੇ ਜਾਣਾ ਹੈ ਜਾਂ ਬਾਵਿਆਂ ਦੇ ਗੁਰਦੁਆਰੇ ਜਾਣਾ ਹੈ ਜਾਂ ਭਾਪਿਆਂ ਦੇ ਗੁਰਦੁਆਰੇ ਜਾਣਾ ਹੈ, ਜਾਂ ਛੀਂਬਿਆਂ ਦੇ ਗੁਰਦੁਆਰੇ ਜਾਣਾ ਹੈ ਦੱਸੋ ? ਕਿਹੜੇ ਗੁਰਦੁਆਰੇ ਜਾਣਾ ਹੈ ?''

ਬਜ਼ੁਰਗ ਕਹਿਣ ਲੱਗਾ, ''ਪੁੱਤਰਾ ! ਮੈਂ ਸਿੱਖਾਂ ਦੇ ਗੁਰਦੁਆਰੇ ਜਾਣਾ ਹੈ।'' ਨੌਜਵਾਨ ਹੈਰਾਨ ਹੋ ਕੇ ਕਹਿਣ ਲੱਗਾ, ''ਬਾਬਾ ਜੀ ਸਾਡੇ ਨਗਰ ਵਿਚ ਹੋਰ ਵੀ ਗੁਰਦੁਆਰੇ ਹਨ, ਪਰ ਸਿੱਖਾਂ ਦਾ ਗੁਰਦੁਆਰਾ ਤਾਂ ਕੋਈ ਵੀ ਨਹੀਂ।''

ਖ਼ਿਆਲ ਕਰਿਉ ! ਅਸੀਂ ਤਾਂ ਗੁਰਦੁਆਰਿਆਂ ਨੂੰ ਵੀ ਵੰਡ ਕੇ ਰੱਖ ਦਿੱਤਾ ਹੈ। ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਤੇ ਗੁਰਦੁਆਰੇ ਜਾਤਾਂ-ਪਾਤਾਂ ਅਤੇ ਬਰਾਦਰੀਆਂ ਦੇ ਨਾਮ 'ਤੇ, ਪਰ ਕਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੜ੍ਹ ਕੇ ਵੇਖੀਏ ਤਾਂ ਗੁਰੂ ਸਾਹਿਬ ਦੀ ਬਾਣੀ ਵਿਚ ਤਾਂ ਜਾਤ-ਪਾਤ ਦੀ ਕੋਈ ਗੱਲ ਹੀ ਨਹੀਂ ਹੈ। ਗੁਰੂ ਸਾਹਿਬ ਤਾਂ ਆਖ ਰਹੇ ਹਨ ਕਿ :

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥

(ਆਸਾ ਮਹਲਾ ੧-੩੪੯)

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

(ਪ੍ਰਭਾਤੀ ਮਹਲਾ ੧-੧੩੩੦)

ਪਰ ਅਸੀਂ ਤਾਂ ਗੁਰੂ ਨਾਨਕ ਦੇ ਘਰ ਨੂੰ ਵੀ ਵੰਡ ਕੇ ਰੱਖ ਦਿੱਤਾ। ਕੈਸੀ ਬਾਤ ਹੈ ਕਿ ਕੋਈ ਕਹਿ ਰਿਹਾ ਹੈ ਅਸੀਂ ਰਾਮਗੜ੍ਹੀਆਂ ਦੇ ਗੁਰਦੁਆਰੇ ਨਹੀਂ ਜਾਣਾ, ਕੋਈ ਕਹਿ ਰਿਹਾ ਹੈ ਕਿ ਅਸੀਂ ਭਾਪਿਆਂ ਦੇ ਗੁਰਦੁਆਰੇ ਨਹੀਂ ਜਾਣਾ, ਕੋਈ ਕਹਿ ਰਿਹਾ ਹੈ ਕਿ ਅਸੀਂ ਰਵਿਦਾਸੀਆਂ ਦੇ ਗੁਰਦੁਆਰੇ ਨਹੀਂ ਜਾਣਾ। ਅਸੀਂ ਕਿੱਥੇ ਖੜ੍ਹੇ ਹਾਂ ? ਕੀ ਸੋਚ ਰਹਿ ਗਈ ਹੈ ਸਾਡੀ ? ਕਿੱਥੇ ਜਾ ਕੇ ਇਸ ਕੌਮੀ ਤਰਾਸਦੀ ਦਾ ਅੰਤ ਹੋਵੇਗਾ।

ਦਾਸ ਇਕ ਮਿੰਨੀ ਬਸ ਵਿਚ ਸਫ਼ਰ ਕਰ ਰਿਹਾ ਸੀ। ਟਿਕਟ ਲਈ ਤਾਂ ਟਿਕਟ 'ਤੇ ਬਸ ਟਰਾਂਸਪੋਰਟ ਦਾ ਨਾਮ ਲਿਖਿਆ ਸੀ—''ਦਾ ਨਿਊ ਗੁਰੂ ਨਾਨਕ ਟਰਾਂਸਪੋਰਟ ਕੰਪਨੀ''। ਨਾਮ ਪੜ੍ਹ ਕੇ ਬੜੀ ਹੈਰਾਨੀ ਹੋਈ ਤਾਂ ਦਾਸ ਨੇ ਕੰਡਕਟਰ ਨੂੰ ਪੁੱਛ ਲਿਆ, ''ਆਹ ਕੀ ! ਕਦੀ ਗੁਰੂ ਨਾਨਕ ਦਾ ਨਾਮ ਵੀ ਨਵਾਂ ਜਾਂ ਪੁਰਾਣਾ ਹੁੰਦਾ ਹੈ ?'' ਉਹ ਬਸ ਦਾ ਕੰਡਕਟਰ ਮਾਲਕ ਵੀ ਸੀ, ਉਸ ਨੇ ਜੋ ਜੁਆਬ ਦਿੱਤਾ, ਉਹ ਦਿਲ ਨੂੰ ਹੈਰਾਨ ਕਰ ਦੇਣ ਵਾਲਾ ਸੀ।

ਉਹ ਕਹਿਣ ਲੱਗਾ, ''ਵੀਰ ਜੀ ! ਸਾਡੇ ਦੋਵਾਂ ਭਰਾਵਾਂ ਦੀਆਂ .ਪਹਿਲਾਂ ਇਕੱਠੀਆਂ ਬੱਸਾਂ ਚਲਦੀਆਂ ਸਨ, ਪਰ ਕਿਸੇ ਗੱਲ ਤੋਂ ਸਾਡੇ ਵਿਚ ਤਕਰਾਰ ਹੋ ਗਿਆ

ਤੇ ਪਹਿਲਾ ਗੁਰੂ ਨਾਨਕ ਮੈਂ ਆਪਣੇ ਭਰਾ ਨੂੰ ਦਿੱਤਾ ਤੇ ਆਪ ਮੈਂ ਨਵਾਂ ਗੁਰੂ ਨਾਨਕ ਬਣਾ ਲਿਆ।" ਮੈਂ ਜਵਾਬ ਸੁਣ ਕੇ ਠੰਡਾ ਜਿਹਾ ਹੋ ਗਿਆ ਕਿ ਅਸੀਂ ਲੋਕਾਂ ਨੇ ਤਾਂ ਹੁਣ ਗੁਰੂ ਨਾਨਕ ਨੂੰ ਵੀ ਨਵੇਂ ਪੁਰਾਣੇ ਵਿਚ ਵੰਡ ਕੇ ਰੱਖ ਦਿੱਤਾ ਹੈ।

ਮੈਂ ਬੇਨਤੀ ਕਰ ਰਿਹਾ ਸਾਂ ਕਿ ਉਸ ਮੋਤੀ ਰਾਮ ਨੂੰ ਵੀ ਅਸੀਂ ਜਾਤਾਂ-ਪਾਤਾਂ ਵਿਚ ਵੰਡ ਕੇ ਰੱਖ ਲਿਆ। ਭਾਈ ਜੀਵਨ ਸਿੰਘ ਨੂੰ ਵੀ ਜਾਤਾਂ-ਪਾਤਾਂ ਵਿਚ ਵੰਡ ਲਿਆ। ਕਿਸ ਕਿਸ ਦੀ ਮੈਂ ਗੱਲ ਕਰਾਂ। ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ ਜੀ ਨੂੰ ਵੀ ਅਸੀਂ ਜਾਤਾਂ, ਬਰਾਦਰੀਆਂ ਵਿਚ ਵੰਡ ਲਿਆ। ਸਾਡੀ ਕੌਮ ਕਿਧਰ ਨੂੰ ਜਾ ਰਹੀ ਹੈ ? ਮੈਂ ਬੇਨਤੀ ਕਰ ਰਿਹਾ ਸੀ ਕਿ :

ਧੰਨ ਮੋਤੀ ਜਿਸ ਪੁੰਨ ਕਮਾਇਆ
ਗੁਰੂ ਲਾਲਾਂ ਤਾਈਂ ਦੁੱਧ ਪਿਲਾਇਆ।

ਇਸ ਦੁੱਧ ਪਿਲਾਉਣ ਦੇ ਬਦਲੇ, ਉਸ ਮੋਤੀ ਰਾਮ ਨੂੰ ਪ੍ਰਵਾਰ ਸਮੇਤ ਕੋਹਲੂ ਵਿਚ ਪੀੜ ਦਿੱਤਾ ਗਿਆ। ਇਸ ਦੁੱਧ ਪਿਲਾਉਣ ਦੀ ਸੇਵਾ ਤੋਂ ਉਸ ਨੂੰ ਇੰਨੀ ਸਖ਼ਤ ਸਜ਼ਾ ਮਿਲੀ ਜੋ ਉਸ ਨੇ ਝੱਲ ਲਈ। ਉਸ ਦੀ ਸੇਵਾ ਕਰਨ 'ਤੇ ਉਸ ਨੂੰ ਮਿਲੀ ਸਜ਼ਾ ਨੇ ਉਸ ਨੂੰ ਸਾਰੀ ਦੁਨੀਆਂ ਵਿਚ ਅਮਰ ਕਰ ਦਿੱਤਾ। ਜਦੋਂ ਵੀ ਸਾਹਿਬਜ਼ਾਦਿਆਂ ਦੀ ਬਾਤ ਚੱਲੇਗੀ ਤਾਂ ਉਸ ਮੋਤੀ ਰਾਮ ਦਾ ਨਾਮ ਵੀ ਨਾਲ ਚੱਲੇਗਾ। ਇਸ ਗਾਥਾ ਦੀ ਬਾਤ ਨੂੰ ਅੱਗੇ ਕਰਦਿਆਂ ਜੋਗੀ ਅੱਲ੍ਹਾ ਯਾਰ ਖ਼ਾਂ ਕਹਿ ਰਿਹਾ ਹੈ ਕਿ :

ਕੈਦਿ-ਬਲਾ ਮੇਂ ਤੀਸਰਾ ਦਿਨ ਥਾ ਜਨਾਬ ਕੋ।
ਬੇ ਆਬ ਕਰ ਚੁਕੀ ਥੀ ਅਤਸ ਹਰ ਗੁਲਾਬ ਕੋ।
ਤਰਸੇ ਹੁਏ ਥੇ ਰਿਜ਼ਕ ਕੋ ਜੀ ਔਰ ਖ਼ਵਾਬ ਕੋ।
ਇਸ ਰੋਜ਼ ਸੁੱਚਾ ਨੰਦ ਯਿਹ ਬੋਲਾ ਨਵਾਬ ਕੋ।

ਪਿਆਸ ਨਾਲ ਉਹਨਾਂ ਬੱਚਿਆਂ ਦੀ ਅਤੇ ਮਾਤਾ ਜੀ ਦੀ ਮੰਦੀ ਹਾਲਤ ਤੇ ਉਹ ਗੁਲਾਬ ਵਰਗੇ ਕੋਮਲ ਫੁੱਲ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਦੇ ਚਿਹਰੇ ਮੁਰਝਾ ਰਹੇ ਨੇ।

ਖ਼ਿਆਲ ਕਰਿਓ ! ਇਸ ਸਰੀਰ ਨੂੰ ਅੰਨ ਨਾ ਮਿਲੇ, ਇਸ ਸਰੀਰ ਨੂੰ ਪਾਣੀ ਨਾ ਮਿਲੇ, ਜਿੰਨਾ ਮਰਜ਼ੀ ਕੋਈ ਧਰਮੀ ਹੋਵੇ, ਜਿੰਨਾ ਮਰਜ਼ੀ ਕੋਈ ਬ੍ਰਹਮ ਗਿਆਨੀ ਕਿਉਂ ਨਾ ਹੋਵੇ, ਪਰ ਅੰਨ ਪਾਣੀ ਤੋਂ ਬਿਨਾਂ ਇਸ ਸਰੀਰ ਨੇ ਸਾਥ ਨਹੀਂ ਦੇਣਾ। ਮੱਤ ਕਦੇ ਸੋਚਿਓ ਕਿ ਅੰਨ ਪਾਣੀ ਤੋਂ ਬਿਨਾ ਸਰੀਰ ਚਲਦਾ ਰਹੇਗਾ, ਨਿਢਾਲ ਨਹੀਂ ਹੋਵੇਗਾ ਤੇ ਉਹ ਬਾਤ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਜੋਗੀ ਅੱਲ੍ਹਾ ਯਾਰ ਖ਼ਾਂ ਕਹਿ ਰਿਹਾ ਹੈ ਕਿ :

ਤਰਸੇ ਹੂਏ ਥੇ ਰਿਜ਼ਕ ਕੋ ਜੀ ਔਰ ਖ਼ਵਾਬ ਕੋ।

ਸੁੱਚਾ ਨੰਦ ਵਜ਼ੀਰ ਖ਼ਾਂ ਕੋਲ ਪਹੁੰਚ ਗਿਆ, ਕਿਉਂਕਿ ਤਿੰਨ ਦਿਨ ਲੰਘ ਚੁੱਕੇ ਹਨ ਤੇ ਸੁੱਚਾ ਨੰਦ ਵਜ਼ੀਰ ਖ਼ਾਂ ਨੂੰ ਜਾ ਕੇ ਕਹਿਣ ਲੱਗਾ, "ਵਜ਼ੀਰ ਖ਼ਾਂ ਤੂੰ ਕੀ ਕਰ ਰਿਹਾ ਏਂ, ਲੱਗਦਾ ਹੈ ਕਿ ਤੈਨੂੰ ਚੇਤਾ ਭੁੱਲ ਗਿਆ ਹੈ,ਤੂੰ ਮਾਂ ਗੁਜਰੀ ਅਤੇ ਛੋਟੇ ਬੱਚੇ ਆਪਣੀ ਕੈਦ ਵਿਚ ਰੱਖੇ ਹੋਏ ਨੇ। ਮੈਨੂੰ ਲੱਗਦਾ ਹੈ ਤੈਨੂੰ ਚੇਤਾ ਭੁੱਲ ਗਿਆ ਹੈ, ਮੈਂ ਤੈਨੂੰ ਚੇਤਾ ਕਰਵਾਉਣ ਲਈ ਆਇਆ ਹਾਂ।"

ਇਸ ਦਾ ਨਾਮ ਹੈ, 'ਸੁੱਚਾ ਨੰਦ', ਪਰ ਕਰਮਾਂ ਦੇ ਆਧਾਰ 'ਤੇ ਜੋ ਇਸ ਨੇ ਕੰਮ ਕੀਤੇ ਹਨ, ਉਹਨਾਂ ਨੂੰ ਵੇਖਦਿਆਂ ਇਤਿਹਾਸ ਵਿਚ ਇਸ ਦਾ ਨਾਮ ਲਿਖਿਆ ਗਿਆ ਹੈ, 'ਝੂਠਾ ਨੰਦ'। ਕਿਉਂਕਿ ਗੱਲ ਨਾਮ ਦੇ ਆਧਾਰ 'ਤੇ ਨਹੀਂ ਗੱਲ ਕਰਮਾਂ ਦੇ ਆਧਾਰ 'ਤੇ ਹੁੰਦੀ ਹੈ। ਕਈ ਵਾਰ ਕਿਸੇ ਦਾ ਨਾਮ ਬਹੁਤ ਵਧੀਆ ਹੁੰਦਾ ਹੈ, ਪਰ ਕਰਮ ਸਮਾਜਕ ਪੱਧਰ ਤੋਂ ਗਿਰੇ ਹੋਏ ਹੁੰਦੇ ਹਨ, ਕੰਮ ਭੈੜੇ ਤੋਂ ਭੈੜੇ ਵੀ ਕਰ ਜਾਂਦੇ ਹਨ। ਨਾਮ ਕੀ ਕਰੇਗਾ ਨਾਮ ਤਾਂ ਹੈ ਸੁੱਚਾ ਨੰਦ, ਪਰ ਕਰਮ ਇੰਨੇ ਭੈੜੇ ਹਨ ਕਿ ਇਤਿਹਾਸ ਵਿਚ ਨਾਮ ਝੂਠਾ ਨੰਦ ਲਿਖਿਆ ਗਿਆ।

ਗੁਰੂ ਨਾਨਕ ਦਾ ਘਰ ਹਮੇਸ਼ਾ ਇਨਸਾਫ਼ ਕਰਦਾ ਹੈ। ਇਕ ਪਾਸੇ ਤਾਂ ਸੁੱਚਾ ਨੰਦ ਨੂੰ ਝੂਠਾ ਨੰਦ ਕਿਹਾ ਜਾ ਰਿਹਾ ਹੈ। ਦੂਸਰੇ ਪਾਸੇ ਜ਼ਰਾ ਸ੍ਰ. ਜੱਸਾ ਸਿੰਘ ਆਹਲੂਵਾਲੀਆ ਅਤੇ ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਦਾ ਇਤਿਹਾਸ ਪੜ੍ਹਨਾ। ਅਸੀਂ ਇਹਨਾਂ ਨੂੰ ਬਰਾਦਰੀਆਂ ਵਿਚ ਵੰਡ ਕੇ ਰੱਖ ਦਿੱਤਾ। ਸਾਨੂੰ ਪਤਾ ਹੀ ਨਹੀਂ ਕਿ ਸ੍ਰ. ਜੱਸਾ ਸਿੰਘ ਨੂੰ ਆਹਲੂਵਾਲੀਆ ਕਿਉਂ ਕਿਹਾ ਜਾਂਦਾ ਹੈ, ਇਹ ਬਰਾਦਰੀ ਦਾ ਨਾਮ ਨਹੀਂ ਹੈ। ਅਸਲ ਵਿਚ ਜ਼ਿਲ੍ਹਾ ਲਾਹੌਰ ਵਿਚ ਪਿੰਡ ਆਹਲੂ ਹੈ, ਜਿਥੇ ਦੇ ਭਾਈ ਜੱਸਾ ਸਿੰਘ ਵਸਨੀਕ ਸਨ ਤੇ ਪਿੰਡ ਦੇ ਨਾਮ ਤੋਂ ਉਹਨਾਂ ਦੇ ਨਾਮ ਦੇ ਨਾਲ ਆਹਲੂਵਾਲੀਆ ਲੱਗ ਗਿਆ, ਪਰ ਅਸੀਂ ਇਹ ਬਰਾਦਰੀ ਬਣਾ ਕੇ ਰੱਖ ਦਿੱਤੀ।

ਇਸੇ ਤਰ੍ਹਾਂ ਸ੍ਰ. ਜੱਸਾ ਸਿੰਘ 'ਰਾਮਗੜ੍ਹੀਆ' ਨੂੰ ਵੀ ਇਸ ਕਰ ਕੇ ਰਾਮਗੜ੍ਹੀਆ ਕਿਹਾ ਜਾਂਦਾ ਹੈ ਕਿ ਅੰਮ੍ਰਿਤਸਰ ਦੀ ਧਰਤੀ 'ਤੇ ਸਿੱਖਾਂ ਵੱਲੋਂ ਇਕ ਕਿਲ੍ਹਾ ਬਣਾਇਆ ਗਿਆ ਸੀ, ਜਿਸ ਕਿਲ੍ਹੇ ਦਾ ਨਾਮ ਸੀ, 'ਰਾਮ ਰੌਣੀ'। ਉਸ ਕਿਲ੍ਹੇ ਨੂੰ ਵੈਰੀਆਂ ਨੇ ਘੇਰਾ ਪਾ ਲਿਆ ਤੇ ਸ੍ਰ. ਜੱਸਾ ਸਿੰਘ ਵੀ ਘੇਰਾ ਪਾਉਣ ਵਾਲਿਆਂ ਦੇ ਨਾਲ ਹੀ ਹੈ।

ਕਿਲ੍ਹੇ ਦੇ ਅੰਦਰ ਸ੍ਰ. ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਿੰਘ ਸੂਰਮੇ ਸਨ। ਘਮਸਾਨ ਦਾ ਯੁੱਧ ਹੋਇਆ ਤਾਂ ਅਖ਼ੀਰ ਜੱਸਾ ਸਿੰਘ ਜੋ ਕਿ ਵੈਰੀਆਂ ਨਾਲ ਸੀ, ਉਸ ਨੇ ਤੱਕਿਆ ਕਿ ਹੁਣ ਇਸ ਕਿਲ੍ਹੇ 'ਤੇ ਹਮਲਾ ਹੋਣ ਨਾਲ ਇਹ ਇਤਿਹਾਸਕ ਕਿਲ੍ਹਾ ਢਹਿ ਢੇਰੀ ਹੋ ਜਾਵੇਗਾ ਤਾਂ ਤੁਰੰਤ ਜੱਸਾ ਸਿੰਘ ਆਪਣੀਆਂ ਫ਼ੌਜਾਂ ਵੱਲੋਂ ਪਲਟੀ ਮਾਰ ਕੇ ਅੰਦਰ ਸਿੱਖਾਂ ਨਾਲ ਰਲ ਗਿਆ ਤੇ ਉਸ ਕਿਲ੍ਹੇ ਦੀ ਹਿਫ਼ਾਜ਼ਤ ਲਈ, ਸਿੱਖ ਵਿਰਾਸਤ

ਦੀ ਹਿਫ਼ਾਜ਼ਤ ਲਈ ਅਤੇ ਉਸ ਕਿਲ੍ਹੇ ਨੂੰ ਬਚਾਉਣ ਲਈ ਉਸ ਨੇ ਪਲਟਾ ਮਾਰ ਲਿਆ।

ਉਸ ਕਿਲ੍ਹੇ ਨੂੰ ਜੱਸਾ ਸਿੰਘ ਵੱਲੋਂ ਬਚਾਅ ਲਿਆ ਗਿਆ ਤੇ ਉਸ ਇਤਿਹਾਸਕ ਕਿਲ੍ਹੇ "ਰਾਮ ਰੌਣੀ" ਨੂੰ ਬਚਾਉਣ ਕਰ ਕੇ ਉਸ ਸਮੇਂ ਸਿੱਖਾਂ ਨੇ, ਸਿੱਖ ਵਿਦਵਾਨਾਂ ਨੇ ਸ੍ਰ. ਜੱਸਾ ਸਿੰਘ ਨੂੰ 'ਰਾਮਗੜ੍ਹੀਆ' ਦੀ ਉਪਾਧੀ ਨਾਲ ਨਿਵਾਜਿਆ। ਇਹ ਜਾਤ ਬਰਾਦਰੀ ਨਹੀਂ ਸੀ, ਇਹ ਉਪਾਧੀ ਸੀ, ਪਰ ਅਸੀਂ ਜਾਤ ਬਰਾਦਰੀਆਂ ਵਿਚ ਵੰਡ ਕੇ ਰੱਖ ਦਿੱਤਾ।

ਮੈਂ ਬੇਨਤੀ ਕਰਾਂ ਕਿ ਇਸ ਘਟਨਾ ਕ੍ਰਮ ਵਿਚ ਇਕ "ਦੀਵਾਨ ਕੌੜਾ ਮੱਲ" ਸੀ ਜੋ ਕਿ ਮੁਗਲਾਂ ਦੀ ਫ਼ੌਜ ਦਾ ਜਰਨੈਲ ਸੀ, ਪਰ ਉਸ ਨੇ ਜਦੋਂ ਸਮਾਂ ਬਣਿਆ ਤਾਂ ਵੈਰੀਆਂ ਦੇ ਵੱਲ ਹੁੰਦਿਆਂ ਹੋਇਆਂ ਵੀ ਸਿੱਖ ਸੂਰਬੀਰਾਂ ਦੀ ਬਹੁਤ ਸਹਾਇਤਾ ਕੀਤੀ ਤੇ ਸਿੱਖ ਕੌਮ ਨੇ ਉਸ ਦੀਵਾਨ ਕੌੜਾ ਮੱਲ ਦਾ ਨਾਮ ਰੱਖਿਆ—"ਦੀਵਾਨ ਮਿੱਠਾ ਮੱਲ"।

ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਇਤਿਹਾਸਕ ਪੰਨਿਆਂ ਨੂੰ ਪੜ੍ਹਦੇ ਹੀ ਨਹੀਂ। ਦੀਵਾਨ ਕੌੜਾ ਮੱਲ ਨੂੰ ਸਿੱਖ ਕੌਮ ਵੱਲੋਂ ਦੀਵਾਨ ਮਿੱਠਾ ਮੱਲ ਕਿਹਾ ਗਿਆ ਹੈ, ਪਰ ਦੀਵਾਨ ਸੁੱਚਾ ਨੰਦ ਨੂੰ ਕਿਹਾ ਗਿਆ ਹੈ—"ਦੀਵਾਨ ਝੂਠਾ ਨੰਦ"। ਕਿਉਂਕਿ ਉਸ ਦੇ ਕੰਮ ਝੂਠਿਆਂ ਵਾਲੇ ਸਨ।

ਉਹ ਝੂਠਾ ਨੰਦ ਹੁਣ ਵਜ਼ੀਰ ਖ਼ਾਂ ਨੂੰ ਕਹਿ ਰਿਹਾ ਹੈ ਕਿ ਤਿੰਨ ਦਿਨ ਲੰਘ ਗਏ ਹਨ ਤੇ ਮੈਨੂੰ ਲੱਗਦਾ ਹੈ ਕਿ ਤੈਨੂੰ ਚੇਤਾ ਭੁੱਲ ਗਿਆ ਹੈ। ਕਹਿੰਦਾ ਹੈ :

ਇਸ ਰੋਜ਼ ਸੁੱਚਾਨੰਦ ਯਿਹ ਬੋਲਾ ਨਵਾਬ ਕੋ।
ਮੰਗਵਾ ਕੇ ਕਲਗੀਧਰ ਕੇ ਪਿਸਰ ਇੰਤਕਾਮ ਲੋ।
ਮਾਸੂਮ ਇਨ੍ਹੇ ਸਮਝ ਕੇ ਦਯਾ ਸੇ ਨਾ ਕਾਮ ਲੋ।

ਸੁੱਚਾ ਨੰਦ, ਵਜ਼ੀਰ ਖ਼ਾਂ ਨੂੰ ਸੰਬੋਧਨ ਹੋ ਕੇ ਕਹਿ ਰਿਹਾ ਹੈ ਕਿ ਵਜ਼ੀਰ ਖ਼ਾਂ ਵੇਖੀਂ ਕਿਤੇ ਉਹਨਾਂ ਬੱਚਿਆਂ ਨੂੰ ਮਾਸੂਮ ਸਮਝ ਕੇ ਦਯਾ ਨਾ ਕਰੀਂ। ਕਿਧਰੇ ਉਹਨਾਂ 'ਤੇ ਤਰਸ ਨਾ ਕਰੀਂ। ਦੇਖੋ ! ਸੁੱਚਾ ਨੰਦ ਆਪਣੀ ਚਾਲ ਚੱਲ ਰਿਹਾ ਹੈ। ਇਥੇ ਇਕ ਗੱਲ ਦੱਸਣੀ ਜ਼ਰੂਰੀ ਹੈ ਕਿ ਵਜ਼ੀਰ ਖ਼ਾਂ ਦੀ ਭਾਵਨਾ ਕਿਸੇ ਵੀ ਤਰ੍ਹਾਂ ਸਾਹਿਬਜ਼ਾਦਿਆਂ ਨੂੰ ਮਾਰਨ ਦੀ ਨਹੀਂ ਹੈ, ਬਲਕਿ ਵਜ਼ੀਰ ਖ਼ਾਂ ਦੇ ਮਨ ਦੇ ਅੰਦਰ ਦੋ ਤਰ੍ਹਾਂ ਦੀ ਭਾਵਨਾ ਕੰਮ ਕਰ ਰਹੀ ਹੈ। ਪਹਿਲੀ ਖਾਹਿਸ਼ ਇਹ ਹੈ ਕਿ ਇਹਨਾਂ ਲਾਲਾਂ ਦੇ ਰਾਹੀਂ, ਇਹਨਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ ਮਮਤਾ ਦੇ ਮੋਹ ਕਰਕੇ ਮੇਰੇ ਕੋਲ ਖਿੱਚਿਆ ਆ ਜਾਵੇਗਾ। ਜੇਕਰ ਉਸ ਦੇ ਅੰਦਰ ਬੱਚਿਆਂ ਨੂੰ ਮਾਰਨ ਦੀ ਭਾਵਨਾ ਹੁੰਦੀ ਤਾਂ ਉਹ ਤਿੰਨ ਦਿਨ ਤੱਕ ਬੱਚਿਆਂ ਨੂੰ ਅਤੇ ਮਾਂ ਗੁਜਰੀ ਜੀ ਨੂੰ ਕੈਦ ਵਿਚ ਨਾ ਰੱਖਦਾ ਅਤੇ ਉਹਨਾਂ ਦੀਆਂ ਬਾਰ-ਬਾਰ

ਪੇਸ਼ੀਆਂ ਨਾ ਪਾਉਂਦਾ।

ਵਜ਼ੀਰ ਖ਼ਾਂ ਦੇ ਮਨ ਵਿਚ ਦੂਸਰੀ ਖਾਹਿਸ਼ ਹੈ ਕਿ ਜੇਕਰ ਇਹਨਾਂ ਬੱਚਿਆਂ ਦੀ ਮਮਤਾ ਦਾ ਮਾਰਿਆ ਇਹਨਾਂ ਦਾ ਪਿਤਾ ਮੇਰੀ ਕੈਦ ਵਿਚ ਨਾ ਆਇਆ ਤਾਂ ਘੱਟ ਤੋਂ ਘੱਟ ਮੈਂ ਇਹਨਾਂ ਬੱਚਿਆਂ ਨੂੰ ਡਰਾਵੇ ਜਾਂ ਲਾਲਚ ਦੇ ਕੇ ਮੁਸਲਮਾਨ ਬਣਾ ਦਿਆਂਗਾ ਅਤੇ ਔਰੰਗਜ਼ੇਬ ਦੇ ਕੋਲ ਇਹਨਾਂ ਨੂੰ ਪੇਸ਼ ਕਰ ਕੇ ਸੁਰਖਰੂ ਤਾਂ ਹੋ ਜਾਵਾਂਗਾ।

ਆਹ ਦੋ ਭਾਵਨਾਵਾਂ ਸਨ, ਵਜ਼ੀਰ ਖ਼ਾਂ ਦੇ ਮਨ ਦੇ ਅੰਦਰ, ਪਰ ਜਿਉਂ-ਜਿਉਂ ਵਜ਼ੀਰ ਖ਼ਾਂ ਦੀਆਂ ਭਾਵਨਾਵਾਂ, ਖਾਹਿਸ਼ਾਂ ਸਾਹਮਣੇ ਆਉਣਗੀਆਂ ਇਹ ਸੁੱਚਾ ਨੰਦ ਉਸ ਦੀ ਪੇਸ਼ ਨਹੀਂ ਜਾਣ ਦੇਵੇਗਾ। ਜੇਕਰ ਸੁੱਚਾ ਨੰਦ ਨਾ ਹੁੰਦਾ ਤਾਂ ਵਜ਼ੀਰ ਖ਼ਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਵੀ ਨਾ ਕਰਦਾ ਤੇ ਅੱਜ ਸਿੱਖ ਇਤਿਹਾਸ ਵੀ ਕੁਝ ਹੋਰ ਹੁੰਦਾ, ਪਰ ਸੁੱਚਾ ਨੰਦ ਦੀਆਂ ਭੜਕਾਹਟ ਭਰੀਆਂ ਗੱਲਾਂ ਨੇ ਬਲਦੀ ਉਤੇ ਤੇਲ ਪਾਉਣ ਦਾ ਕੰਮ ਕੀਤਾ ਤੇ ਹੁਣ ਅੱਗੇ ਸੁੱਚਾ ਨੰਦ ਕੀ ਕਰ ਰਿਹਾ ਹੈ :

ਆਰੰਭਤਾ ਉਸ ਨੇ ਕਰ ਦਿੱਤੀ ਕਿ ਵਜ਼ੀਰ ਖ਼ਾਂ ਤੈਨੂੰ ਚੇਤਾ ਨਹੀਂ, ਤਿੰਨ ਦਿਨ ਹੋ ਗਏ ਨੇ, ਤੇ ਤੂੰ ਉਹਨਾਂ ਨੂੰ ਕੈਦ ਵਿਚ ਰੱਖ ਕੇ ਬੈਠਾ ਏਂ। ਬੁਲਾ ਉਹਨਾਂ ਨੂੰ ਇਥੇ! ਤੇ ਬਦਲਾ ਲੈ ਲਾ ਕਲਗੀਧਰ ਦੇ ਪੁੱਤਰਾਂ ਤੋਂ। ਹੁਣ ਵਜ਼ੀਰ ਖ਼ਾਂ ਦੇ ਅੰਦਰ ਜੋ ਕਲਗੀਧਰ ਪ੍ਰਤੀ ਗ਼ੁੱਸੇ ਦੀ ਚਿੰਗਾਰੀ ਸੀ, ਉਹ ਭਾਂਬੜ ਬਣ ਕੇ ਬਾਹਰ ਆ ਗਈ। ਵਜ਼ੀਰ ਖ਼ਾਂ ਕਹਿੰਦਾ ਹੈ :

ਬੋਲਾ ਵੁਹ ਸੁਚਾ ਨੰਦ ਸੇ ਲੇ ਆ ਇਨ੍ਹੇਂ ਸ਼ਿਤਾਬ।
ਚਰਕੋਂ ਸੇ ਸਤਿਗੁਰੂ ਕੇ ਜਿਗਰ ਹੈ ਮਿਰਾ ਕਬਾਬ।
ਗੋਬਿੰਦ ਨੇ ਗੰਵਾ ਦੀਯਾ ਸਭ ਮੇਰਾ ਰੁਅਬ ਦਾਬ।
ਰਾਜੋਂ ਕੇ ਸਾਥ ਮੇਰੀ ਭੀ ਮੱਟੀ ਹੂਈ ਖ਼ਰਾਬ।

ਚੱਲ ਸੁੱਚਾ ਨੰਦ ! ਜੇਕਰ ਤੂੰ ਕਹਿੰਦਾ ਏਂ ਤਾਂ ਬੁਲਾ ਕੇ ਲਿਆ ਉਹਨਾਂ ਨੂੰ। ਇਹਨਾਂ ਦੇ ਪਿਤਾ ਕਲਗੀਧਰ ਗੁਰੂ ਗੋਬਿੰਦ ਸਿੰਘ ਨੇ ਮੈਨੂੰ ਜਿੰਨੀਆਂ ਚੋਬਾਂ ਮਾਰੀਆਂ ਨੇ, ਇਹ ਮੇਰਾ ਦੁਖੀ ਦਿਲ ਹੀ ਜਾਣਦਾ ਹੈ। ਮੈਂ ਸਰਹੰਦ ਦਾ ਨਵਾਬ ਹੋਵਾਂ, ਮੈਂ ਹਿੰਦੁਸਤਾਨ ਦੀ ਸਭ ਤੋਂ ਵੱਡੀ ਰਿਆਸਤ ਦਾ ਨਵਾਬ ਹੋਵਾਂ ਤੇ ਮੇਰੀ ਇਹ ਹਾਲਤ ਹੋਵੇ। ਇਹਨਾਂ ਦੇ ਪਿਤਾ ਨੇ ਮੈਨੂੰ ਇੰਨਾ ਦੁਖੀ ਕੀਤਾ ਹੈ, ਤੂੰ ਜਲਦੀ ਕਰ, ਲਿਆ ਉਹਨਾਂ ਨੂੰ, ਮੈਂ ਬਦਲਾ ਲੈਣ ਲਈ ਤਿਆਰ ਹਾਂ। ਮੇਰਾ ਸਾਰੇ ਹਿੰਦੁਸਤਾਨ ਵਿਚ ਰੋਅਬ ਚਲਦਾ ਹੈ, ਸਾਰਾ ਹਿੰਦੁਸਤਾਨ ਮੇਰਾ ਰੋਅਬ ਮੰਨਦਾ ਹੈ, ਪਰ ਇਕ ਇਹਨਾਂ ਦਾ ਪਿਤਾ ਹੀ ਹੈ, ਗੋਬਿੰਦ ਸਿੰਘ ਜੋ ਮੇਰਾ ਰੋਅਬ ਨਹੀਂ ਮੰਨਦਾ। ਇਹਨਾਂ ਦੇ ਪਿਤਾ ਨੇ ਮੇਰਾ ਰੋਅਬ ਗੁਆ ਦਿੱਤਾ ਹੈ।

ਵਜ਼ੀਰ ਖ਼ਾਂ ਪਹਾੜੀ ਰਾਜਿਆਂ ਦੀ ਗੱਲ ਵੀ ਕਰ ਰਿਹਾ ਹੈ ਕਿ :

ਰਾਜੋਂ ਕੇ ਸਾਥ ਮੇਰੀ ਭੀ ਮੱਟੀ ਹੁਈ ਖ਼ਰਾਬ।

ਬਾਈਧਾਰ ਦੇ ਰਾਜਿਆਂ ਨਾਲ ਮਿਲ ਕੇ ਮੈਂ ਅਨੰਦਪੁਰ ਦੇ ਕਿਲ੍ਹੇ ਦਾ ਲਗਭਗ 6-7 ਮਹੀਨੇ ਘੇਰਾ ਪਾਈ ਰੱਖਿਆ, ਇੰਨਾ ਕੁਝ ਕੀਤਾ, ਮੈਂ ਝੂਠੀਆਂ ਕਸਮਾਂ ਵੀ ਖਾਧੀਆਂ, ਧਰਮ ਗ੍ਰੰਥਾਂ ਦੀਆਂ ਝੂਠੀਆਂ ਕਸਮਾਂ ਖਾ ਕੇ ਤੋੜੀਆਂ ਵੀ, ਬੇਈਮਾਨ ਵੀ ਬਣਿਆ, ਪਰ ਜਿਵੇਂ ਉਹਨਾਂ ਰਾਜਿਆਂ ਦੀ ਬੇ-ਪਤੀ ਹੋਈ,ਉਹਨਾਂ ਦੇ ਨਾਲ ਮੇਰੀ ਵੀ ਬੇ-ਪਤੀ ਹੋਈ, ਮੈਂ ਬੇਇੱਜ਼ਤ ਹੋ ਗਿਆ।

ਦੁਸ਼ਮਨ ਕੇ ਬੱਚੇ ਕਤਲ ਕਰੂੰਗਾ ਜ਼ਰੂਰ ਮੈਂ।
ਕਹਨੇ ਪਿ ਤੇਰੇ ਆਜ ਚਲੂੰਗਾ ਜ਼ਰੂਰ ਮੈਂ।

ਵਜ਼ੀਰ ਖ਼ਾਂ, ਸੁੱਚਾ ਨੰਦ ਨੂੰ ਸੰਬੋਧਨ ਹੋ ਕੇ ਆਖ ਰਿਹਾ ਹੈ ਕਿ ਸੁੱਚਾ ਨੰਦ ! ਜਿਵੇਂ ਤੂੰ ਕਹਿੰਦਾ ਹੈਂ, ਮੈਂ ਉਸੇ ਤਰ੍ਹਾਂ ਹੀ ਕਰਾਂਗਾ। ਮੈਂ ਆਪਣੇ ਦੁਸ਼ਮਣ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਨੂੰ ਜ਼ਰੂਰ ਕਤਲ ਕਰਾਂਗਾ। ਵਜ਼ੀਰ ਖ਼ਾਂ ਦੇ ਅੰਦਰ ਜਵਾਲਾ ਭੜਕ ਰਹੀ ਹੈ ਤੇ ਸੁੱਚਾ ਨੰਦ ਨੇ ਬਲਦੀ 'ਤੇ ਤੇਲ ਪਾ ਕੇ ਹੋਰ ਭੜਕਾ ਕੇ ਰੱਖ ਦਿੱਤੀ। ਹੁਣ ਫ਼ੌਜੀਆਂ ਨੂੰ ਹੁਕਮ ਦਿੱਤਾ ਗਿਆ ਤੇ ਫ਼ੌਜੀ ਸਿਪਾਹੀ ਮਾਂ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਲੈਣ ਲਈ ਚੱਲ ਪਏ।

ਉਧਰ ਮਾਂ ਗੁਜਰੀ ਜੋ ਕਿ ਜਾਣਦੀ ਹੈ ਕਿ ਇਹ ਸਮਾਂ ਆਉਣ ਵਾਲਾ ਹੈ। ਮਾਂ ਗੁਜਰੀ ਜਿੱਥੇ ਆਪਣੇ ਇਹਨਾਂ ਸਾਹਿਬਜ਼ਾਦਿਆਂ ਨੂੰ ਸਵੇਰ, ਸ਼ਾਮ ਨਿਤਨੇਮ ਦੀਆਂ ਬਾਣੀਆਂ ਨਾਲ ਜੋੜ ਕੇ ਪ੍ਰਪੱਕ ਕਰ ਰਹੀ ਹੈ ਉਥੇ ਉਹ ਬੱਚਿਆਂ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਗਾਥਾ ਵੀ ਸੁਣਾਉਂਦੀ ਹੈ ਤੇ ਬਾਰ-ਬਾਰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਜੰਗਾਂ ਅਤੇ ਇਤਿਹਾਸ ਦੀਆਂ ਬਾਤਾਂ ਵੀ ਸੁਣਾਉਂਦੀ ਹੈ। ਬਾਰ-ਬਾਰ ਉਹ ਬੱਚਿਆਂ ਨੂੰ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀਆਂ ਸ਼ਹੀਦੀਆਂ ਦੀਆਂ ਗਾਥਾਵਾਂ ਵੀ ਸੁਣਾਉਂਦੀ ਹੈ। ਮਾਤਾ ਗੁਜਰੀ ਜੀ ਆਪਣੇ ਲਾਲਾਂ ਨੂੰ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀਆਂ ਬਾਤਾਂ ਵੀ ਸੁਣਾਉਂਦੀ ਹੈ।

ਬਿਲਕੁਲ ਉਹੀ ਬਾਤ ਜੋ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫ਼ੁਰਮਾਈ ਹੈ ਕਿ :

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥ (ਸਲੋਕ ਮਹਲਾ ੩-੯੫੧)

ਉਸੇ ਸਿੱਖਿਆ 'ਤੇ ਚੱਲ ਕੇ ਮਾਤਾ ਗੁਜਰੀ ਜੀ ਨੇ ਬੱਚਿਆਂ ਨੂੰ ਗੁਰੂ ਬਾਬਿਆਂ ਦੀਆਂ ਸ਼ਹੀਦੀਆਂ ਦੀਆਂ ਗਾਥਾਵਾਂ ਸੁਣਾ-ਸੁਣਾ ਕੇ ਪ੍ਰਪੱਕ ਕਰ ਦਿੱਤਾ।

ਜਦੋਂ ਸਿਪਾਹੀ ਬੱਚਿਆਂ ਨੂੰ ਪਹਿਲੀ ਪੇਸ਼ੀ ਲਈ ਲੈਣ ਗਏ ਤਾਂ ਹੁਣ ਇਹਨਾਂ ਦਾ ਸਰਦਾਰ ਕੋਈ ਹੋਰ ਨਹੀਂ, ਇਹਨਾਂ ਦੀ ਸਰਦਾਰੀ ਖ਼ੁਦ ਆਪ ਸੁੱਚਾ ਨੰਦ ਕਰ ਰਿਹਾ ਹੈ ਤੇ ਹਰ ਕੰਮ ਅੱਗੇ ਵੱਧ-ਵੱਧ ਕੇ ਆਪ ਕਰ ਰਿਹਾ ਹੈ। ਅੱਲ੍ਹਾ ਯਾਰ ਖ਼ਾਂ ਆਪਣੀ ਗੱਲ ਨੂੰ ਅੱਗੇ ਵਧਾਉਂਦਾ ਕਹਿੰਦਾ ਹੈ :

ਬਚੋਂ ਕੋ ਲੇਨੇ ਆਏ ਗ਼ਰਜ ਚੰਦ ਬੇਹਯਾ।
ਸਰਦਾਰ ਇਨ ਕਾ ਕਹਤੇ ਹੈਂ ਕਿ ਸੁੱਚਾ ਨੰਦ ਥਾ।
ਮਾਤਾ ਨੇ ਦੇਖ ਕਰ ਕਹਾ ਹੈ ਹੈ ਗਜਬ ਹੂਆ।
ਬਸ ਆਨ ਪਹੁੰਚਾ ਸਰ ਪਿ ਹੈ ਮੌਕਾ ਜੁਦਾਈ ਕਾ।

ਹੁਣ ਮਾਂ ਗੁਜਰੀ ਨੇ ਸੋਚ ਲਿਆ ਕਿ ਹੁਣ ਜੁਦਾਈ ਦਾ ਸਮਾਂ ਆਉਣ ਵਾਲਾ ਹੈ। ਇਥੇ ਆਪ ਜੀ ਦੇ ਗਿਆਨ ਲਈ ਦੱਸਣਾ ਜ਼ਰੂਰੀ ਹੈ ਕਿ ਜੋਗੀ ਅੱਲ੍ਹਾ ਯਾਰ ਖ਼ਾਂ ਨੇ ਆਪਣੀ ਗਾਥਾ "ਸ਼ਹੀਦਾਨਿ-ਵਫ਼ਾ" ਵਿਚ ਕੇਵਲ ਇਕ ਹੀ ਪੇਸ਼ੀ ਦੀ ਗੱਲ ਕਹੀ ਹੈ, ਪਰ ਬਹੁਗਿਣਤੀ ਇਤਿਹਾਸਕਾਰ ਇਹ ਲਿਖਦੇ ਹਨ ਕਿ ਸਾਹਿਬਜ਼ਾਦਿਆਂ ਦੀਆਂ ਵਜ਼ੀਰ ਖ਼ਾਂ ਦੀ ਕਚਹਿਰੀ ਵਿਚ ਤਿੰਨ ਪੇਸ਼ੀਆਂ ਹੋਈਆਂ ਸਨ। ਜੋਗੀ ਅੱਲ੍ਹਾ ਯਾਰ ਖ਼ਾਂ ਨੇ ਕੇਵਲ ਇਕ ਹੀ ਪੇਸ਼ੀ ਵਿਚ ਇਸ ਕਿੱਸੇ ਨੂੰ ਮੁਕਾਇਆ ਹੈ, ਪਰ ਤਿੰਨ ਪੇਸ਼ੀਆਂ ਹੋਈਆਂ ਸਨ।

ਮਾਂ ਗੁਜਰੀ ਦੇ ਕੋਲੋਂ ਜਦੋਂ ਬੱਚਿਆਂ ਨੂੰ ਸਿਪਾਹੀ ਪਹਿਲੀ ਪੇਸ਼ੀ ਲਈ ਲੈਣ ਲਈ ਆਏ ਤਾਂ ਮਾਤਾ ਜੀ ਨੇ ਆਪਣੇ ਪੋਤਿਆਂ ਨੂੰ ਤੋਰਨ ਤੋਂ ਪਹਿਲਾਂ ਤਿੰਨ ਗੱਲਾਂ ਦ੍ਰਿੜ੍ਹ ਕਰਵਾਈਆਂ ਸਨ, ਜਿਹੜੀਆਂ ਗੱਲਾਂ ਮਾਂ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਦ੍ਰਿੜ੍ਹ ਕਰਵਾਈਆਂ ਸਨ ਉਹ ਅੱਜ ਦੇ ਸਮੇਂ ਵਿਚ, ਅੱਜ ਦੀਆਂ ਮਾਵਾਂ ਨੂੰ ਲੋੜ ਹੈ ਕਿ ਆਪਣੇ ਬੱਚਿਆਂ ਦੇ ਮਨਾਂ ਦੇ ਵਿਚ ਉਹੀ ਤਿੰਨ ਗੱਲਾਂ ਜ਼ਰੂਰ ਦ੍ਰਿੜ੍ਹ ਕਰਵਾਉਣ, ਕਿਉਂਕਿ ਸਾਡੇ ਬੱਚੇ ਗੁਰੂ ਤੋਂ ਬੇਮੁਖ ਹੋ ਰਹੇ ਹਨ, ਬੱਚੇ ਗ਼ਲਤ ਸੁਸਾਇਟੀਆਂ ਵਿਚ ਜਾ ਰਹੇ ਹਨ,ਬੱਚੇ ਮਾਂ ਬਾਪ ਦੇ ਆਗਿਆਕਾਰੀ ਨਹੀਂ ਰਹਿ ਰਹੇ। ਇਸ ਦਾ ਕਾਰਨ ਇਹੀ ਮਿਲੇਗਾ ਕਿ ਸ਼ਾਇਦ ਅਸੀਂ ਉਹ ਗੱਲਾਂ ਦ੍ਰਿੜ੍ਹ ਨਹੀਂ ਕਰਵਾ ਰਹੇ, ਇਸ ਦੇ ਵਿਚ ਅਸੀਂ ਜ਼ਿਆਦਾ ਗੁਨਾਹਗਾਰ ਹਾਂ। ਅੱਜ ਸਾਡੇ ਘਰਾਂ ਵਿਚ ਬੀਬੀਆਂ ਦਾ ਫ਼ਰਜ਼ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਹ ਗੱਲਾਂ ਦ੍ਰਿੜ੍ਹ ਕਰਵਾਉਣ ਜੋ ਮਾਂ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਦ੍ਰਿੜ੍ਹ ਕਰਵਾਈਆਂ ਸਨ। ਉਹ ਕਿਹੜੀਆਂ ਤਿੰਨ ਗੱਲਾਂ ਸਨ ? ਬੜੀਆਂ ਬਾ-ਕਮਾਲ ਦੀਆਂ ਬਾਤਾਂ ਸਨ :

ਮਾਤਾ ਗੁਜਰੀ ਕਹਿੰਦੀ ਹੈ, "ਬੱਚਿਉ ! ਯਾਦ ਰੱਖਣਾ ਤੁਸੀਂ ਗੁਰੂ ਗੋਬਿੰਦ ਸਿੰਘ ਦੇ ਸਪੁੱਤਰ ਹੋ", ਆਹ ਪਹਿਲੀ ਬਾਤ ਸੀ ਜੋ ਮਾਂ ਗੁਜਰੀ ਨੇ ਲਾਲਾਂ ਨੂੰ ਦ੍ਰਿੜ੍ਹ ਕਰਵਾਈ

ਤੇ ਦੂਸਰੀ ਬਾਤ ਜੋ ਮਾਤਾ ਨੇ ਦ੍ਰਿੜ੍ਹ ਕਰਵਾਈ ਉਹ ਸੀ "ਬੱਚਿਓ ! ਯਾਦ ਰੱਖਣਾ, ਤੁਸੀਂ ਗੁਰੂ ਤੇਗ਼ ਬਹਾਦਰ ਦੇ ਪੋਤਰੇ ਹੋ।" ਤੀਸਰੀ ਬਾਤ ਮਾਂ ਗੁਜਰੀ ਨੇ ਬੱਚਿਆਂ ਨੂੰ ਸਮਝਾਈ, ਬੜੀ ਵਜ਼ਨਦਾਰ ਬਾਤ ਸੀ, ਜਿਸ ਦੇ ਵਿਚ ਘਰ ਪਰਿਵਾਰ ਦੀ ਕੋਈ ਬਾਤ ਨਹੀਂ ਹੈ, ਕੋਈ ਖ਼ੂਨ ਦੇ ਰਿਸ਼ਤੇ ਦੀ ਬਾਤ ਨਹੀਂ ਹੈ। ਤੀਸਰੀ ਬਾਤ ਵੀਚਾਰ ਦੇ ਰਿਸ਼ਤੇ ਦੀ ਬਾਤ ਹੈ, ਕਿਉਂਕਿ ਅਸਲ ਰਿਸ਼ਤਾ ਹੀ ਵਿਚਾਰ ਦਾ ਹੁੰਦਾ ਹੈ, ਕਿਉਂਕਿ ਜੇ ਪਿਉ-ਪੁੱਤਰ, ਮਾਂ-ਧੀ ਜਾਂ ਕਿਸੇ ਵੀ ਰਿਸ਼ਤੇ ਦੀ ਆਪਸ ਵਿਚ ਵਿਚਾਰ ਨਾ ਮਿਲੇ ਤਾਂ ਰਿਸ਼ਤੇ ਟੁੱਟ ਜਾਂਦੇ ਹਨ, ਦੂਰੀਆਂ ਪੈ ਜਾਂਦੀਆਂ ਹਨ, ਅਸਲ ਵਿਚ ਰਿਸ਼ਤਾ ਹੀ ਵਿਚਾਰ ਦਾ ਹੁੰਦਾ ਹੈ। ਵਿਚਾਰਾਂ ਦੀ ਸਾਂਝ ਜੇਕਰ ਨਾ ਹੋਵੇ ਤਾਂ ਪਤੀ-ਪਤਨੀ ਦਾ ਰਿਸ਼ਤਾ ਵੀ ਟੁੱਟ ਕੇ ਤਲਾਕ ਵਿਚ ਤਬਦੀਲ ਹੋ ਜਾਂਦਾ ਹੈ। ਪਿਉ-ਪੁੱਤਰ ਦਾ ਰਿਸ਼ਤਾ ਬੇਦਖਲੀ ਵਿਚ ਬਦਲ ਜਾਂਦਾ ਹੈ। ਇਹ ਵੱਖਰੀ ਬਾਤ ਹੈ ਕਿ ਅਸੀਂ ਸਰੀਰਾਂ ਦੇ ਰਿਸ਼ਤਿਆਂ ਵਿਚ ਵਿਸ਼ਵਾਸ ਰੱਖਦੇ ਹਾਂ, ਕੇਵਲ ਖ਼ੂਨ ਦੇ ਰਿਸ਼ਤਿਆਂ ਵਿਚ ਵਿਸ਼ਵਾਸ ਰੱਖਦੇ ਹਾਂ।

ਮੈਂ ਬੇਨਤੀ ਕਰ ਦਿਆਂ ਕਿ ਜਿਸ ਦਿਨ ਵਿਚਾਰ ਦੇ ਰਿਸ਼ਤਿਆਂ ਦੀ ਬਾਤ ਆ ਗਈ, ਉਸ ਦਿਨ ਵਧੀਆ ਸਮਾਜ ਦੀ ਉਸਾਰੀ ਹੋ ਜਾਵੇਗੀ।

ਤੇ ਮਾਂ ਗੁਜਰੀ ਜੀ ਨੇ ਜੋ ਤੀਸਰੀ ਬਾਤ ਸਮਝਾਈ ਬੱਚਿਆਂ ਨੂੰ ਉਹ ਸੀ, "ਬੱਚਿਓ ! ਯਾਦ ਰੱਖਣਾ, ਤੁਸੀਂ ਗੁਰੂ ਨਾਨਕ ਦੇ ਸਿੱਖ ਹੋ।"

ਪਰ ਗੁਰੂ ਨਾਨਕ ਪਾਤਸ਼ਾਹ ਤਾਂ ਬਖ਼ਸ਼ਿਸ਼ਾਂ ਕਰਨ ਨੂੰ ਅੱਜ ਵੀ ਤਿਆਰ ਹਨ, ਪਰ ਜੇਕਰ ਸਾਡਾ ਸਿਰ ਹੀ ਗੁਰੂ ਨਾਨਕ ਸਾਹਿਬ ਦੇ ਹੱਥਾਂ ਹੇਠ ਨਾ ਆਵੇ ਤਾਂ ਗੁਰੂ ਨਾਨਕ ਸਾਹਿਬ ਦਾ ਕੀ ਕਸੂਰ ਹੈ ? ਅਸੀਂ ਹੀ ਆਪਣਾ ਸਿਰ ਗੁਰੂ ਨਾਨਕ ਸਾਹਿਬ ਦੇ ਹੱਥ ਹੇਠੋਂ ਹੋਰ-ਹੋਰ ਪਾਸੇ ਨੂੰ ਲਈ ਫਿਰਦੇ ਹਾਂ। ਜ਼ਰਾ ਆਪਣੇ ਮਨਾਂ ਦੇ ਵਿਚ ਝਾਤੀ ਮਾਰ ਕੇ ਦੇਖੀਏ ਕਿ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਅਤੇ ਸਾਡੀ ਵਿਚਾਰਧਾਰਾ ਵਿਚ ਕਿੰਨਾ ਕੁ ਅੰਤਰ ਹੈ। ਉਦਾਹਰਣ ਵਜੋਂ ਸਪੱਸ਼ਟ ਕਰਨ ਦਾ ਯਤਨ ਕਰਾਂ :

ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਧਿਆਨ ਨਾਲ ਪੜ੍ਹੀਏ ਤਾਂ ਸਾਨੂੰ ਲੱਗੇਗਾ ਕਿ ਇਹ ਬਾਣੀ ਗੁਰੂ ਅੰਗਦ ਸਾਹਿਬ ਜੀ ਦੀ ਹੈ, ਇਹ ਬਾਣੀ ਗੁਰੂ ਅਮਰਦਾਸ ਜੀ ਦੀ ਹੈ, ਇਹ ਬਾਣੀ ਗੁਰੂ ਰਾਮਦਾਸ ਜੀ ਦੀ ਹੈ, ਇਹ ਬਾਣੀ ਗੁਰੂ ਅਰਜਨ ਦੇਵ ਜੀ ਦੀ ਹੈ, ਇਹ ਬਾਣੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਹੈ। ਇਸੇ ਤਰ੍ਹਾਂ ਪਤਾ ਚੱਲਦਾ ਹੈ ਕਿ ਇਹ ਬਾਣੀ ਭਗਤ ਕਬੀਰ ਜੀ ਦੀ, ਭਗਤ ਫ਼ਰੀਦ ਜੀ ਦੀ, ਭਗਤ ਰਵਿਦਾਸ ਜੀ ਦੀ, ਭਗਤ ਨਾਮਦੇਵ ਜੀ ਦੀ ਹੈ। ਪਰ ਜਦੋਂ ਅਸੀਂ ਗੁਰੂ ਸਾਹਿਬਾਨਾਂ ਦੀ ਅਤੇ ਭਗਤਾਂ ਦੀ ਬਾਣੀ ਧਿਆਨ ਨਾਲ ਅਤੇ ਡੂੰਘਾਈ ਨਾਲ ਵਾਚਾਂਗੇ ਤਾਂ ਫਿਰ ਇਕ ਗੱਲ 'ਤੇ ਨਿਰਣਾ ਆਵੇਗਾ ਕਿ ਇਹ ਸਾਰੀ ਬਾਣੀ ਗੁਰੂ ਨਾਨਕ ਵਿਚਾਰਧਾਰਾ ਹੀ ਹੈ। ਇਥੇ ਸਥਾਨ ਹੀ ਉਹਨਾਂ ਨੂੰ ਮਿਲਿਆ ਹੈ ਜਿਹੜੇ ਗੁਰੂ ਨਾਨਕ ਵਿਚਾਰਧਾਰਾ ਦੀ ਕਸੱਵਟੀ

'ਤੇ ਪੂਰੇ ਉਤਰੇ,ਜੋ ਗੁਰੂ ਨਾਨਕ ਦੀ ਵਿਚਾਰਧਾਰਾ 'ਤੇ ਪੂਰੇ ਨਹੀਂ ਉਤਰੇ, ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਟਿਕਾਣਾ ਨਹੀਂ ਮਿਲਿਆ।

ਅੰਮ੍ਰਿਤਸਰ ਦੀ ਧਰਤੀ 'ਤੇ ਜਦੋਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰ ਰਹੇ ਸਨ ਉਸ ਸਮੇਂ ਦੇ ਚਾਰ ਭਗਤ—ਕਾਨ੍ਹਾ, ਛੱਜੂ, ਪੀਲੂ ਅਤੇ ਸ਼ਾਹ ਹੁਸੈਨ ਵੀ ਆਪਣੇ-ਆਪਣੇ ਵਿਚਾਰ ਦਰਜ ਕਰਵਾਉਣ ਲਈ ਆਏ ਸਨ। ਗੁਰੂ ਸਾਹਿਬ ਨੇ ਉਹਨਾਂ ਨੂੰ ਕਿਹਾ ਸੀ, "ਆਪਣੇ-ਆਪਣੇ ਵਿਚਾਰ ਅਤੇ ਰਚਨਾਵਾਂ ਸੁਣਾ ਦਿਉ, ਜੇਕਰ ਉਹ ਗੁਰੂ ਨਾਨਕ ਵਿਚਾਰਧਾਰਾ 'ਤੇ ਪੂਰੀਆਂ ਉਤਰਣਗੀਆਂ ਤਾਂ ਜ਼ਰੂਰ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀਆਂ ਜਾਣਗੀਆਂ।" ਪਰ ਜਦੋਂ ਉਹਨਾਂ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ ਸਨ ਤਾਂ ਗੁਰੂ ਸਾਹਿਬ ਨੇ ਉਹਨਾਂ ਦੀ ਵਿਚਾਰਧਾਰਾ ਸੁਣ ਕੇ ਆਖ ਦਿੱਤਾ ਸੀ ਕਿ ਇਹ ਗੁਰੂ ਨਾਨਕ ਦੀ ਵਿਚਾਰਧਾਰਾ ਦੀ ਕਸੱਵਟੀ 'ਤੇ ਪੂਰੀਆਂ ਨਹੀਂ ਉਤਰਦੀਆਂ।

ਇਥੇ ਮੈਂ ਉਹਨਾਂ ਵਿਚੋਂ ਕੇਵਲ ਇਕ ਦੀ ਗੱਲ ਕਰ ਦਿਆਂ, ਉਹਨਾਂ ਵਿਚੋਂ ਜਦੋਂ ਛੱਜੂ ਨੇ ਆਪਣੀ ਕਵਿਤਾ ਸੁਣਾਈ :

ਕਾਗਦ ਸੰਦੀ ਪੁਤਲੀ, ਤਉ ਨ ਤ੍ਰਿਆ ਨਿਹਾਰ।
ਇਉਂ ਹੀ ਮਾਰ ਲੈ ਜਾਇਗੀ ਜਿਉ ਬਲੋਚਾਂ ਦੀ ਧਾੜ।

ਭਾਵ ਕਿ ਇਸਤਰੀ ਕਾਗ਼ਜ਼ ਦੀ ਵੀ ਬਣੀ ਹੋਵੇ ਤਾਂ ਵੀ ਉਸ ਨੂੰ ਤੱਕਣਾ ਨਹੀਂ ਚਾਹੀਦਾ, ਮਨ ਡੋਲ ਜਾਂਦਾ ਹੈ, ਮਨ ਵਿਚ ਬੁਰੀਆਂ ਭਾਵਨਾਵਾਂ, ਬੁਰੇ ਖ਼ਿਆਲ ਪੈਦਾ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ "ਛੱਜੂ ! ਹੋ ਸਕਦਾ ਹੈ ਕਿ ਤੁਹਾਡੇ ਘਰ ਵਿਚ ਪਤਨੀ ਰੂਪੀ ਇਸਤਰੀ ਨਾ ਹੋਵੇ, ਹੋ ਸਕਦਾ ਹੈ ਕਿ ਆਪ ਦੇ ਘਰ ਵਿਚ ਪੁੱਤਰੀ ਰੂਪੀ ਇਸਤਰੀ ਨਾ ਹੋਵੇ, ਪਰ ਇਹ ਕਿਵੇਂ ਹੋ ਸਕਦਾ ਹੈ ਕਿ ਤੇਰੇ ਘਰ ਵਿਚ ਇਸਤਰੀ ਰੂਪੀ "ਮਾਂ" ਹੀ ਨਾ ਹੋਵੇ, ਤੂੰ ਆਪਣੀ ਇਸਤ੍ਰੀ ਰੂਪੀ ਮਾਂ ਨੂੰ ਹੀ ਬੁਰਾ ਕਹਿ ਰਿਹਾ ਏਂ ?" ਇਹ ਮੇਰੇ ਗੁਰੂ ਨਾਨਕ ਦੀ ਵਿਚਾਰਧਾਰਾ ਨਹੀਂ ਹੈ, ਗੁਰੂ ਨਾਨਕ ਸਾਹਿਬ ਤਾਂ ਫ਼ੁਰਮਾਉਂਦੇ ਹਨ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਮਹਲਾ ੧-੪੭੩)

ਇਹ ਹੈ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ। ਮੈਂ ਆਪਣੀਆਂ ਮਾਵਾਂ, ਭੈਣਾਂ ਨੂੰ ਇਹ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਅੱਜ ਜੇਕਰ ਸੰਗਤ ਵਿਚ ਬਰਾਬਰਤਾ ਦੇ ਹੱਕ ਵਿਚ ਬੈਠੀਆਂ ਜੇ ਤਾਂ ਇਹ ਸਭ ਗੁਰੂ ਨਾਨਕ ਸਾਹਿਬ ਦੇ ਕਾਰਨ ਹੀ ਹੈ। ਤੁਹਾਨੂੰ ਹਰ ਸਾਮਜ ਅੰਦਰ, ਹਰ ਜਗ੍ਹਾ 'ਤੇ ਜੇਕਰ ਬਰਾਬਰਤਾ ਦਾ ਹੱਕ ਮਿਲਿਆ ਹੈ ਤਾਂ ਸਭ

ਤੋਂ ਵੱਧ ਔਰਤ ਜਾਤ ਨੂੰ ਗੁਰੂ ਨਾਨਕ ਸਾਹਿਬ ਦਾ ਸ਼ੁਕਰਗੁਜਾਰ ਹੋਣਾ ਚਾਹੀਦਾ ਹੈ। ਜੇਕਰ ਗੁਰੂ ਨਾਨਕ ਦੇਵ ਜੀ ਔਰਤ ਦੇ ਹੱਕ ਵਿਚ ਆਵਾਜ਼ ਨਾ ਉਠਾਉਂਦੇ ਤਾਂ ਅੱਜ ਵੀ ਔਰਤ ਬੁਰਕੇ ਦੀ ਚਾਰ ਦੀਵਾਰੀ ਵਿਚ ਕੈਦ ਹੁੰਦੀ। ਅੱਜ ਗੁਰਦੁਆਰਿਆਂ ਵਿਚ, ਸਮਾਜਿਕ ਸਥਾਨਾਂ ਅਤੇ ਦਫ਼ਤਰਾਂ ਵਿਚ ਬਰਾਬਰਤਾ 'ਤੇ ਨਾ ਬੈਠੀ ਹੁੰਦੀ। ਇਸ ਦਾ ਸਿਹਰਾ ਔਰਤ ਜਾਤ ਵੱਲੋਂ ਗੁਰੂ ਨਾਨਕ ਸਾਹਿਬ ਨੂੰ ਦੇਣਾ ਬਣਦਾ ਹੈ।

ਪੰਚਮ ਪਾਤਸ਼ਾਹ ਜੀ ਨੇ ਆਖਿਆ ਕਿ ਛੱਜੂ ! ਤੇਰੀ ਵਿਚਾਰਧਾਰਾ, ਗੁਰੂ ਨਾਨਕ ਦੀ ਵਿਚਾਰਧਾਰਾ 'ਤੇ ਪੂਰੀ ਨਹੀਂ ਉਤਰਦੀ। ਇਸੇ ਤਰ੍ਹਾਂ ਬਾਕੀ ਤਿੰਨ ਕਵੀਆਂ— ਕਾਨ੍ਹਾ, ਪੀਲੂ ਅਤੇ ਸ਼ਾਹ ਹੁਸੈਨ ਦੀਆਂ ਰਚਨਾਵਾਂ ਨੇ ਵੀ ਗੁਰੂ ਨਾਨਕ ਵਿਚਾਰਧਾਰਾ ਨਾਲ ਮੇਲ ਨਾ ਖਾਧਾ।

ਮੈਂ ਬੇਨਤੀ ਕਰ ਰਿਹਾ ਸੀ ਕਿ ਜਦੋਂ ਮੁਗ਼ਲ ਫ਼ੌਜੀ ਬੱਚਿਆਂ ਨੂੰ ਲੈਣ ਲਈ ਆਏ ਤਾਂ ਮਾਤਾ ਗੁਜਰੀ ਜੀ ਬੱਚਿਆਂ ਨੂੰ ਤਿੰਨ ਗੱਲਾਂ ਨਾਲ ਪ੍ਰਪੱਕ ਕਰ ਚੁੱਕੀ ਸੀ। ਉਹ ਤਿੰਨ ਸਿੱਖਿਆਵਾਂ ਜੋ ਆਪ ਜਾਣ ਚੁੱਕੇ ਹੋ ਕਿ :

ਬੱਚਿਉ ! ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋ।
ਬੱਚਿਉ ! ਤੁਸੀਂ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪੋਤਰੇ ਹੋ।
ਬੱਚਿਉ ! ਤੁਸੀਂ ਗੁਰੂ ਨਾਨਕ ਸਾਹਿਬ ਦੇ ਸਿੱਖ ਹੋ।

ਬਸ ! ਜਿਸ ਦਿਨ ਸਾਨੂੰ ਯਾਦ ਆ ਗਿਆ ਕਿ ਅਸੀਂ ਵੀ ਗੁਰੂ ਨਾਨਕ ਸਾਹਿਬ ਦੇ ਸਿੱਖ ਹਾਂ ਉਸ ਦਿਨ ਤੋਂ ਬਾਅਦ ਸਾਡੇ ਹੱਥ ਵਿਚ ਸ਼ਰਾਬ ਦਾ ਪਿਆਲਾ ਨਹੀਂ ਹੋਵੇਗਾ, ਸਿੱਖ ਸ਼ਰਾਬ ਦਾ ਵਪਾਰੀ ਨਹੀਂ ਹੋਵੇਗਾ, ਸਿੱਖ ਉਸ ਦਿਨ ਅੰਮ੍ਰਿਤ ਦਾ ਵਪਾਰੀ ਹੋਵੇਗਾ, ਪਰ ਸ਼ਰਤ ਇਹ ਹੈ ਕਿ ਜਿਸ ਦਿਨ ਸਾਡੇ ਹਰ ਸਿੱਖ ਦੇ ਦਿਮਾਗ਼ ਵਿਚ ਇਹ ਗੱਲ ਆ ਗਈ ਕਿ ਅਸੀਂ ਵੀ ਗੁਰੂ ਨਾਨਕ ਸਾਹਿਬ ਦੇ ਸਿੱਖ ਹਾਂ।

ਮੈਂ ਵਿਚਾਰਧਾਰਾ ਦੀ ਸਾਂਝ ਦੀ ਗੱਲ ਕਰ ਰਿਹਾ ਹਾਂ ਕਿ ਸਾਨੂੰ ਕੋਈ ਪੁੱਛ ਲਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਕਸਵੱਟੀ ਅਨੁਸਾਰ ਅੰਨ੍ਹਾ ਵਿਅਕਤੀ ਕੌਣ ਹੈ ? ਸਾਡੀ ਤੇ ਗੁਰੂ ਦੀ ਵਿਚਾਰਧਾਰਾ ਦਾ ਕਿੰਨਾ ਕੁ ਅੰਤਰ ਹੈ ਤਾਂ ਅਸੀਂ ਕਹਾਂਗੇ ਕਿ ਜਿਸ ਵਿਅਕਤੀ ਦੀਆਂ ਅੱਖਾਂ ਨਾ ਹੋਣ, ਉਹੀ ਅੰਨ੍ਹਾ ਵਿਅਕਤੀ ਹੈ। ਪਰ ਜੇਕਰ ਅਸੀਂ ਗੁਰੂ ਸਾਹਿਬਾਨ ਤੋਂ ਪੁੱਛ ਕੇ ਵੇਖੀਏ ਕਿ ਸਤਿਗੁਰੂ ਜੀ ਸਾਨੂੰ ਦੱਸੋ ਕਿ ਅੰਨ੍ਹਾ ਵਿਅਕਤੀ ਕੌਣ ਹੈ ? ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਨੂੰ ਬਾਣੀ ਰਾਹੀਂ ਦੱਸਣਗੇ ਕਿ :

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥

(ਸਲੋਕ ਮਹਲਾ ੨-੯੫੪)

ਪਾਤਸ਼ਾਹ ਕਹਿੰਦੇ ਹਨ ਕਿ ਉਹਨਾਂ ਵਿਅਕਤੀਆਂ ਨੂੰ ਅੰਨ੍ਹੇ ਨਾ ਆਖੋ, ਜਿਨ੍ਹਾਂ ਦੀਆਂ ਦੁਨਿਆਵੀ ਅੱਖਾਂ ਨਹੀਂ ਹਨ ਤਾਂ ਫਿਰ ਅੱਗੇ ਸਤਿਗੁਰੂ ਜੀ ਆਪਣੀ ਅਗਲੀ ਪੰਗਤੀ ਵਿਚ ਫ਼ੁਰਮਾਣ ਕਰ ਕੇ ਸਾਡੇ ਭਰਮ ਦੀ ਨਵਿਰਤੀ ਕਰ ਰਹੇ ਹਨ ਕਿ ਅੰਨ੍ਹੇ ਉਹ ਹਨ ਜਿੰਨ੍ਹਾਂ ਨੇ ਪਰਮੇਸ਼ੁਰ ਨੂੰ ਵਿਸਾਰ ਦਿੱਤਾ ਹੈ, ਜਿਨ੍ਹਾਂ ਵਿਅਕਤੀਆਂ ਨੂੰ ਪਰਮੇਸ਼ੁਰ ਭੁੱਲਿਆ ਹੋਇਆ ਹੈ ਉਹ ਵਿਅਕਤੀ ਅੰਨ੍ਹੇ ਹਨ ਤੇ ਜ਼ਰਾ ਅਸੀਂ ਵੀ ਆਪਣੇ-ਆਪਣੇ ਮਨਾਂ ਦੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਕਿਧਰੇ ਅਸੀਂ ਵੀ ਤਾਂ ਅੰਨ੍ਹੇ ਨਹੀਂ ਕਿਤੇ ਅਸੀਂ ਪਰਮੇਸ਼ੁਰ ਨੂੰ ਭੁਲਾਈ ਤਾਂ ਨਹੀਂ ਬੈਠੇ। ਮੈਂ ਕਿੰਨੀਆਂ ਕੁ ਦੀ ਬਾਤ ਕਰਾਂ ਜਿਥੇ ਸਾਡੀ ਤੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਆਪਸ ਵਿਚ ਮੇਲ ਨਹੀਂ ਖਾਂਦੀ ਤੇ ਜਿੱਥੇ ਵਿਚਾਰਧਾਰਾ ਦਾ ਮੇਲ ਨਾ ਹੋਵੇ, ਉਥੇ:

ਪਤੀ-ਪਤਨੀ ਦਾ ਰਿਸ਼ਤਾ ਟੁੱਟ ਜਾਂਦਾ ਹੈ।
ਭਰਾ-ਭਰਾ ਦਾ ਰਿਸ਼ਤਾ ਟੁੱਟ ਜਾਂਦਾ ਹੈ।
ਪਿਉ-ਪੁੱਤਰ ਦਾ ਰਿਸ਼ਤਾ ਟੁੱਟ ਜਾਂਦਾ ਹੈ।

ਤੇ ਫਿਰ ਗੁਰੂ ਤੇ ਸਿੱਖ ਦਾ ਰਿਸ਼ਤਾ ਕਿਵੇਂ ਬਣੇਗਾ। ਜਿੱਥੇ ਵਿਚਾਰਾਂ ਦੀ ਸਾਂਝ ਹੀ ਨਹੀਂ ਹੋਵੇਗੀ। ਮੇਰੇ ਕਲਗੀਧਰ ਦੇ ਲਾਡਲਿਆਂ ਨੂੰ ਮਾਤਾ ਗੁਜਰੀ ਜੀ ਨੇ ਇਹਨਾਂ ਵਿਚਾਰਧਾਰਾ ਨਾਲ ਪ੍ਰਪੱਕ ਕਰ ਕੇ ਤੋਰਿਆ, ਬਸ ! ਬੱਚਿਉ ਯਾਦ ਰੱਖਣਾ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋ।

ਹੁਣ ਜਦੋਂ ਦਾਦੀ ਮਾਂ, ਸਾਹਿਬਜ਼ਾਦਿਆਂ ਨੂੰ ਉਹਨਾਂ ਮੁਗਲ ਸਿਪਾਹੀਆਂ ਦੇ ਨਾਲ ਪੇਸ਼ੀ ਲਈ ਤੋਰਨ ਲੱਗੀ ਹੈ। ਜੋਗੀ ਅੱਲ੍ਹਾ ਯਾਰ ਖ਼ਾਂ ਬੜੇ ਹੀ ਵੈਰਾਗਮਈ ਸ਼ਬਦਾਂ ਨਾਲ ਬਿਆਨ ਕਰ ਰਿਹਾ ਹੈ :

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋਂ ਲੂੰ।
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ।

ਮਾਂ ਗੁਜਰੀ ਬੱਚਿਆਂ ਨੂੰ ਤੋਰਨ ਤੇ ਪਹਿਲਾਂ ਪਿਆਰ ਨਾਲ ਕਹਿ ਰਹੀ ਹੈ ਕਿ ਆਓ, ਬੱਚਿਉ ! ਮੈਂ ਤੁਹਾਡੇ ਕੇਸਾਂ ਨੂੰ ਸਵਾਰ ਦਿਆਂ। ਇਥੇ ਵਿਸ਼ਾ ਕੇਸਾਂ ਦਾ ਆਇਆ ਹੈ ਤੇ ਅੱਜ ਦੀ ਮਾਂ ਅਤੇ ਉਸ ਦਾਦੀ ਮਾਂ ਦੇ ਵਿਚਾਰਾਂ ਵਿਚ ਸੋਚ ਦਾ ਕਿੰਨਾ ਫ਼ਰਕ ਹੈ। ਇਸ ਵਿਸ਼ੇ 'ਤੇ ਵਿਚਾਰ ਕਰਨੀ ਜ਼ਰੂਰੀ ਬਣਦੀ ਹੈ ਕਿ ਪੁਰਾਤਨ ਮਾਵਾਂ ਤੇ ਅੱਜ ਦੀਆਂ ਮਾਵਾਂ ਦੇ ਵਿਚਾਰਾਂ ਵਿਚ ਕਿੰਨਾ ਕੁ ਫ਼ਰਕ ਹੈ।

ਪੁਰਾਤਨ ਸਮਿਆਂ ਵਿਚ ਆਹ ਪਟਕਾ ਨਹੀਂ ਸੀ ਹੁੰਦਾ, ਵੱਧ ਤੋਂ ਵੱਧ ਜੂੜੇ 'ਤੇ ਰੁਮਾਲ ਹੁੰਦਾ ਸੀ ਤੇ ਬੱਚਿਆਂ ਦੇ ਬਾਹਰ ਖੇਡਦਿਆਂ-ਖੇਡਦਿਆਂ, ਲੜਦਿਆਂ-ਭਿੜਦਿਆਂ, ਦੌੜਦਿਆਂ-ਭੱਜਦਿਆਂ ਕੇਸ ਖੁੱਲ੍ਹ ਜਾਣੇ, ਇਕ ਸੁਭਾਵਕ ਗੱਲ ਸੀ। ਕੇਸ

ਖੁੱਲ੍ਹ ਜਾਣੇ ਤੇ ਮਾਵਾਂ ਨੇ ਜਦੋਂ ਦੇਖਣਾ ਕਿ ਮੇਰੇ ਬੱਚੇ ਦੇ ਕੇਸ ਖੁੱਲ੍ਹੇ ਹੋਏ ਹਨ ਤਾਂ ਮਾਂ ਨੇ ਬੱਚੇ ਨੂੰ ਆਵਾਜ਼ ਮਾਰ ਕੇ ਕਹਿਣਾ ਕਿ ਬੇਟਾ ! ਘਰ ਨੂੰ ਆ, ਤੇਰੇ ਕੇਸ ਖੁੱਲ੍ਹੇ ਹੋਏ ਨੇ, ਮੈਂ ਤੇਰੇ ਕੇਸ ਦੁਬਾਰਾ ਸਵਾਰ ਕੇ ਤੈਨੂੰ ਸਰਦਾਰ ਬਣਾ ਦਿਆਂ, ਆ ਜਲਦੀ ਘਰ ਨੂੰ ਆ।

ਪਰ ਦੁੱਖ ਦੀ ਗੱਲ ਹੈ ਕਿ ਅੱਜ ਦਾ ਬੱਚਾ ਜਦੋਂ ਮਾਂ ਨੂੰ ਕੇਸ ਵਾਹੁਣ ਦੀ ਗੱਲ ਕਰਦਾ ਹੈ ਤਾਂ ਅੱਜ ਮਾਂ ਆਖਦੀ ਹੈ ਕਿ ਮੇਰੇ ਕੋਲੋਂ ਤੇਰਾ ਝਾਟਾ ਬਾਰ-ਬਾਰ ਨਹੀਂ ਛੂਕਿਆ ਜਾਂਦਾ। ਇਹ ਸੁਣ ਕੇ ਪੁੱਤਰ ਵੀ ਆਖਦਾ ਹੈ ਕਿ ਜੇਕਰ ਤੇਰੇ ਕੋਲੋਂ ਬਾਰ-ਬਾਰ ਨਹੀਂ ਛੂਕਿਆ ਜਾਂਦਾ ਤਾਂ ਫਿਰ ਨਾਈ ਵਧੀਆ ਛੂਕ ਲੈਂਦਾ ਹੈ। ਬੱਚਾ ਤੁਰ ਪੈਂਦਾ ਹੈ ਨਾਈ ਦੀ ਦੁਕਾਨ ਵੱਲ ਨੂੰ। ਇਕ ਸਿੱਖ ਬੱਚਾ ਨਾਈ ਦੀ ਦੁਕਾਨ 'ਤੇ ਜਾਵੇ ਕਿੰਨੀ ਹੈਰਾਨਗੀ ਅਤੇ ਸ਼ਰਮ ਵਾਲੀ ਗੱਲ ਹੈ। ਤੁਸੀਂ ਹੈਰਾਨ ਹੋਵੋਗੇ ਕਿ ਸਿੱਖ ਬੱਚੇ ਬਾਹਰ ਵਿਦੇਸ਼ਾਂ ਵਿਚ ਜਾਣ ਤੋਂ ਪਹਿਲਾਂ ਹੀ ਨਾਈਆਂ ਦੀਆਂ ਦੁਕਾਨਾਂ 'ਤੇ ਚਲੇ ਜਾਂਦੇ ਹਨ ਤੇ ਨਾਈ ਵੀ ਫਿਰ ਪਹਿਲਾਂ ਕੁਝ ਰੁਪਏ ਸ਼ਗਨ ਦੇ ਤੌਰ 'ਤੇ ਲੈਂਦੇ ਹਨ। ਕਿਧਰ ਨੂੰ ਜਾ ਰਿਹਾ ਹੈ ਸਾਡਾ ਵਿਰਸਾ ? ਸਾਨੂੰ ਖ਼ੁਦ ਨੂੰ ਵੀ ਲੱਗਦਾ ਹੈ ਕਿ ਜਿਵੇਂ ਕੇਸਾਂ ਦੇ ਨਾਲ ਸਾਡਾ ਬੱਚਾ ਜਹਾਜ਼ ਵਿਚ ਨਹੀਂ ਚੜ੍ਹ ਸਕੇਗਾ, ਕੇਸਾਂ ਨਾਲ ਸਾਡੇ ਬੱਚੇ ਨੂੰ ਸ਼ਾਇਦ ਵਿਦੇਸ਼ ਦੀ ਧਰਤੀ 'ਤੇ ਪੈਰ ਰੱਖਣਾ ਨਸੀਬ ਨਹੀਂ ਹੋਵੇਗਾ।

ਕਿਧਰੇ ਹਰਭਜਨ ਸਿੰਘ ਯੋਗੀ ਵਰਗਿਆਂ ਵੀਰਾਂ ਦਾ ਇਤਿਹਾਸ ਪੜ੍ਹਿਓ। ਉਹਨਾਂ ਨੇ ਤਾਂ ਈਸਾਈਆਂ ਨੂੰ ਵੀ ਪ੍ਰੇਰਣਾ ਦੇ ਕੇ ਸਿੱਖੀ ਵਿਚ ਲੈ ਆਂਦਾ, ਉਹਨਾਂ ਦੀ ਪ੍ਰੇਰਣਾ ਸਦਕਾ ਈਸਾਈ ਤੇ ਹੋਰ ਧਰਮਾਂ ਵਾਲੇ ਸਿੱਖੀ ਧਰਮ ਵਿਚ ਆ ਗਏ ਪਰ ਅਸੀਂ ਆਪਣਾ ਧਰਮ ਹੀ ਗੁਆਈ ਜਾ ਰਹੇ ਹਾਂ।

ਮਾਂ ਗੁਜਰੀ ਕਹਿ ਰਹੀ ਹੈ ਕਿ ਆਓ ਬੱਚਿਉ ! "ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ"। ਕੇਸਾਂ ਦੀ ਮਹੱਤਤਾ ਬਾਰੇ ਇਕ ਵਿਦਵਾਨ ਨੇ ਬੜੀ ਬਾ-ਕਮਾਲ ਗੱਲ ਲਿਖੀ ਹੈ। ਉਹ ਕਹਿੰਦਾ ਹੈ :

ਕੌਮਾਂ ਜੀਉਂਦੀਆਂ ਸਦਾ ਉਹ ਜੱਗ ਉਤੇ,
ਪੁੱਤਰ ਬੀਰ ਜਿਸ ਦੇ ਘਾਲਾਂ ਘਾਲਦੇ ਨੇ।
ਛੰਨਾ ਖੋਪੜੀ ਦਾ ਫੜ ਕੇ ਪੁੱਤ ਜਿਸ ਦੇ,
ਆਪਣੀ ਕੌਮ ਨੂੰ ਅੰਮ੍ਰਿਤ ਪਿਲਾਂਵਦੇ ਨੇ।

ਉਹ ਕਿਹੜੀ ਖੋਪੜੀ ਦੀ ਬਾਤ ਕਰ ਰਿਹਾ ਹੈ ? ਉਹ ਬਾਤ ਕਰ ਰਿਹਾ ਹੈ, ਭਾਈ ਤਾਰੂ ਸਿੰਘ ਦੀ ਖੋਪੜੀ ਦੀ। ਉਹ ਭਾਈ ਤਾਰੂ ਸਿੰਘ ਜੋ ਕਿ ਪਿੰਡ ਪੂਹਲਾ ਦਾ ਰਹਿਣ ਵਾਲਾ ਸੀ ਅਤੇ ਉਸ ਸਮੇਂ ਜ਼ਕਰੀਆ ਖ਼ਾਂ ਦੇ ਕਾਰਨ, ਸਿੰਘ ਸੂਰਬੀਰਾਂ ਨੂੰ ਘਰ-ਘਾਟ

ਛੱਡ ਕੇ ਜੰਗਲਾਂ ਵਿਚ ਰਹਿਣਾ ਪਿਆ ਸੀ। ਭਾਈ ਤਾਰੂ ਸਿੰਘ ਆਪਣੀ ਮਾਂ ਅਤੇ ਆਪਣੀ ਭੈਣ ਦੇ ਨਾਲ ਸਿੰਘ ਸੂਰਬੀਰਾਂ ਦੀ ਸੇਵਾ ਵਿਚ ਜੁੱਟ ਗਿਆ।

ਸ੍ਰ. ਨਰਿੰਦਰ ਸਿੰਘ 'ਸੋਚ' ਦੀ ਕਲਮ ਅਤੇ ਹੋਰ ਵਿਦਵਾਨਾਂ ਦੀਆਂ ਕਲਮਾਂ ਰਾਹੀਂ ਇਸ ਇਤਿਹਾਸਕ ਘਟਨਾਕਰਮ ਦਾ ਬਹੁਤ ਹੀ ਭਾਵਪੂਰਤ ਚਿਤਰਨ ਕੀਤਾ ਗਿਆ ਹੈ।

ਭਾਈ ਤਾਰੂ ਸਿੰਘ ਦੇ ਵਿਚਾਰ ਸਨ ਕਿ ਇਹ ਸਿੰਘ ਸੂਰਬੀਰ ਆਪਣੇ ਨਿੱਜੀ ਸੁਆਰਥਾਂ ਲਈ ਨਹੀਂ ਲੜ ਰਹੇ, ਇਸ ਲਈ ਇਹਨਾਂ ਦੀ ਸੇਵਾ ਕਰਨਾ, ਉਹਨਾਂ ਆਪਣਾ ਧਰਮ ਸਮਝਿਆ। ਭਾਈ ਤਾਰੂ ਸਿੰਘ ਜੀ ਦੀ ਮਾਤਾ ਨੇ ਵੀ ਆਪਣਾ ਯੋਗਦਾਨ ਪਾਉਂਦਿਆਂ ਕਿਹਾ "ਬੇਟਾ ! ਆਪਾਂ ਘਰ ਵਿਚ ਤਿੰਨ ਮੈਂਬਰ ਹਾਂ, ਇਕ ਤੂੰ, ਇਕ ਮੈਂ ਅਤੇ ਇਕ ਤੇਰੀ ਜਵਾਨ ਭੈਣ ਹੈ, ਕਿਉਂ ਨਾ ਹੋਵੇ ਤਾਂ ਅਸੀਂ ਤਿੰਨੇ ਰਲ ਕੇ ਸੇਵਾ ਦਾ ਦੀਵਾ ਬਾਲੀਏ। ਇਕ ਇਕ ਦੀਵੇ ਨਾਲ ਆਪੇ ਹੀ ਦੀਵਾਲੀ ਬਣ ਜਾਵੇਗੀ।"

ਇਤਿਹਾਸਕ ਤੱਥਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਭਾਈ ਤਾਰੂ ਸਿੰਘ ਜੀ ਦੀ ਭੈਣ ਅਤੇ ਮਾਂ, ਅੱਗ ਬਾਲ ਕੇ, ਆਟਾ ਗੁੰਨ ਕੇ, ਦਾਲ-ਪ੍ਰਸ਼ਾਦੇ ਤਿਆਰ ਕਰ ਕੇ ਭਾਈ ਤਾਰੂ ਸਿੰਘ ਦੇ ਸਿਰ 'ਤੇ ਰੱਖ ਕੇ ਉਹ ਲੰਗਰ ਜੰਗਲਾਂ ਵਿਚ ਸਿੰਘ ਸੂਰਬੀਰਾਂ ਲਈ ਭੇਜਣ ਦੀ ਸੇਵਾ ਕਰਦੀਆਂ ਹਨ। ਉਹ ਲੰਗਰ, ਜੰਗਲਾਂ ਵਿਚ ਸਿੰਘ ਸੂਰੀਬਰ ਛਕਦੇ ਹਨ। ਉਹ ਗੁਰੂ ਕਾ ਲੰਗਰ ਜੋ ਤਵੇ ਤੋਂ ਸ਼ੁਰੂ ਹੋਇਆ ਸੀ, ਚਲਦਾ-ਚਲਦਾ ਅੱਗੇ ਲੋਹਾਂ ਤੱਕ ਪਹੁੰਚ ਗਿਆ। ਜਿਹੜੀ ਦਾਲ ਇਕ ਪਤੀਲੇ ਤੋਂ ਸ਼ੁਰੂ ਹੋਈ ਸੀ, ਚਲਦਿਆਂ-ਚਲਦਿਆਂ ਅੱਜ ਉਹ ਪਤੀਲਾ, ਦੇਗਾਂ ਦਾ ਰੂਪ ਧਾਰਨ ਕਰ ਗਿਆ।

ਹੁਣ ਸੁੱਚਾ ਨੰਦ ਦੀ ਤਰ੍ਹਾਂ ਹੀ ਇਕ ਨਾਮ ਹੈ—'ਹਰਭਗਤ ਨਿਰੰਜਨੀਆ'। ਨਾਮ ਕਿੰਨਾ ਪਿਆਰਾ ਹੈ, ਪਰ ਕੰਮ ਕਿੰਨੇ ਘਟੀਆ। ਉਸ ਹਰਭਗਤ ਨਿਰੰਜਨੀਏ ਨੇ ਜ਼ਕਰੀਏ ਖ਼ਾਂ ਕੋਲ ਜਾ ਕੇ ਚੁਗਲੀ ਕਰ ਦਿੱਤੀ, "ਆਹ ਤਾਰੂ ਸਿੰਘ ਵਰਗੇ ਜਿੰਨਾ ਚਿਰ ਪਿੰਡਾਂ ਵਿਚ ਜੀਊਂਦੇ ਫਿਰਦੇ ਨੇ, ਤੂੰ ਓਨਾ ਚਿਰ ਸਿੱਖਾਂ ਦਾ ਖ਼ਾਤਮਾ ਨਹੀਂ ਕਰ ਸਕਦਾ। ਜੇਕਰ ਤੂੰ ਸਿੱਖਾਂ ਦੀਆਂ ਜੜ੍ਹਾਂ ਵੱਢਣੀਆਂ ਹਨ ਤਾਂ ਪਹਿਲਾਂ ਤਾਰੂ ਸਿੰਘ ਵਰਗਿਆਂ ਦੀਆਂ ਜੜ੍ਹਾਂ ਤੈਨੂੰ ਵੱਢਣੀਆਂ ਪੈਣਗੀਆਂ।"

ਇਹ ਚੁਗਲੀ ਸੁਣਦਿਆਂ ਹੀ ਜ਼ਕਰੀਆ ਖ਼ਾਂ ਨੇ ਗ੍ਰਿਫਤਾਰੀ ਦਾ ਹੁਕਮ ਸੁਣਾ ਦਿੱਤਾ। 200 ਫ਼ੌਜੀਆਂ ਦਾ ਦਸਤਾ ਭਾਈ ਤਾਰੂ ਸਿੰਘ ਦੇ ਘਰ ਭੇਜ ਦਿੱਤਾ। ਹੁਣ ਅੱਗੇ ਘਰ ਦਾ ਦ੍ਰਿਸ਼ ਕੀ ਹੈ ? ਮਾਂ ਤੇ ਧੀ ਰਲ ਕੇ ਲੰਗਰ ਤਿਆਰ ਕਰ ਰਹੀਆਂ ਹਨ। ਸਿਪਾਹੀ ਘਰ ਅੰਦਰ ਜਾ ਕੇ ਉਹਨਾਂ ਨੂੰ ਪੁੱਛਦੇ ਹਨ, "ਤਾਰੂ ਸਿੰਘ ਕਿੱਥੇ ਹੈ ?" ਮਾਂ ਕਹਿੰਦੀ ਹੈ, "ਬਾਹਰ ਗਿਆ ਹੈ।" ਸਿਪਾਹੀ ਕਹਿਣ ਲੱਗੇ, "ਸਾਡੀ ਆਹਟ ਸੁਣ ਕੇ ਲੱਗਦਾ ਹੈ ਕਿ ਉਹ ਡਰ ਕੇ ਭੱਜ ਗਿਆ ਹੈ।" ਮਾਂ ਭਰੋਸੇ ਨਾਲ ਕਹਿਣ ਲੱਗੀ, "ਕਾਕਾ

ਡਰ ਕੇ ਚੋਰ ਭੱਜਦੇ ਹਨ, ਕਾਤਲ ਭੱਜਦੇ ਹਨ, ਡਾਕੂ ਭੱਜਦੇ ਹਨ, ਮੇਰਾ ਪੁੱਤਰ ਕਿਉਂ ਭੱਜੇਗਾ, ਉਹ ਮੇਰਾ ਪੁੱਤਰ ਹੈ ਹੁਣੇ ਆਉਂਦਾ ਹੀ ਹੋਵੇਗਾ, ਤੁਸੀਂ ਆਰਾਮ ਨਾਲ ਬੈਠੋ ਤੇ ਪ੍ਰਸ਼ਾਦਾ ਛਕ ਲਓ।''

ਇਕ ਸਿਪਾਹੀ ਹੌਲੀ-ਹੌਲੀ ਆਪਣੇ ਸਾਥੀਆਂ ਨੂੰ ਕਹਿਣ ਲੱਗਾ, ''ਓਏ ਇਸ ਬੁੱਢੀ ਮਾਤਾ ਦੀਆਂ ਮੋਮੋ ਠਗਣੀਆਂ ਗੱਲਾਂ ਵਿਚ ਨਾ ਆਇਓ, ਕਿਧਰੇ ਸਾਨੂੰ ਪ੍ਰਸ਼ਾਦੇ ਵਿਚ ਜ਼ਹਿਰ ਮਿਲਾ ਕੇ ਖੁਆ ਦੇਵੇ ਤੇ ਸਾਨੂੰ ਮਾਰ ਦੇਵੇ।'' ਮਾਂ ਨੇ ਇਹ ਗੱਲ ਸੁਣ ਲਈ ਤੇ ਸਿਪਾਹੀ ਨੂੰ ਕਹਿਣ ਲੱਗੀ, ''ਕਾਕਾ ! ਮੈਨੂੰ ਲੱਗਦਾ ਹੈ ਤੈਨੂੰ ਆਪਣੀ ਮਾਂ ਦਾ ਦੁੱਧ ਪੀਣਾ ਨਸੀਬ ਨਹੀਂ ਹੋਇਆ, ਤੈਨੂੰ ਸਮਝਾ ਦੇਵਾਂ ਕਿ ਮਾਂ ਕਦੀ ਵੀ ਮੋਮੋ ਠੱਗਣੀ ਨਹੀਂ ਹੁੰਦੀ। ਇਹ ਗੁਰੂ ਦਾ ਲੰਗਰ ਹੈ ਤੇ ਜਿਸ ਲੰਗਰ ਵਿਚ ਤੂੰ ਜ਼ਹਿਰ ਦੀ ਗੱਲ ਕਰਦਾ ਹੈਂ ਇਹ ਤਾਂ ਤੇਰੇ ਅੰਦਰੋਂ ਨਫ਼ਰਤ ਦਾ ਜ਼ਹਿਰ ਵੀ ਕੱਢ ਦੇਵੇਗਾ। ਬੈਠੋ ਪ੍ਰਸ਼ਾਦਾ ਛਕੋ, ਮੇਰਾ ਪੁੱਤ ਹੁਣੇ ਆ ਜਾਵੇਗਾ।''

ਥੋੜੀ ਦੇਰ ਬਾਅਦ ਭਾਈ ਤਾਰੂ ਸਿੰਘ ਜੀ ਵੀ ਆ ਗਏ ਤੇ ਆਉਂਦਿਆਂ ਹੀ ਫ਼ਤਹਿ ਗਜਾ ਕੇ ਕਹਿਣ ਲੱਗੇ, ''ਤੁਹਾਨੂੰ ਆਉਣ ਦੀ ਕੀ ਲੋੜ ਸੀ, ਮੈਨੂੰ ਸੁਨੇਹਾ ਭੇਜ ਦਿੰਦੇ, ਮੈਂ ਆਪ ਹੀ ਸੂਬੇਦਾਰ ਕੋਲ ਪਹੁੰਚ ਜਾਂਦਾ।'' ਸਿਪਾਹੀ ਨੇ ਕਿਹਾ, ''ਜ਼ਕਰੀਆ ਖ਼ਾਂ ਨੇ ਤੁਹਾਨੂੰ ਤਿੰਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਕਿਹਾ ਹੈ।'' ਉਸ ਸਮੇਂ ਸਾਰੇ ਪਿੰਡ ਦੇ ਮੋਹਤਬਰ ਬੰਦੇ ਅੱਗੇ ਆ ਕੇ ਖੜੇ ਹੋ ਗਏ ਤੇ ਕਹਿਣ ਲੱਗੇ, ''ਇਹ ਇਕੱਲੇ ਤਾਰੂ ਸਿੰਘ ਦੀ ਮਾਂ ਨਹੀਂ ਹੈ ਇਹ ਸਾਡੇ ਪਿੰਡ ਦੀ ਮਾਂ ਹੈ, ਇਹ ਇਕੱਲੇ ਤਾਰੂ ਸਿੰਘ ਦੀ ਭੈਣ ਨਹੀਂ, ਇਹ ਸਾਰੇ ਪਿੰਡ ਦੀ ਭੈਣ ਹੈ। ਇਹਨਾਂ ਦੇ ਪੈਰਾਂ ਨੂੰ ਹੱਥ ਲਾ ਕੇ ਕੋਈ ਮੱਥਾ ਤਾਂ ਟੇਕ ਸਕਦਾ ਹੈ, ਪਰ ਗ੍ਰਿਫ਼ਤਾਰ ਨਹੀਂ ਕਰ ਸਕਦਾ।''

ਮੈਂ ਬੇਨਤੀ ਕਰ ਦਿਆਂ ਕਿ ਸਾਡਾ ਉਹ ਵਿਰਸਾ ਕਿੱਥੇ ਗਿਆ। ਅੱਜ ਤਾਂ ਜਿਸ ਦੀ ਮਾਂ ਹੈ, ਉਸੇ ਦੀ ਹੀ ਮਾਂ ਹੈ, ਜਿਸ ਦੀ ਭੈਣ ਹੈ ਉਸੇ ਦੀ ਹੀ ਭੈਣ ਹੈ, ਕਿੱਥੇ ਖੜੇ ਹਾਂ ਅਸੀਂ ? ਜਿੱਥੇ ਕਾਜ਼ੀ ਨੂਰ ਮੁਹੰਮਦ ਵਰਗੇ ਸਿੱਖਾਂ ਦੀ ਤਾਰੀਫ ਕਰਨ ਤੋਂ ਵੀ ਨਹੀਂ ਸਨ ਰੁਕ ਸਕੇ ਉਹ ਸਿੱਖਾਂ ਦੇ ਕਿਰਦਾਰ ਦੀ ਸਿਫ਼ਤਿ ਕਰਦਾ ਹੀ ਨਹੀਂ ਸੀ ਥੱਕਦਾ, ਪਰ ਅੱਜ ਦੇ ਗਾਇਕ ਸਾਨੂੰ ਕੀ ਸੁਨੇਹਾ ਦੇ ਰਹੇ ਹਨ, ਕੀ ਸੁਣਾ ਰਹੇ ਹਨ ? ''ਆਹ ਦੇਖੋ ਸੜਕਾਂ 'ਤੇ ਅੱਗ ਤੁਰੀ ਜਾਂਦੀ ਏ।'' ਇਸ ਗਾਇਕ ਨੂੰ ਪੁੱਛਣਾ ਚਾਹੀਦਾ ਹੈ ਕਿ ਉਸ ਸੜਕ 'ਤੇ ਅੱਗ ਵਿਚ ਤੇਰੀ ਮਾਤਾ, ਤੇਰੀ ਭੈਣ, ਤੇਰੀ ਧੀ ਵੀ ਹੋ ਸਕਦੀ ਹੈ। ਕੀ ਸਿੱਖਿਆ ਦੇ ਰਹੇ ਹਨ ਅੱਜ ਦੇ ਗਾਇਕ ਸਾਨੂੰ, ਕਿੱਥੇ ਹੈ ਉਹ ਪੰਜਾਬ 'ਜੋ ਜੀਊਂਦਾ ਸੀ ਗੁਰਾਂ ਦੇ ਨਾਮ 'ਤੇ।'

ਪੂਹਲਾ ਪਿੰਡ ਵਾਸੀ ਇਹ ਗੱਲ ਕਹਿ ਰਹੇ ਹਨ ਕਿ ਇਹ ਸਿਰਫ਼ ਭਾਈ ਤਾਰੂ ਸਿੰਘ ਦੀ ਮਾਂ-ਭੈਣ ਨਹੀਂ ਹੈ, ਇਹ ਸਮੁੱਚੇ ਇਲਾਕੇ ਦੀ ਮਾਂ-ਭੈਣ ਹੈ। ਫ਼ੌਜਦਾਰ ਥੋੜਾ

ਡਰ ਗਿਆ ਤੇ ਕਹਿਣ ਲੱਗਾ, "ਚਲੋ ਮੈਂ ਤੁਹਾਡੀ ਗੱਲ ਮੰਨ ਕੇ ਇਹਨਾਂ ਨੂੰ ਛੱਡ ਦਿੰਦਾ ਹਾਂ, ਪਰ ਮੈਂ ਤਾਰੂ ਸਿੰਘ ਨੂੰ ਨਹੀਂ ਛੱਡ ਸਕਦਾ, ਇਹ ਅਧਿਕਾਰ ਮੇਰੇ ਪਾਸ ਨਹੀਂ ਹੈ।" ਹੁਣ ਖ਼ਿਆਲ ਕਰਿਉ ! ਭਾਈ ਤਾਰੂ ਸਿੰਘ ਨੂੰ ਤੋਰਨ ਲੱਗਿਆਂ, ਮਾਂ ਨੇ ਜੋ ਸ਼ਬਦ ਕਹੇ ਉਹ ਸ਼ਬਦ 'ਸ੍ਰ. ਨਰਿੰਦਰ ਸਿੰਘ ਸੋਚ' ਦੀ ਕਲਮ ਨੇ ਬੜੇ ਬਾ-ਕਮਾਲ ਤਰੀਕੇ ਨਾਲ ਕਲਮਬੱਧ ਕੀਤੇ ਤੇ ਉਸ ਕਲਮ ਤੋਂ ਬਲਿਹਾਰ ਜਾਣ ਨੂੰ ਮਨ ਕਰੇਗਾ। ਮਾਂ, ਤਾਰੂ ਸਿੰਘ ਨੂੰ ਤੋਰਨ-ਲੱਗਿਆਂ ਕਹਿੰਦੀ ਹੈ, "ਤਾਰੂ ਸਿੰਘ ! ਵਾਹਿਗੁਰੂ ਦੇ ਬਖ਼ਸ਼ੇ, ਗੁਰੂ ਜੀ ਦੇ ਨਿਵਾਜੇ ਅਤੇ ਮੇਰੇ ਵੱਲੋਂ ਮੱਖਣ, ਦਹੀਂ ਨਾਲ ਪਾਲੇ ਹੋਏ ਇਹਨਾਂ ਕੇਸਾਂ ਨੂੰ ਆਂਚ ਨਾ ਆਉਣ ਦੇਵੀਂ। ਤੂੰ ਬੇ-ਫ਼ਿਕਰ ਹੋ ਕੇ ਜਾ ਤੇਰੀ ਭੈਣ ਤੇਰੇ ਮਗਰੋਂ ਸਿਰ 'ਤੇ ਦਸਤਾਰ ਸਜਾ ਕੇ ਤਾਰੂ ਸਿੰਘ ਬਣ ਜਾਵੇਗੀ ਅਤੇ ਸਿੰਘ, ਸੂਰਬੀਰਾਂ ਦੀ ਸੇਵਾ ਜਾਰੀ ਰੱਖੇਗੀ। ਇਹ 'ਗੁਰੂ ਕਾ ਲੰਗਰ' ਇਸੇ ਤਰ੍ਹਾਂ ਹੀ ਚਲਦਾ ਰਹੇਗਾ।"

ਕਿਧਰੇ ਹੈ ਅੱਜ ਦੀ ਮਾਂ ਵਿਚ ਐਸੀ ਸੋਚ, ਐਸੀ ਭਾਵਨਾ, ਐਸਾ ਵਿਰਸਾ ?

ਭਾਈ ਤਾਰੂ ਸਿੰਘ ਨੂੰ ਜਦੋਂ ਜ਼ਕਰੀਆ ਖ਼ਾਂ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਜ਼ਕਰੀਆ ਖ਼ਾਂ ਕਹਿਣ ਲੱਗਾ, "ਤਾਰੂ ਸਿੰਘ ! ਮੁਸਲਮਾਨ ਬਣ ਜਾ, ਨਹੀਂ ਤਾਂ ਮਾਰਿਆ ਜਾਵੇਂਗਾ।" ਅੱਗੋਂ ਭਾਈ ਤਾਰੂ ਸਿੰਘ ਕਹਿੰਦੇ ਹਨ, "ਜ਼ਕਰੀਆ ਖ਼ਾਂ, ਮੈਨੂੰ ਇਹ ਗੱਲ ਦੱਸ ਕੀ ਮੁਸਲਮਾਨ ਮਰਦੇ ਨਹੀਂ ? ਜੇਕਰ ਮੁਸਲਮਾਨ ਬਣ ਕੇ ਵੀ ਇਕ ਦਿਨ ਮਰਨਾ ਹੀ ਹੈ ਤਾਂ ਮੈਂ ਗੁਰੂ ਤੋਂ ਬੇ-ਮੁਖ ਹੋ ਕੇ ਕਿਉਂ ਮਰਾਂ।" ਫਿਰ ਜ਼ਕਰੀਆ ਖ਼ਾਂ ਕਹਿੰਦਾ ਹੈ, "ਇਹ ਕੇਸ ਦੇ ਦੇ, ਤੂੰ ਇਨਾਂ ਕੇਸਾਂ ਦਾ ਮਾਣ ਕਰਦਾ ਏਂ, ਮੈਂ ਜੁੱਤੀਆਂ ਮਾਰ-ਮਾਰ ਕੇ ਤੇਰੇ ਇਹ ਕੇਸ ਉਡਾ ਦਿਆਂਗਾ।"

ਭਾਈ ਤਾਰੂ ਸਿੰਘ ਨੇ ਜਵਾਬ ਦਿਤਾ- "ਕੀ ਪਤਾ ਕਿਸ ਨੇ ਕਿਸ ਦੀਆਂ ਜੁੱਤੀਆਂ ਖਾਣੀਆਂ ਨੇ, ਕਿਸ ਨੇ ਕਿਸ ਦੀ ਜੁੱਤੀ ਅੱਗੇ ਲੱਗ ਕੇ ਜਾਣਾ ਹੈ।" ਇਹ ਸ਼ਬਦ ਭਾਈ ਤਾਰੂ ਸਿੰਘ ਦੇ ਮੁਖ ਤੋਂ ਸੁਭਾਵਿਕ ਹੀ ਨਿਕਲੇ ਸਨ, ਪਰ ਇਹ ਸੱਚ ਹੋਏ ਸਨ। ਜ਼ਕਰੀਆ ਖ਼ਾਂ ਦੇ ਹੁਕਮ ਨਾਲ ਭਾਈ ਤਾਰੂ ਸਿੰਘ ਦਾ ਖੋਪਰ, ਕੇਸਾਂ ਸਮੇਤ ਰੰਬੀ ਨਾਲ ਉਤਾਰ ਦਿੱਤਾ ਗਿਆ ਸੀ ਤੇ ਖੋਪਰ ਉਤਾਰ ਕੇ ਭਾਈ ਸਾਹਿਬ ਨੂੰ ਖੱਡ ਵਿਚ ਸੁੱਟ ਦਿੱਤਾ ਗਿਆ।

ਇਤਿਹਾਸਕ ਤੱਥ ਦੱਸਦੇ ਹਨ ਕਿ ਪੂਰੇ 22 ਦਿਨ ਭਾਈ ਤਾਰੂ ਸਿੰਘ ਬਾਣੀ ਦੇ ਆਸਰੇ ਨਾਲ, ਬਿਨਾ ਖੋਪਰ ਦੇ ਜੀਊਂਦੇ ਰਹੇ ਸਨ। ਉਸ ਸਮੇਂ ਕੀ ਹੋਇਆ ਸੀ ਕਿ ਜ਼ਕਰੀਆ ਖ਼ਾਂ ਨੂੰ ਪੇਸ਼ਾਬ ਦਾ ਬੰਨ੍ਹ ਪੈ ਗਿਆ। ਵੈਦ, ਹਕੀਮ, ਇਲਾਜ ਕਰ ਰਹੇ ਸਨ, ਪਰ ਕੋਈ ਵੀ ਇਲਾਜ ਸਾਰਥਿਕ ਨਾ ਹੋ ਸਕਿਆ। ਆਖ਼ਿਰ ਉਹ ਥੱਕ ਗਏ, ਪਰ ਜ਼ਕਰੀਆ ਖ਼ਾਂ ਕਿਲਕਾਰੀਆਂ ਮਾਰਦਾ ਹੈ, ਚਾਂਗਰਾ ਮਾਰਦਾ ਹੈ ਕਿ ਜਿਵੇਂ ਮਰਜ਼ੀ ਹੋਵੇ, ਮੈਨੂੰ ਇਸ ਬੀਮਾਰੀ ਤੋਂ ਛੁਟਕਾਰਾ ਦਿਵਾਉ।

ਕਿਸੇ ਨੇ ਆਖ ਦਿੱਤਾ, "ਤੈਨੂੰ ਭਾਈ ਤਾਰੂ ਸਿੰਘ ਦੀ ਆਹ ਲੱਗ ਗਈ ਹੈ ਤੂੰ ਬੇਦੋਸ਼ੇ ਨੂੰ ਮਾਰਿਆ ਹੈ।" ਜ਼ਕਰੀਆ ਖ਼ਾਂ ਕਹਿਣ ਲੱਗਾ, "ਜਾਉ, ਤਾਰੂ ਸਿੰਘ ਕੋਲੋਂ ਮੁਆਫ਼ੀ ਮੰਗਣ ਦੀ ਗੱਲ ਚਲਾਉ।" ਉਸ ਦੇ ਅਹਿਲਕਾਰ ਗਏ ਤੇ ਭਾਈ ਤਾਰੂ ਸਿੰਘ ਨਾਲ ਸਾਰੀ ਗੱਲ ਕੀਤੀ। ਹੁਣ ਭਾਈ ਤਾਰੂ ਸਿੰਘ ਕਹਿਣ ਲੱਗੇ "ਮੈਂ ਕੌਣ ਹੁੰਦਾ ਹਾਂ ਮੁਆਫ਼ ਕਰਨ ਵਾਲਾ, ਮੇਰੇ ਵਿਚ ਕੀ ਸਮਰੱਥਾ ਹੈ ?" ਫਿਰ ਜ਼ਕਰੀਆ ਖ਼ਾਂ ਦੇ ਅਹਿਲਕਾਰਾਂ ਰਾਹੀਂ ਖ਼ਾਲਸੇ ਦੇ ਕੋਲ ਫ਼ਰਿਆਦ ਹੋਈ ਕਿ ਜ਼ਕਰੀਆ ਖ਼ਾਂ ਬਹੁਤ ਤਕਲੀਫ਼ ਵਿਚ ਹੈ, ਉਸ ਦੇ ਕੋਲੋਂ ਗੁਨਾਹ ਹੋਇਆ ਹੈ ਉਸ ਨੂੰ ਮੁਆਫ਼ ਕਰ ਦਿਉ। ਉਸ ਨੇ ਭਾਈ ਤਾਰੂ ਸਿੰਘ ਦਾ ਖੋਪਰ ਲਾਹ ਕੇ ਗੁਨਾਹ ਕਰ ਲਿਆ ਹੈ ਤਾਂ ਖ਼ਾਲਸੇ ਨੇ ਪਤਾ ਕੀ ਫ਼ੈਸਲਾ ਦਿੱਤਾ ਸੀ ? ਕਿ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਜ਼ਕਰੀਆ ਖ਼ਾਂ ਦੇ ਸਿਰ ਵਿਚ ਮਾਰੀਆਂ ਜਾਣ ਤਾਂ ਇਲਾਜ ਹੋਵੇਗਾ।

ਇਥੇ ਭਾਈ ਤਾਰੂ ਸਿੰਘ ਦੀ ਗੱਲ ਸੱਚ ਹੋ ਗਈ ਸੀ ਕਿ ਪਤਾ ਨਹੀਂ ਕਿਸ ਨੇ, ਕਿਸ ਦੀਆਂ ਜੁੱਤੀਆਂ ਖਾਣੀਆਂ ਹਨ, ਉਹੋ ਹੀ ਗੱਲ ਹੋਈ, ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਲਿਆਏ ਤੇ ਜ਼ਕਰੀਆ ਖ਼ਾਂ ਦੇ ਸਿਰ ਉੱਪਰ ਠਾਹ-ਠਾਹ ਮਾਰਨ ਲੱਗੇ। ਜਿਉਂ-ਜਿਉਂ ਜੁੱਤੀਆਂ ਵੱਜਣ ਲੱਗੀਆਂ, ਤਿਉਂ-ਤਿਉਂ ਜ਼ਕਰੀਆ ਖ਼ਾਂ ਦੀ ਤਕਲੀਫ਼ ਘਟਣ ਲੱਗੀ ਤਾਂ ਕਹਿਣ ਲੱਗਾ ਕਿ ਜਲਦੀ-ਜਲਦੀ ਤੇ ਜ਼ੋਰ-ਜ਼ੋਰ ਨਾਲ ਮਾਰੋ ਮੈਂ ਠੀਕ ਹੋ ਰਿਹਾ ਹਾਂ। ਇਤਿਹਾਸ ਗਵਾਹ ਹੈ ਕਿ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਖਾਂਦਿਆਂ-ਖਾਂਦਿਆਂ ਜ਼ਕਰੀਆ ਖ਼ਾਂ ਇਸ ਸੰਸਾਰ ਤੋਂ ਕੂਚ ਕਰ ਗਿਆ ਸੀ।

ਜਦੋਂ ਭਾਈ ਤਾਰੂ ਸਿੰਘ ਨੂੰ ਇਸ ਗੱਲ ਦੀ ਖ਼ਬਰ ਪਹੁੰਚੀ ਕਿ ਜ਼ਕਰੀਆ ਖ਼ਾਂ ਦੀ ਮੌਤ ਹੋ ਗਈ ਹੈ ਤਾਂ ਭਾਈ ਤਾਰੂ ਸਿੰਘ ਜੀ ਕਹਿਣ ਲੱਗੇ "ਖ਼ਾਲਸੇ ਨੇ ਉਸ ਨੂੰ ਜੁੱਤੀ ਅੱਗੇ ਲਾ ਕੇ ਹੀ ਜਾਣਾ ਸੀ।" ਭਾਈ ਤਾਰੂ ਸਿੰਘ ਜੀ ਨੇ ਇਹ ਸਭ ਕੁਝ ਕਿਸ ਲਈ ਕੀਤਾ ? ਸਿਰਫ਼ ਸਾਡੇ ਲਈ ਕੀਤਾ। ਉਸ ਨੇ ਕਿਹੜੀ ਰਿਆਸਤ ਕਾਇਮ ਕਰਨੀ ਸੀ ? ਉਸ ਨੇ ਕਿਹੜਾ ਰਾਜ ਭਾਗ ਲੈਣਾ ਸੀ ? ਉਸ ਨੇ ਕਿਹੜੀ ਵਜ਼ੀਰੀ ਲੈਣੀ ਸੀ ? ਉਸ ਨੇ ਇਹ ਸਭ ਸਾਡੇ ਲਈ ਕੀਤਾ। ਕਾਸ਼ ! ਅੱਜ ਅਸੀਂ ਵੀ ਭਾਈ ਤਾਰੂ ਸਿੰਘ ਦੀ ਤਰ੍ਹਾਂ ਸ਼ਾਨਾਮੱਤਾ ਇਤਿਹਾਸਕ ਵਿਰਸਾ ਕਾਇਮ ਕਰ ਸਕੀਏ।

ਅੱਜ ਕੀ ਕਾਰਨ ਹੈ ਕਿ ਸਾਡੇ ਬੱਚੇ ਕੇਸਾਂ ਤੋਂ ਹੀਣੇ ਹੋ ਰਹੇ ਨੇ ? ਦਾਸ ਆਪਣੇ ਨਿੱਜੀ ਤਜ਼ਰਬੇ ਵਿਚੋਂ ਇਕ ਬਾਤ ਕਹਿ ਰਿਹਾ ਹੈ। ਇਕ ਵਾਰ ਗੁਰਦੁਆਰਾ ਸਾਹਿਬ ਦੇ ਸਮਾਗਮ ਵਿਚ ਅਸੀਂ ਪੰਜ-ਪੰਜ, ਛੇ-ਛੇ ਸਾਲ ਦੇ 7-8 ਬੱਚਿਆਂ ਨੂੰ ਖੜੇ ਕੀਤਾ। ਉਹ ਬੱਚੇ ਅਸੀਂ ਸੰਗਤ ਵਿਚੋਂ ਹੀ ਖੜੇ ਕੀਤੇ ਸਨ, ਜਿਨ੍ਹਾਂ ਦੇ ਕੇਸ ਕੱਟੇ ਹੋਏ ਸਨ। ਅਨਭੋਲ ਬੱਚਾ ਕਦੇ ਝੂਠ ਨਹੀਂ ਬੋਲਦਾ। ਉਹਨਾਂ ਨੂੰ ਸਟੇਜ ਤੋਂ ਪੁੱਛਿਆ ਗਿਆ ਕਿ ਦੱਸੋ ਬੱਚਿਉ ! ਤੁਸੀਂ ਕੇਸ ਕਿਉਂ ਕਟਵਾਏ ?

ਉਹਨਾਂ ਅਨਭੋਲ ਬੱਚਿਆਂ ਨੇ ਸੱਚ ਬੋਲਿਆ ਤੇ ਕਹਿਣ ਲੱਗੇ "ਜੀ ਸਾਡੀ ਮੰਮੀ ਨੇ ਕਟਵਾਏ ਹਨ।" ਇਥੇ ਇਹ ਤਾਂ ਕਹਿ ਸਕਦੇ ਹਾਂ ਕਿ 16-17-18 ਸਾਲ ਦਾ ਨੌਜਵਾਨ ਬਾਗੀ ਹੋ ਗਿਆ ਹੈ, ਪਰ ਅਸੀਂ 5-6 ਸਾਲ ਦੇ ਬੱਚੇ ਨੂੰ ਬਾਗੀ ਕਿਵੇਂ ਕਹਿ ਸਕਾਂਗੇ ?

ਸਾਧ ਸੰਗਤ ਜੀ ! ਆਪ ਸੋਚ ਰਹੇ ਹੋਵੋਗੇ ਕਿ ਮੈਂ ਇਹ ਕੇਸਾਂ ਦਾ ਵਿਸ਼ਾ ਕਾਫ਼ੀ ਲੰਬਾ ਲੈ ਕੇ ਚਲਾ ਗਿਆ ਹਾਂ ਤੇ ਮੈਂ ਵੀ ਕੀ ਕਰ ਸਕਦਾ ਹਾਂ, ਕਿਉਂਕਿ ਕੇਸਾਂ ਦਾ ਵਿਸ਼ਾ ਹੈ ਹੀ ਐਸਾ, ਜਿਸ 'ਤੇ ਕਾਫ਼ੀ ਉਦਾਹਰਣ ਦਿੱਤੇ ਜਾ ਸਕਦੇ ਹਨ, ਪਰ ਚਲੋ ਪਰਮੇਸ਼੍ਵਰ ਆਪਣੀ ਮਿਹਰ ਕਰਨਗੇ। ਅਸੀਂ ਆਪਣੇ ਮੂਲ ਵਿਸ਼ੇ ਵੱਲ ਆਈਏ :

ਹੁਣ ਦਾਦੀ ਮਾਂ ਸਾਹਿਬਜ਼ਾਦਿਆਂ ਨੂੰ ਤੋਰਨ ਤੋਂ ਪਹਿਲਾਂ ਆਖ ਰਹੀ ਹੈ ਕਿ ਆਓ ਬੱਚਿਓ ! ਮੈਂ ਤੁਹਾਡੇ ਕੇਸਾਂ ਨੂੰ ਕੰਘੀ ਕਰ ਦਿਆਂ, ਤੁਹਾਡੇ ਕੇਸ ਸਵਾਰ ਦਿਆਂ।

ਜਾਨੇ ਸੇ ਪਹਿਲੇ ਆਓ, ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋਂ ਲੂੰ।
ਪਜਾਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋਂ ਲੂੰ।
ਮਰਨੇ ਸੇ ਪਹਿਲੇ ਤੁਮ ਕੋ ਦੂਲਹਾ ਬਨਾ ਤੋ ਲੂੰ।
ਰੋ ਰੋ ਕੇ ਮਾਤ ਗੁਜਰੀ ਨੇ ਆਰਾਸਤਾ ਕੀਯਾ।
ਤੀਰੋਂ ਕਮਾਂ ਸੇ, ਤੇਗ ਸੇ ਪੈਰਾਸਤਾ ਕੀਯਾ।

ਇਹ ਮਾਂ ਗੁਜਰੀ ਜੋ ਜਾਣਦੀ ਹੈ ਕਿ ਮੈਂ ਆਪਣੇ ਲਾਲਾਂ ਨੂੰ ਕਿਧਰ ਨੂੰ ਤੋਰ ਰਹੀ ਹਾਂ, ਬਿਲਕੁਲ ਉਸੇ ਤਰ੍ਹਾਂ ਜਿਵੇਂ ਕਲਗੀਧਰ ਪਿਤਾ ਜੀ ਵੀ ਜਾਣਦੇ ਸਨ ਕਿ ਚਮਕੌਰ ਦੀ ਗੜ੍ਹੀ 'ਚੋਂ ਮੈਂ ਅਜੀਤ ਸਿੰਘ ਨੂੰ ਕਿਧਰ ਨੂੰ ਤੋਰ ਰਿਹਾ ਹਾਂ, ਮੈਂ ਜੁਝਾਰ ਸਿੰਘ ਨੂੰ ਕਿਧਰ ਤੋਰ ਰਿਹਾ ਹਾਂ। ਮਾਂ ਗੁਜਰੀ ਜੀ ਵੀ ਆਪਣੇ ਬੇਟੇ ਵਾਂਗ ਆਪਣੇ ਪੋਤਿਆਂ ਨੂੰ ਉਹਨਾਂ ਹੀ ਪੂਰਨਿਆਂ 'ਤੇ ਤੋਰ ਰਹੀ ਹੈ।

ਜੋਗੀ ਅੱਲ੍ਹਾ ਯਾਰ ਖ਼ਾਂ ਇਸ ਕਿੱਸੇ ਨੂੰ ਆਪਣੀ ਕਲਮ ਰਾਹੀਂ ਅਗਾਂਹ ਤੋਰ ਰਿਹਾ ਹੈ :

ਰੋ ਰੋ ਕੇ ਮਾਤ ਗੁਜਰੀ ਨੇ ਆਰਾਸਤਾ ਕੀਯਾ।
ਤੀਰੋਂ ਕਮਾਂ ਸੇ, ਤੇਗ ਸੇ ਪੈਰਾਸਤਾ ਕੀਯਾ।

ਕਹਿੰਦੇ, ਵੈਰਾਗ ਦੀ ਮੂਰਤ ਮਾਂ ਗੁਜਰੀ ਨੇ ਸਾਹਿਬਜ਼ਾਦਿਆਂ ਨੂੰ ਪਹਿਲੀ ਪੇਸ਼ੀ ਲਈ ਵਿਦਾ ਕਰ ਦਿੱਤਾ। ਵਿਦਾ ਕਰਨ ਲੱਗਿਆਂ ਮਾਂ ਗੁਜਰੀ ਜੀ ਨੇ ਬੱਚਿਆਂ ਨੂੰ ਇਹ ਗੱਲ ਕਹਿ ਕੇ ਵਿਦਾ ਕੀਤਾ ਕਿ ਬੱਚਿਓ ! ਮੈਂ ਤੁਹਾਡੀ ਉਡੀਕ ਕਰਾਂਗੀ।

ਬੱਚਿਆਂ ਨੂੰ ਵਿਦਾ ਕਰ ਕੇ ਮਾਂ ਗੁਜਰੀ ਆਪਣੇ ਖ਼ਿਆਲਾਂ ਵਿਚ ਕਿਵੇਂ ਬਾਤਾਂ ਕਰ ਰਹੀ ਹੈ ?

ਬੇਟੇ ਸੇ ਪਹਿਲੇ ਬਿਛੜੀ ਥੀ ਤੁਮ ਭੀ ਬਿਛੜ ਚਲੇ।
ਬਿਗੜੇ ਹੂਏ ਨਸੀਬ ਜ਼ਿਆਦਾ ਬਿਗੜ ਚਲੇ।

ਕੈਸੀ ਬਾਤ ਕਰ ਰਹੀ ਹੈ। ਮਾਂ ਗੁਜਰੀ ਕਹਿੰਦੀ ਹੈ, ਮੈਂ ਬੇਟੇ ਤੋਂ ਵਿਛੜੀ ਸੀ, ਹੁਣ ਆਹ ਦੋ ਬੱਚੇ ਸੀ, ਉਹਨਾਂ ਤੋਂ ਵੀ ਵਿਛੋੜੇ ਦੀ ਘੜੀ ਆ ਗਈ ਹੈ। ਤੁਸੀਂ ਬੇਰਹਿਮ ਦੁਸ਼ਮਣਾਂ ਦੀ ਕਚਹਿਰੀ ਵਿਚ ਜਾ ਰਹੇ ਹੋ ਤੇ ਮੈਨੂੰ ਇਕੱਲੀ ਨੂੰ ਛੱਡ ਚੱਲੇ ਹੋ :

ਬੇਰਹਿਮ ਦੁਸ਼ਮਨੋਂ ਕੇ ਤੁਮ ਹਾਥੋਂ ਮੇਂ ਪੜ ਚਲੇ।
ਜ਼ੰਜੀਰਿ-ਗ਼ਮ ਮੇਂ ਮੁਝਕੋ ਯਹਾਂ ਪਰ ਜਕੜ ਚਲੇ।
ਬਿਹਤ਼ਰ ਥਾ ਤੁਮ ਸੇ ਪਹਿਲੇ ਮੈਂ ਦੇਤੀ ਪਰਾਨ ਕੋ।
ਦੁਖ ਸੇ ਤੁਮ੍ਹਾਰੇ ਦੁਖ ਹੈ ਸਿਵਾ ਮੇਰੀ ਜਾਨ ਕੋ।

ਮਾਂ ਗੁਜਰੀ ਕਹਿੰਦੀ ਹੈ ਕਿ ਕਿੰਨਾ ਚੰਗਾ ਹੁੰਦਾ ਕਿ ਮੈਂ ਤੁਹਾਡੇ ਤੋਂ ਪਹਿਲਾਂ ਸ਼ਹੀਦ ਹੋ ਜਾਂਦੀ, ਤੁਹਾਡੀ ਜਾਨ ਨੂੰ ਦੁੱਖ ਦੇਖਣੇ ਮੈਨੂੰ ਨਸੀਬ ਨਾ ਹੁੰਦੇ। ਜਦੋਂ ਸਾਹਿਬਜ਼ਾਦਿਆਂ ਨੇ ਮਾਂ ਗੁਜਰੀ ਦੀ ਵੇਦਨਾ ਨੂੰ ਤੱਕਿਆ ਤਾਂ ਕਲਗੀਧਰ ਦੇ ਲਾਡਲੇ ਮਾਂ ਗੁਜਰੀ ਨੂੰ ਕਿਸ ਤਰ੍ਹਾਂ ਸੰਬੋਧਨ ਹੁੰਦੇ ਹਨ :

ਫ਼ਰਮਾਏ ਦਸਤ-ਬਸਤ ਵੁਹ ਦੋਨੋਂ ਗੁਰੂ ਕੇ ਲਾਲ।
ਜੀ ਕਯੋਂ ਮੁੱਕਦਸਾ ਕਾ ਹੈ ਅਪਨੇ ਲੀਏ ਨਿਢਾਲ।
ਕੁਰਬਾਨੀਯੋਂ ਕੀ ਪੰਥ ਕੋ ਹਾਜਤ ਭੀ ਹੋ ਕਮਾਲ।
ਜਾਂ ਸੀ ਹਕੀਰ ਚੀਜ਼ ਕਾ ਫਿਰ ਹਮ ਕੋ ਹੋ ਖ਼ਯਾਲ।

ਦਸਤ-ਬਸਤ ਦਾ ਅਰਥ ਹੈ—ਦੋਨੋਂ ਹੱਥ ਜੋੜ ਕੇ। ਸਾਹਿਬਜ਼ਾਦਿਆਂ ਨੇ ਦੋਵੇਂ ਹੱਥ ਜੋੜ ਕੇ ਦਾਦੀ ਮਾਂ ਨੂੰ ਸੰਬੋਧਨ ਹੋ ਕੇ ਕਹਿਣ ਲੱਗੇ, "ਹੇ ਪਵਿੱਤਰ ਜੀਵਨ ਵਾਲੀ ਦਾਦੀ ਮਾਂ ! ਤੁਹਾਡਾ ਮਨ ਨਿਢਾਲ ਕਿਉਂ ਹੈ ? ਤੁਹਾਡਾ ਪਿਛਲੇ ਸਮੇਂ ਦਾ ਮਨ ਅਤੇ ਹੁਣ ਦੇ ਮਨ ਵਿਚ ਅੰਤਰ ਹੈ, ਇਹ ਮੇਲ ਨਹੀਂ ਖਾਂਦੇ। ਦਾਦੀ ਮਾਂ ਜੀ ਜਦੋਂ ਤੁਹਾਨੂੰ ਪਤਾ ਹੈ ਕਿ ਪੰਥ ਚਲਦਾ ਹੀ ਤਾਂ ਹੈ ਜਦ ਤੱਕ ਇਸ ਦੀਆਂ ਨੀਹਾਂ ਵਿਚ ਸੂਰਬੀਰਾਂ ਦਾ ਖ਼ੂਨ ਪੈਂਦਾ ਰਹੇ।"

ਇਕ ਵਿਦਵਾਨ ਨੇ ਬੜੀ ਕਮਾਲ ਦੀ ਗੱਲ ਕਹੀ ਹੈ। ਉਹ ਕਹਿੰਦਾ ਹੈ ਕਿ ਕਦੀ ਜੇਕਰ ਸਾਡਾ ਰਿਸ਼ਤੇਦਾਰ ਜਾਂ ਕੋਈ ਸਬੰਧੀ ਕਦੀ ਹਸਪਤਾਲ ਦੇ ਵਿਚ ਹੋਵੇ ਤੇ ਉਸ ਨੂੰ ਖ਼ੂਨ ਦੀ ਲੋੜ ਪੈ ਜਾਵੇ ਤੇ ਕੋਈ ਹੋਰ ਸੱਜਣ-ਮਿੱਤਰ ਜ਼ਰੂਰਤ ਵੇਲੇ ਇਕ ਬੋਤਲ ਖ਼ੂਨ ਦੀ ਦੇ ਦੇਵੇ ਤਾਂ ਅਸੀਂ ਅਕਸਰ ਖ਼ੂਨ ਦੇਣ ਵਾਲੇ ਨੂੰ ਆਖਦੇ ਹਾਂ ਕਿ ਮੈਂ

ਜ਼ਿੰਦਗੀ ਭਰ ਤੇਰਾ ਅਹਿਸਾਨਮੰਦ ਰਹਾਂਗਾ, ਕਿਉਂਕਿ ਤੂੰ ਸਾਨੂੰ ਬਿਪਤਾ ਸਮੇਂ ਇਕ ਬੋਤਲ ਖ਼ੂਨ ਦੀ ਦਿੱਤੀ ਹੈ। ਪਰ ਅਸੀਂ ਕਲਗੀਧਰ ਦਾ ਅਹਿਸਾਨ ਕਦੋਂ ਚੁਕਾਵਾਂਗੇ ? ਜਿਸ ਨੇ ਸਾਡੇ ਲਈ ਸਾਰੇ ਸਰਬੰਸ ਦਾ ਹੀ ਖ਼ੂਨ ਦੇ ਦਿੱਤਾ। ਕਦੀ ਕਲਗੀਧਰ ਪ੍ਰਤੀ ਵੀ ਸਾਡੇ ਮਨ ਵਿਚ ਇਸ ਤਰ੍ਹਾਂ ਦੀ ਭਾਵਨਾ ਆਈ ਹੈ।

ਸਾਹਿਬਜ਼ਾਦੇ ਕਹਿ ਰਹੇ ਹਨ, "ਦਾਦੀ ਜੀ ਸਾਨੂੰ ਜਾਨ ਦੀ ਪਰਵਾਹ ਨਹੀਂ ਹੈ, ਕਿਉਂਕਿ ਸਾਨੂੰ ਪਤਾ ਹੈ ਕਿ ਪੰਥ ਕੁਰਬਾਨੀਆਂ ਨਾਲ ਹੀ ਚਲਦਾ ਹੈ। ਦਾਦੀ ਮਾਂ ! ਸਾਨੂੰ ਆਪਣੀ ਜਾਨ ਨਾਲੋਂ ਵਾਹਿਗੁਰੂ ਦੀ ਰਜ਼ਾ ਪਿਆਰੀ ਹੈ। ਆਹ ਤੁਹਾਡੀ ਵੈਰਾਗ ਵਾਲੀ ਭਾਵਨਾ ਦਾਦੀ ਜੀ ਸਾਨੂੰ ਚੰਗੀ ਨਹੀਂ ਜੇ ਲੱਗਦੀ।"

ਵਾਹੇਗੁਰੂ ਸੇ ਜਾਨ ਪਯਾਰੀ ਨਹੀਂ ਹਮੇਂ।
ਭਾਤੀ ਯਿਹ ਆਹੋ ਜ਼ਾਰੀ ਤੁਮਾਰੀ ਨਹੀਂ ਹਮੇਂ।

ਦੇਖੋ, ਛੋਟੇ-ਛੋਟੇ ਲਾਲ ਆਪਣੀ ਦਾਦੀ ਮਾਂ ਨੂੰ ਹੌਸਲਾ ਦੇ ਰਹੇ ਹਨ। ਕਹਿੰਦੇ, "ਦਾਦੀ ਜੀ ਸਾਨੂੰ ਹੁਣ ਆਗਿਆ ਦੇ ਦਿਉ ਕਿ ਅਸੀਂ ਆਪਣੀਆਂ ਕੁਰਬਾਨੀਆਂ ਦੇ ਕੇ ਜਬਰ ਜ਼ੁਲਮ ਦਾ ਖਾਤਮਾ ਕਰ ਸਕੀਏ, ਆਪਣੇ ਸਿਰ ਦੇ ਕੇ ਅਕਾਲ ਪੁਰਖ ਦੇ ਭਾਣੇ ਨੂੰ ਪੂਰਾ ਕਰ ਲਈਏ, ਸਾਨੂੰ ਆਗਿਆ ਦਿਉ।"

ਰੁਖ਼ਸਤ ਦੋ ਅਬ ਖ਼ੁਸ਼ੀ ਸੇ ਕਿ ਜਾਨੇਂ ਫ਼ਿਦਾ ਕਰੇਂ।
ਦੁਨੀਯਾ ਸੇ ਜਬ੍ਰੋ-ਜ਼ੋਰ ਕਾ ਹਮ ਖ਼ਾਤਮਾ ਕਰੇਂ।
ਹਾਸਿਲ ਸਿਰੋਂ ਕੋ ਦੇ ਕੇ ਖ਼ੁਦਾ ਕੀ ਰਜ਼ਾ ਕਰੇਂ।
ਨਾਮ ਅਪਨੇ ਬਾਪ ਦਾਦੇ ਕਾ ਮਰ ਕਰ ਸਿਵਾ ਕਰੇਂ।

ਕਹਿੰਦੇ "ਦਾਦੀ ਜੀ ਸਾਨੂੰ ਆਗਿਆ ਦਿਉ ਕਿ ਅਸੀਂ ਆਪਣੇ ਸਿਰਾਂ ਦੀ ਕੁਰਬਾਨੀ ਦੇ ਨਾਲ ਆਪਣੇ ਬਾਪ ਗੁਰੂ ਕਲਗੀਧਰ ਪਾਤਸ਼ਾਹ ਅਤੇ ਦਾਦੇ ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਨਾਨਕ ਜੀ ਦੇ ਨਾਮ ਨੂੰ ਹੋਰ ਉੱਚਾ ਕਰ ਦੇਈਏ।"

ਜਦੋਂ ਦਾਦੀ ਮਾਂ ਨੇ ਬੱਚਿਆਂ ਦੇ ਮੁਖਾਰਬਿੰਦ ਤੋਂ ਐਸੀਆਂ ਗੱਲਾਂ ਸੁਣੀਆਂ, ਕਿਉਂਕਿ ਸਾਨੂੰ ਪਹਿਲਾਂ ਲੱਗਦਾ ਸੀ ਕਿ ਦਾਦੀ ਮਾਂ ਅਵਾਜ਼ਾਰ ਦੀ ਭਾਵਨਾ ਵਿਚ ਹੈ, ਪਰ ਮੈਂ ਬੇਨਤੀ ਕਰਾਂ ਕਿ ਦਾਦੀ ਮਾਂ ਅਵਾਜ਼ਾਰ ਨਹੀਂ ਸੀ, ਦਾਦੀ ਮਾਂ ਦਾ ਦਿਲ ਡੋਲਦਾ ਨਹੀਂ ਸੀ, ਦਾਦੀ ਮਾਂ ਦੇ ਦਿਲ ਨੂੰ ਡੋਬੂ ਨਹੀਂ ਸੀ ਪੈਂਦੇ, ਦਾਦੀ ਮਾਂ ਤਾਂ ਇਹਨਾਂ ਬੱਚਿਆਂ ਨੂੰ ਪਰਖ ਰਹੀ ਸੀ ਕਿ ਬੱਚੇ ਕਿੱਥੇ ਖੜੇ ਹਨ, ਪਰ ਜਦੋਂ ਦਾਦੀ ਮਾਂ ਨੇ ਬੱਚਿਆਂ ਦੇ ਕੋਲੋਂ ਇਹ ਜਵਾਬ ਸੁਣਿਆ ਤਾਂ ਦਾਦੀ ਮਾਂ ਨੇ ਫਿਰ ਹੁਣ ਕੀ ਕੀਤਾ ?

ਗਿਰਯਾ ਕੋ ਜਬਤ ਕਰਕੇ ਬਹੁਤ ਆਲੀ-ਸ਼ਾਨ ਨੇ।
ਵਾਰੀ ਗਈ ਲੋ ਜਾਓ, ਕਹਾ ਦਾਦੀ ਜਾਨ ਨੇ।

ਦਾਦੀ ਮਾਂ ਕਹਿਣ ਲੱਗੀ ਕਿ ਹੁਣ ਮੈਨੂੰ ਕੋਈ ਫ਼ਿਕਰ ਨਹੀਂ ਹੈ, ਤੁਸੀਂ ਲੈ ਜਾਓ। ਜੋ ਮੇਰੇ ਮਨ ਦਾ ਤੌਖਲਾ ਸੀ, ਸਾਹਿਬਜ਼ਾਦਿਆਂ ਨੂੰ ਪਰਖਣ ਦਾ, ਹੁਣ ਮੇਰੇ ਲਾਲਾਂ ਨੇ ਮੈਨੂੰ ਪੂਰੀ ਤਰ੍ਹਾਂ ਬੇ-ਫ਼ਿਕਰ ਕਰ ਦਿੱਤਾ ਹੈ। ਇਹ ਕਹਿ ਕੇ ਦਾਦੀ ਮਾਂ ਬੱਚਿਆਂ ਨੂੰ ਤੋਰਨ ਲੱਗੀ ਹੈ :

ਲੇਨੇ ਜੋ ਲੋਗ ਆਏ ਜ਼ੁਲਮੋ-ਜਹੂਲ ਥੇ।
ਇਨਸਾਂ ਕਾ ਜਾਮਾ ਪਹਿਨੇ ਹੂਏ ਵੁਹ ਫ਼ਜ਼ੂਲ ਥੇ।
ਚਲਨੇ ਮੇਂ ਦੇਰ ਕਰਨੇ ਸੇ ਹੋਤੇ ਮਲੂਲ ਥੇ।
ਇਸ ਦਮ ਘਿਰੇ ਹੋਏ ਗੋਯਾ ਕਾਂਟੋਂ ਮੇਂ ਫੂਲ ਥੇ।

ਜਾਮਾ ਤਾਂ ਇਨਸਾਨ ਦਾ ਹੈ, ਪਰ ਅੰਦਰ ਫਿਤਰਤ ਇਨਸਾਨਾਂ ਵਾਲੀ ਨਹੀਂ ਹੈ, ਇਨ੍ਹਾਂ ਸਿਪਾਹੀਆਂ ਦੇ ਅੰਦਰ ਇਨਸਾਨੀਅਤ ਨਹੀਂ ਹੈ। ਜਿੰਨੀ ਦੇਰ ਹੋ ਰਹੀ ਸੀ, ਸਿਪਾਹੀਆਂ ਨੂੰ ਓਨਾ ਹੀ ਕ੍ਰੋਧ ਆ ਰਿਹਾ ਸੀ। ਮਾਨੋਂ ਕਿ ਇਹ ਦੋ ਸਾਹਿਬਜ਼ਾਦੇ ਉਹਨਾਂ ਸਿਪਾਹੀਆਂ ਦੇ ਵਿਚ ਇਉਂ ਘਿਰੇ ਹੋਏ ਨੇ, ਜਿਵੇਂ ਗੁਲਾਬ ਦੇ ਫੁੱਲ ਕੰਡਿਆਂ ਦੇ ਵਿਚ ਘਿਰੇ ਹੁੰਦੇ ਹਨ।

ਤਸਲੀਮ ਕਰਕੇ ਦਾਦੀ ਸੇ ਬੱਚੇ ਜੁਦਾ ਹੂਏ।
ਦਰਬਾਰ ਮੇਂ ਨਵਾਬ ਕੇ ਦਾਖ਼ਿਲ ਵੁਹ ਆ ਹੂਏ।

ਦਾਦੀ ਮਾਂ ਨੇ ਸਿਪਾਹੀਆਂ ਨਾਲ ਤੋਰਨ ਤੋਂ ਪਹਿਲਾਂ ਇਹ ਫਿਰ ਦ੍ਰਿੜ ਕਰਵਾ ਦਿੱਤਾ ਕਿ ਬੱਚਿਉ !

ਯਾਦ ਰੱਖਣਾ ! ਕਿ ਤੁਸੀਂ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹੋ।
ਯਾਦ ਰੱਖਣਾ ! ਕਿ ਤੁਸੀਂ ਗੁਰੂ ਤੇਗ ਬਹਾਦਰ ਦੇ ਪੋਤਰੇ ਹੋ।
ਯਾਦ ਰੱਖਣਾ ! ਕਿ ਤੁਸੀਂ ਗੁਰੂ ਨਾਨਕ ਦੇ ਸਿੱਖ ਹੋ।

ਬੱਚਿਆਂ ਨੇ ਦਾਦੀ ਮਾਂ ਨੂੰ ਫ਼ਤਹਿ ਬੁਲਾਈ ਤੇ ਸਿਪਾਹੀਆਂ ਦੇ ਨਾਲ ਚੱਲ ਪਏ। ਦਾਦੀ ਮਾਂ ਨੇ ਚਲਦਿਆਂ ਹੀ ਫਿਰ ਕਿਹਾ ਕਿ ਬੱਚਿਉ ! ਮੈਂ ਤੁਹਾਡੀ ਉਡੀਕ ਕਰਾਂਗੀ।

ਹੁਣ ਬੱਚੇ ਨਵਾਬ ਵਜ਼ੀਰ ਖ਼ਾਂ ਦੀ ਕਚਹਿਰੀ ਵਿਚ ਦਾਖ਼ਲ ਹੋਏ। ਕਿਵੇਂ ਕਚਹਿਰੀ ਵਿਚ ਦਾਖ਼ਲ ਹੋਏ ? ਕਿਵੇਂ ਪੇਸ਼ੀਆਂ ਹੋਈਆਂ ? ਕਿਵੇਂ ਨਵਾਬ ਵਜ਼ੀਰ ਖ਼ਾਂ ਦੇ ਨਾਲ ਸੁਆਲ ਜੁਆਬ ਹੋਏ ? ਸਾਹਿਬਜ਼ਾਦਿਆਂ ਵਲੋਂ ਦਿਖਾਈ ਗਈ ਬੜੇ ਬਾ-ਕਮਾਲ ਦੀ ਦ੍ਰਿੜਤਾ ਇਤਿਹਾਸ ਦੇ ਪੰਨਿਆਂ ਨੇ ਸਾਂਭੀ ਹੋਈ ਹੈ। ਬੜੀਆਂ ਹੀ ਸੁੰਦਰ ਕਵੀ ਮਨ ਦੀਆਂ ਪੰਗਤੀਆਂ ਨੇ। ਇਹ ਸਾਕਾ ਸਰਹੰਦ ਉਹਨਾਂ ਗੌਰਵਮਈ ਸ਼ਹਾਦਤਾਂ ਦਾ ਸਿਖਰ ਹੈ ਸਾਡੇ ਕੋਲ। ਕਵੀ ਕਹਿੰਦਾ ਹੈ ਕਿ :

ਲੜਨਾ ਕੌਮ ਦੀ ਖ਼ਾਤਿਰ, ਮਰਨਾ ਕੌਮ ਦੀ ਖ਼ਾਤਿਰ,
ਜਿਸ ਕੌਮ ਦੀਆਂ ਮੁੱਢ ਤੋਂ ਆਦਤਾਂ ਨੇ।
ਉਹ ਕੌਮ 'ਮਰਜੀਵੜੇ' ਕਰੇ ਪੈਦਾ,
ਉਸ ਨੂੰ ਲਾਉਂਦੀਆਂ ਰੰਗ ਸ਼ਹਾਦਤਾਂ ਨੇ।

ਇਹ ਉਹ ਸ਼ਹਾਦਤਾਂ ਦੇ ਰੰਗਾਂ ਦਾ ਸਿਖਰ "ਸਾਕਾ ਸਰਹੰਦ" ਦੀ ਬਾਤ ਕਰਦਾ ਹੋਇਆ, ਉਸ ਵੈਰਾਗਮਈ ਪੱਖ ਨੂੰ ਪੇਸ਼ ਕਰਦਾ ਹੈ, ਕਿਉਂਕਿ ਸਾਕਾ ਸਰਹੰਦ ਦਾ ਇਤਿਹਾਸ ਜਾਣ ਕੇ, ਇਤਿਹਾਸ ਪੜ੍ਹ ਕੇ ਉਹ ਕਿਹੜੀ ਕੌਮ ਹੈ, ਉਹ ਕਿਹੜੀ ਮਾਂ ਹੈ, ਜਿਸ ਦਾ ਕਲੇਜਾ ਬਾਹਰ ਨੂੰ ਨਹੀਂ ਆਵੇਗਾ। ਉਹ ਕਿਹੜਾ ਹਿਰਦਾ ਹੈ, ਜਿਸ ਹਿਰਦੇ ਵਿਚੋਂ ਵੈਰਾਗ ਨਹੀਂ ਉਠੇਗਾ। ਪੰਥ ਦੇ ਪ੍ਰਸਿੱਧ ਕਵੀ ਮਹਿੰਦਰ ਸਿੰਘ ਮਾਨੂੰਪੁਰੀ ਬੜੇ ਹੀ ਵੈਰਾਗ ਭਰੇ ਸ਼ਬਦ ਵਿਚ ਬਿਆਨ ਕਰਦਾ ਹੈ।

ਹਿਕ ਕਿਹੜੀ ਨਾ ਹਉਕਾ ਭਰਿਆ, ਅੱਖ ਕਿਹੜੀ ਨਾ ਰੋਈ।
ਧਰਤੀ ਮਾਂ ਨੇ ਕਦੇ ਨਾ ਵੇਖੀ, ਇਹ ਹੋਣੀ ਜੋ ਹੋਈ।

ਦੇਖੋ ! ਕਿਸ ਥਾਂ ਤੋਂ ਸੰਕੇਤ ਲੈ ਕੇ ਵਿਦਵਾਨ ਆਪਣੀ ਬਾਤ ਨੂੰ ਕਿੱਥੇ ਲੈ ਜਾਂਦੇ ਹਨ। ਇਕ ਵਿਦਵਾਨ ਦੀ ਕਲਮ ਲਿਖਦੀ ਹੈ "ਜੇਕਰ ਗੁਰੂ ਗੋਬਿੰਦ ਸਿੰਘ ਜੀ ਆਪਣੇ ਵੱਡੇ ਸਪੁੱਤਰਾਂ ਨੂੰ ਚਮਕੌਰ ਦੇ ਮੈਦਾਨ ਵਿਚ ਸ਼ਹੀਦ ਨਾ ਕਰਵਾਉਂਦੇ ਤਾਂ ਸਿੱਖ ਕੌਮ ਵਿਚ ਕਦੀ ਵੀ ਧਰਮ ਯੁੱਧ ਦਾ ਚਾਉ ਪੈਦਾ ਨਹੀਂ ਸੀ ਹੋਣਾ। ਜੇਕਰ ਗੁਰੂ ਗੋਬਿੰਦ ਸਿੰਘ ਜੀ ਆਪਣੇ ਛੋਟੇ ਲਾਲਾਂ ਨੂੰ ਆਪਣੀ ਬੁੱਕਲ ਵਿਚ ਲੁਕਾ ਲੈਂਦੇ ਤੇ ਉਹਨਾਂ ਨੂੰ ਸਰਹੰਦ ਦੀਆਂ ਦੀਵਾਰਾਂ ਵਿਚ ਸ਼ਹੀਦ ਨਾ ਕਰਵਾਉਂਦੇ ਤਾਂ ਬਹਾਦਰ ਸਿੰਘਣੀਆਂ ਕਦੇ ਵੀ ਆਪਣੇ ਗਲ੍ਹਾਂ ਵਿਚ, ਆਪਣੇ ਬੱਚਿਆਂ ਦੇ ਟੋਟਿਆਂ ਦੇ ਹਾਰ ਨਾ ਪੁਆਉਂਦੀਆਂ।"

ਇਹ ਸਿਹਰਾ ਜਾਵੇਗਾ ਮੇਰੇ ਬਾਜ਼ਾਂ ਵਾਲੇ, ਕਲਗੀਧਰ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੂੰ। ਉਸ ਮਹਾਨ ਸਤਿਗੁਰੂ ਜੀ ਦੇ ਇਤਿਹਾਸ ਦੀਆਂ ਬਾਤਾਂ ਅਸੀਂ ਕਰ ਰਹੇ ਹਾਂ। ਮੇਰੇ ਕਲਗੀਧਰ ਪਾਤਸ਼ਾਹ ਦੇ ਉਸ ਇਤਿਹਾਸ ਦੀ ਬਾਤ, ਜਿਸ ਦੇ ਅੰਦਰ ਮਾਂ ਗੁਜਰੀ ਹੈ, ਜਿਸ ਇਤਿਹਾਸ ਦੇ ਨਾਇਕ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਨੇ, ਤਿੰਨ ਨਾਇਕ ਨੇ ਸਰਹੰਦ ਦੇ ਸਾਕੇ ਦੇ।

★★★

ਸਾਹਿਬਜ਼ਾਦਿਆਂ ਦੀਆਂ ਕਚਹਿਰੀ ਵਿਚ ਪੇਸ਼ੀਆਂ

ਬਾਬਾ ਫ਼ਤਹਿ ਸਿੰਘ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਦੀ ਜਿਨ੍ਹਾਂ ਦੀ ਲਗਭਗ ਉਮਰ ਹੈ ਲਗਭਗ ਛੋਟੇ ਦੀ 6 ਸਾਲ ਅਤੇ ਵੱਡੇ ਦੀ 8 ਸਾਲ। ਇਹ 6 ਤੇ 8 ਸਾਲ ਦੀ ਸਰੀਰਕ ਆਰਜਾ ਹੈ, ਪਰ ਇਹਨਾਂ ਲਈ "ਬਾਬਾ" ਸ਼ਬਦ ਵਰਤਣੇ ਵੀ ਜ਼ਰੂਰੀ ਹਨ, ਕਿਉਂਕਿ ਅਸੀਂ ਇਹਨਾਂ ਸਾਹਿਬਜ਼ਾਦਿਆਂ ਨੂੰ ਆਖਦੇ ਹਾਂ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ।

ਕਦੀ ਕਿਸੇ ਨੇ ਕਿਸੇ ਵੀ ਬੱਚੇ ਨੂੰ "ਬਾਬਾ" ਨਹੀਂ ਆਖਿਆ। ਬਾਬਾ ਤਾਂ ਆਖਦੇ ਹਨ, 60-70 ਸਾਲ ਦੀ ਉਮਰ ਦੇ ਮਨੁੱਖ ਨੂੰ, ਜਿਸ ਦੇ ਚਿਹਰੇ 'ਤੇ ਝੁਰੜੀਆਂ ਪੈ ਗਈਆਂ ਹੋਣ, ਧਉਲਿਆਂ ਨਾਲ ਦਾੜ੍ਹਾ ਤੇ ਸਿਰ ਭਰਿਆ ਹੋਵੇ, ਪਰ ਇਹ 8-6 ਸਾਲ ਦੀ ਸਰੀਰਕ ਆਰਜਾ ਵਿਚ ਇਹਨਾਂ ਨੂੰ "ਬਾਬਾ" ਆਖਿਆ ਗਿਆ ਹੈ ਕਿਉਂ ?

ਮੈਂ ਇਤਿਹਾਸਕ ਦਲੀਲ ਦੇ ਕੇ ਆਪ ਜੀ ਦੇ ਸਾਹਮਣੇ ਇਹ ਜਵਾਬ ਦਿਆਂ। ਇਹਨਾਂ ਨੂੰ ਬਾਬਾ ਕਹਿਣ ਦੀ ਸ਼ੁਰੂਆਤ ਕਿਥੋਂ ਹੋਈ।

ਸੰਨ 1699 ਈ. ਦੀ ਵਿਸਾਖੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਪਵਿੱਤਰ ਅਸਥਾਨ। ਗੁਰੂ ਕਲਗੀਧਰ ਪਾਤਸ਼ਾਹ ਅੰਮ੍ਰਿਤ ਦੀ ਦਾਤ ਦੇ ਕੇ ਪੰਜ ਪਿਆਰਿਆਂ ਦੀ ਸਾਜਨਾ ਕਰਦੇ ਹਨ। ਬਾਅਦ ਵਿਚ ਉਸੇ ਦਿਨ ਪਹਿਲਾਂ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਅੰਮ੍ਰਿਤਪਾਨ ਕੀਤਾ। ਫਿਰ ਮਾਂ ਗੁਜਰੀ ਨੇ ਤੀਸਰੇ ਸਾਹਿਬਜ਼ਾਦੇ ਜੋਰਾਵਰ ਸਿੰਘ ਨੂੰ ਵੀ ਤਿਆਰ ਕਰ ਕੇ ਅੰਮ੍ਰਿਤ ਛਕਣ ਲਈ ਲੈ ਆਂਦਾ। ਉਸ ਸਮੇਂ ਉਸ ਦੀ ਸਰੀਰਕ ਆਰਜਾ ਲਗਭਗ 4 ਸਾਲ ਦੀ ਸੀ। ਉਸ ਸਮੇਂ ਮਾਤਾ ਸੁੰਦਰੀ ਜੀ ਕਹਿਣ ਲੱਗੇ ਕਿ ਇਹ ਤਾਂ ਅਜੇ ਛੋਟਾ ਹੈ। ਉਸ ਵਕਤ ਭਰੋਸੇ ਦੀ ਮੂਰਤ, ਮਾਂ ਗੁਜਰੀ ਨੇ ਬੜਾ ਬਾ-ਕਮਾਲ ਸ਼ਬਦ ਆਖਿਆ ਸੀ ਕਿ ਇਹ ਬਹੁਤ ਉੱਚ ਅਵਸਥਾ ਦਾ ਸੁਆਮੀ ਹੈ ਤੇ ਇਹ ਛੋਟਾ ਨਹੀਂ ਹੈ, ਇਹ "ਬਾਬਾ" ਹੈ। ਉਥੋਂ ਹੀ ਇਹ ਲਫ਼ਜ਼ ਮਾਤਾ ਗੁਜਰੀ ਜੀ ਦਾ ਬਖ਼ਸ਼ਿਆ ਹੋਇਆ ਹੈ। ਛੋਟੀ ਉਮਰ ਵਿਚ ਹੀ ਉਹਨਾਂ ਨੇ ਉਹ ਕਾਰਨਾਮੇ ਕਰ ਕੇ

ਵਿਖਾ ਦਿੱਤੇ ਜੋ ਕਾਰਨਾਮੇ ਵੱਡੇ-ਵੱਡੇ ਬਾਬੇ ਵੀ ਨਾ ਕਰ ਸਕੇ। ਜੋ ਕਾਰਨਾਮੇ ਸ਼ਾਇਦ ਅੱਜ ਵੱਡੇ-ਵੱਡੇ ਬਾਬੇ ਵੀ ਨਾ ਕਰ ਸਕਣ ਜੋ ਇਹਨਾਂ ਨੇ ਗੁਰੂ ਕਲਗੀਧਰ ਦੀ ਰਹਿਮਤ ਦੇ ਨਾਲ, ਪ੍ਰਮੇਸ਼੍ਵਰ ਦੀ ਬਖ਼ਸ਼ਿਸ਼ ਦੇ ਨਾਲ ਕਰ ਕੇ ਵਿਖਾ ਦਿੱਤੇ।

ਕਲਗੀਧਰ ਦੇ ਲਾਡਲੇ, ਜਿਨ੍ਹਾਂ ਦੀ ਗਾਥਾ ਅਸੀਂ ਪੜ੍ਹ ਰਹੇ ਹਾਂ, ਵਜ਼ੀਰ ਖ਼ਾਂ ਦੇ ਸਾਹਮਣੇ ਪੇਸ਼ ਹੋ ਗਏ। ਵਜ਼ੀਰ ਖ਼ਾਂ ਦਾ ਪੇਸ਼ੀਆਂ 'ਤੇ ਬਾਰ-ਬਾਰ ਬੁਲਾਉਣ ਦਾ ਇਹੀ ਮਨਸ਼ਾ ਸੀ ਕਿ ਕਿਤੇ ਇਹਨਾਂ ਦਾ ਪਿਤਾ ਮਮਤਾ ਵਿਚ ਬੰਨ੍ਹਿਆ ਹੋਇਆ, ਮੇਰੇ ਕੋਲ ਆ ਕੇ ਪੇਸ਼ ਹੋ ਜਾਵੇ।

ਖ਼ਿਆਲ ਕਰਿਉ ! ਕਿਸੇ ਨੂੰ ਵੀ ਆਪਣੇ ਨਿਸ਼ਾਨੇ ਤੋਂ ਬਦਲਾਉਣ ਲਈ, ਪਤਿਆਉਣ ਲਈ, ਤਿੰਨ ਤਰੀਕੇ ਹਨ—ਉਸ ਨੂੰ ਅਥਾਹ ਪਿਆਰ ਕੀਤਾ ਜਾਵੇ, ਉਸ ਨੂੰ ਲਾਲਚ ਦਿੱਤਾ ਜਾਵੇ ਜਾਂ ਫਿਰ ਉਸ ਨੂੰ ਡਰਾਇਆ ਜਾਵੇ।

ਪਰ ਜਦੋਂ ਅਸੀਂ ਕਲਗੀਧਰ ਦੇ ਲਾਡਲਿਆਂ ਨੂੰ,ਉਹਨਾਂ ਦੇ ਇਤਿਹਾਸ ਨੂੰ ਜਾਣਾਂਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਉਹਨਾਂ ਮਹਾਨ ਸਪੁੱਤਰਾਂ 'ਤੇ ਤਿੰਨੇ ਤਰੀਕੇ ਪੂਰਨ ਤੌਰ 'ਤੇ ਅਜ਼ਮਾਏ ਗਏ। ਕਲਗੀਧਰ ਦੇ ਲਾਡਲੇ, ਇਹਨਾਂ ਤਿੰਨੇ ਹੀ ਤਰੀਕਿਆਂ ਵਿਚੋਂ ਅਕਾਲ ਪੁਰਖ ਦੀ ਮਿਹਰ ਨਾਲ ਪੂਰਨ ਤੌਰ 'ਤੇ ਸਫਲਤਾ ਨਾਲ ਪ੍ਰਵਾਨ ਹੋ ਗਏ। ਇਹ ਤਿੰਨ ਤਰੀਕੇ ਸਾਹਿਬਜ਼ਾਦਿਆਂ 'ਤੇ ਪੂਰੇ ਦਬਾਅ ਨਾਲ ਅਜ਼ਮਾਏ ਗਏ, ਪਰ ਉਹ ਡੋਲੇ ਨਹੀਂ। ਲਾਡਲਿਆਂ ਨੂੰ ਕਹਿੰਦੇ ਕਿ ਧਰਮ ਛੱਡ ਕੇ ਮੁਸਲਮਾਨ ਹੋ ਜਾਓ, ਤੁਹਾਨੂੰ ਹੂਰਾਂ ਮਿਲਣਗੀਆਂ, ਵੱਡੇ ਹੋ ਕੇ ਤੁਹਾਨੂੰ ਨਵਾਬਾਂ ਦੀਆਂ ਬੇਟੀਆਂ ਦੇ ਡੋਲੇ ਮਿਲਣਗੇ। ਸਾਹਿਬਜ਼ਾਦਿਆਂ ਨੇ ਧਰਮ ਤਿਆਗਣ ਦੀ ਬਾਤ ਨੂੰ ਲੈ ਕੇ ਭਰੀ ਕਚਹਿਰੀ ਵਿਚ ਲਾਡਲਿਆਂ ਨੇ ਵਜ਼ੀਰ ਖ਼ਾਂ ਨੂੰ ਪਤਾ ਕੀ ਆਖਿਆ ? ਇਕ ਕਵੀ ਲਿਖਦਾ ਹੈ -

ਧਰਮ ਤਿਆਗਣ ਅਸੀਂ ਨਾ ਆਏ, ਧਰਮ ਤਿਆਗਣ ਖੋਤੇ।
ਸੀਸ ਦਿੱਤਾ ਜਿਸ ਦਿੱਲੀ ਜਾ ਕੇ, ਅਸੀਂ ਉਸ ਦਾਦੇ ਦੇ ਪੋਤੇ।

ਕਿਉਂਕਿ ਉਹ ਵਾਰਿਸ ਕਿਸ ਦੇ ਨੇ ?

ਗੁਰੂ ਤੇਗ਼ ਬਹਾਦਰ ਸਾਹਿਬ ਦੇ।
ਗੁਰੂ ਹਰਿਗੋਬਿੰਦ ਸਾਹਿਬ ਦੇ।
ਗੁਰੂ ਅਰਜਨ ਦੇਵ ਜੀ ਦੇ।

ਗੁਰੂ ਨਾਨਕ ਦੇਵ ਜੀ ਦੇ ਵਿਰਸੇ ਦੇ ਵਾਰਿਸ ਕਿਵੇਂ ਡੋਲ ਸਕਦੇ ਸੀ ?

ਜਦੋਂ ਬੱਚਿਆਂ ਨੂੰ ਸਿਪਾਹੀ ਲੈ ਕੇ ਕਚਹਿਰੀ ਵੱਲ ਨੂੰ ਤੁਰੇ ਆ ਰਹੇ ਸੀ ਤਾਂ ਰਸਤੇ ਵਿਚ ਉਹ ਸਿਪਾਹੀ ਬੱਚਿਆਂ ਨੂੰ ਸਮਝਾਉਂਦੇ ਆਏ, "ਬੱਚਿਉ ! ਜਿਸ ਤਰ੍ਹਾਂ ਕਚਹਿਰੀ ਵਿਚ ਜਾ ਕੇ ਨਵਾਬ ਨੂੰ ਅਸੀਂ ਸਲਾਮ ਕਰਾਂਗੇ ਤੁਸੀਂ ਵੀ ਉਸੇ ਤਰ੍ਹਾਂ ਸਲਾਮ ਕਰਿਉ,

ਉਹ ਬਹੁਤ ਜ਼ਾਲਮ ਹੈ, ਉਹ ਗ਼ੁੱਸੇ ਵਿਚ ਆ ਕੇ ਪਤਾ ਨਹੀਂ ਕੀ ਕਰ ਦੇਵੇਗਾ। ਜੇਕਰ ਤੁਸੀਂ ਉਸ ਨੂੰ ਸਲਾਮ ਕਰੋਗੇ ਤਾਂ ਹੋ ਸਕਦਾ ਹੈ ਕਿ ਉਹ ਖ਼ੁਸ਼ ਹੋ ਕੇ ਤੁਹਾਡੀ ਜਾਨ ਬਖ਼ਸ਼ੀ ਕਰ ਦੇਵੇ ਤੇ ਜੇਕਰ ਸਲਾਮ ਨਾ ਕੀਤੀ ਤਾਂ ਫਿਰ ਉਹ ਜ਼ਾਲਮ ਵੀ ਬੜਾ ਜੇ।'' ਇਨ੍ਹਾਂ ਨਸੀਹਤਾਂ ਨਾਲ ਬੱਚਿਆਂ ਨੂੰ ਭਰਮਾਇਆ ਵੀ ਜਾ ਰਿਹਾ ਹੈ ਤੇ ਡਰਾਵੇ ਵੀ ਦਿੱਤੇ ਜਾ ਰਹੇ ਹਨ।

ਕਲਗੀਧਰ ਦੇ ਲਾਡਲੇ ਜਦੋਂ ਕਚਹਿਰੀ ਵਿਚ ਪਹੁੰਚੇ ਤਾਂ ਸਿਪਾਹੀ ਨਵਾਬ ਵਜ਼ੀਰ ਖ਼ਾਂ ਨੂੰ ਸਲਾਮਾਂ ਪਏ ਕਰਦੇ ਸੀ, ਪਰ ਲਾਡਲਿਆਂ ਨੇ ਕੋਈ ਸਲਾਮ ਨਾ ਕੀਤੀ। ਬੱਚਿਆਂ ਨੇ ਉਹੀ ਕੀਤਾ ਜੋ ਉਹਨਾਂ ਅੰਦਰ ਭਾਵਨਾਵਾਂ ਸਨ। ਬੱਚਿਆਂ ਨੇ ਕਚਹਿਰੀ ਦੇ ਅੰਦਰ ਖੜੇ ਹੋ ਕੇ ਜ਼ੋਰ ਦੀ ਫ਼ਤਹਿ ਗਜਾਈ, ''ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।''

ਇਹ ਸੁਣ ਕੇ ਨਵਾਬ ਵਜ਼ੀਰ ਖ਼ਾਂ ਕਹਿਣ ਲੱਗਾ, ''ਓਏ ਗੁਸਤਾਖ ਬੱਚਿਓ ! ਇਹ ਤੁਹਾਡੇ ਪਿਤਾ ਦਾ ਅਨੰਦਪੁਰ ਨਹੀਂ ਹੈ, ਇਹ ਵਜ਼ੀਰ ਖ਼ਾਂ ਦੀ ਕਚਹਿਰੀ ਹੈ। ਝੁਕ ਕੇ ਸਲਾਮ ਕਰੋ।'' ਤਾਂ ਕਲਗੀਧਰ ਦੇ ਲਾਡਲੇ ਕਹਿਣ ਲੱਗੇ :

ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ,
ਕਿਸੀ ਅਉਰ ਕੋ ਸਲਾਮ ਨਹੀਂ ਕਰਤੇ।

ਇਥੇ ਖ਼ਿਆਲ ਕਰਿਉ ਕਿ ਸਾਹਿਬਜ਼ਾਦਿਆਂ ਦਾ ਜਵਾਬ ਜੇਕਰ ਸਾਡੀ ਸਮਝ ਵਿਚ ਆ ਗਿਆ ਹੋਵੇ ਤਾਂ ਸਾਨੂੰ ਪੱਲੇ ਬੰਨ੍ਹ ਲੈਣਾ ਚਾਹੀਦਾ ਹੈ। ਜੇਕਰ ਅਸੀਂ ਪੱਲੇ ਬੰਨ੍ਹ ਲਵਾਂਗੇ ਤਾਂ ਫਿਰ ਅਸੀਂ ਵੀਰਵਾਰ ਨੂੰ ਹੱਥ ਵਿਚ ਤੇਲ ਦੀ ਸ਼ੀਸ਼ੀ ਫੜ ਕੇ ਦਰਗਾਹਾਂ 'ਤੇ, ਮੜੀਆਂ-ਮਸਾਣਾਂ, ਕਬਰਾਂ 'ਤੇ ਜਾ ਕੇ ਦੀਵਿਆਂ ਵਿਚ ਤੇਲ ਨਹੀਂ ਪਾਵਾਂਗੇ। ਕਿਤੇ ਸ਼ਨੀਵਾਰ ਨੂੰ ਸ਼ਨੀ ਦੇਵਤੇ ਨੂੰ ਨਹੀਂ ਮਨਾਵਾਂਗੇ, ਕਿਤੇ ਐਤਵਾਰ ਨੂੰ ਕੰਨਾਂ ਵਿਚ ਫੂਕਾਂ ਮਾਰਨ ਵਾਲਿਆਂ ਦੇ ਡੇਰਿਆਂ 'ਤੇ ਜਾ ਕੇ ਨੱਕ ਨਹੀਂ ਰਗੜਾਂਗੇ। ਪਰ ਸ਼ਰਤ ਹੈ ਕਿ ਕਲਗੀਧਰ ਪਾਤਸ਼ਾਹ ਦੇ ਲਾਡਲਿਆਂ ਦਾ ਜਵਾਬ ਜੇਕਰ ਸਮਝ ਲਈਏ, ਕੀ ਜੁਆਬ ਸੀ ?

ਜੋ ਹਮਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ,
ਕਿਸੀ ਅਉਰ ਕੋ ਸਲਾਮ ਨਹੀਂ ਕਰਤੇ।

ਇਥੇ ਮੈਂ ਇਸ ਜਵਾਬ ਨੂੰ ਲੈ ਕੇ ਇਸ ਗਾਥਾ ਨੂੰ ਥੋੜਾ ਅੱਗੋਂ ਦੱਸਣਾ ਚਾਹਾਂਗਾ, ਫਿਰ ਦੁਬਾਰਾ ਇਥੇ ਇਸੇ ਬਾਤ 'ਤੇ ਆ ਜਾਵਾਂਗਾ। ਜਦੋਂ ''ਰਾਇ ਕੱਲੇ'' ਦਾ ਭੇਜਿਆ ਹੋਇਆ ਹਰਕਾਰਾ ''ਨੂਰਾ ਮਾਹੀ'' ਵਾਪਸ ਆ ਕੇ ਕਲਗੀਧਰ ਪਾਤਸ਼ਾਹ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਗਾਥਾ ਸੁਣਾਉਂਦਾ ਹੈ ਤਾਂ ਕਲਗੀਧਰ ਪਾਤਸ਼ਾਹ ਨੂਰੇ ਮਾਹੀ ਨੂੰ ਕਹਿੰਦੇ ਹਨ ਕਿ ਨੂਰੇ ਮਾਹੀ ਮੈਨੂੰ ਜ਼ਰਾ ਵਿਸਥਾਰ ਨਾਲ ਦੱਸ ਕਿ ਮੇਰੇ

ਸਾਹਿਬਜ਼ਾਦਿਆਂ ਨੇ ਵਜ਼ੀਰ ਖ਼ਾਂ ਦੀ ਕਚਹਿਰੀ ਵਿਚ ਪੇਸ਼ੀਆਂ ਕਿਸ ਤਰ੍ਹਾਂ ਭੁਗਤੀਆਂ ? ਨੂਰੇ ਮਾਹੀ ਨੇ ਗੁਰੂ ਕਲਗੀਧਰ ਪਾਤਸ਼ਾਹ ਦੇ ਸਾਹਮਣੇ, ਜਿਵੇਂ ਉਹ ਗਾਥਾ ਬਿਆਨ ਕੀਤੀ, ਕਵੀ ਕਰਤਾਰ ਸਿੰਘ ਬਲੱਗਣ ਨੇ ਬੜੇ ਸੁਚੱਜੇ ਸ਼ਬਦਾਂ ਵਿਚ ਕਲਮਬੱਧ ਕੀਤਾ ਹੈ।

ਨੂਰਾ ਮਾਹੀ ਕਲਗੀਧਰ ਪਾਤਸ਼ਾਹ ਨੂੰ ਉਹ ਗਾਥਾ ਹੂ-ਬ-ਹੂ ਸੁਣਾ ਰਿਹਾ ਹੈ।

ਦਾਤਾ ! ਜਾਂਦਿਆਂ ਭਰੇ ਦਰਬਾਰ ਅੰਦਰ,
ਸਾਹਿਬਜਾਦਿਆਂ ਫ਼ਤਹਿ ਗਜਾ ਦਿੱਤੀ।
ਸਤਿ ਸ੍ਰੀ ਅਕਾਲ ਦਾ ਮਾਰ ਨਾਹਰਾ,
ਤਸਬੀਹ ਕਾਜ਼ੀ ਦੇ ਹੱਥੋਂ ਛੁਡਾ ਦਿੱਤੀ।
ਸੂਬੇ ਆਖਿਆ ! ਕਰੋ ਸਲਾਮ ਮੁੰਡਿਓ,
ਉਹਨਾਂ ਸਾਹਮਣੇ ਜੁੱਤੀ ਵਿਖਾ ਦਿੱਤੀ।
ਉਨ੍ਹਾਂ ਜਦੋਂ ਤਲਵਾਰ ਦਾ ਖ਼ੌਫ ਦਿੱਤਾ,
ਅੱਗੋਂ ਹੱਸ ਕੇ ਧੌਣ ਅਕੜਾ ਦਿੱਤੀ।

ਪਾਤਸ਼ਾਹ ਤੇਰੇ ਲਾਲਾਂ ਦਾ ਝੂਠੇ ਸ਼ਹਿਨਸ਼ਾਹਾ ਅੱਗੇ ਸੀਸ ਨਾ ਝੁਕਿਆ, ਕਿਉਂਕਿ ਲਾਡਲੇ ਆਖਦੇ ਸਨ ਕਿ:

ਜ਼ੁਲਮ ਦੇ ਅੱਗੇ ਸੀਸ ਅਸਾਡਾ,
ਨਾ ਝੁੱਕਿਐ ਨਾ ਝੁਕਣੈ ਖ਼ਾਨਾ।
ਤੇਰੀਆਂ ਰੰਬੀਆਂ ਛਵੀਆਂ ਪਾਸੋਂ,
ਤੇਰੀਆਂ ਤੇਜ ਕਟਾਰਾਂ ਪਾਸੋਂ
ਗੁਰੂ ਗੋਬਿੰਦ ਸਿੰਘ ਦਾ ਲਹੂ ਅਣਖੀਲਾ,
ਨਾ ਮੁੱਕਣੈ ਨਾ ਸੁੱਕਣੈ ਖ਼ਾਨਾ।

(ਪ੍ਰੀਤਮ ਸਿੰਘ 'ਕਾਸਿਦ')

ਇਹ ਗੱਲ ਦੱਸਣ ਦਾ ਮੇਰਾ ਮਤਲਬ ਇਹ ਸੀ ਕਿ ਸਾਡੇ ਬਹੁਤਾਤ ਸਿੱਖਾਂ ਦਾ ਸੀਸ ਦਰ-ਦਰ 'ਤੇ ਝੁਕ ਰਿਹਾ ਹੈ, ਇਸ ਦਾ ਮਤਲਬ ਇਹੀ ਹੋਇਆ ਕਿ ਸਾਡੇ ਸਰੀਰ ਵਿਚ ਕਲਗੀਧਰ ਪਿਤਾ ਦੇ ਖ਼ੂਨ ਦਾ ਇਕ ਵੀ ਕਤਰਾ ਨਹੀਂ ਹੈ, ਜਾਂ ਅਸੀਂ ਕਲਗੀਧਰ ਪਾਤਸ਼ਾਹ ਨੂੰ ਆਪਣਾ ਪਿਤਾ ਨਹੀਂ ਮੰਨਿਆ। ਜੇ ਅਸੀਂ ਕਲਗੀਧਰ ਨੂੰ ਪਿਤਾ ਮੰਨ ਲਈਏ ਤਾਂ ਫਿਰ ਸਾਹਿਬਜ਼ਾਦੇ ਸਾਡੇ ਭਾਈ ਨੇ ਤੇ ਉਹਨਾਂ ਵਾਂਗ ਉਹਨਾਂ ਦੇ ਪੂਰਨਿਆਂ 'ਤੇ ਸਾਨੂੰ ਚਲਣਾ ਪੈਣਾ ਹੈ।

ਜੋਗੀ ਅੱਲ੍ਹਾ ਯਾਰ ਖ਼ਾਂ ਸਾਹਿਬਜ਼ਾਦਿਆਂ ਦੀਆਂ ਬਾਤਾਂ ਨੂੰ ਆਪਣੇ ਸ਼ਬਦਾਂ ਵਿਚ ਕਲਮ-ਬੱਧ ਕਰਦਾ ਕਹਿ ਰਿਹਾ ਹੈ:

ਤਸਲੀਮ ਕਰਕੇ ਦਾਦੀ ਸੇ ਬਚੇ ਜੁਦਾ ਹੂਏ।
ਦਰਬਾਰ ਮੇਂ ਨਵਾਬ ਕੇ ਦਾਖ਼ਿਲ ਵੁਹ ਆ ਹੂਏ।

ਹੁਣ ਸਾਹਿਬਜ਼ਾਦੇ ਨਵਾਬ ਵਜ਼ੀਰ ਖ਼ਾਂ ਦੀ ਕਚਹਿਰੀ ਵਿਚ ਪੇਸ਼ੀ ਲਈ ਆ ਪਹੁੰਚੇ।

ਥੀ ਪਯਾਰੀ ਸੂਰਤੋਂ ਸੇ ਸ਼ੁਜਾਅਤ ਬਰਸ ਰਹੀ।
ਨੰਨ੍ਹੀ ਸੀ ਸੂਰਤੋਂ ਸੇ ਥੀ ਜ਼ੁਰਅਤ ਬਰਸ ਰਹੀ।
ਰੁਖ਼ ਪਰ ਨਵਾਬ ਕੇ ਥੀ ਸ਼ਕਾਵਤ ਬਰਸ ਰਹੀ।
ਰਾਜੋਂ ਕੇ ਮੂੰਹ ਪਿ ਸਾਫ਼ ਥੀ ਲਾਅਨਤ ਬਰਸ ਰਹੀ।

ਬੜੀਆਂ ਪਿਆਰੀਆਂ ਸੂਰਤਾਂ ਸਨ, ਸਾਹਿਬਜ਼ਾਦਾ ਫ਼ਤਹਿ ਸਿੰਘ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀਆਂ ਅਤੇ ਬੀਰਤਾ ਉਹਨਾਂ ਦੇ ਚਿਹਰਿਆਂ ਤੋਂ ਡਲਕ-ਡਲਕ ਪੈਂਦੀ ਸੀ।

ਇਸ ਦੇ ਉਲਟ ਨਵਾਬ ਵਜ਼ੀਰ ਖ਼ਾਂ ਨੇ ਜਦੋਂ ਤੱਕਿਆ ਕਿ ਇਹ ਸਾਹਿਬਜ਼ਾਦੇ ਤਾਂ ਫ਼ਤਹਿ ਬੁਲਾਉਂਦੇ ਨੇ, ਤਾਂ ਨਵਾਬ ਵਜ਼ੀਰ ਖ਼ਾਂ ਦੇ ਚਿਹਰੇ ਦੀਆਂ ਹਵਾਈਆਂ ਉੱਡਣ ਲੱਗ ਪਈਆਂ। ਵਜ਼ੀਰ ਖ਼ਾਂ ਕਹਿੰਦਾ, ਮੈਂ ਤਾਂ ਬੜਾ ਸੋਚ ਰਿਹਾ ਸੀ ਕਿ ਇਹ ਨਿੱਕੇ-ਨਿੱਕੇ ਬੱਚੇ ਹਨ ਤੇ ਮੈਂ ਇਹਨਾਂ ਨੂੰ ਐਵੇਂ ਹੀ ਲਾਲਚ ਵਿਚ ਲੈ ਆਉਣਾ ਹੈ, ਮੈਂ ਤਾਂ ਇਹਨਾਂ ਨੂੰ ਪਿਆਰ ਨਾਲ ਭਰਮਾ ਲੈਣਾ ਹੈ, ਪਰ ਪਤਾ ਨਹੀਂ ਇਹ ਕਿਹੜੀ ਮਿੱਟੀ ਦੇ ਬਣੇ ਹੋਏ ਹਨ। ਜਿਹੜੇ ਰਾਜੇ ਦਰਬਾਰ ਅੰਦਰ ਉਸ ਦੇ ਪਾਸ ਬੈਠੇ ਹੋਏ ਸਨ, ਉਹਨਾਂ ਦੇ ਚਿਹਰਿਆਂ 'ਤੇ ਵੀ ਲਾਅਨਤ ਬਿਖਰੀ ਪਈ ਸੀ।

ਸਾਹਿਬਜ਼ਾਦਿਆਂ ਨੇ ਆਖਿਆ "ਅਸੀਂ ਰੱਬ ਤੋਂ ਬਗੈਰ ਕਿਸੇ ਅੱਗੇ ਸੀਸ ਨਹੀਂ ਝੁਕਾਉਂਦੇ। ਇਹੀ ਸਿੱਖਿਆ ਸਾਡੇ ਪਿਤਾ ਗੁਰੂ ਕਲਗੀਧਰ ਨੇ ਸਾਨੂੰ ਦਿੱਤੀ ਹੈ।"

ਬਚੋਂ ਕਾ ਰੁਅਬ ਛਾ ਗਯਾ ਹਰ ਇਕ ਮੁਸ਼ੀਰ ਪਰ।
ਲਰਜ਼ਾ ਸਾ ਪੜ ਗਯਾ ਥਾ ਅਮੀਰੋ-ਵਜ਼ੀਰ ਪਰ।

ਪਹਿਲੀ ਪੇਸ਼ੀ ਦੇ ਦੌਰਾਨ ਹੀ ਸਾਹਿਬਜ਼ਾਦਿਆਂ ਦਾ ਰੋਅਬ ਸਾਰੇ ਦਰਬਾਰੀਆਂ ਅਤੇ ਵਜ਼ੀਰ ਖ਼ਾਂ 'ਤੇ ਛਾ ਗਿਆ। ਇਸ ਦੇ ਉਲਟ ਜਿਹੜੇ ਦਰਬਾਰੀ, ਜਿਹੜੇ ਵਜ਼ੀਰ ਕਚਹਿਰੀ ਦੇ ਅੰਦਰ ਬੈਠੇ ਸਨ, ਉਹਨਾਂ ਦੇ ਸਰੀਰਾਂ ਨੂੰ ਕੰਬਣੀਆਂ ਛਿੜ ਗਈਆਂ। ਇੰਨੀ ਛੋਟੀ ਉਮਰ ਦੇ ਬਾਲਕ,ਇੰਨੀ ਦ੍ਰਿੜ੍ਹਤਾ ਦੀਆਂ ਗੱਲਾਂ ਇਹ ਹੁਣੇ ਹੀ ਕਰਦੇ ਪਏ ਨੇ, ਉਹ ਹੈਰਾਨ ਹੋ ਗਏ।

ਨਾਜ਼ਿਮ ਕੀ ਬਾਤ ਬਾਤ ਪਰ ਰੁਕਨੇ ਲਗੀ ਜ਼ਬਾਂ।
ਖ਼ੁਦ ਕੋ ਸੰਭਾਲ ਕਰ ਕੇ ਵੁਹ ਕਹਨੇ ਲਗਾ ਕਿ ਹਾਂ।
ਖ਼ਾਹਾਂ ਹੋ ਮੌਤ ਕੇ ਯਾ ਤੁਮ੍ਹੇਂ ਚਾਹੀਏ ਅਮਾਂ।
ਬਤਲਾਓ ਸਾਫ਼ ਸਾਫ਼ ਅਬ ਐ ਆਲੀ-ਖ਼ਾਨਦਾ।

ਵਜ਼ੀਰ ਖ਼ਾਂ ਨੇ ਆਪਣੇ ਆਪ ਨੂੰ ਸੰਭਾਲਿਆ ਪਰ ਉਸ ਦੀ ਜ਼ਬਾਨ ਸਾਥ ਨਹੀਂ ਦੇ ਰਹੀ, ਉਸ ਦਾ ਸਰੀਰ ਠੰਡਾ ਹੋ ਗਿਆ। ਉਹ ਥੋੜ੍ਹਾ ਸੰਭਲਿਆ ਤੇ ਸਾਹਿਬਜ਼ਾਦਿਆਂ ਨੂੰ ਸੰਬੋਧਨ ਹੋ ਕੇ ਬੋਲਿਆ, "ਹੁਣ ਤੁਸੀਂ ਦੱਸੋ ਬੱਚਿਉ ! ਕਿ ਤੁਹਾਨੂੰ ਮੌਤ ਚਾਹੀਦੀ ਹੈ ਕਿ ਪਨਾਹ ਚਾਹੀਦੀ ਹੈ। ਬੱਚਿਉ ! ਮੈਨੂੰ ਪਤਾ ਹੈ ਕਿ ਤੁਸੀਂ ਉੱਚ ਖ਼ਾਨਦਾਨ ਦੇ ਵਾਰਿਸ ਹੋ, ਇਸ ਲਈ ਮੈਨੂੰ ਸਾਫ਼-ਸਾਫ਼ ਦੱਸ ਦਿਉ।"

ਇਸ ਦਮ ਕਰੋ ਕਬੂਲ ਅਗਰ ਸ਼ਾਹ ਕੇ ਦੀਨ ਕੋ।
ਫਿਰ ਆਸਮਾਂ ਬਨਾ ਦੂੰ ਤੁਮ੍ਹਾਰੀ ਜ਼ਮੀਨ ਕੋ।

"ਸ਼ਾਹ ਕੇ ਦੀਨ ਕੋ" ਔਰੰਗਜ਼ੇਬ ਦੇ ਧਰਮ ਨੂੰ ਕਿਹਾ ਗਿਆ ਹੈ। ਵਜ਼ੀਰ ਖ਼ਾਂ ਕਹਿੰਦਾ ਹੈ, "ਬੱਚਿਉ ! ਜੇਕਰ ਤੁਸੀਂ "ਸ਼ਾਹ ਕੇ ਦੀਨ ਕੋ" ਔਰੰਗਜ਼ੇਬ ਦਾ ਧਰਮ ਇਸਲਾਮ ਕਬੂਲ ਕਰ ਲਉ ਤਾਂ ਮੈਂ ਤੁਹਾਨੂੰ ਆਸਮਾਨ ਦੀਆਂ ਉਚਾਈਆਂ ਤੱਕ, ਰਹਿਮਤਾਂ ਨਾਲ ਨਿਵਾਜ ਦਿਆਂਗਾ। ਮੈਂ ਤੁਹਾਨੂੰ ਇੰਨੇ ਇਨਾਮ ਦੇਵਾਂਗਾ ਕਿ ਤੁਸੀਂ ਕਦੀ ਦੇਖੇ ਵੀ ਨਹੀਂ ਹੋਣਗੇ।" ਇਹ ਸਭ ਸੁਣ ਕੇ ਕਲਗੀਧਰ ਜੀ ਦੇ ਲਾਡਲੇ ਫਿਰ ਵਜ਼ੀਰ ਖ਼ਾਂ ਨੂੰ ਕੀ ਜੁਆਬ ਦੇਂਦੇ ਹਨ ?

"ਤੂੰ ਕਿਹੜੇ ਬਾਦਸ਼ਾਹ ਦਾ ਧਰਮ ਕਬੂਲਣ ਦੀ ਗੱਲ ਕਰ ਰਿਹਾ ਏਂ ਵਜ਼ੀਰ ਖਾਂ ? ਉਸ ਬਾਦਸ਼ਾਹ ਦਾ, ਜਿਹੜਾ ਕੁਰਾਨ ਦੀਆਂ ਝੂਠੀਆਂ ਕਸਮਾਂ ਖਾ ਕੇ ਤੋੜ ਜਾਂਦਾ ਹੈ। ਬਾਦਸ਼ਾਹ ਦਾ ਤਾਂ ਧਰਮ ਈਮਾਨ ਹੀ ਕੋਈ ਨਹੀਂ ਹੈ।"

ਜਿਵੇਂ ਸਿਆਣੇ ਕਹਿੰਦੇ ਹਨ ਕਿ ਬੱਚੇ ਦੇ ਆਉਣ ਵਾਲੇ ਸਮੇਂ ਦੇ ਲੱਛਣ ਪੰਘੂੜੇ ਤੋਂ ਹੀ ਨਜ਼ਰ ਆ ਜਾਂਦੇ ਹਨ। ਬਿਲਕੁਲ ਔਰੰਗਜ਼ੇਬ ਦੇ ਜੀਵਨ ਦੇ ਲੱਛਣਾਂ ਦਾ ਵੀ ਅਸੀਂ ਪਹਿਲਾਂ ਹੀ ਅੰਦਾਜ਼ਾ ਲਗਾ ਸਕਦੇ ਹਾਂ, ਉਸ ਦੇ ਜੀਵਨ ਵਿਚ ਵੀ ਇਹੀ ਕੁਝ ਹੋਇਆ। ਉਸ ਬਾਦਸ਼ਾਹ ਔਰੰਗਜ਼ੇਬ ਦੇ ਲੱਛਣਾਂ ਦਾ ਵੀ ਉਸ ਦੇ ਬਚਪਨ ਵਿਚ ਹੀ ਪਤਾ ਲੱਗ ਗਿਆ ਸੀ।

ਇਕ ਵਾਰ ਬਾਦਸ਼ਾਹ ਸ਼ਾਹਜਹਾਨ ਆਪਣੇ ਬੇਟੇ ਔਰੰਗਜ਼ੇਬ ਅਤੇ ਆਪਣੇ ਪੂਰੇ ਪਰਿਵਾਰ ਦੇ ਨਾਲ ਦਿੱਲੀ ਦੀ ਸ਼ਾਹੀ ਮਸਜਿਦ ਵਿਚ ਨਮਾਜ਼ ਪੜ੍ਹਨ ਗਿਆ। ਸ਼ਾਹਜਹਾਨ ਦਾ ਸਾਰਾ ਪਰਿਵਾਰ ਮਸਜਿਦ ਦੇ ਬਾਹਰ ਜੋੜੇ ਉਤਾਰ ਕੇ ਅੰਦਰ ਨਮਾਜ਼ ਪੜ੍ਹਨ ਲਈ ਚਲਿਆ ਗਿਆ। ਅੰਦਰ ਨਮਾਜ਼ ਪੜ੍ਹੀ, ਨਮਾਜ਼ ਅਦਾ ਕਰ ਕੇ ਜਦੋਂ

ਸ਼ਾਹਜਹਾਨ ਪਰਿਵਾਰ ਸਮੇਤ ਮਸਜਿਦ ਤੋਂ ਬਾਹਰ ਆਇਆ ਤਾਂ ਕੀ ਦੇਖਦਾ ਹੈ ਕਿ ਛੋਟਾ ਬੱਚਾ ਔਰੰਗਜ਼ੇਬ ਬਾਹਰ ਹੀ ਖੜਾ ਹੈ, ਉਹ ਮਸਜਿਦ ਦੇ ਅੰਦਰ ਨਮਾਜ਼ ਪੜ੍ਹਨ ਲਈ ਗਿਆ ਹੀ ਨਹੀਂ ਹੈ। ਸ਼ਾਹਜਹਾਨ ਨੇ ਬੱਚੇ ਔਰੰਗਜ਼ੇਬ ਨੂੰ ਬਾਹਰ ਖੜੇ ਰਹਿਣ ਦਾ ਕਾਰਨ ਪੁੱਛਿਆ, "ਬੇਟਾ ! ਤੂੰ ਸਾਡੇ ਨਾਲ ਅੰਦਰ ਨਮਾਜ਼ ਪੜ੍ਹਨ ਲਈ ਕਿਉਂ ਨਹੀਂ ਆਇਆ ?" ਤਾਂ ਜੋ ਜਵਾਬ ਉਸ ਵੇਲੇ ਔਰੰਗਜ਼ੇਬ ਨੇ ਦਿੱਤਾ ਉਸ ਜਵਾਬ ਵਿਚੋਂ ਉਸ ਦਾ ਭਵਿੱਖ ਨਜ਼ਰ ਆਵੇਗਾ।

ਜਵਾਬ ਕੀ ਸੀ ?

"ਅੱਬਾ ਜੀ ਤੁਸੀਂ ਸਾਰੇ ਪਰਿਵਾਰ ਨੂੰ ਲੈ ਕੇ ਅੰਦਰ ਨਮਾਜ਼ ਪੜ੍ਹਨ ਚੱਲੇ ਗਏ ਤੇ ਖ਼ੁਦਾ ਨਾ-ਖਾਸਤਾ ਜੇਕਰ ਮਸਜਿਦ ਦਾ ਗੁੰਬਦ ਡਿੱਗ ਪੈਂਦਾ ਤਾਂ ਸਾਰਾ ਪਰਿਵਾਰ ਮਾਰਿਆ ਜਾਣਾ ਸੀ ਤੇ ਫਿਰ ਦਿੱਲੀ ਦਾ ਤਖ਼ਤ ਸਾਂਭਣ ਵਾਲਾ ਕੌਣ ਬਚਦਾ, ਇਸ ਲਈ ਮੈਂ ਅੰਦਰ ਤੁਹਾਡੇ ਨਾਲ ਨਮਾਜ਼ ਪੜ੍ਹਨ ਲਈ ਨਹੀਂ ਗਿਆ।" ਬਚਪਨ ਵਿਚ ਔਰੰਗਜ਼ੇਬ ਦੀ ਸੋਚ ਇਹੋ ਜਿਹੀ ਸੀ। ਇਸੇ ਭਾਵਨਾ ਨੂੰ ਲੈ ਕੇ ਔਰੰਗਜ਼ੇਬ ਨੇ ਆਪਣੇ ਭਰਾਵਾਂ ਦਾ ਕਤਲ ਵੀ ਕੀਤਾ ਸੀ। ਆਪਣੇ ਬਾਪ ਨੂੰ ਕੈਦ ਵਿਚ ਸੁੱਟ ਕੇ, ਬਾਪ ਦੀ ਛਾਤੀ 'ਤੇ ਪੈਰ ਰੱਖ ਕੇ ਤਖ਼ਤ 'ਤੇ ਬੈਠਾ ਸੀ। ਐਸੀ ਨਿਰਦਈ ਭਾਵਨਾ ਉਸ ਦੇ ਬਚਪਨ ਵਿਚ ਹੀ ਨਜ਼ਰ ਆ ਗਈ ਸੀ।

ਇਧਰ ਸਾਹਿਬਜ਼ਾਦੇ ਵਜ਼ੀਰ ਖ਼ਾਂ ਨੂੰ ਇਹੀ ਗੱਲ ਕਹਿ ਰਹੇ ਹਨ ਕਿ ਤੂੰ ਕਿਹੜੇ ਬਾਦਸ਼ਾਹ ਦੇ ਧਰਮ ਦੀ ਗੱਲ ਕਰ ਰਿਹਾ ਏਂ।

ਸਤੁਗਰ ਕੇ ਲਾਡਲੋਂ ਨੇ ਦੀਯਾ ਰੁਅਬ ਸੇ ਜਵਾਬ।
ਆਤੀ ਨਹੀਂ ਸ਼ਰਮ ਹੈ ਜ਼ਰਾ ਤੁਝ ਕੋ ਐ ਨਵਾਬ।
ਦੁਨੀਯਾ ਕੇ ਪੀਛੇ ਕਰਤਾ ਹੈ ਕਯੋਂ ਦੀਨ ਕੋ ਖ਼ਰਾਬ।
ਕਿਸ ਜਾ ਲਿਖਾ ਹੈ ਜ਼ੁਲਮ, ਦਿਖਾ ਤੋ ਹਮੇਂ ਕਿਤਾਬ।

ਸਾਹਿਬਜ਼ਾਦੇ ਨਵਾਬ ਵਜ਼ੀਰ ਖ਼ਾਂ ਨੂੰ ਕਹਿ ਰਹੇ ਹਨ, "ਤੈਨੂੰ ਸ਼ਰਮ ਨਹੀਂ ਆਉਂਦੀ ਤੂੰ ਸਾਡੇ ਨਾਲ ਐਸੀਆਂ ਬਾਤਾਂ ਕਰ ਰਿਹਾ ਏਂ। ਤੂੰ ਸਾਨੂੰ ਜਾਣਦਾ ਨਹੀਂ ? ਤੂੰ ਸਾਨੂੰ ਦੱਸ, ਦੁਨੀਆਂ ਵਿਚ ਉਹ ਕਿਹੜਾ ਧਰਮ ਹੈ, ਜੋ ਜਬਰ, ਜ਼ੁਲਮ ਦੀ ਆਗਿਆ ਦਿੰਦਾ ਹੈ। ਤੂੰ ਕਿਉਂ ਦੁਨੀਅਦਾਰੀ ਦੇ ਪਿੱਛੇ ਲੱਗ ਕੇ ਆਪਣਾ ਈਮਾਨ ਖ਼ਰਾਬ ਕਰ ਰਿਹਾ ਏਂ।"

ਖ਼ਿਆਲ ਕਰਿਉ ! ਅਸੀਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਜ਼ਰੂਰ ਟੇਕਦੇ ਹਾਂ, ਪਰ ਸ਼ਾਇਦ ਉਹਨਾਂ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਦਾ ਯਤਨ ਨਹੀਂ ਕਰਦੇ।

ਇਸ ਪ੍ਰਥਾਏ ਭਗਤ ਕਬੀਰ ਜੀ ਆਪਣੀ ਬਾਣੀ ਵਿਚ ਸਾਨੂੰ ਉਪਦੇਸ਼ ਦੇ ਰਹੇ ਹਨ :

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥

(ਸਲੋਕ ਭਗਤ ਕਬੀਰ ਜੀਉ ਕੇ-੧੩੬੫)

ਐ ਮਨੁੱਖ ! ਯਾਦ ਰੱਖ, ਤੂੰ ਦੁਨੀਆਂ ਦੀਆਂ ਖੁਸ਼ਾਮਦਾਂ ਕਰਦਾ, ਆਪਣਾ ਈਮਾਨ ਵੀ ਗੁਆ ਲੈਂਦਾ ਏਂ, ਪਰ ਜਦੋਂ ਲੇਖਾ ਦੇਣਾ ਪੈਣਾ ਏ ਤਾਂ ਇਸ ਦੁਨੀਆਂ ਵਿਚੋਂ ਕਿਸੇ ਨੇ ਤੇਰਾ ਸਾਥ ਨਹੀਂ ਦੇਣਾ, ਇਹ ਤਾਂ ਆਪਣੇ ਪੈਰਾਂ 'ਤੇ ਆਪਣੇ ਹੱਥੀਂ ਆਪ ਕੁਹਾੜਾ ਮਾਰਨ ਵਾਲੀ ਗੱਲ ਹੈ, ਇਹ ਕਿੱਥੋਂ ਦੀ ਸਿਆਣਪ ਹੈ।

ਕੁਹਾੜੇ ਤੋਂ ਮੈਨੂੰ ਇਕ ਗੱਲ ਯਾਦ ਆਈ ਜੋ ਕਿ ਅੱਜ ਦੇ ਵਰਤਮਾਨ ਸਮੇਂ ਵਿਚ ਬਿਲਕੁਲ ਪੂਰੀ ਹੋ ਰਹੀ ਹੈ। ਇਕ ਵਾਰ ਜੰਗਲ ਵਿਚ ਕਿਸੇ ਦਾ ਦਸਤੇ ਤੋਂ ਬਿਨ੍ਹਾਂ ਹੀ ਲੋਹੇ ਦਾ ਕੁਹਾੜਾ ਡਿੱਗ ਪਿਆ। ਜੰਗਲ ਦੇ ਦਰੱਖ਼ਤ ਕੰਬਣ ਲੱਗ ਪਏ। ਉਧਰੋਂ ਇਕ ਮਹਾਤਮਾ ਲੰਘ ਰਹੇ ਸਨ ਤਾਂ ਉਹਨਾਂ ਦਰੱਖ਼ਤਾਂ ਦੀ ਥਰਥਰਾਹਟ ਨੂੰ ਮਹਿਸੂਸ ਕੀਤਾ ਤੇ ਆਪਣੀ ਭਾਵਨਾ ਨਾਲ ਦਰੱਖ਼ਤਾਂ ਨੂੰ ਪੁੱਛਦੇ ਹਨ, "ਤੁਸੀਂ ਕਿਉਂ ਕੰਬ ਰਹੇ ਹੋ ? ਤੁਸੀਂ ਕਿਉਂ ਡਰ ਰਹੇ ਹੋ ?" ਦਰੱਖ਼ਤਾਂ ਨੇ ਅੱਗੋਂ ਜਵਾਬ ਦਿੱਤਾ, "ਆਹ ਕੁਹਾੜਾ ਡਿੱਗਿਆ ਹੈ, ਅਸੀਂ ਇਸ ਲਈ ਕੰਬ ਰਹੇ ਹਾਂ, ਅਸੀਂ ਇਸ ਲਈ ਡਰ ਰਹੇ ਹਾਂ ਕਿ ਇਸ ਦੇ ਨਾਲ ਹੁਣ ਪਤਾ ਨਹੀਂ, ਇਸ ਕੁਹਾੜੇ ਦੇ ਨਾਲ ਸਾਡੇ ਵਿਚੋਂ ਕਿਸ-ਕਿਸ ਦੀ ਹੋਂਦ ਮਿਟ ਜਾਵੇਗੀ।" ਮਹਾਤਮਾ ਬੋਲੇ, "ਭਲਿਓ ! ਇਹ ਸਿਰਫ਼ ਲੋਹਾ ਹੈ ਇਸ ਤੋਂ ਤੁਸੀਂ ਨਾ ਡਰੋ, ਇਹ ਇਕੱਲਾ ਤੁਹਾਡਾ ਕੁਝ ਨਹੀਂ ਵਿਗਾੜ ਸਕਦਾ, ਪਰ ਹਾਂ, ਜੇਕਰ ਤੁਹਾਡੇ ਵਿਚੋਂ ਹੀ ਕੋਈ ਇਸ ਦਾ ਦਸਤਾ ਬਣ ਜਾਵੇਗਾ ਤਾਂ ਇਹੀ ਕੁਹਾੜਾ ਤੁਹਾਡਾ ਨੁਕਸਾਨ ਕਰੇਗਾ, ਪਰ ਜੇਕਰ ਤੁਹਾਡੇ ਵਿਚੋਂ ਕੋਈ ਇਸ ਦਾ ਦਸਤਾ ਨਹੀਂ ਬਣੇਗਾ ਤਾਂ ਤੁਹਾਨੂੰ ਕੋਈ ਵੀ ਖ਼ਤਰਾ ਨਹੀਂ ਹੈ।"

ਖ਼ਿਆਲ ਕਰਿਉ ! ਸਾਡੀ ਕੌਮ ਦਾ ਵੀ ਦੁਨੀਆਂ ਦੀ ਕੋਈ ਤਾਕਤ ਨੁਕਸਾਨ ਨਹੀਂ ਕਰ ਸਕਦੀ, ਜੇਕਰ ਸਾਡੇ ਆਪਣੇ ਹੀ ਉਹਨਾਂ ਦਾ ਦਸਤਾ ਨਾ ਬਨਣ ਤਾਂ। ਸਾਡੇ ਆਪਣੇ ਹੀ ਉਹਨਾਂ ਕੁਹਾੜਿਆਂ ਦੇ ਦਸਤੇ ਬਣ ਜਾਂਦੇ ਨੇ। ਅੱਜ ਸਾਡੀ ਕੌਮ ਵਿਚ ਬਹੁਤਾਤ ਲੋਕ ਦਸਤੇ ਬਨਣ ਨੂੰ ਤਿਆਰ ਬੈਠੇ ਨੇ। ਸਿਰਫ਼ ਆਪਣੀਆਂ ਕੁਰਸੀਆਂ ਦੇ ਪਿੱਛੇ, ਆਪਣੀਆਂ ਗਰਜ਼ਾਂ ਦੇ ਪਿੱਛੇ,ਆਪਣੇ ਮਾਮੂਲੀ ਫ਼ਾਇਦੇ ਲਈ ਪੂਰੀ ਕੌਮ ਦਾ ਕਦੀ ਨਾ ਭਰਨ ਵਾਲਾ ਨੁਕਸਾਨ ਵੀ ਇਹੀ ਲੋਕ ਕਰਵਾ ਜਾਂਦੇ ਨੇ। ਕਾਸ਼ ! ਅਸੀਂ ਆਪਣੇ ਅਮੀਰ ਵਿਰਸੇ ਨੂੰ ਸਮਝ ਕੇ ਸੰਭਾਲ ਲਈਏ।

ਮੈਂ ਬੇਨਤੀ ਕਰ ਜਾਵਾਂ ਕਿ ਲੱਖਾਂ ਗੋਲੀਆਂ ਓਪਰੇਸ਼ਨ ਬਲਿਊ ਸਟਾਰ ਦੇ ਦੌਰਾਨ ਚੱਲੀਆਂ, ਪਰ ਇਹਨਾਂ ਵਿਚੋਂ ਇਕ ਵੀ ਗੋਲੀ ਇਹਨਾਂ ਦਸਤਿਆਂ ਲਈ ਨਹੀਂ ਬਣੀ। ਕਹਿੰਦੇ ਸੀ ਕਿ ਫ਼ੌਜ ਸਾਡੀਆਂ ਲਾਸ਼ਾਂ ਦੇ ਉੱਪਰੋਂ ਲੰਘ ਕੇ ਅੰਦਰ ਜਾਵੇਗੀ, ਪਰ ਆਪ ਹੀ ਬਾਂਹਵਾਂ ਖੜੀਆਂ ਕਰ ਕੇ ਸਿੰਘ ਸੂਰਮਿਆਂ, ਸ਼ਰਧਾਲੂਆਂ ਦੀਆਂ ਲਾਸ਼ਾਂ ਦੇ ਉੱਪਰ ਦੀ ਲੰਘ ਗਏ। ਇਹ ਇਤਿਹਾਸ ਹੈ ਇਨ੍ਹਾਂ ਅਜੋਕੇ ਦਸਤਿਆਂ ਦਾ। ਜ਼ਰਾ ਨਿਰਪੱਖਤਾ ਨਾਲ ਕਦੀ ਪੜ੍ਹਿਓ।

ਇਹ ਵੱਖਰੀ ਗੱਲ ਹੈ ਕਿ ਇਤਿਹਾਸ ਕਦੀ ਇਨਸਾਫ਼ ਨਹੀਂ ਕਰਦਾ। ਇਤਿਹਾਸ ਕਦੀ ਨਿਰਪੱਖ ਵੀ ਨਹੀਂ ਹੁੰਦਾ। ਇਤਿਹਾਸ ਸਦਾ ਹੀ ਹਾਕਮ ਖੇਮਿਆਂ ਦੇ ਹੱਕ ਵਿਚ ਭੁਗਤਦਾ ਹੈ। ਸਾਨੂੰ ਉਹ ਪੜ੍ਹਾਇਆ ਜਾਂਦਾ ਹੈ ਜੋ ਹਕੂਮਤ ਪੜ੍ਹਾਉਣਾ ਚਾਹੁੰਦੀ ਹੈ। ਸਾਨੂੰ ਉਹ ਦਿਖਾਇਆ ਜਾਂਦਾ ਹੈ,ਜੋ ਹਕੂਮਤ ਦਿਖਾਉਣਾ ਚਾਹੁੰਦੀ ਹੈ,ਸਾਨੂੰ ਉਹ ਸੁਣਾਇਆ ਜਾਂਦਾ ਹੈ, ਜੋ ਹਕੂਮਤ ਸੁਣਾਉਣਾ ਚਾਹੁੰਦੀ ਹੈ, ਪਰ ਜੇਕਰ ਅਸੀਂ ਨਿਰਪੱਖਤਾ ਨਾਲ ਧਿਆਨ ਕਰੀਏ ਤਾਂ ਸੱਚ ਸਾਡੇ ਸਾਹਮਣੇ ਆ ਜਾਵੇਗਾ। ਇਸ ਸੱਚ ਤੋਂ ਕੌਣ ਮੂੰਹ ਮੋੜੇਗਾ, ਜਿਹੜੇ ਕਹਿੰਦੇ ਸੀ ਕਿ ਫ਼ੌਜ ਸਾਡੀਆਂ ਲਾਸ਼ਾਂ ਤੋਂ ਲੰਘੇਗੀ, ਪਰ ਫ਼ੌਜ ਸਿੰਘ ਸੂਰਬੀਰਾਂ, ਸ਼ਰਧਾਲੂਆਂ ਦੀਆਂ ਲਾਸ਼ਾਂ ਉੱਪਰੋਂ ਤਾਂ ਲੰਘ ਗਈ। ਇਸ ਗੱਲ ਤੋਂ ਕੌਣ ਇਨਕਾਰ ਕਰੇਗਾ। ਜਿਨ੍ਹਾਂ ਨੇ ਸਾਕਾ 1984 ਨੂੰ ਨੇੜਿਓਂ ਤੱਕਿਆ ਹੈ, ਉਹ ਜਾਣਦੇ ਨੇ, ਉਹਨਾਂ ਨੂੰ ਮੌਕਾ ਮਿਲਿਆ ਹੈ ਇਹ ਸਭ ਕੁਝ ਤੱਕਣ ਦਾ। ਜਿਨ੍ਹਾਂ ਨੇ ਮਰਜੀਵੜੇ ਭਰਤੀ ਕੀਤੇ ਸਨ, ਉਹ ਆਪ ਹੀ ਬਾਂਹਵਾਂ ਖੜੀਆਂ ਕਰ ਕੇ ਸਿੰਘਾਂ, ਸ਼ਰਧਾਲੂਆਂ ਦੀਆਂ ਲਾਸ਼ਾਂ ਦੇ ਉੱਪਰੋਂ ਲੰਘ ਕੇ ਬਾਹਰ ਆ ਗਏ ਸਨ। ਜ਼ਰਾ ਇਤਿਹਾਸ ਵੱਲ ਨਿਰਪੱਖਤਾ ਨਾਲ ਝਾਤੀ ਮਾਰਿਓ।

ਜੋਗੀ ਅੱਲ੍ਹਾ ਯਾਰ ਖ਼ਾਂ ਆਪਣੀ ਕਲਮ ਤੋਂ ਇਹ ਬਿਆਨ ਕਰ ਰਿਹਾ ਹੈ ਕਿ :

ਦੁਨੀਯਾ ਕੇ ਪੀਛੇ ਕਰਤਾ ਹੈ ਕਯੋਂ ਦੀਨ ਕੋ ਖ਼ਰਾਬ।
ਕਿਸ ਜਾ ਲਿਖਾ ਹੈ ਜ਼ੁਲਮ, ਦਿਖਾ ਤੋ ਹਮੇਂ ਕਿਤਾਬ।

ਸਾਹਿਬਜ਼ਾਦੇ ਬੜੀ ਦ੍ਰਿੜ੍ਹਤਾ ਨਾਲ ਵਜ਼ੀਰ ਖ਼ਾਂ ਨੂੰ ਕਹਿੰਦੇ ਹਨ, "ਸਾਨੂੰ ਦਿਖਾ ਤਾਂ ਸਹੀ, ਕਿਹੜੇ ਧਰਮ ਵਿਚ, ਕਿਹੜੀ ਕਿਤਾਬ ਵਿਚ ਲਿਖਿਆ ਹੈ ਕਿ ਕਿਸੇ 'ਤੇ ਜ਼ੁਲਮ ਕਰ ਕੇ ਧੱਕੇ ਨਾਲ ਧਰਮ ਤਬਦੀਲ ਕਰ ਦਿੱਤਾ ਜਾਵੇ, ਦੱਸ ਕਿਹੜੀ ਕੁਰਾਨ ਵਿਚ ਲਿਖਿਆ ਹੈ ?"

ਇਸ ਤਰ੍ਹਾਂ ਦਾ ਸਵਾਲ ਬਾਬੇ ਨਾਨਕ ਜੀ ਤੇ ਵੀ ਮੱਕੇ ਵਿਚ ਕੀਤਾ ਗਿਆ ਸੀ, ਜੋ ਕਿ ਭਾਈ ਗੁਰਦਾਸ ਜੀ ਦੀ ਕਲਮ ਬਿਆਨ ਕਰ ਰਹੀ ਹੈ :

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।

(ਵਾਰ ੧ ਪਉੜੀ ੩੩)

ਨਾ ਕੇਵਲ ਹਿੰਦੂ ਹੋਇਆਂ ਅਕਾਲ ਪੁਰਖ ਦੀ ਦਰਗਾਹ ਵਿਚ ਕੋਈ ਟਿਕਾਣਾ ਮਿਲਣਾ ਹੈ ਤੇ ਨਾ ਹੀ ਕੇਵਲ ਮੁਸਲਮਾਨ ਬਨਣ ਨਾਲ ਦਰਗਾਹ ਵਿਚ ਕੋਈ ਟਿਕਾਣਾ ਮਿਲਣਾ ਹੈ। ਖ਼ਿਆਲ ਕਰਨਾ ਕਿ ਬਾਬੇ ਨਾਨਕ ਨੇ ਸਾਨੂੰ ਵੀ ਵਿਚੇ ਹੀ ਰੱਖਿਆ ਹੈ ਕਿ ਕੇਵਲ ਸਿੱਖ ਅਖਵਾਇਆਂ ਵੀ ਦਰਗਾਹ ਵਿਚ ਟਿਕਾਣਾ ਨਹੀਂ ਜੇ ਮਿਲਣਾ, ਜੇਕਰ ਅੰਦਰ ਸਿੱਖੀ ਨਾ ਹੋਈ। ਮੱਤ ਕਿਧਰੇ ਸੋਚਿਉ ਕਿ ਅਸੀਂ ਸਿੱਖ ਹਾਂ, ਸਾਨੂੰ ਤਾਂ ਟਿਕਾਣਾ ਮਿਲ ਹੀ ਜਾਣਾ ਹੈ। ਬਾਬੇ ਨੇ ਤਾਂ ਕਿਹਾ ਕਿ ਜੇਕਰ ਸ਼ੁੱਭ ਕਰਮ ਹੋਣਗੇ ਤਾਂ ਹੀ ਟਿਕਾਣਾ ਮਿਲਣਾ ਹੈ :

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ (ਜਪੁ-੮)

ਬਾਬੇ ਨਾਨਕ ਦਾ ਕਹਿਣਾ ਹੈ ਕਿ ਦਰਗਾਹ ਵਿਚ ਤਾਂ ਚੰਗਿਆਈਆਂ ਅਤੇ ਬੁਰਿਆਈਆਂ ਦੇ ਆਧਾਰ 'ਤੇ ਟਿਕਾਣਾ ਮਿਲਣਾ ਹੈ।

ਇਕ ਵਾਰ ਕਲਗੀਧਰ ਪਾਤਸ਼ਾਹ ਦੀ ਆਗਰੇ ਦੀ ਧਰਤੀ 'ਤੇ ਬਾਦਸ਼ਾਹ ਬਹਾਦਰ ਸ਼ਾਹ ਨਾਲ ਮੁਲਾਕਾਤ ਹੋਈ। ਬਹਾਦਰ ਸ਼ਾਹ ਨੂੰ ਕਲਗੀਧਰ ਪਾਤਸ਼ਾਹ ਨੇ ਫ਼ੌਜੀ ਮਦਦ ਦੇ ਕੇ ਦਿੱਲੀ ਦਾ ਤਖ਼ਤ ਦਿਵਾਇਆ ਸੀ। ਜਦੋਂ ਔਰੰਗਜ਼ੇਬ ਦੇ ਪੁੱਤਰਾਂ ਵਿਚ ਦਿੱਲੀ ਦੇ ਤਖ਼ਤ ਦੀ ਪ੍ਰਾਪਤੀ ਲਈ ਆਪਸੀ ਭਰਾ-ਮਾਰੂ ਜੰਗ ਲੱਗੀ ਸੀ ਤੇ ਔਰੰਗਜ਼ੇਬ ਦੇ ਸਭ ਤੋਂ ਛੋਟੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਨੇ ਕਲਗੀਧਰ ਪਾਤਸ਼ਾਹ ਤੋਂ ਫ਼ੌਜੀ ਮਦਦ ਮੰਗੀ ਸੀ ਤੇ ਕਲਗੀਧਰ ਪਿਤਾ ਨੇ ਉਸ ਨੂੰ ਫ਼ੌਜੀ ਮਦਦ ਦੇ ਕੇ ਦਿੱਲੀ ਦਾ ਤਖ਼ਤ ਦਿਵਾਇਆ ਸੀ। ਜਦੋਂ ਕਲਗੀਧਰ ਪਾਤਸ਼ਾਹ ਦੀ ਬਹਾਦਰ ਸ਼ਾਹ ਨਾਲ ਆਗਰੇ ਦੀ ਧਰਤੀ 'ਤੇ ਮੁਲਾਕਾਤ ਹੋਈ ਤਾਂ ਕਲਗੀਧਰ ਪਾਤਸ਼ਾਹ ਉਸ ਦੇ ਦਰਬਾਰ ਅੰਦਰ ਨੀਲੇ ਘੋੜੇ 'ਤੇ ਸਵਾਰ ਹੋ ਕੇ ਗਏ ਸਨ। ਇਹ ਚੜ੍ਹਦੀ ਕਲਾ ਦੀ ਬਾਤ ਹੈ।

ਸ਼ਹਿਜ਼ਾਦਾ ਮੁਅੱਜ਼ਮ ਜੋ ਕਿ ਬਹਾਦਰ ਸ਼ਾਹ ਦੇ ਨਾਮ ਨਾਲ ਦਿੱਲੀ ਦੇ ਤਖ਼ਤ 'ਤੇ ਬੈਠਾ ਸੀ। ਆਪਣੇ ਤਖ਼ਤ ਦੇ ਨਾਲ ਇਕ ਹੋਰ ਤਖ਼ਤ ਲਗਵਾ ਕੇ ਕਲਗੀਧਰ ਪਾਤਸ਼ਾਹ ਨੂੰ ਉਸ ਤਖ਼ਤ 'ਤੇ ਬਿਰਾਜਮਾਨ ਕਰਵਾ ਕੇ ਇੰਨਾ ਮਾਣ-ਸਨਮਾਨ ਕਲਗੀਧਰ ਪਿਤਾ ਨੂੰ ਦਿੱਤਾ ਸੀ। ਉਸ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਨੇ ਕਲਗੀਧਰ ਪਾਤਸ਼ਾਹ ਨੂੰ ਆਪਣੇ ਦਰਬਾਰ ਦੇ ਅੰਦਰ ਹੀ ਇਕ ਸਵਾਲ ਕੀਤਾ ਸੀ ਕਿ ਸਤਿਗੁਰੂ ਜੀ, "ਮਜ਼ਬ ਤੁਮ੍ਹਾਰਾ ਖ਼ੂਬ ਕਿ ਹਮਾਰਾ ਖ਼ੂਬ।"

ਖ਼ਿਆਲ ਕਰਨਾ ! ਜੇਕਰ ਇਹੀ ਸਵਾਲ ਅੱਜ ਸਾਡੇ 'ਤੇ ਕੀਤਾ ਜਾਵੇ ਤਾਂ ਅਸੀਂ ਕਹਾਂਗੇ ਕਿ ਸਾਡਾ ਸਿੱਖ ਧਰਮ ਵਧੀਆ ਹੈ। ਮਜ਼ਬ ਦਾ ਅਰਥ ਹੈ, ਧਰਮ। ਹਿੰਦੂ ਨੇ ਕਹਿਣਾ ਹੈ ਕਿ ਹਿੰਦੂ ਧਰਮ ਵਧੀਆ ਹੈ। ਮੁਸਲਮਾਨ ਨੇ ਕਹਿਣਾ ਹੈ ਕਿ ਮੇਰਾ ਧਰਮ ਵਧੀਆ ਹੈ। ਈਸਾਈ ਨੇ ਕਹਿਣਾ ਹੈ ਕਿ ਮੇਰਾ ਧਰਮ ਵਧੀਆ ਹੈ। ਗੱਲ ਕੀ ਅਸੀਂ ਸਭ ਨੇ ਆਪਣੇ-ਆਪਣੇ ਧਰਮਾਂ ਨੂੰ ਵਧੀਆ ਅਤੇ ਦੂਸਰੇ ਦੇ ਧਰਮ ਨੂੰ ਮਾੜਾ ਹੀ ਕਹਿਣਾ ਹੈ, ਪਰ ਬਲਿਹਾਰ ਜਾਈਏ ਗੁਰੂ ਕਲਗੀਧਰ ਦੀ ਸੋਚ ਤੋਂ, ਜਿਨ੍ਹਾਂ ਨੇ ਬਾ-ਕਮਾਲ ਜੁਆਬ ਬਹਾਦਰ ਸ਼ਾਹ ਨੂੰ ਦਿੱਤਾ ਸੀ। ਬਹਾਦਰ ਸ਼ਾਹ ਨੇ ਪੁੱਛਿਆ ਕਿ ਸਤਿਗੁਰੂ ਜੀ,

"ਮਜ਼ਬ ਤੁਮ੍ਹਾਰਾ ਖੂਬ ਕਿ ਹਮਾਰਾ ਖੂਬ।"

ਤਾਂ ਕਲਗੀਧਰ ਪਾਤਸ਼ਾਹ ਨੇ ਜੁਆਬ ਦਿੱਤਾ, ਬਹਾਦਰ ਸ਼ਾਹ :

"ਤੁਮ ਕੋ ਤੁਮ੍ਹਾਰਾ ਖੂਬ, ਹਮ ਕੋ ਹਮਾਰਾ ਖੂਬ।"

ਆਹ ਹੈ ਅਸਲ ਧਰਮ ਦੀ ਬਾਤ, ਪਰ ਅਸੀਂ ਤਾਂ ਈਰਖਾ ਦੀ ਅੱਗ ਵਿਚ ਹੀ ਸੜਦੇ ਰਹੇ ਹਾਂ, ਸਾਡੀ ਸੋਚ ਇਹ ਹੈ ਕਿ ਸਾਡਾ ਧਰਮ ਤਾਂ ਬਚਦਾ ਹੈ ਜੇਕਰ ਦੂਜੇ ਦਾ ਧਰਮ ਅਸਥਾਨ ਢਾਹਾਂਗੇ।

ਜੇਕਰ ਉਹਨਾਂ ਲੋਕਾਂ ਨੇ ਬਾਬਾ ਬੁੱਲ੍ਹੇ ਸ਼ਾਹ ਨੂੰ ਕਦੀ ਪੜ੍ਹ ਲਿਆ ਹੁੰਦਾ ਤਾਂ ਸ਼ਾਇਦ ਉਹ ਇਹੋ ਜਿਹਾ ਕਰਮ ਨਾ ਕਰਦੇ। ਬੁੱਲ੍ਹੇ ਸ਼ਾਹ ਪਤਾ ਕੀ ਕਹਿੰਦਾ ਹੈ :

ਮੰਦਰ ਢਾਹ ਦੇ, ਮਸਜਿਦ ਢਾਹ ਦੇ, ਢਾਹ ਦੇ ਜੋ ਕੁਝ ਢਹਿੰਦਾ ਈ।
ਐ ਪਰ ਕਿਸੇ ਦਾ ਦਿਲ ਨਾ ਢਾਹਵੀਂ, ਦਿਲ ਦੇ ਵਿਚ ਰੱਬ ਰਹਿੰਦਾ ਈ।

ਮੁਆਫ਼ ਕਰਨਾ, ਕੌਣ ਆਖੇਗਾ ਕਿ ਬਾਬਰੀ ਮਸਜਿਦ ਢਾਹ ਕੇ ਰੱਬ ਨੂੰ ਖ਼ੁਸ਼ ਕੀਤਾ ਹੋਵੇਗਾ, ਅਸੀਂ ਮੂਰਖ ਲੋਕ ਰਾਜਨੀਤਕ ਲੋਕਾਂ ਦੀਆਂ ਚਾਲਾਂ ਵਿਚ ਆ ਕੇ ਆਪਸ ਵਿਚ ਹੀ ਲੜੀ-ਮਰੀ ਜਾਂਦੇ ਹਾਂ।

ਕਲਗੀਧਰ ਪਾਤਸ਼ਾਹ ਦਾ ਜਵਾਬ ਪੱਲੇ ਬੰਨ੍ਹਣ ਦੀ ਲੋੜ ਹੈ। ਕਹਿੰਦੇ ਕਿ ਬਹਾਦਰ ਸ਼ਾਹ ! "ਤੁਮਕੋ ਤੁਮ੍ਹਾਰਾ ਖੂਬ, ਹਮ ਕੋ ਹਮਾਰਾ ਖੂਬ।" ਗੁਰੂ ਕਲਗੀਧਰ ਪਾਤਸ਼ਾਹ ਨੇ ਗਨੀ ਖ਼ਾਂ, ਨਬੀ ਖ਼ਾਂ ਨੂੰ ਕਦੀ ਨਹੀਂ ਸੀ ਆਖਿਆ ਕਿ ਤੁਸੀਂ ਮੇਰੇ ਨਾਲ ਤਾਂ ਹੀ ਰਹਿ ਸਕਦੇ ਹੋ ਜੇਕਰ ਤੁਸੀਂ ਗਨੀ ਸਿੰਘ ਨਬੀ ਸਿੰਘ ਬਣ ਜਾਓਗੇ। ਕਲਗੀਧਰ ਪਾਤਸ਼ਾਹ ਨੇ ਤਾਂ ਆਖਿਆ ਸੀ ਕਿ ਤੁਸੀਂ ਭਾਵੇਂ ਗਨੀ ਖ਼ਾਂ, ਨਬੀ ਖ਼ਾਂ ਹੀ ਬਣੇ ਰਹੋ, ਪਰ ਉਸ ਅਕਾਲ ਪੁਰਖ ਨਾਲ ਜੁੜੇ ਰਹੋ। ਤੇ ਇਧਰ ਕਲਗੀਧਰ ਪਾਤਸ਼ਾਹ ਦੇ ਲਾਡਲੇ ਕਹਿ ਰਹੇ ਹਨ :

ਤਅਲੀਮ ਜ਼ੋਰ ਕੀ ਕਹੀਂ ਕੁਰਾਨ ਮੇਂ ਨਹੀਂ।
ਖੂਬੀ ਤੁਮ੍ਹਾਰੇ ਸ਼ਾਹ ਕੇ ਈਮਾਨ ਮੇਂ ਨਹੀਂ।

ਕਹਿੰਦੇ "ਜਿਹੜੇ ਧਰਮ ਦੀ ਬਾਤ ਤੂੰ ਕਰ ਰਿਹਾ ਏਂ, ਤੂੰ ਤਾਂ ਕੁਰਾਨ ਨੂੰ ਸਿਰਫ਼ ਇਕ ਧਾਰਮਿਕ ਪੁਸਤਕ ਕਿਹਾ ਹੋਵੇਗਾ, ਪਰ ਅਸੀਂ ਧਰਮ ਪੁਸਤਕ ਦੀ ਵਿਚਾਰ ਨੂੰ ਸਮਝਿਆ ਹੈ। ਉਸ ਧਰਮ ਪੁਸਤਕ ਕੁਰਾਨ ਵਿਚ ਕੋਈ ਜਬਰ ਜ਼ੁਲਮ ਦੀ ਸਿੱਖਿਆ ਨਹੀਂ ਹੈ ਤੇ ਜਿਹੜੇ ਸ਼ਾਹ ਔਰੰਗਜ਼ੇਬ ਦਾ ਧਰਮ ਧਾਰਨ ਕਰਨ ਲਈ ਤੂੰ ਸਾਨੂੰ ਕਹਿ ਰਿਹਾ ਏਂ, ਉਹ ਤੁਹਾਡਾ ਸ਼ਾਹ ਸਿਰੇ ਦਾ ਬੇਈਮਾਨ ਹੈ। ਜਿਹੜਾ ਕੁਰਾਨ ਦੀਆਂ ਝੂਠੀਆਂ ਕਸਮਾਂ ਖਾ ਕੇ ਉਹਨਾਂ ਨੂੰ ਤੋੜ ਦਿੰਦਾ ਹੈ। ਐ ਵਜ਼ੀਰ ਖ਼ਾਂ ! ਤੂੰ ਕਿਹੜੇ ਧਰਮ ਦੀ ਗੱਲ ਕਰ ਰਿਹਾ ਏਂ ?"

ਔਰੰਗਜ਼ੇਬ ਡਰਤਾ ਨਹੀਂ ਹੈ ਗੁਨਾਹ ਸੇ।
ਬੇਕਸ ਕੇ ਇਜ਼ਤਿਰਾਬ ਸੇ ਦੁਖੀਓਂ ਕੀ ਆਹ ਸੇ।

"ਉਹ ਔਰੰਗਜ਼ੇਬ ਜਿਹੜਾ ਧੱਕੇ ਨਾਲ, ਜਬਰ ਜ਼ੁਲਮ ਦੇ ਨਾਲ ਲੋਕਾਂ ਨੂੰ ਮੁਸਲਮਾਨ ਬਣਾ ਰਿਹਾ ਏ। ਉਹ ਦੀਨ ਦੁਖੀਆਂ, ਨਿਮਾਣਿਆਂ ਦੀ ਹਾਹਾਕਾਰ ਤੋਂ ਵੀ ਨਹੀਂ ਡਰਦਾ, ਤੂੰ ਕਿਹੜੇ ਔਰੰਗਜ਼ੇਬ ਦੀਆਂ ਬਾਤਾਂ ਕਰਦਾ ਏਂ ਸਾਡੇ ਨਾਲ।"

ਮਜ਼ਹਬ ਬਦਲ ਰਹਾ ਹੈ ਵੁਹ ਜ਼ੋਰਿ ਸਿਪਾਹ ਸੇ।
ਫੈਲਾਨਾ ਦੀਨ ਪਾਪ ਹੈ ਜਬਰੋ ਕਰਾਹ ਸੇ।

"ਉਹ ਦੁਨੀਆਂ ਦੇ ਦੂਸਰੇ ਧਰਮਾਂ ਵਾਲਿਆਂ ਦਾ ਧਰਮ ਜ਼ਬਰਦਸਤੀ ਬਦਲ ਰਿਹਾ ਹੈ ਤੇ ਜ਼ਬਰਦਸਤੀ ਧੱਕੇ ਨਾਲ ਕਿਸੇ ਦਾ ਧਰਮ ਬਦਲਣਾ ਪਾਪ ਹੈ।" ਔਰੰਗਜ਼ੇਬ ਦੇ ਇਸ ਪਾਪ ਦਾ ਭਾਂਡਾ ਵਜ਼ੀਰ ਖ਼ਾਂ ਦੀ ਕਚਹਿਰੀ ਵਿਚ ਸਾਹਿਬਜ਼ਾਦੇ 6-8 ਸਾਲ ਦੀ ਸਰੀਰਕ ਆਰਜਾ ਵਿਚ ਭੰਨ ਰਹੇ ਹਨ।

ਲਿਖਾ ਹੈ ਸਾਫ਼ ਸਾਫ਼ ਤੁਮ੍ਹਾਰੀ ਕਿਤਾਬ ਮੇਂ।
ਫੈਲਾਓ ਦੀਂ ਬਜਬ੍ਰ ਨਾ ਤੁਮ ਸ਼ੈਖ਼ੋਂ ਸ਼ਾਬ ਮੇਂ।

ਕਹਿੰਦੇ, ਇਹ ਤੁਹਾਡੀ ਧਰਮ ਦੀ ਕਿਤਾਬ ਵਿਚ ਇਹ ਲਿਖਿਆ ਹੈ ਕਿ ਜਬਰੋ ਜ਼ੁਲਮ ਦੀ ਕੋਈ ਵੀ ਧਰਮ ਆਗਿਆ ਨਹੀਂ ਦਿੰਦਾ, ਪਰ ਤੂੰ ਤੇ ਤੇਰਾ ਬਾਦਸ਼ਾਹ ਔਰੰਗਜ਼ੇਬ ਜਬਰ ਜ਼ੁਲਮ ਕਰ ਕੇ ਧੱਕੇ ਨਾਲ ਇਹ ਸਾਰਾ ਕੰਮ ਕਰ ਰਹੇ ਹੋ। ਤੁਸੀਂ ਉਹ ਕੰਮ ਕਰ ਰਹੇ ਹੋ, ਜਿਸ ਦੀ ਆਗਿਆ ਤੁਹਾਡਾ ਧਰਮ ਗ੍ਰੰਥ ਕਦਾਚਿਤ ਨਹੀਂ ਦਿੰਦਾ।

ਸਾਹਿਬਜ਼ਾਦੇ ਬੇ-ਖ਼ੌਫ਼ ਹਨ ਤੇ ਵਜ਼ੀਰ ਖ਼ਾਂ ਨਾਲ ਇਹ ਵਾਰਤਾ ਕਰ ਰਹੇ ਹਨ;

ਪੜ੍ਹ ਕੇ ਕੁਰਾਨ ਬਾਪ ਤੋ ਕਰਤਾ ਜੁ ਕੈਦ ਹੋ।
ਮਰਨਾ ਪਿਤਾ ਕਾ ਜਿਸ ਕੋ ਖ਼ੁਸ਼ੀ ਕੀ ਨਵੈਦ ਹੋ।

ਉਹ ਔਰੰਗਜ਼ੇਬ ਜਿਹੜਾ ਆਪਣੇ ਬਾਪ ਨੂੰ ਕੈਦਖ਼ਾਨੇ ਵਿਚ ਸੁੱਟ ਕੇ, ਉਡੀਕ

ਕਰਦਾ ਸੀ ਕਿ ਉਹ ਕਦੋਂ ਮਰੇਗਾ ?

ਖ਼ਿਆਲ ਕਰਿਉ ! ਬਾਦਸ਼ਾਹ ਜਹਾਂਗੀਰ, ਜਿਸ ਦਾ ਪਹਿਲਾ ਨਾਮ ਸ਼ਹਿਜ਼ਾਦਾ ਸਲੀਮ ਸੀ। ਹਿੰਦੁਸਤਾਨ ਦੇ ਇਤਿਹਾਸ ਅੰਦਰ ਮੁਗ਼ਲ ਕਾਲ ਦੀ ਹਿਸਟਰੀ ਪੜ੍ਹ ਲਓ, ਮੁਗ਼ਲ ਕਾਲ ਦੇ ਵਿਚ ਸਭ ਤੋਂ ਲੰਮਾ ਸਮਾਂ ਬਾਦਸ਼ਾਹਤ ਅਕਬਰ ਨੇ ਕੀਤੀ ਹੈ ਤੇ ਸਭ ਤੋਂ ਵਧੀਆ ਤੇ ਸੁਚੱਜਾ ਮੁਗ਼ਲ ਰਾਜ ਵੀ ਅਕਬਰ ਨੇ ਕੀਤਾ ਹੈ ਤੇ ਅਕਬਰ ਬਾਦਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਪਾਸ ਗੋਇੰਦਵਾਲ ਸਾਹਿਬ ਵਿਖੇ ਦਰਸ਼ਨਾਂ ਲਈ ਆਇਆ ਸੀ।

ਪਰ ਦੂਸਰੀ ਤਰਫ਼ ਮੁਗ਼ਲ ਰਾਜ ਵਿਚ ਇਹ ਇਹਨਾਂ ਦਾ ਸੁਭਾਓ ਰਿਹਾ ਹੈ ਕਿ ਸ਼ਹਿਜ਼ਾਦਾ ਸਲੀਮ ਜਿਹੜਾ ਜਹਾਂਗੀਰ ਦੇ ਨਾਮ ਨਾਲ ਤਖ਼ਤ 'ਤੇ ਬੈਠਾ ਸੀ, ਉਸ ਨੇ ਬਾਰ-ਬਾਰ ਆਪਣੇ ਬਾਪ ਅਕਬਰ ਨੂੰ ਮਾਰਨ ਦਾ ਯਤਨ ਕੀਤਾ ਸੀ। ਇਕ ਵਾਰ ਉਸ ਨੇ ਆਪਣੇ ਬਾਪ ਨੂੰ ਖਾਣੇ ਵਿਚ ਜ਼ਹਿਰ ਵੀ ਦੇ ਦਿੱਤਾ ਸੀ। ਇਸ ਲਈ ਕਿ ਕਦੋਂ ਮੇਰਾ ਬਾਪ ਮਰੇ ਤੇ ਮੇਰੀ ਤਖ਼ਤ 'ਤੇ ਬੈਠਣ ਦੀ ਵਾਰੀ ਆਵੇ।

ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੂੰ ਵੀ ਉਸ ਦੇ ਪੁੱਤਰ ਔਰੰਗਜ਼ੇਬ ਨੇ 1658 ਈ. ਵਿਚ ਕੈਦ ਕੀਤਾ ਸੀ ਤੇ 8 ਸਾਲ ਤੱਕ ਸ਼ਾਹਜਹਾਨ ਨੂੰ ਕੈਦਖ਼ਾਨੇ ਵਿਚ ਸੁੱਟ ਛੱਡਿਆ ਸੀ ਤੇ 1666 ਈ. ਵਿਚ ਕੈਦਖਾਨੇ ਵਿਚ ਹੀ ਸ਼ਾਹਜਹਾਨ ਦੀ ਮੌਤ ਹੋ ਗਈ ਸੀ। ਜਿਹੜਾ ਆਪਣੇ ਬਾਪ ਦਾ ਸਕਾ ਨਹੀਂ ਹੋਇਆ, ਉਹ ਕਿਹੜੇ ਧਰਮ ਦੀ ਗੱਲ ਕਰੇਗਾ ?

ਕਤਲੇ ਬਰਾਦਰਾਂ ਜਿਸੇ ਮਾਮੂਲੀ ਸੈਦ ਹੋ।
ਨੇਕੀ ਕੀ ਇਸ ਸੇ ਖ਼ਲਕ ਕੋ ਫਿਰ ਕਯਾ ਉਮੇਦ ਹੋ।

ਆਪਣੇ ਭਰਾਵਾਂ ਨੂੰ ਮਾਰਨਾ, ਜਿਸ ਲਈ ਮਾਮੂਲੀ ਗੱਲ ਹੋਵੇ, ਉਸ ਕੋਲੋਂ ਤੂੰ ਨੇਕੀ ਦੀ ਕੀ ਉਮੀਦ ਰੱਖ ਸਕਦਾ ਏਂ। ਵਜ਼ੀਰ ਖ਼ਾਂ ਜਿਹੜਾ ਆਪਣੇ ਬਾਪ ਦਾ ਸਕਾ ਨਹੀਂ, ਉਹ ਆਪਣੀ ਪਰਜਾ ਦਾ ਸਕਾ ਕਿਵੇਂ ਹੋ ਸਕਦਾ ਹੈ ?

ਜ਼ਰਾ ਹੋਰ ਵੇਖਿਓ, ਜਿਉਂ-ਜਿਉਂ ਅਸੀਂ ਇਤਿਹਾਸ ਦੀ ਪੜਚੋਲ ਕਰਾਂਗੇ ਤਾਂ ਹੋਰ ਵੀ ਸਚਾਈਆਂ ਸਾਹਮਣੇ ਆਉਂਦੀਆਂ ਜਾਣਗੀਆਂ। ਔਰੰਗਜ਼ੇਬ ਦੀ ਲੜਕੀ, ਜਿਸ ਦਾ ਨਾਮ ਸੀ ਜ਼ੈਬੁਲ-ਨਿਸ਼ਾਂ। ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਲੜਕੀ ਜ਼ੈਬੁਲ-ਨਿਸ਼ਾਂ ਦਾ ਨਿਕਾਹ ਹੀ ਨਹੀਂ ਸੀ ਕੀਤਾ, ਉਸ ਦਾ ਕਾਰਨ ਪਤਾ ਕੀ ਸੀ ? ਔਰੰਗਜ਼ੇਬ ਦੀ ਸੋਚ ਇਹ ਸੀ ਕਿ ਜੇਕਰ ਮੈਂ ਆਪਣੀ ਲੜਕੀ ਦਾ ਨਿਕਾਹ ਕਰ ਦਿੱਤਾ ਤਾਂ ਕਿਧਰੇ ਮੇਰਾ ਜਵਾਈ (ਦਾਮਾਦ) ਹੀ ਮੇਰੇ ਕੋਲੋਂ ਰਾਜ ਨਾ ਖੋਹ ਲਵੇ। ਆਹ ਹੈ ਬਾਦਸ਼ਾਹ ਔਰੰਗਜ਼ੇਬ ਦਾ ਚਰਿਤਰ ਤੇ ਉਸ ਦੀ ਸੋਚ।

ਸਾਹਿਬਜ਼ਾਦੇ ਔਰੰਗਜ਼ੇਬ ਦੀ ਸਚਾਈ, ਵਜ਼ੀਰ ਖ਼ਾਂ ਦੇ ਸਾਹਮਣੇ, ਕਚਹਿਰੀ ਦੇ

ਵਿਚ ਬਿਆਨ ਕਰਦਿਆਂ ਕਹਿੰਦੇ ਹਨ :

ਗੈਰੋਂ ਪਰ ਫਿਰ ਵੁਹ ਜ਼ੋਰ ਕਰੇ ਯਾ ਜ਼ਫਾ ਕਰੇ।
ਹਮ ਕਯਾ ਕਹੇਂ ਕਿਸੀ ਕੋ ਹਿਦਾਯਤ ਖ਼ੁਦਾ ਕਰੇ।

"ਐ ਵਜ਼ੀਰ ਖ਼ਾਂ ! ਅਸੀਂ ਕੀ ਕਰੀਏ, ਜਿਹੜਾ ਆਪਣਿਆਂ 'ਤੇ ਜਬਰ ਜ਼ੁਲਮ ਕਰ ਸਕਦਾ ਹੈ, ਉਹ ਦੂਸਰਿਆਂ ਨੂੰ ਕਦ ਬਖ਼ਸ਼ੇਗਾ। ਖ਼ੁਦਾ ਨੇ ਤਾਂ ਉਸ ਦੀ ਮੱਤ ਹੀ ਮਾਰੀ ਹੋਈ ਹੈ। ਇਸ ਵਿਚ ਹੁਣ ਅਸੀਂ ਕੀ ਕਰੀਏ ?"

ਹਦ ਸੇ ਬੜਾ ਹੂਆ ਹੀ ਜੁ ਜ਼ਾਲਿਮ ਬਸ਼ਰ ਹੂਆ।
ਮੌਲਾ ਕਾ ਖ਼ੌਫ ਜਿਸ ਕੋ ਨਾ ਹਾਦੀ ਕਾ ਡਰ ਹੂਆ।
ਮੁਸਲਿਮ ਕਹਾ ਕੇ ਹਾਏ ਜੋ ਕੋਤਾਹ-ਨਜ਼ਰ ਹੂਆ।
ਸਰਮਦ ਕੇ ਕਤਲ ਸੇ ਭੀ ਨਾ ਜਿਸ ਕੋ ਹਜ਼ਰ ਹੂਆ।

"ਉਹ ਆਪਣੇ ਜ਼ੁਲਮਾਂ ਨੂੰ ਇੰਨਾ ਵਧਾ ਬੈਠਾ ਹੈ ਕਿ ਉਸ ਨੂੰ ਅਕਾਲ ਪੁਰਖ ਦਾ ਵੀ ਡਰ ਨਹੀਂ ਹੈ। ਉਸ ਦੇ ਜੀਵਨ ਵਿਚ ਡਰ ਨਾਮ ਦੀ ਕੋਈ ਚੀਜ਼ ਹੈ ਹੀ ਨਹੀਂ। ਬਾਦਸ਼ਾਹ ਔਰੰਗਜ਼ੇਬ ਕਾਹਦਾ ਮੁਸਲਮਾਨ ਹੈ, ਜਿਸ ਨੇ ਦਿੱਲੀ ਦੇ ਵਿਚ 'ਸਰਮਦ' ਨਾਮ ਦੇ ਫ਼ਕੀਰ ਨੂੰ ਵੀ ਕਤਲ ਕਰ ਦਿੱਤਾ ਸੀ।"

'ਸਰਮਦ' ਇਕ ਫ਼ਕੀਰ ਸੀ ਤੇ ਦਿੱਲੀ ਦੀਆਂ ਸੜਕਾਂ 'ਤੇ ਨੰਗਾ ਹੀ ਘੁੰਮਦਾ ਰਹਿੰਦਾ ਸੀ। ਕਿਸੇ ਨੇ ਬਾਦਸ਼ਾਹ ਔਰੰਗਜ਼ੇਬ ਪਾਸ ਸਰਮਦ ਫ਼ਕੀਰ ਦੀ ਸ਼ਿਕਾਇਤ ਕਰ ਦਿੱਤੀ ਸੀ। ਔਰੰਗਜ਼ੇਬ ਨੇ ਸਰਮਦ ਫ਼ਕੀਰ ਨੂੰ ਆਪਣੇ ਕੋਲ ਬੁਲਾ ਕੇ ਪੁੱਛਿਆ, "ਤੂੰ ਸੜਕਾਂ 'ਤੇ ਕਿਉਂ ਨੰਗਾ ਘੁੰਮਦਾ ਏਂ ?" ਸਰਮਦ ਫ਼ਕੀਰ ਨੇ ਜਵਾਬ ਦਿੱਤਾ, "ਬਾਦਸ਼ਾਹ ਸਲਾਮਤ ਮੈਂ ਤਾਂ ਸਰੀਰਕ ਕੱਪੜਿਆਂ ਤੋਂ ਨੰਗਾ ਹਾਂ ਤੇ ਤੂੰ ਆਪਣੇ ਬੁਰੇ ਕਰਮਾਂ ਕਰ ਕੇ ਨੰਗਾ ਏਂ।" ਸਰਮਦ ਫ਼ਕੀਰ ਨੇ ਬਾਦਸ਼ਾਹ ਦੇ ਪਾਪਾਂ ਦਾ ਕੱਚਾ ਚਿੱਠਾ ਖੋਲ੍ਹ ਕੇ ਬਾਦਸ਼ਾਹ ਦੇ ਅੰਦਰਲੇ ਕੁਕਰਮਾਂ ਕਾਰਣ ਭਰੇ ਦਰਬਾਰ ਵਿਚ ਉਸ ਨੂੰ ਨੰਗਿਆ ਕਰ ਦਿੱਤਾ ਸੀ। ਬਾਦਸ਼ਾਹ ਔਰੰਗਜ਼ੇਬ ਸਰਮਦ ਫ਼ਕੀਰ ਦੀ ਸਚਾਈ ਤੋਂ ਇੰਨਾ ਭੜਕਿਆ ਕਿ ਉਸ ਨੇ ਗ਼ੁੱਸੇ ਵਿਚ ਆ ਕੇ ਸੰਨ 1661 ਵਿਚ ਸਰਮਦ ਫ਼ਕੀਰ ਨੂੰ ਕਤਲ ਕਰਵਾ ਦਿੱਤਾ। ਕੈਸਾ ਮਨੁੱਖ ਹੈ ਔਰੰਗਜ਼ੇਬ, ਜੋ ਸਰਮਦ ਵਰਗੇ ਫ਼ਕੀਰਾਂ ਨੂੰ ਵੀ ਕਤਲ ਕਰਵਾ ਦਿੰਦਾ ਹੈ।

ਮੈਂ ਬੇਨਤੀ ਕਰ ਰਿਹਾ ਸੀ ਕਿ ਸਾਹਿਬਜ਼ਾਦੇ ਭਰੀ ਕਚਹਿਰੀ ਵਿਚ ਵਜ਼ੀਰ ਖ਼ਾਂ ਨੂੰ ਕਹਿ ਰਹੇ ਹਨ :

ਬੁਲਵਾ ਕੇ ਦਿੱਲੀ ਤੇਗ਼ ਬਹਾਦਰ ਕੀ ਜਾਨ ਲੀ।
ਮਰਨੇ ਕੀ ਹਮ ਨੇ ਭੀ ਹੈ ਜਬੀ ਆਨ ਠਾਨ ਲੀ।

ਉਹ ਔਰੰਗਜ਼ੇਬ ਬਾਦਸ਼ਾਹ, ਜਿਸ ਨੇ ਆਪ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਬੁਲਾਇਆ ਸੀ ਤੇ ਬੁਲਾ ਕੇ 1675 ਈ. ਵਿਚ ਸ਼ਹੀਦ ਕਰ ਦਿੱਤਾ ਸੀ ਤੇ ਅਸੀਂ ਵੀ ਉਸ ਦਾਦੇ ਦੇ ਪੋਤੇ ਹਾਂ, ਅਸੀਂ ਵੀ ਮਰਨ ਨੂੰ ਤਿਆਰ ਹਾਂ :

ਜ਼ਾਲਿਮ ਕਾ ਦੀਨ ਕਿਸ ਲੀਏ ਕਰਨੇ ਲਗੇ ਕਬੂਲ।
ਤਬਦੀਲੀਏ ਮਜ਼ਹਬ ਸੇ ਨਹੀਂ ਕੁਛ ਭੀ ਹੈ ਹਸੂਲ।

ਅਸੀਂ ਉਸ ਜ਼ਾਲਿਮ ਔਰੰਗਜ਼ੇਬ ਦਾ ਧਰਮ ਕਦੀ ਵੀ ਕਬੂਲ ਕਰਨ ਨੂੰ ਤਿਆਰ ਨਹੀਂ ਹਾਂ। ਸਾਨੂੰ ਪਤਾ ਹੈ ਕਿ ਧਰਮ ਛੱਡਣ ਦੇ ਨਾਲ ਉਸ ਅਕਾਲ ਪੁਰਖ ਦੀ ਦਰਗਾਹ ਵਿਚ ਕਦੀ ਵੀ ਟਿਕਾਣਾ ਨਹੀਂ ਮਿਲਦਾ ਤੇ ਅਸੀਂ ਇਥੇ ਤੇਰੇ ਕੋਲ ਧਰਮ ਤਿਆਗਣ ਲਈ ਨਹੀਂ ਆਏ ਤੇ ਨਾ ਹੀ ਧਰਮ ਬਦਲਣ ਲਈ ਆਏ ਹਾਂ।

ਤੌਹੀਦ ਕੇ ਸਿਵਾ ਹੈਂ ਯਿਹ ਬਾਤੇਂ ਹੀ ਸਭ ਫ਼ਜ਼ੂਲ।
ਮਨਵਾਨੇ ਵਾਹਗੁਰੂ ਕੋ ਹੀ ਆਏ ਥੇ ਸਭ ਰਸੂਲ।

ਇਸ ਧਰਤੀ 'ਤੇ ਜਿੰਨੇ ਵੀ ਪੀਰ ਪੈਗੰਬਰ ਆਏ ਹਨ, ਸਾਰੇ ਹੀ ਇਕ ਅਕਾਲ ਪੁਰਖ ਪਰਮੇਸ਼੍ਵਰ ਦੀ ਬਾਤ ਹੀ ਮੰਨਵਾਉਣ ਲਈ ਆਏ ਹਨ, ਪਰ ਹਾਂ ਨਾਮ ਜਪਣ ਵਾਲਿਆਂ ਲਈ ਉਸ ਦੇ ਨਾਮ ਵੱਖਰੇ-ਵੱਖਰੇ ਹੋ ਸਕਦੇ ਹਨ, ਪਰ ਹੈ ਉਹ ਇਕ ਹੀ।

ਕੁਝ ਬੁਤ ਪ੍ਰਸਤ ਭੀ ਨਹੀਂ, ਨ ਬੁਤ-ਸ਼ਿਕਨ ਹੈ ਹਮ।
ਅੰਮ੍ਰਿਤ ਛਕਾ ਹੈ ਜਬ ਸੇ ਨਿਹਾਯਤ ਮਗਨ ਹੈਂ ਹਮ।

ਜੇਕਰ ਅਸੀਂ ਬੁੱਤ ਪੂਜਦੇ ਨਹੀਂ ਹਾਂ ਤਾਂ ਫਿਰ ਬੁੱਤਾਂ ਨੂੰ ਤੋੜਦੇ ਵੀ ਨਹੀਂ ਹਾਂ, ਇਹ ਸਾਡੇ ਗੁਰੂ ਨਾਨਕ ਦੇ ਘਰ ਦਾ ਸਿਧਾਂਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਸਾਨੂੰ ਸਮਝਾਉਂਦੀ ਹੈ :

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥

(ਸੋਰਠਿ ਕਬੀਰ ਜੀ-੬੫੪)

ਬੰਦਿਆ ਐਵੇਂ ਫੋਕੇ ਧਰਮ ਦੇ ਝਗੜਿਆਂ ਵਿਚ ਤੂੰ ਉਸ ਅਕਾਲ ਪੁਰਖ ਨੂੰ ਕਿਉਂ ਭੁੱਲੀ ਜਾ ਰਿਹਾ ਏਂ। ਜਿਹੜਾ ਰੱਬ ਤੇਰੇ ਵਿਚ ਵਸਦਾ ਹੈ, ਉਹੀ ਰੱਬ ਦੂਸਰਿਆਂ ਵਿਚ ਵੀ ਵੱਸਦਾ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

(ਧਨਾਸਰੀ ਮਹਲਾ ੧-੧੩)

ਇਹ ਨਹੀਂ ਕਿ ਸਿੱਖ ਦੇ ਅੰਦਰ ਕੋਈ ਵਧੀਆ ਜੋਤ ਹੈ ਤੇ ਉਹ ਜੋਤ ਦੂਸਰਿਆਂ ਵਿਚ ਨਹੀਂ ਹੈ, ਨਹੀਂ ਸਾਰਿਆਂ ਵਿਚ ਬਰਾਬਰ ਦੀ ਰੱਬੀ ਜੋਤ ਹੈ।

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਸਾਨੂੰ ਕਹਿ ਰਹੇ ਹਨ, ਪਰ ਸਾਨੂੰ ਤਾਂ ਆਪਣੇ ਅੰਦਰ ਦੀ ਜੋਤ ਦੀ ਪਹਿਚਾਣ ਹੀ ਨਹੀਂ ਹੈ ਤੇ ਅਸੀਂ ਦੂਸਰਿਆਂ ਦੀ ਅੰਦਰਲੀ ਜੋਤ ਨੂੰ ਕਿਵੇਂ ਪਹਿਚਾਣ ਸਕਦੇ ਹਾਂ। ਅਸੀਂ ਤਾਂ ਆਪਣੀ ਜੋਤ ਨੂੰ ਹੀ ਕਾਲਖ ਨਾਲ ਢੱਕ ਲਿਆ। ਆਹ ਜੇ ਸਾਡੀ ਹਾਲਤ।

ਸਾਹਿਬਜ਼ਾਦੇ, ਵਜ਼ੀਰ ਖ਼ਾਂ ਨੂੰ ਕਹਿ ਰਹੇ ਹਨ ਕਿ ਅਸੀਂ ਬੁੱਤਾਂ ਨੂੰ ਪੂਜਣ ਵਾਲੇ ਨਹੀਂ ਤੇ ਨਾ ਹੀ ਬੁੱਤਾਂ ਨੂੰ ਤੋੜਣ ਵਾਲੇ ਹਾਂ। ਜਦੋਂ ਦਾ ਅਸੀਂ ਅੰਮ੍ਰਿਤਪਾਨ ਕੀਤਾ ਹੈ, ਸਾਡੇ ਅੰਦਰ ਵੈਰ, ਵਿਰੋਧ, ਦੂਈ-ਦਵੈਸ਼ ਵਾਲੀ ਭਾਵਨਾ ਪੂਰੀ ਤਰ੍ਹਾਂ ਖ਼ਤਮ ਹੋ ਗਈ ਹੈ।

ਅੱਜ ਸਾਡੇ ਵਿਚ ਬਹੁ-ਗਿਣਤੀ ਉਹਨਾਂ ਵੀਰਾਂ, ਭੈਣਾਂ ਦੀ ਹੈ ਕਿ ਜਦੋਂ ਅੰਮ੍ਰਿਤ ਦੀ ਗੱਲ ਚਲਦੀ ਹੈ ਤਾਂ ਉਹ ਕਹਿੰਦੇ ਹਨ ਕਿ ਨਹੀਂ ਜੀ ਅੰਮ੍ਰਿਤ ਦੀ ਕੀ ਲੋੜ ਹੈ, ਬਾਣੀ ਪੜ੍ਹਨੀ ਚਾਹੀਦੀ ਹੈ। ਜੀ ਅਸੀਂ ਗੁਰਦੁਆਰੇ ਵੀ ਜਾਂਦੇ ਹਾਂ, ਬਾਣੀ ਵੀ ਪੜ੍ਹਦੇ ਹਾਂ, ਸੰਗਤ ਵੀ ਕਰਦੇ ਹਾਂ, ਜੇਕਰ ਅੰਮ੍ਰਿਤ ਨਹੀਂ ਛੱਕਿਆ ਤਾਂ ਫਿਰ ਕੀ ਹੈ, ਸਾਡਾ ਮਨ ਤਾਂ ਸਾਫ਼ ਹੈ ਨਾ ਆਦਿ। ਪਰ ਕਲਗੀਧਰ ਪਾਤਸ਼ਾਹ ਦੇ ਬਚਨਾਂ ਨੂੰ ਯਾਦ ਰੱਖੋ। ਕਲਗੀਧਰ ਪਾਤਸ਼ਾਹ ਪਤਾ ਜੇ ਕੀ ਆਖਦੇ ਨੇ :

ਧਰੇ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿੱਖ॥
ਮੇਰਾ ਦਰਸ਼ਨ ਨਾਹਿ ਤਿਸ, ਪਾਪੀ ਤਿਆਗੇ ਭਿੱਖ॥

ਇਹ ਗੁਰੂ ਕਲਗੀਧਰ ਪਾਤਸ਼ਾਹ ਦਾ ਬਚਨ ਹੈ ਕਿ ਅੰਮ੍ਰਿਤ ਤੋਂ ਬਿਨਾਂ ਕੇਸਾਧਾਰੀ ਸਿੱਖ ਭੇਖੀ ਹੈ ਤੇ ਉਸ ਨੂੰ ਮੇਰੇ ਦਰਸ਼ਨ ਨਹੀਂ ਹੋ ਸਕਦੇ। ਗੁਰੂ ਦੇ ਬਖ਼ਸ਼ੇ ਹੋਏ ਖੰਡੇ ਬਾਟੇ ਦੀ ਪਾਹੁਲ ਛਕਣ ਤੋਂ ਬਿਨਾਂ ਦਰਸ਼ਨ ਨਹੀਂ ਹੋ ਸਕਦੇ। ਹੁਣ ਦੱਸੋ ! ਕੌਣ ਐਸਾ ਹੋਵੇਗਾ ਜੋ ਗੁਰੂ ਕਲਗੀਧਰ ਪਾਤਸ਼ਾਹ ਦੇ ਦਰਸ਼ਨ ਨਹੀਂ ਕਰਨਾ ਚਾਹੇਗਾ। ਕੌਣ ਗੁਰੂ ਕਲਗੀਧਰ ਤੋਂ ਦੂਰ ਰਹਿਣਾ ਚਾਹੇਗਾ, ਪਰ ਅਸੀਂ ਗੁਰੂ ਸਾਹਿਬ ਦੇ ਹੁਕਮ ਨੂੰ ਮੰਨਣ ਲਈ ਤਿਆਰ ਨਹੀਂ ਹਾਂ।

ਮੈਂ ਇਥੇ ਗੁਰੂ ਕਲਗੀਧਰ ਦੇ ਜੀਵਨ ਦੀ ਇਕ ਬਾਤ ਕਹਿਣੀ ਚਾਹਾਂਗਾ, ਬੜੀ ਕਮਾਲ ਦੀ ਬਾਤ ਹੈ। ਜਦੋਂ ਕਲਗੀਧਰ ਪਾਤਸ਼ਾਹ ਨੇ ਆਪ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਜਾਚਨਾ ਕੀਤੀ ਸੀ, ਉਸ ਸਮੇਂ ਉਨ੍ਹਾਂ 'ਤੇ ਕੋਈ ਦਬਾਅ ਨਹੀਂ ਸੀ, ਕੋਈ ਜ਼ਰੂਰੀ ਨਹੀਂ ਸੀ, ਜੇਕਰ ਉਹ ਆਪ ਅੰਮ੍ਰਿਤ ਦੀ ਦਾਤ ਨਾ ਵੀ ਲੈਂਦੇ ਤਾਂ ਵੀ ਕਲਗੀਧਰ ਦੀ ਮਹਿਮਾ ਨਹੀਂ ਸੀ ਘਟਾਈ ਜਾ ਸਕਦੀ।

ਪਰ ਕਲਗੀਧਰ ਪਾਤਸ਼ਾਹ ਨੇ ਆਪ ਅੰਮ੍ਰਿਤ ਦੀ ਜਾਚਨਾ ਕਿਉਂ ਕੀਤੀ ? ਕਿਉਂਕਿ ਕਲਗੀਧਰ ਪਾਤਸ਼ਾਹ ਜੀ ਨੂੰ ਸ਼ਾਇਦ ਇਹ ਵੀ ਪਤਾ ਸੀ ਕਿ ਆਉਣ ਵਾਲੇ ਸਮੇਂ ਦੇ ਸਿੱਖਾਂ ਨੇ ਕਹਿਣਾ ਹੈ ਕਿ ਮੈਨੂੰ ਅੰਮ੍ਰਿਤ ਛਕਣ ਦੀ ਕੀ ਲੋੜ ਹੈ। ਦੇਖੋ !

ਕਲਗੀਧਰ ਪਾਤਸ਼ਾਹ ਨੇ ਵੀ ਆਪਣੇ ਆਪ ਨੂੰ ਅੰਮ੍ਰਿਤ ਤੋਂ ਪਾਸੇ ਨਹੀਂ ਰੱਖਿਆ। ਪੰਜ ਪਿਆਰਿਆਂ ਨੇ ਜਦੋਂ ਕਲਗੀਧਰ ਪਾਤਸ਼ਾਹ ਨੂੰ ਅੰਮ੍ਰਿਤ ਛਕਾਇਆ ਸੀ ਤਾਂ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕਰਦਿਆਂ 16 ਵਾਰ ਕਲਗੀਧਰ ਦੇ ਮੁਖਾਰਬਿੰਦ ਤੋਂ ਆਪਣੇ ਹੁਕਮ ਨਾਲ ਬੁਲਵਾਇਆ ਸੀ—"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ"। ਤੇ ਕਲਗੀਧਰ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਦੇ ਸਾਹਮਣੇ ਸੀਸ ਝੁਕਾ ਕੇ 16 ਵਾਰ ਕਿਹਾ ਸੀ—"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ"।

ਜਦੋਂ ਪੰਜ ਪਿਆਰਿਆਂ ਨੇ ਕਲਗੀਧਰ ਪਾਤਸ਼ਾਹ ਨੂੰ ਰਹਿਤਾਂ ਦ੍ਰਿੜ੍ਹ ਕਰਵਾਈਆਂ ਸਨ ਤਾਂ ਕਿਹਾ ਸੀ, "ਪਾਤਸ਼ਾਹ ! ਆਪ ਜੀ ਨੇ ਜੋ ਰਹਿਤਾਂ ਸਾਨੂੰ ਦ੍ਰਿੜ੍ਹ ਕਰਵਾਈਆਂ ਹਨ, ਉਹਨਾਂ ਤੋਂ ਤੁਹਾਨੂੰ ਇਕ ਰਹਿਤ ਵਾਧੂ ਦੇਣੀ ਹੈ, ਕਲਗੀਧਰ ਪਾਤਸ਼ਾਹ ਜਦੋਂ ਵੀ ਕਦੀ ਪੰਥ 'ਤੇ ਭੀੜ ਬਣੇ ਤਾਂ ਤੁਸੀਂ ਆਪ ਵੱਖਰੇ ਨਹੀਂ ਹੋਵੋਗੇ, ਆਪ ਖ਼ੁਦ ਪੰਥ ਦਾ ਹਿੱਸਾ ਹੋ ਕੇ ਵਿਚ ਹੋ ਕੇ ਲੜਿਓ।" ਤਾਂ ਕਲਗੀਧਰ ਪਾਤਸ਼ਾਹ ਨੇ ਪੰਜ ਪਿਆਰਿਆਂ ਅੱਗੇ ਸੀਸ ਝੁਕਾ ਕੇ ਕਿਹਾ "ਜੋ ਆਪ ਜੀ ਦਾ ਹੁਕਮ ਹੈ, ਉਹ ਪਰਵਾਨ ਹੈ।"

ਦੇਖੋ ! ਕਲਗੀਧਰ ਪਾਤਸ਼ਾਹ ਤਾਂ ਅੱਜ ਵੀ ਤਲਵਾਰ ਲੈ ਕੇ ਪੰਥ ਲਈ ਲੜਣ ਨੂੰ ਤਿਆਰ ਹਨ, ਪਰ ਅਸੀਂ ਪੰਥ ਦਾ ਹਿੱਸਾ ਬਨਣ ਨੂੰ ਤਿਆਰ ਨਹੀਂ ਹਾਂ। ਅਸੀਂ ਧਰਮ ਨੂੰ ਕੀ ਬਣਾ ਕੇ ਰੱਖ ਦਿੱਤਾ ਹੈ ? ਅਸੀਂ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਆਪਸ ਵਿਚ ਹੀ ਲੜਣ ਲੱਗ ਪੈਂਦੇ ਹਾਂ, ਤਾਹਨੇ-ਮਿਹਨੇ, ਕੀ ਇਹ ਪੰਥ ਹੈ, ਇੰਨਾ ਫੋਕਾ ਕੱਟੜਵਾਦ।

ਹਾਂ ਇਹ ਠੀਕ ਹੈ ਕਿ ਜਿੱਥੇ ਕੱਟੜਵਾਦ ਰਹਿਣਾ ਚਾਹੀਦਾ ਹੈ ਉਥੇ ਕੱਟੜਵਾਦ ਜ਼ਰੂਰ ਰੱਖੋ, ਜਿਵੇਂ ਕਿ ਸਿੱਖ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਹੋਰ ਅੱਗੇ ਸੀਸ ਨਹੀਂ ਝੁਕਾਉਣਾ ਤੇ ਕਿਸੇ ਹੋਰ ਨੂੰ ਗੁਰੂ ਨਹੀਂ ਮੰਨਣਾ, ਕੇਸ ਦਾੜ੍ਹੀ ਸਾਬਤ ਰਹਿਣੇ ਚਾਹੀਦੇ ਹਨ। ਇਥੇ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ, ਇਹ ਸਾਡਾ ਕੱਟੜਵਾਦ ਹਰ ਹਾਲਤ ਵਿਚ ਕਾਇਮ ਰਹਿਣਾ ਚਾਹੀਦਾ ਹੈ। ਸਿੱਖ ਨੇ ਪਰ-ਇਸਤਰੀ, ਪਰ-ਪੁਰਸ਼ ਗਾਮੀ ਨਹੀਂ ਹੋਣਾ, ਸਿੱਖ ਨੇ ਕਿਸੇ ਕਿਸਮ ਦਾ ਨਸ਼ਾ ਨਹੀਂ ਕਰਨਾ, ਇਹ ਸਾਡਾ ਜ਼ਰੂਰੀ ਕੱਟੜਵਾਦ ਹੈ। ਪਰ ਅਸੀਂ ਧਿਆਨ ਮਾਰੀਏ ਕਿ ਕਿੱਥੇ ਖੜੇ ਹਾਂ, ਇਕ ਕਵੀ ਲਿਖਦਾ ਹੈ :

ਕਿਸ ਨੇ ਬੰਨ੍ਹ ਲਈ ਸਾੜ੍ਹੀ, ਤਾਂ ਧਰਮ ਨੂੰ ਖਤਰਾ।
ਕਿਸੇ ਨੇ ਬੰਨ੍ਹ ਲਈ ਦਾੜ੍ਹੀ, ਤਾਂ ਧਰਮ ਨੂੰ ਖਤਰਾ।
ਧਰਮ ਨਾ ਹੋਇਆ, ਹੋ ਗਈ ਮੋਮਬੱਤੀ।
ਲੱਗੀ ਧੁੱਪ ਤੇ ਪਿਘਲ ਗਈ ਮੋਮਬੱਤੀ।

ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲਿਆਂ ਦੇ ਜੀਵਨ ਨੂੰ ਸਿੱਖ ਨੀਤੀਆਂ ਦੇ ਪਰਥਾਏ ਅਤੇ ਉਹਨਾਂ ਦੇ ਖ਼ਿਆਲਾਂ ਨੂੰ ਨਿਰਪੱਖਤਾ ਨਾਲ ਵਾਚਣਾ, ਤਾਂ ਸਾਨੂੰ ਲੱਗੇਗਾ ਕਿ ਉਹ ਸਹੀ ਅਰਥਾਂ ਵਿਚ ਭਗਤ ਸਨ।

ਕੈਸੇ ਭਗਤ ਸਨ ਉਹ ? ਜਦੋਂ 1947 ਵਿਚ ਪਾਕਿਸਤਾਨ ਵਿਚੋਂ ਕੋਈ ਗੱਡੇ ਭਰ ਕੇ ਸਮਾਨ ਲਿਆ ਰਿਹਾ ਸੀ, ਕੋਈ ਆਪਣਾ ਮਾਲ-ਅਸਬਾਬ ਘੋੜੇ ਲੱਦ ਕੇ ਲਿਆ ਸੀ। ਉਸ ਸਮੇਂ ਭਗਤ ਪੂਰਨ ਸਿੰਘ ਵੀ ਆਪਣਾ ਸਾਮਾਨ ਲੱਦ ਕੇ ਲਿਆ ਰਹੇ ਸਨ ਤੇ ਸਮਾਨ ਪਤਾ ਕੀ ਸੀ, ਆਪ ਹੈਰਾਨ ਹੋਵੋਗੇ ਕਿ ਭਗਤ ਪੂਰਨ ਸਿੰਘ ਜੀ ਆਪਣੇ ਨਾਲ ਇਕ ਵਿਅਕਤੀ ਜੋ ਕਿ ਪਿੰਗਲਾ ਸੀ ਤੇ ਉਸ ਦਾ ਨਾਮ ਸੀ ਪਿਆਰਾ ਸਿੰਘ, ਜਿਸ ਨੂੰ ਭਗਤ ਜੀ ਆਪਣੇ ਮੋਢਿਆਂ 'ਤੇ ਚੁੱਕ ਕੇ ਲਿਆਏ ਸਨ। ਇਹ ਸਨ ਭਗਤ ਪੂਰਨ ਸਿੰਘ ਜੀ। ਜਦੋਂ ਪਿੰਗਲੇ (ਪਿਆਰਾ ਸਿੰਘ) ਨੂੰ ਭਗਤ ਪੂਰਨ ਸਿੰਘ ਜੀ ਨੇ ਨਹਾ-ਧੁਆ ਕੇ ਘਰ ਲਿਆਂਦਾ ਤਾਂ ਭਗਤ ਜੀ ਦੀ ਮਾਤਾ ਮਹਿਤਾਬ ਕੌਰ ਨੇ ਕਿਹਾ "ਪੁੱਤਰ ਹੁਣ ਤੂੰ ਇਸ ਪਿੰਗਲੇ ਨੂੰ ਸਾਂਭ ਰਿਹਾ ਏਂ, ਪਰ ਜਦੋਂ ਤੇਰਾ ਵਿਆਹ ਹੋ ਜਾਵੇਗਾ, ਤੇਰੇ ਆਪਣੇ ਬੱਚੇ ਹੋ ਗਏ, ਫੇਰ ਤੂੰ ਕੀ ਕਰੇਂਗਾ ? ਫੇਰ ਇਸ ਨੂੰ ਕੌਣ ਸਾਂਭੇਗਾ ?"ਭਗਤ ਜੀ ਨੇ ਅੱਗੋਂ ਮਾਤਾ ਨੂੰ ਪਤਾ ਕੀ ਉੱਤਰ ਦਿੱਤਾ ਸੀ, "ਮਾਂ ! ਇਸ ਦੀ ਸੇਵਾ ਲਈ ਮੈਂ ਵਿਆਹ ਹੀ ਨਹੀਂ ਕਰਵਾਵਾਂਗਾ।" ਮਾਂ ਜਾਣਦੀ ਹੈ ਕਿ ਮੇਰਾ ਇੱਕੋ ਇਕ ਪੁੱਤਰ ਹੈ ਤੇ ਜੇਕਰ ਇਸ ਨੇ ਵਿਆਹ ਨਾ ਕਰਵਾਇਆ ਤਾਂ ਅੱਗੇ ਕੁਲ ਨਹੀਂ ਚੱਲੇਗੀ, ਪਰ ਮਾਂ ਪਿਆਰ ਵਿਚ ਭਿੱਜੀ ਹੋਈ, ਗੁਰੂ ਬਖ਼ਸ਼ਿਸ਼ ਨਾਲ ਆਖਦੀ ਹੈ, "ਪੁੱਤਰਾ ! ਅੱਜ ਮੇਰੀ ਕੁੱਖ ਸਫਲੀ ਹੋ ਗਈ ਹੈ।" ਤੇ ਇਹ ਸਚਾਈ ਵੀ ਹੈ ਕਿ ਭਗਤ ਪੂਰਨ ਸਿੰਘ ਜੀ ਨੇ ਆਪਣੀ ਮਾਂ ਦੀ ਕੁੱਖ ਵੀ ਸਫਲੀ ਕਰ ਦਿੱਤੀ।

ਭਗਤ ਪੂਰਨ ਸਿੰਘ ਜੀ ਨੇ ਇਕ ਬਚਨ ਕਿਹਾ ਸੀ ਕਿ **'ਸਿੱਖ ਬੀਬੀਆਂ ਦਾ ਪਹਿਰਾਵਾ ਉਹਨਾਂ ਦੀ ਸੁਰੱਖਿਆ ਦਾ ਜ਼ਾਮਨ ਹੈ।'** ਅੱਜ ਜਦੋਂ ਸਾਡੀ ਕਿਸੇ ਭੈਣ, ਕਿਸੇ ਬੀਬੀ ਨੇ ਸਿੱਖੀ ਦਾ ਸੁਚੱਜਾ ਪਹਿਰਾਵਾ ਪਾਇਆ ਹੋਵੇਗਾ ਤਾਂ ਦੁਨੀਆਂ ਦੀ ਕੋਈ ਮੈਲੀ ਨਜ਼ਰ ਉਸ ਵੱਲ ਨਹੀਂ ਉਠ ਸਕੇਗੀ ਅਤੇ ਜਦੋਂ ਅਸੀਂ ਸਿਰਫ਼ ਦਿਖਾਵੇ ਮਾਤਰ ਫੈਸ਼ਨਾਂ ਵੱਲ ਪਏ ਹੋਵਾਂਗੇ ਤਾਂ ਦੁਨੀਆਂ ਦੀਆਂ ਪਾੜਵੀਆਂ ਨਜ਼ਰਾਂ ਵੀ ਸਾਡੇ ਵੱਲ ਬੁਰੇ ਰੂਪ ਵਿਚ ਤੱਕਣਗੀਆਂ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਭੁੱਲ ਗਏ :

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਸਿਰੀਰਾਗ ਮਹਲਾ ੧-੧੬)

ਜਿਸ ਪਹਿਰਾਵੇ ਨੂੰ ਵੇਖ ਕੇ ਮਨ ਵਿਚ ਵਿਕਾਰ ਪੈਦਾ ਹੋਵਣ, ਉਹ ਪਹਿਰਾਵਾ ਗੁਰੂ ਨਾਨਕ ਦੀ ਸਿੱਖਿਆ ਅਨੁਸਾਰ ਨਹੀਂ ਹੋ ਸਕਦਾ। ਹੁਣ ਇਹ ਗੱਲ ਨਹੀਂ ਲੈਣੀ

ਕਿ ਇਹਨਾਂ ਅੱਖਾਂ ਨਾਲ ਕੁਝ ਵੇਖਣਾ ਹੀ ਨਹੀਂ ਹੈ, ਵੇਖੋ! ਪਰ ਕਿਸ ਤਰ੍ਹਾਂ ? ਇਸ ਤਰ੍ਹਾਂ ਕਿ ਸਾਡੇ ਮੂੰਹ ਵਿਚੋਂ ਆਪ ਮੁਹਾਰੇ ਇਹ ਨਿਕਲੇ ਕਿ "ਵਾਹ ਮੇਰੇ ਸਾਹਿਬਾ ਵਾਹ" ਤੂੰ ਇਸ ਸੰਸਾਰ ਵਿਚ ਕਿੰਨੀ ਸੁੰਦਰਤਾ ਪੈਦਾ ਕੀਤੀ ਹੈ ਤੇ ਮਨ ਵਿਚੋਂ ਇਹੀ ਨਿਕਲੇ:

ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥

(ਸਲੋਕ ਮਹਲਾ ੧-੪੬੯)

ਇਸ ਤਰ੍ਹਾਂ ਦੀ ਸਾਡੀ ਜੀਵਨ ਜਾਚ ਬਣ ਜਾਵੇ। ਮਾਂ ਗੁਜਰੀ ਜੀ ਦੀ ਇਹ ਸਿੱਖਿਆ ਸਾਨੂੰ ਯਾਦ ਰੱਖਣੀ ਚਾਹੀਦੀ ਹੈ ਕਿ ਬੱਚਿਓ ਯਾਦ ਰੱਖਿਓ ਕਿ ਤੁਸੀਂ ਗੁਰੂ ਨਾਨਕ ਦੇ ਸਿੱਖ ਹੋ। ਭਰੀ ਕਚਿਹਰੀ ਵਿਚ ਸਾਹਿਬਜ਼ਾਦੇ, ਵਜ਼ੀਰ ਖ਼ਾਂ ਨੂੰ ਕਹਿ ਰਹੇ ਹਨ:

ਕਰ ਲੇ ਮੁਕਾਬਲਾ ਤੂੰ ਜ਼ਰਾ ਅਪਨੇ ਸ਼ਾਹ ਸੇ।
ਪਾਪੀ ਹੈ ਵੁਹ ਤੋ ਹਮ ਹੈਂ ਬਰੀ ਹਰ ਗੁਨਾਹ ਸੇ।

ਜ਼ਰਾ ਆਪਣੇ ਸ਼ਹਿਨਸ਼ਾਹ ਔਰੰਗਜ਼ੇਬ ਨਾਲ ਸਾਡਾ ਮੁਕਾਬਲਾ ਤਾਂ ਕਰ, ਉਸ ਦੇ ਜੀਵਨ ਵਿਚ ਪਾਪ ਹੀ ਪਾਪ ਦਿਖਾਈ ਦੇਣਗੇ ਤੇ ਸਾਡੇ ਜੀਵਨ ਵਿਚ ਗੁਣ ਹੀ ਗੁਣ ਦਿਖਾਈ ਦੇਣਗੇ।

ਉਸ ਨੇ ਫ਼ਰੇਬ ਖੇਲਾ ਥਾ ਪੁਸ਼ਤੇ-ਪਨਾਹ ਸੇ।
ਮਰਨੇ ਪਿਤਾ ਕੇ ਵਾਸਤੇ ਹਮ ਆਏ ਚਾਹ ਸੇ।

ਤੇਰੇ ਬਾਦਸ਼ਾਹ ਨੇ ਤਾਂ ਹਰ ਇਕ ਨਾਲ ਧੋਖਾ ਹੀ ਧੋਖਾ ਕੀਤਾ ਹੈ। ਝੂਠੀਆਂ ਕਸਮਾਂ ਹੀ ਖਾਧੀਆਂ ਨੇ, ਬਾਦਸ਼ਾਹ ਔਰੰਗਜ਼ੇਬ ਝੂਠਾ ਹੈ, ਧੋਖੇਬਾਜ਼ ਹੈ, ਫ਼ਰੇਬੀ ਹੈ, ਬੇਈਮਾਨ ਹੈ, ਪਰ ਅਸੀਂ ਇਥੇ ਆਪਣੇ ਗੁਰੂ ਪਿਤਾ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਆਏ ਹਾਂ। ਕਿਹੜੇ ਪੂਰਨੇ ?

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

(ਸਲੋਕ ਮਹਲਾ ੧-੧੪੧੨)

ਵਜ਼ੀਰ ਖ਼ਾਂ ਅਸੀਂ ਉਸ ਗੁਰੂ ਨਾਨਕ ਦੇ ਪਾਏ ਹੋਏ ਪੂਰਨਿਆਂ 'ਤੇ ਚਲਦਿਆਂ-ਚਲਦਿਆਂ ਤੇਰੇ ਪਾਸ ਪਹੁੰਚੇ ਹਾਂ।

ਕਾਮ ਇਸ ਨੇ ਭਾਈਯੋਂ ਸੇ ਕੀਆ ਥਾ ਯਜ਼ੀਦ ਕਾ।
ਦਾਰਾ ਕਾ ਹੈ, ਮੁਰਾਦ ਕਾ ਰੁਤਬਾ ਸ਼ਹੀਦ ਕਾ।

ਇਹ ਨਾਮ ਔਰੰਗਜ਼ੇਬ ਦੇ ਭਰਾਵਾਂ ਦੇ ਆਏ ਹਨ, ਜਿਨ੍ਹਾਂ ਨੂੰ ਕਤਲ ਕਰ ਕੇ ਔਰੰਗਜ਼ੇਬ ਨੇ ਤਖ਼ਤ 'ਤੇ ਕਬਜ਼ਾ ਕਰ ਲਿਆ ਸੀ। ਸਾਹਿਬਜ਼ਾਦੇ, ਵਜ਼ੀਰ ਖ਼ਾਂ ਦੇ

ਸਾਹਮਣੇ ਨਿਡਰਤਾ ਨਾਲ ਇਹ ਆਖ ਰਹੇ ਹਨ ਕਿ ਆਪਣੀ ਮਾਂ ਦੇ ਜਾਇਆਂ ਦਾ, ਆਪਣੇ ਭਰਾਵਾਂ ਦੇ ਕਤਲ ਕਰਨ ਵਾਲਾ ਤੇਰਾ ਸ਼ਹਿਨਸ਼ਾਹ ਕਿੰਨਾ ਕੁ ਈਮਾਨਦਾਰ ਹੋ ਸਕਦਾ ਹੈ ?

ਹੁਣ ਕਲਗੀਧਰ ਦੇ ਲਾਡਲੇ ਆਪਣੀ ਮਨ ਦੀ ਇੱਛਾ ਵਜ਼ੀਰ ਖ਼ਾਂ ਨੂੰ ਦੱਸਦੇ ਹੋਏ ਕੀ ਆਖਦੇ ਹਨ ? ਵਜ਼ੀਰ ਖ਼ਾਂ ਤੂੰ ਸਾਨੂੰ ਲਾਲਚ ਤੇ ਡਰਾਵੇ ਦੇ ਰਿਹਾ ਏ, ਪਰ ਸਾਡੇ ਮਨ ਵਿਚ ਕੀ ਹੈ ?

ਮੈਂ ਇਥੇ ਇਕ ਗੱਲ ਕਹਾਂ ਕਿ ਵਜ਼ੀਰ ਖ਼ਾਂ ਨੇ ਲਾਡਲਿਆਂ ਨੂੰ ਪਹਿਲਾਂ ਪਿਆਰ, ਫਿਰ ਲਾਲਚ, ਫਿਰ ਡਰਾਵੇ ਵੀ ਦਿੱਤੇ। ਕੈਸੇ ਲਾਲਚ ਤੇ ਕੈਸੇ ਡਰਾਵੇ ਦਿੱਤੇ ਤੇ ਲਾਲਾਂ ਨੇ ਅੱਗੋਂ ਜੁਆਬ ਕੀ ਦਿੱਤੇ ?

ਬੜੇ ਬਾ-ਕਮਾਲ ਜਵਾਬ ਨੇ ਬੱਚਿਆਂ ਦੇ, ਜ਼ਰਾ ਧਿਆਨ ਦੇਣਾ :

ਵਜ਼ੀਰ ਖ਼ਾਂ ਨੇ ਆਪਣੀ ਕਚਹਿਰੀ ਅੰਦਰ ਇਕ ਬਹੁਤ ਹੀ ਤਿਖਿਆਂ ਦੰਦਿਆਂ ਵਾਲਾ ਆਰਾ ਲਿਆ ਕੇ ਰੱਖਿਆ। ਇਕ ਲੋਹ ਲਿਆ ਕੇ ਲਾਲ-ਸੁਰਖ ਕੀਤੀ ਤੇ ਇਕ ਦੇਗ ਪਾਣੀ ਦੀ ਉਬਾਲ ਕੇ ਰੱਖੀ। ਵਜ਼ੀਰ ਖ਼ਾਂ ਸਾਹਿਬ ਜ਼ੋਰਾਵਰ ਸਿੰਘ ਨੂੰ ਆਖਦਾ ਹੈ, "ਬੇਟੇ ਜ਼ੋਰਾਵਰ ਸਿੰਘ, ਆਹ ਆਰੇ ਦੇ ਦੰਦੇ ਦੇਖ ਕਿੰਨੇ ਤਿੱਖੇ ਹਨ, ਇਸ ਆਰੇ ਨਾਲ ਦੋ ਫਾੜ ਕਰ ਕੇ ਰੱਖ ਦਿਆਂਗਾ" ਇਹ ਸੁਣ ਕੇ ਸਾਹਿਬ ਜ਼ੋਰਾਵਰ ਸਿੰਘ ਨੇ ਜਵਾਬ ਦਿੱਤਾ, "ਵਜ਼ੀਰ ਖ਼ਾਂ ! ਇਹਨਾਂ ਆਰਿਆਂ ਦਾ ਤਿੱਖਾਪਨ ਭਾਈ ਮਤੀ ਦਾਸ ਨੇ ਪਹਿਲਾਂ ਹੀ ਦੇਖ ਲਿਆ ਹੈ।" ਹੁਣ ਵਜ਼ੀਰ ਖ਼ਾਂ ਨੇ ਛੇ (6) ਸਾਲ ਦੀ ਆਰਜਾ ਵਾਲੇ ਬਾਬਾ ਫ਼ਤਹਿ ਸਿੰਘ ਨੂੰ ਕਿਹਾ, "ਫ਼ਤਹਿ ਸਿੰਘ, ਆਹ ਤੱਪਦੀ ਹੋਈ ਲੋਹ ਵੱਲ ਝਾਤੀ ਮਾਰ ਲੈ, ਇਸ ਲੋਹ 'ਤੇ ਤੈਨੂੰ ਮੱਛੀ ਵਾਂਗ ਭੁੰਨ ਕੇ ਰੱਖ ਦਿਆਂਗਾ।" ਸਾਹਿਬ ਫ਼ਤਹਿ ਸਿੰਘ ਨੇ ਅੱਗੋਂ ਜਵਾਬ ਦਿੱਤਾ, "ਇਸ ਤੱਤੀ ਲੋਹ ਦੀ ਤਪਸ਼ ਨੂੰ ਸਾਡੇ ਲੱਕੜ ਦਾਦੇ ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਹੀ ਦੇਖ ਲਿਆ ਹੈ।"

ਵਜ਼ੀਰ ਖ਼ਾਂ ਫਿਰ ਸਾਹਿਬ ਜ਼ੋਰਾਵਰ ਸਿੰਘ ਵੱਲ ਵੇਖ ਕੇ ਕਹਿੰਦਾ ਹੈ, "ਜ਼ੋਰਾਵਰ ਸਿੰਘ ਆਹ ਉਬਲਦੀ ਹੋਈ ਦੇਗ ਵੱਲ ਦੇਖ, ਇਸ ਵਿਚ ਮੈਂ ਤੈਨੂੰ ਆਲੂਆਂ ਵਾਂਗ ਉਬਾਲ ਦਿਆਂਗਾ।" ਲਾਡਲੇ ਜ਼ੋਰਾਵਰ ਸਿੰਘ ਕਹਿਣ ਲੱਗੇ, "ਵਜ਼ੀਰ ਖ਼ਾਂ, ਭਾਈ ਦਿਆਲਾ ਜੀ ਨੇ ਇਸ ਦੇਗ ਵਿਚ ਪਹਿਲਾਂ ਹੀ ਉਬਾਲ ਖਾ ਕੇ ਦੇਖ ਲਿਆ ਹੈ।"

ਇਹ ਸਨ ਕਲਗੀਧਰ ਦੇ ਲਾਡਲਿਆਂ ਦੇ ਜਵਾਬ।

ਵਜ਼ੀਰ ਖ਼ਾਂ ਫਿਰ ਕਹਿਣ ਲੱਗਾ, "ਓਏ ਤੁਹਾਡਾ ਪਿਤਾ ਮਾਰ ਦਿੱਤਾ ਗਿਆ ਹੈ, ਤੁਹਾਡੇ ਭਰਾ ਵੀ ਮਾਰ ਦਿੱਤੇ ਗਏ ਹਨ, ਹੁਣ ਤੁਹਾਡੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ।" ਜਦੋਂ ਵਜ਼ੀਰ ਖ਼ਾਂ ਨੇ ਇਹ ਕਿਹਾ ਕਿ ਤੁਹਾਡਾ ਪਿਤਾ ਮਾਰ ਦਿੱਤਾ ਗਿਆ ਹੈ, ਤਾਂ

ਸਾਹਿਬਜ਼ਾਦੇ ਬੋਲ ਉਠੇ, "ਐ ਵਜ਼ੀਰ ਖ਼ਾਂ ! ਜ਼ਰਾ ਜ਼ਬਾਨ ਸੰਭਾਲ ਕੇ ਬੋਲ, ਤੂੰ ਕੀ ਬੋਲ ਰਿਹਾ ਏ ? ਅਜੇ ਤੱਕ ਕਿਸੇ ਮਾਂ ਨੇ ਉਹ ਸੂਰਮਾ ਹੀ ਪੈਦਾ ਨਹੀਂ ਕੀਤਾ, ਜਿਹੜਾ ਸਾਡੇ ਪਿਤਾ ਨੂੰ ਮਾਰ ਸਕਦਾ ਹੋਵੇ, ਅਜੇ ਤੱਕ ਉਹ ਸ਼ਸਤਰ ਹੀ ਨਹੀਂ ਬਣਿਆ ਜੋ ਸਾਡੇ ਪਿਤਾ ਨੂੰ ਮਾਰ ਸਕਦਾ ਹੋਵੇ। ਜ਼ਰਾ ਜ਼ਬਾਨ ਨੂੰ ਸੰਭਾਲ ਕੇ ਗੱਲ ਕਰ।"

ਜਦੋਂ ਵਜ਼ੀਰ ਖ਼ਾਂ ਨੇ ਇਹ ਸਭ ਸੁਣਿਆ ਤਾਂ ਕਹਿੰਦਾ ਹੈ, "ਬੱਚਿਉ ! ਚਲੇ ਜਾਉ ਆਪਣੀ ਦਾਦੀ ਮਾਂ ਦੇ ਕੋਲ,ਜਾ ਕੇ ਆਪਣੀ ਦਾਦੀ ਨਾਲ ਸਲਾਹ ਕਰ ਲੈਣਾ, ਕਿਉਂ ਐਵੇਂ ਆਪਣੀਆਂ ਕੀਮਤੀ ਜਾਨਾਂ ਵਿਅਰਥ ਗੁਆਉਂਦੇ ਹੋ।"

ਸਾਹਿਬਜ਼ਾਦੇ ਆਪਣੀ ਦਾਦੀ ਮਾਂ ਦੇ ਕੋਲ ਚਲੇ ਗਏ। ਹੁਣ ਦਾਦੀ ਮਾਂ ਦੇ ਕੋਲ ਆ ਕੇ ਸਾਹਿਬਜ਼ਾਦਿਆਂ ਨੇ ਸਾਰੇ ਦਿਨ ਦੀ ਵਾਰਤਾਲਾਪ ਸੁਣਾ ਦਿੱਤੀ। ਦਾਦੀ ਮਾਂ ਨੇ ਬੱਚਿਆਂ ਨੂੰ ਘੁੱਟ ਕੇ ਗਲਵਕੜੀ ਵਿਚ ਲੈ ਲਿਆ, ਪਿਆਰ ਭਰੀ ਸ਼ਾਬਾਸ਼ ਦਿੱਤੀ ਤੇ ਆਖਿਆ, "ਸ਼ਾਬਾਸ਼ ' ਬੱਚਿਉ, ਤੁਸੀਂ ਆਪਣੇ ਪਿਤਾ, ਆਪਣੇ ਦਾਦੇ ਤੇ ਆਪਣੇ ਗੁਰੂ ਨਾਨਕ ਦੀ ਰੱਖ ਵਿਖਾਈ ਹੈ। ਸ਼ਾਬਾਸ਼ ਬੱਚਿਉ ਸ਼ਾਬਾਸ਼ ! ਕੱਲ ਨੂੰ ਤੁਹਾਨੂੰ ਇਸ ਨਾਲੋਂ ਵੀ ਵੱਧ ਲਾਲਚ ਤੇ ਡਰਾਵੇ ਦਿੱਤੇ ਜਾਣਗੇ, ਪਰ ਤੁਸੀਂ ਡੋਲਣਾ ਨਹੀਂ।" ਉਸ ਸਮੇਂ ਕਲਗੀਧਰ ਦੇ ਲਾਡਲਿਆਂ ਨੇ ਮਾਂ ਗੁਜਰੀ ਨੂੰ ਕਿਹਾ:

ਧੰਨਯ ਭਾਗ ਹਮਰੇ ਹੈਂ ਮਾਈ।
ਧਰਮ ਹੇਤ ਤਨ ਜੇਕਰ ਜਾਈ।

(ਪੰਥ ਪ੍ਰਕਾਸ਼-ਗਿ: ਗਿਆਨ ਸਿੰਘ)

ਹਮਰੇ ਬੰਸ ਰੀਤਿ ਇਮ ਆਈ।
ਸੀਸ ਦੇਤਿ, ਪਰ ਧਰਮ ਨ ਜਾਈ।

(ਗੁਰ ਪ੍ਰਤਾਪ ਸੂਰਜ-੬:੫੨)

ਦਾਦੀ ਮਾਂ ਅਸੀਂ ਉਸ ਖ਼ਾਨਦਾਨ ਦੇ ਵਾਰਿਸ ਹਾਂ, ਜਿਸ ਖ਼ਾਨਦਾਨ ਦੇ ਵਿਚ ਸੀਸ ਤਾਂ ਦਿੱਤਾ ਜਾ ਸਕਦਾ ਹੈ, ਪਰ ਧਰਮ ਨਹੀਂ ਤਿਆਗਿਆ ਜਾ ਸਕਦਾ।

ਦੂਸਰੇ ਦਿਨ ਵੀ ਜਦੋਂ ਦਾਦੀ ਮਾਂ ਦੇ ਕੋਲੋਂ ਸਾਹਿਬਜ਼ਾਦਿਆਂ ਨੂੰ ਸਿਪਾਹੀ ਲੈਣ ਲਈ ਆ ਗਏ ਤਾਂ ਦਾਦੀ ਮਾਂ ਨੇ ਬੱਚਿਆਂ ਨੂੰ ਫਿਰ ਦ੍ਰਿੜ੍ਹ ਕਰਵਾ ਕੇ ਤੋਰਿਆ ਸੀ ਕਿ:

ਬੱਚਿਉ ! ਯਾਦ ਰੱਖਣਾ, ਤੁਸੀਂ ਗੁਰੂ ਗੋਬਿੰਦ ਸਿੰਘ ਦੇ ਸਪੁੱਤਰ ਹੋ।
ਬੱਚਿਉ ! ਯਾਦ ਰੱਖਣਾ, ਤੁਸੀਂ ਗੁਰੂ ਤੇਗ ਬਹਾਦਰ ਸਾਹਿਬ ਦੇ ਪੋਤਰੇ ਹੋ।
ਬੱਚਿਉ ! ਯਾਦ ਰੱਖਣਾ, ਤੁਸੀਂ ਗੁਰੂ ਨਾਨਕ ਦੇ ਸਿੱਖ ਹੋ।
ਬੱਚਿਉ ! ਮੈਂ ਤੁਹਾਡੀ ਉਡੀਕ ਕਰਾਂਗੀ।

ਚੱਲ ਪਏ ਨੇ ਸਾਹਿਬਜ਼ਾਦੇ, ਵਜ਼ੀਰ ਖ਼ਾਂ ਦੀ ਕਚਹਿਰੀ ਵੱਲ ਨੂੰ। ਹੁਣ ਜੋ ਬਾਤਾਂ ਕੱਲ ਸਾਹਿਬਜ਼ਾਦਿਆਂ ਨੇ ਕੀਤੀਆਂ ਸਨ, ਜਾਲਮਾਂ ਨੂੰ ਬਹੁਤ ਚੁਭੀਆਂ ਹਨ, ਕਿਉਂਕਿ ਸਾਹਿਬਜ਼ਾਦੇ ਕਹਿ ਕੇ ਆਏ ਸਨ :

ਜੋ ਹਮਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ,
ਕਿਸੀ ਅਉਰ ਕੋ ਸਲਾਮ ਨਹੀਂ ਕਰਤੇ।

ਕੋਈ ਜ਼ੁਲਮ ਕੋਈ ਸਿਤਮ, ਸਾਨੂੰ ਝੁਕਾ ਸਕਦਾ ਨਹੀਂ, ਸਾਨੂੰ ਮਿਟਾ ਸਕਦਾ ਨਹੀਂ,
ਅਜੇ ਤਾਂ ਸਾਡੀਆਂ ਰਗਾਂ ਵਿਚ, ਕਲਗੀਧਰ ਦਾ ਖ਼ੂਨ ਹੈ।

ਇਨ੍ਹਾਂ ਗੱਲਾਂ ਨੇ ਜਾਲਮਾਂ ਨੂੰ ਬਹੁਤ ਦੁੱਖ ਦਿੱਤਾ ਤੇ ਅੱਜ ਉਹਨਾਂ ਨੇ ਹੋਰ ਨਵੀਂ ਚਾਲ ਚਲੀ। ਉਹਨਾਂ ਜਾਲਮਾਂ ਨੇ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਤੇ ਛੋਟੀ ਖਿੜਕੀ ਖੋਲ੍ਹ ਦਿੱਤੀ। ਅੰਦਰ ਸਾਹਮਣੇ ਵਜ਼ੀਰ ਖ਼ਾਂ ਤਖਤ ਤੇ ਬੈਠਾ ਸੀ। ਕਿਉਂਕਿ ਜਦੋਂ ਬੱਚੇ ਸਿਰ ਝੁਕਾ ਕੇ ਅੰਦਰ ਪ੍ਰਵੇਸ਼ ਕਰਨਗੇ ਤਾਂ ਤਮਾਸ਼ਬੀਨ ਤਾੜੀਆਂ ਮਾਰਨਗੇ ਕਿ ਅਸੀਂ ਵਜੀਰ ਖਾਂ ਦੇ ਸਾਹਮਣੇ ਇਹਨਾਂ ਦਾ ਸੀਸ ਝੁਕਾ ਲਿਆ ਹੈ।

ਉਧਰ ਸਿਪਾਹੀ ਅੱਜ ਫਿਰ ਰਸਤੇ ਵਿਚ ਬੱਚਿਆਂ ਨੂੰ ਸਿਖਾਉਂਦੇ ਆ ਰਹੇ ਹਨ "ਬੱਚਿਉ ! ਜਿਵੇਂ-ਜਿਵੇਂ ਅਸੀਂ ਕਰਾਂਗੇ ਤਿਵੇਂ-ਤਿਵੇਂ ਤੁਸੀਂ ਕਰਨਾ ਹੈ ਤੇ ਬਾਦਸ਼ਾਹ ਨੂੰ ਸਲਾਮ ਕਰਨੀ ਹੈ" ਜਦੋਂ ਸਿਪਾਹੀ ਜੋ ਅੱਗੇ ਚੱਲ ਰਹੇ ਸਨ ਤੇ ਸਿਰ ਝੁਕਾ ਕੇ ਖਿੜਕੀ ਰਾਹੀਂ ਅੰਦਰ ਲੰਘ ਗਏ। ਫਿਰ ਕਲਗੀਧਰ ਦੇ ਲਾਡਲਿਆਂ ਦੀ ਵਾਰੀ ਆਈ, ਕਲਗੀਧਰ ਦੇ ਲਾਡਲੇ ਜੋ ਦੂਰ ਅੰਦੇਸ਼ੀ ਵੀ ਨੇ, ਇਹਨਾਂ ਗੱਲਾਂ ਨੂੰ ਆਮ ਸਮਝਦੇ ਹਨ। ਲਾਡਲਿਆਂ ਨੇ ਪਹਿਲਾਂ ਖਿੜਕੀ ਰਾਹੀਂ ਆਪਣੇ ਪੈਰ ਜੁੱਤੀਆਂ ਸਮੇਤ ਅੰਦਰ ਲੰਘਾਏ, ਮਾਨੋਂ ਜਿਵੇਂ ਲਾਡਲਿਆਂ ਨੇ ਵਜ਼ੀਰ ਖ਼ਾਂ ਨੂੰ ਆਖ ਦਿੱਤਾ ਹੋਵੇ :

ਜੁੱਤੀ ਦੀ ਇਕ ਠੋਕਰ ਲਾ ਕੇ ਤਾਜ ਤਖ਼ਤ ਠੁਕਰਾ ਸਕਦੇ ਹਾਂ।
ਨੀਹਾਂ ਵਿਚ ਚਿਣਵਾ ਕੇ ਆਪਾ, ਰੋਮ ਰੋਮ ਮੁਸਕਰਾ ਸਕਦੇ ਹਾਂ।

ਇਥੇ ਜਾਲਮਾਂ ਦੀ ਚਾਲ ਫੇਲ੍ਹ ਹੋ ਗਈ। ਦੂਸਰੇ ਦਿਨ ਵੀ ਸਾਹਿਬਜ਼ਾਦਿਆਂ ਨੂੰ ਲਾਲਚ, ਡਰਾਵੇ ਦਿੱਤੇ ਗਏ, ਪਰ ਸਾਹਿਬਜ਼ਾਦੇ ਡੋਲੇ ਨਹੀਂ। ਉਹਨਾਂ ਲਾਲਚ ਤੇ ਡਰਾਵਿਆਂ ਨੂੰ ਬਿਲਕੁਲ ਨਹੀਂ ਮੰਨਿਆ। ਉਥੇ ਸੁੱਚਾ ਨੰਦ ਨੇ ਇਕ ਚਾਲ ਚੱਲੀ। ਕਹਿਣ ਲੱਗਾ ਕਿ ਇਹ ਬਾਗ਼ੀ ਬਾਪ ਦੇ ਬਾਗ਼ੀ ਪੁੱਤਰ ਨੇ। ਹੁਣ ਤੱਕ ਵਜ਼ੀਰ ਖ਼ਾਂ ਬੱਚਿਆਂ ਨੂੰ ਮਾਰਨਾ ਨਹੀਂ ਸੀ ਚਾਹੁੰਦਾ, ਪਰ ਸੁੱਚਾ ਨੰਦ, ਵਜ਼ੀਰ ਖ਼ਾਂ ਦੀ ਪੇਸ਼ ਨਹੀਂ ਜਾਣ ਦਿੰਦਾ।

ਸੁੱਚਾ ਨੰਦ, ਵਜ਼ੀਰ ਖ਼ਾਂ ਨੂੰ ਕਹਿਣ ਲੱਗਾ, "ਮੈਂ ਜੋ ਗੱਲ ਕਹਿੰਦਾ ਹਾਂ, ਉਸ ਨੂੰ ਸਾਬਤ ਕਰ ਸਕਦਾ ਹਾਂ ਕਿ ਇਹ ਬਾਗ਼ੀ ਬਾਪ ਦੇ ਬਾਗ਼ੀ ਪੁੱਤਰ ਨੇ।" ਸੁੱਚਾ ਨੰਦ ਨੇ

ਕਚਹਿਰੀ ਦੇ ਵਿਚ ਤਿੰਨ ਦੁਕਾਨਾਂ ਲਗਵਾ ਦਿੱਤੀਆਂ, ਉਹ ਤਿੰਨ ਦੁਕਾਨਾਂ ਕਿਹੜੀਆਂ ਸਨ ? ਇਕ ਦੁਕਾਨ ਖਿਡੌਣਿਆਂ ਦੀ, ਦੂਸਰੀ ਦੁਕਾਨ ਮਠਿਆਈਆਂ ਦੀ ਅਤੇ ਤੀਸਰੀ ਦੁਕਾਨ ਸ਼ਸਤਰਾਂ ਦੀ ਲਗਵਾ ਦਿੱਤੀ। ਇਥੇ ਹੁਣ ਸੁੱਚਾ ਨੰਦ ਆਪਣੀ ਸੋਚ ਨੂੰ ਸਹੀ ਸਾਬਤ ਕਰਨ ਦੇ ਯਤਨ ਕਰ ਰਿਹਾ ਹੈ। ਵਜ਼ੀਰ ਖ਼ਾਂ ਦੇ ਸਾਹਮਣੇ ਕਚਹਿਰੀ ਦੇ ਅੰਦਰ, ਸਾਹਿਬਜ਼ਾਦਿਆਂ ਨੂੰ ਪਹਿਲਾਂ ਖਿਡੌਣਿਆਂ ਦੀ ਦੁਕਾਨ 'ਤੇ ਲਿਜਾਇਆ ਗਿਆ, ਪਰ ਲਾਲਾਂ ਨੇ ਖਿਡੌਣਿਆਂ ਵੱਲ ਤੱਕਿਆ ਵੀ ਨਹੀਂ। ਫਿਰ ਮਠਿਆਈਆਂ ਦੀ ਦੁਕਾਨ 'ਤੇ ਲੈ ਕੇ ਗਏ ਤਾਂ ਕਲਗੀਧਰ ਦੇ ਲਾਡਲਿਆਂ ਨੇ ਮਠਿਆਈਆਂ ਵੱਲ ਅੱਖ ਭਰ ਕੇ ਵੀ ਨਹੀਂ ਤੱਕਿਆ।

ਹੁਣ ਤੀਸਰੀ ਦੁਕਾਨ ਤੋਂ, ਜੋ ਕਿ ਸ਼ਸਤਰਾਂ ਦੀ ਸੀ, ਇਥੇ ਕਲਗੀਧਰ ਦੇ ਇਕ ਲਾਡਲੇ ਨੇ ਨੇਜ਼ਾ ਚੁੱਕ ਲਿਆ ਤੇ ਦੂਸਰੇ ਲਾਡਲੇ ਨੇ ਤਲਵਾਰ ਚੁੱਕ ਲਈ। ਇਥੇ ਸੁੱਚਾ ਨੰਦ ਬੋਲ ਉਠਿਆ, "ਵੇਖਿਆ, ਵਜ਼ੀਰ ਖ਼ਾਂ ਇਹ ਛੋਟੀ ਉਮਰ ਵਿਚ ਆਹ ਕੰਮ ਕਰ ਰਹੇ ਨੇ ਤੇ ਇਹ ਵੱਡੇ ਹੋ ਕੀ ਕਰਨਗੇ ? ਇਹ ਬਾਗੀ ਬਾਪ ਦੇ ਬਾਗ਼ੀ ਪੁੱਤਰ ਨੇ, ਇਹਨਾਂ 'ਤੇ ਰਤੀ ਭਰ ਵੀ ਤਰਸ ਨਾ ਖਾਈਂ।"

ਦੇਖ ਲਉ, ਇਹ ਸੁੱਚਾ ਨੰਦ, ਵਜ਼ੀਰ ਖ਼ਾਂ ਨੂੰ ਕਿਸ ਤਰ੍ਹਾਂ ਭੜਕਾ ਰਿਹਾ ਹੈ। ਇਸੇ ਲਈ ਇਤਿਹਾਸ ਵਿਚ ਇਸ ਨੂੰ 'ਝੂਠਾ ਨੰਦ' ਕਿਹਾ ਗਿਆ ਹੈ।

ਇਥੇ ਇਹ ਵੀ ਬਾਤ ਮੈਂ ਦੱਸਣੀ ਚਾਹਾਂਗਾ ਕਿ ਸਾਹਿਬਜ਼ਾਦਾ ਫ਼ਤਹਿ ਸਿੰਘ ਨੂੰ 'ਬਾਬਾ ਫ਼ਤਹਿ ਸਿੰਘ' ਕਿਹਾ ਜਾਂਦਾ ਹੈ। ਸਾਹਿਬਜ਼ਾਦੇ ਨੂੰ "ਬਾਬਾ" ਕਿਉਂ ਕਿਹਾ ਜਾਂਦਾ ਹੈ, ਸਾਧ ਸੰਗਤ ਜੀ ਉਹ ਸੱਚਮੁੱਚ ਹੀ ਬਾਬੇ ਸਨ ਤੇ ਬੜੇ ਸਿਆਣੇ ਸਨ।

ਅਨੰਦਪੁਰ ਸਾਹਿਬ ਦੀ ਬਾਤ ਹੈ। 1704 ਈ. ਵਿਚ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਪਰ ਤਿੰਨ ਵੱਡੇ ਸਾਹਿਬਜ਼ਾਦੇ ਆਪਣੇ ਸਾਥੀਆਂ ਨਾਲ ਖੇਡਦੇ ਪਏ ਨੇ। ਉਸ ਵਕਤ ਛੋਟਾ ਸਾਹਿਬਜ਼ਾਦਾ ਫ਼ਤਹਿ ਸਿੰਘ ਕਹਿਣ ਲੱਗਾ, "ਵੀਰਿਓ ! ਮੈਨੂੰ ਵੀ ਆਪਣੇ ਨਾਲ ਖਿਡਾਓ। ਮੈਂ ਵੀ ਤੁਹਾਡੇ ਨਾਲ ਖੇਡਣਾ ਚਾਹੁੰਦਾ ਹਾਂ।" ਵੱਡੇ ਵੀਰਾਂ ਨੇ ਅੱਗੋਂ ਜਵਾਬ ਦਿੱਤਾ, "ਤੂੰ ਅਜੇ ਛੋਟਾ ਏਂ, ਤੂੰ ਸਾਡੇ ਨਾਲ ਨਹੀਂ ਖੇਡ ਸਕਦਾ, ਸਾਡੀਆਂ ਖੇਡਾਂ ਵੱਡਿਆਂ ਵਾਲੀਆਂ ਨੇ।" ਇਸ ਸੁਣ ਕੇ ਸਾਹਿਬਜ਼ਾਦਾ ਫ਼ਤਹਿ ਸਿੰਘ ਅੰਦਰ ਚਲੇ ਗਏ ਤੇ ਆਪਣੇ ਸੀਸ ਉੱਪਰ ਜੋ ਛੋਟੀ ਜਿਹੀ ਦਸਤਾਰ ਸਜਾਈ ਹੋਈ ਸੀ, ਉਸੇ ਦਸਤਾਰ ਦੇ ਉੱਪਰ ਇਕ ਹੋਰ ਦਸਤਾਰ ਸਜਾ ਲਈ, ਇਕ ਹੋਰ ਦੁਮਾਲਾ ਤੇ ਫਿਰ ਉਸ ਉੱਪਰ ਇਕ ਹੋਰ ਦਸਤਾਰ ਸਜਾ ਲਈ, ਇਸੇ ਤਰ੍ਹਾਂ ਜਦੋਂ ਉਹਨਾਂ ਸ਼ੀਸ਼ੇ ਦੇ ਸਾਹਮਣੇ ਖੜੇ ਹੋ ਕੇ ਵੇਖਿਆ ਕਿ ਹੁਣ ਮੈਂ ਵੱਡਾ ਹੋ ਗਿਆ ਹਾਂ, ਫਿਰ ਬਾਹਰ ਆ ਗਏ ਤੇ ਆਪਣੇ ਵੀਰਿਆਂ ਨੂੰ ਕਹਿਣ ਲੱਗੇ, "ਦੇਖੋ ਵੀਰਿਉ ! ਮੈਂ ਹੁਣ ਤੁਹਾਡੇ ਜਿੱਡਾ ਹੋ ਗਿਆ ਹਾਂ, ਹੁਣ ਤਾਂ ਮੈਂ ਤੁਹਾਡੇ ਨਾਲ ਖੇਡ ਸਕਦਾ ਹਾਂ।"

ਕਲਗੀਧਰ ਪਿਤਾ ਆਪਣੇ ਇਸ ਲਾਡਲੇ ਦੇ ਚੋਜ ਨੂੰ ਤੱਕ ਰਹੇ ਸਨ ਤੇ ਕਲਗੀਧਰ ਪਾਤਸ਼ਾਹ ਨੇ ਆਪਣੇ ਲਾਡਲੇ ਫ਼ਤਹਿ ਸਿੰਘ ਨੂੰ ਗਲਵਕੜੀ ਵਿਚ ਲੈ ਲਿਆ ਤੇ ਕਹਿਣ ਲੱਗੇ, "ਇਹ ਮੇਰਾ ਫ਼ਤਹਿ ਸਿੰਘ, ਜਥੇਦਾਰ ਪੁੱਤਰ ਹੈ ਤੇ ਅੱਜ ਮੈਂ ਇਕ ਅਕਾਲ ਦੀ "ਅਕਾਲੀ ਜਥੇਬੰਦੀ" ਤਿਆਰ ਕਰਦਾ ਹਾਂ, ਜਿਸ ਦਾ ਪਹਿਲਾ ਜਥੇਦਾਰ ਅਕਾਲੀ ਬਾਬਾ ਫ਼ਤਹਿ ਸਿੰਘ ਹੋਵੇਗਾ।"

ਜੋ ਨਿਹੰਗ ਸਿੰਘਾਂ ਦਾ ਜਥਾ ਹੋਂਦ ਵਿਚ ਆਇਆ ਹੈ, ਦੁਮਾਲੇ ਤੇ ਦੁਮਾਲਾ, ਦਸਤਾਰ 'ਤੇ ਦਸਤਾਰ। ਇਹ ਗੁਰੂ ਕਲਗੀਧਰ ਪਾਤਸ਼ਾਹ ਦੀ ਥਾਪੀ ਹੋਈ ਜਥੇਬੰਦੀ ਹੈ। ਇਸ ਦਾ ਪਹਿਲਾ ਜਥੇਦਾਰ ਕਲਗੀਧਰ ਪਾਤਸ਼ਾਹ ਨੇ 'ਬਾਬਾ ਫ਼ਤਹਿ ਸਿੰਘ' ਜੀ ਨੂੰ ਥਾਪਿਆ ਸੀ। ਕਲਗੀਧਰ ਪਾਤਸ਼ਾਹ ਨੇ ਆਖਿਆ ਸੀ ਕਿ ਅਕਾਲੀ ਜਥਾ ਕਿਸੇ ਵੀ ਜ਼ਾਲਮ ਅੱਗੇ ਨਹੀਂ ਝੁਕੇਗਾ। ਬਿਲਕੁਲ ਉਸੇ ਸਿੱਖਿਆ ਨੂੰ ਲੈ ਕੇ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ, ਆਪਣੇ ਵੱਡੇ ਵੀਰ ਜ਼ੋਰਾਵਰ ਸਿੰਘ ਦੇ ਨਾਲ, ਨਵਾਬ ਵਜ਼ੀਰ ਖ਼ਾਂ ਦੀ ਕਚਹਿਰੀ ਦੇ ਵਿਚ ਆਪਣੇ ਪਿਤਾ ਜੀ ਦੀ ਸਿੱਖਿਆ ਦਾ ਪ੍ਰੈਕਟੀਕਲ ਕਰ ਕੇ ਵਿਖਾ ਰਹੇ ਹਨ।

ਦੂਸਰੇ ਦਿਨ ਵੀ ਵਜ਼ੀਰ ਖ਼ਾਂ ਨੇ ਸਾਹਿਬਜ਼ਾਦਿਆਂ ਨੂੰ ਇਹ ਕਹਿ ਕੇ ਉਹਨਾਂ ਦੀ ਦਾਦੀ ਮਾਂ ਕੋਲ ਵਾਪਸ ਭੇਜ ਦਿੱਤਾ ! "ਮੈਨੂੰ ਤੁਹਾਡੇ 'ਤੇ ਤਰਸ ਆਉਂਦਾ ਹੈ ਜਾਉ ਬੱਚਿਉ ! ਜਾ ਕੇ ਆਪਣੀ ਦਾਦੀ ਮਾਂ ਦੇ ਨਾਲ ਫਿਰ ਸਲਾਹ ਕਰ ਲਉ, ਕਿਉਂ ਆਪਣੀਆਂ ਕੀਮਤੀ ਜਾਨਾਂ ਗੁਆਉਂਦੇ ਹੋ।" ਦਾਦੀ ਮਾਂ ਕੋਲ ਜਾ ਕੇ ਬੱਚਿਆਂ ਨੇ ਅੱਜ ਫਿਰ ਸਾਰੀ ਵਾਰਤਾਲਾਪ ਕਚਹਿਰੀ ਦੀ ਸੁਣਾਈ, ਕਿਉਂਕਿ ਦਾਦੀ ਮਾਂ ਨੇ ਕਿਹਾ ਸੀ ਕਿ ਬੱਚਿਉ ! ਮੈਂ ਤੁਹਾਡੀ ਉਡੀਕ ਕਰਾਂਗੀ ਤੇ ਦਾਦੀ ਮਾਂ ਨੇ ਸਾਰੀ ਵਾਰਤਾਲਾਪ ਸੁਣੀ। ਬੱਚਿਆਂ ਨੂੰ ਗਲਵਕੜੀ ਵਿਚ ਲਿਆ ਅਤੇ ਸ਼ਾਬਾਸ਼ ਦਿੱਤੀ।

ਸਾਧ ਸੰਗਤ ਜੀ ! ਇਕ ਲਫ਼ਜ਼ ਹੈ, "ਮੌਤ"। ਮੌਤ ਦੇ ਦੋ ਅਰਥ ਹਨ—ਇਕ ਹੈ "ਸ਼ਹਾਦਤ" ਅਤੇ ਦੂਜਾ ਹੈ "ਮਰਨਾ"। ਜੇਕਰ ਇਹਨਾਂ ਦੋ ਸ਼ਬਦਾਂ ਨੂੰ ਅਸੀਂ ਬਾਹਰੀ ਰੂਪ ਵਿਚ ਦੇਖੀਏ ਤਾਂ ਦੋਨੋਂ ਸ਼ਬਦਾਂ ਦਾ ਅਰਥ ਮੌਤ ਹੀ ਹੈ, ਪਰ ਵਿਦਵਾਨਾਂ ਨੇ ਦੋਨਾਂ ਸ਼ਬਦਾਂ ਦਾ ਫ਼ਰਕ (ਅਰਥ) ਬੜੇ ਹੀ ਵਧੀਆ ਤਰੀਕੇ ਨਾਲ ਬਿਆਨ ਕੀਤਾ ਹੈ।

ਸ਼ਹਾਦਤ ਤੇ ਮਰਨ ਵਿਚ ਕੀ ਫ਼ਰਕ ਹੁੰਦਾ ਹੈ ? "ਸ਼ਹੀਦ ਦੀ ਮੌਤ ਉੱਪਰ ਫ਼ਤਹਿ ਦਾ ਨਾਮ ਸ਼ਹਾਦਤ ਹੈ ਅਤੇ ਮੌਤ ਦੀ ਮਨੁੱਖ ਉੱਪਰ ਫ਼ਤਹਿ ਦਾ ਨਾਮ ਮਰਨਾ ਹੈ।" ਜਦੋਂ ਆਪਾਂ ਕਲਗੀਧਰ ਦੇ ਸਰਬੰਸ ਦੇ ਇਤਿਹਾਸ ਵੱਲ ਨੂੰ ਝਾਤੀ ਮਾਰਦੇ ਹਾਂ, ਜਦੋਂ ਆਪਾਂ ਸਿੰਘਾਂ ਸੂਰਮਿਆਂ ਦੀਆਂ ਕੁਰਬਾਨੀਆਂ ਦੇ ਇਤਿਹਾਸ ਵੱਲ ਝਾਤੀ ਮਾਰਦੇ ਹਾਂ ਤਾਂ ਖ਼ਿਆਲ ਕਰਨਾ "ਇਥੇ ਮੌਤ ਉਤੇ ਫ਼ਤਹਿ ਪਾ ਕੇ ਸ਼ਹਾਦਤਾਂ ਦਾ ਇਤਿਹਾਸ ਰਚਿਆ ਗਿਆ ਹੈ। "

ਇਥੇ ਇਕ ਵਿਦਵਾਨ ਨੇ ਕਲਗੀਧਰ ਦੇ ਪ੍ਰਥਾਏ ਬੜੀ ਵਧੀਆ ਗੱਲ ਲਿਖੀ ਹੈ। ਉਹ ਕਹਿੰਦਾ ਹੈ ਕਿ ਜ਼ਰਾ ਗੁਰੂ ਨਾਨਕ ਦੇ ਘਰ ਦਾ ਇਤਿਹਾਸ ਪੜ੍ਹਦੇ ਜਾਣਾ, ਗੁਰੂ ਨਾਨਕ ਦੇ ਘਰ ਅੰਦਰ ਗੁਰੂ ਅਤੇ ਗੁਰੂ ਪੁੱਤਰਾਂ ਵਿਚ ਵਿਚਾਰਾਂ ਦਾ ਫ਼ਰਕ ਰਹਿੰਦਾ ਦਿਖਾਈ ਦਿਤਾ। ਜਿਵੇਂ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਪੁੱਤਰਾਂ ਦੇ ਵਿਚਾਰਾਂ ਵਿਚ ਫ਼ਰਕ ਦਿਖਾਈ ਦਿੱਤਾ। ਗੁਰੂ ਅੰਗਦ ਦੇਵ ਜੀ ਅਤੇ ਉਹਨਾਂ ਦੇ ਪੁੱਤਰਾਂ ਦੇ ਵਿਚਾਰਾਂ ਵਿਚ ਫ਼ਰਕ ਦਿਖਾਈ ਦਿੱਤਾ। ਗੁਰੂ ਅਮਰਦਾਸ ਜੀ ਅਤੇ ਉਹਨਾਂ ਦੇ ਪੁੱਤਰਾਂ ਦੇ ਵਿਚਾਰਾਂ ਵਿਚ ਫ਼ਰਕ ਦਿਖਾਈ ਦਿੱਤਾ। ਗੁਰੂ ਰਾਮਦਾਸ ਜੀ ਅਤੇ ਉਹਨਾਂ ਦੇ ਪੁੱਤਰ ਬਾਬਾ ਪ੍ਰਿਥੀਚੰਦ ਅਤੇ ਬਾਬਾ ਮਹਾਂਦੇਵ ਦੇ ਵਿਚਾਰਾਂ ਵਿਚ ਫ਼ਰਕ ਦਿਖਾਈ ਦਿੱਤਾ। ਇਸੇ ਤਰ੍ਹਾਂ ਗੁਰੂ ਹਰਿ ਰਾਇ ਜੀ ਅਤੇ ਉਹਨਾਂ ਦੇ ਸਪੁੱਤਰ ਬਾਬਾ ਰਾਮ ਰਾਏ ਦੇ ਵਿਚਾਰਾਂ ਵਿਚ ਫ਼ਰਕ ਰਹਿ ਗਿਆ।

ਪਰ ਜਦੋਂ ਅਸੀਂ ਗੁਰੂ ਕਲਗੀਧਰ ਪਾਤਸ਼ਾਹ ਦੇ ਜੀਵਨ ਵਿਚ ਝਾਤੀ ਮਾਰੀਏ ਤਾਂ ਦਿਖਾਈ ਦੇਵੇਗਾ ਕਿ ਕਲਗੀਧਰ ਪਾਤਸ਼ਾਹ ਨੇ ਇਹ ਪੀੜ੍ਹੀਆਂ ਦੇ ਵਿਚਾਰਾਂ ਦਾ ਫ਼ਰਕ ਪੂਰੀ ਤਰ੍ਹਾਂ ਮਿਟਾ ਦਿੱਤਾ। ਇਥੇ ਜਿਸ ਮਾਰਗ ਦੇ ਪਾਂਧੀ ਪਿਤਾ ਗੁਰੂ ਤੇਗ਼ ਬਹਾਦਰ ਜੀ ਨੇ, ਪੁੱਤਰ ਗੁਰੂ ਗੋਬਿੰਦ ਸਿੰਘ ਵੀ ਉਸੇ ਮਾਰਗ ਦਾ ਪਾਂਧੀ ਹੈ, ਜਿਸ ਮਾਰਗ ਦੇ ਪਾਂਧੀ ਪਤੀ ਗੁਰੂ ਤੇਗ਼ ਬਹਾਦਰ ਜੀ ਨੇ, ਉਸੇ ਮਾਰਗ ਦੀ ਪਾਂਧੀ ਮਾਤਾ ਗੁਜਰੀ ਜੀ ਵੀ ਨੇ, ਜਿਸ ਮਾਰਗ ਦੇ ਪਾਂਧੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ, ਉਸੇ ਮਾਰਗ ਦੇ ਪਾਂਧੀ ਚਾਰ ਦੇ ਚਾਰ ਸਾਹਿਬਜ਼ਾਦੇ ਵੀ ਨੇ। ਇਹ ਪੀੜ੍ਹੀਆਂ ਦੇ ਵਿਚਾਰਾਂ ਦਾ ਫ਼ਰਕ ਵੀ ਗੁਰੂ ਕਲਗੀਧਰ ਦੇ ਪਰਿਵਾਰ ਨੇ ਮਿਟਾ ਦਿੱਤਾ। ਇਕ ਵਿਦਵਾਨ ਨੇ ਇਸ ਸਬੰਧੀ ਬੜੇ ਭਾਵਪੂਰਤ ਸ਼ਬਦ ਲਿਖੇ ਹਨ **"ਅਜਬ ਫਕੀਰਾਂ ਦੀ ਮਸਤ ਟੋਲੀ ਗਜ਼ਬ ਦੇ ਕ੍ਰਿਸ਼ਮੇ ਦਿਖਾ ਕੇ ਹੈਰਾਨ ਕਰ ਗਈ।"** ਗੁਰੂ ਕਲਗੀਧਰ ਪਾਤਸ਼ਾਹ ਦੇ ਪਰਿਵਾਰ ਦੀਆਂ ਨਿਰਾਲੀਆਂ ਬਾਤਾਂ ਹਨ।

ਇਕ ਵਿਦਵਾਨ ਕਵੀ ਨੇ ਬੜੀ ਸੁੰਦਰ ਰਚਨਾ ਸਰਹੰਦ ਦੀਆਂ ਦੀਵਾਰਾਂ ਨੂੰ ਸਿਜਦਾ ਕਰਦਿਆਂ ਲਿਖੀ ਹੈ। ਉਹ ਕਵੀ ਕਹਿੰਦਾ ਹੈ ਕਿ ਜੇਕਰ ਭਾਵਨਾ ਦੀ ਅੱਖ ਨਾਲ ਉਹਨਾਂ ਸਰਹੰਦ ਦੀਆਂ, ਖ਼ੂਨੀ ਦੀਵਾਰਾਂ ਨੂੰ ਦੇਖੀਏ ਤਾਂ ਉਹਨਾਂ ਦੀਵਾਰਾਂ ਵਿਚੋਂ ਸਾਨੂੰ ਕੀ ਦਿਖਾਈ ਦੇਵੇਗਾ :

ਲਹੂ ਭਿੰਨੀ ਸਰਹੰਦ ਦੀ ਗਰਦ ਅੰਦਰ,
ਮੈਨੂੰ ਦੂਰੋਂ ਸ਼ਹੀਦਾਂ ਦਾ ਦਰ ਦਿਸਿਆ।
ਉਸ ਦਰ ਅੰਦਰ ਜਦੋਂ ਲੰਘਿਆ ਮੈਂ,
ਲਹੂ ਭਿੰਨਾਂ ਕੁਰਬਾਨੀ ਦਾ ਘਰ ਦਿਸਿਆ।

ਉਸ ਘਰ ਦੀ ਇਕ ਇਕ ਇੱਟ ਅੰਦਰ,
ਸੂਹੇ ਰੰਗ ਵਿਚ ਖ਼ੂਨ ਨਿਡਰ ਦਿਸਿਆ।
ਉਸ ਖ਼ੂਨ ਅੰਦਰ ਜਦੋਂ ਝਾਤ ਮਾਰੀ,
ਸਾਖਸ਼ਾਤ ਬੈਠਾ ਮੈਨੂੰ ਕਲਗੀਧਰ ਦਿਸਿਆ।

(ਵਿਧਾਤਾ ਸਿੰਘ ਤੀਰ)

ਗੁਰੂ ਨਾਨਕ ਦੇ ਘਰ ਦਾ ਹਰ ਪੱਖੋਂ ਨਿਵੇਕਲਾ ਇਤਿਹਾਸ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕ ਥਿਊਰੀ ਹੈ ਅਤੇ ਸਿੱਖ ਇਤਿਹਾਸ ਉਸ ਦਾ ਪ੍ਰੈਕਟੀਕਲ ਹੈ। ਜੇਕਰ ਗੁਰੂ ਨਾਨਕ ਦੇ ਘਰ ਨੂੰ ਸਮਝਣਾ ਹੋਵੇ ਨਾ ਇਕੱਲਾ ਗੁਰਬਾਣੀ ਵਿਚੋਂ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਇਕੱਲੇ ਇਤਿਹਾਸ ਵਿਚੋਂ ਸਮਝਿਆ ਜਾ ਸਕਦਾ ਹੈ। ਗੁਰੂ ਨਾਨਕ ਦੇ ਘਰ ਨੂੰ ਸਮਝਣ ਲਈ ਗੁਰਬਾਣੀ ਅਤੇ ਇਤਿਹਾਸ ਦੇ ਸੁਮੇਲ ਵਿਚੋਂ ਹੀ ਸਮਝਿਆ ਜਾ ਸਕਦਾ ਹੈ।

ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪ੍ਰੈਕਟੀਕਲ ਦੇ ਤੌਰ 'ਤੇ ਨਾ ਕੀਤਾ ਜਾਂਦਾ ਅਤੇ ਜੇਕਰ ਉਦਾਹਰਣਾਂ ਗੁਰਬਾਣੀ ਦੇ ਨਾਲ ਨਾ ਸੈਟ ਕੀਤੀਆਂ ਜਾਂਦੀਆਂ ਤਾਂ ਆਮ ਲੋਕਾਂ ਨੇ ਕਹਿ ਦੇਣਾ ਸੀ ਕਿ ਇਹ ਤਾਂ ਕੇਵਲ ਲਿਖਣ ਮਾਤਰ ਦੀਆਂ ਬਾਤਾਂ ਨੇ, ਪਰ ਗੁਰੂ ਸਾਹਿਬਾਨ ਨੇ ਬਾਣੀ ਨੂੰ ਪ੍ਰੈਕਟੀਕਲ ਰੂਪ ਵਿਚ ਵੀ ਕਰ ਕੇ ਦਿਖਾ ਦਿੱਤਾ।

ਜੇਕਰ ਇਹ ਪ੍ਰੈਕਟੀਕਲ ਰੂਪ ਦੀਆਂ ਬਾਤਾਂ ਗੁਰੂ ਸਾਹਿਬਾਨ ਤੱਕ ਹੀ ਰਹਿ ਜਾਂਦੀਆਂ ਤਾਂ ਵੀ ਆਮ ਲੋਕਾਂ ਦੀ ਵਿਚਾਰ ਨੇ ਸ਼ੰਕੇ ਦੀ ਅੱਖ ਨਾਲ ਕਹਿਣਾ ਸੀ ਕਿ ਉਹ ਤਾਂ ਗੁਰੂ ਸਾਹਿਬਾਨ ਸਨ, ਉਹਨਾਂ ਨੇ ਤਾਂ ਇਹ ਸਭ ਕਰ ਹੀ ਲੈਣਾ ਸੀ। ਪਰ ਗੁਰੂ ਨਾਨਕ ਦੇ ਘਰ ਨੇ ਗੁਰੂ ਦੇ ਸਿੱਖਾਂ ਪਾਸੋਂ ਵੀ ਉਹੀ ਪ੍ਰੈਕਟੀਕਲ ਕਰਵਾ ਕੇ ਵਿਖਾ ਦਿੱਤੇ। ਇੱਥੇ ਗੁਰੂ ਨਾਨਕ ਦੇ ਘਰ ਵਿਚ ਗੁਰਸਿੱਖ ਵੀ ਗੁਰੂ ਕਲਗੀਧਰ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਪਰਿਵਾਰ ਵਾਰ ਸਕਦੇ ਹਨ। ਗੁਰੂ ਨਾਨਕ ਦੇ ਘਰ ਅੰਦਰ ਕੇਵਲ ਗੁਰੂ ਅਰਜਨ ਦੇਵ ਜੀ ਹੀ ਦੇਗ ਵਿਚ ਉਬਾਲੇ ਨਹੀਂ ਖਾਂਦੇ, ਇਥੇ ਗੁਰੂ ਜੀ ਦੇ ਸਿੱਖ ਭਾਈ ਦਿਆਲਾ ਜੀ ਵੀ ਦੇਗ ਵਿਚ ਉਬਾਲੇ ਖਾ ਜਾਂਦੇ ਹਨ। ਉਸ ਸਰਬੰਸ ਦਾਨੀ ਕਲਗੀਧਰ ਪਾਤਸ਼ਾਹ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਗੁਰਸਿੱਖਾਂ ਨੇ ਵੀ ਦਿਖਾ ਦਿੱਤਾ, ਉਹ ਕੌਣ ਸਨ ?

ਉਹ ਹਨ ਗੁਰਸਿੱਖ ਭਾਈ ਸੁਬੇਗ ਸਿੰਘ ਜੀ, ਭਾਈ ਸਾਹਬਾਜ਼ ਸਿੰਘ ਜੀ। ਭਾਈ ਸੁਬੇਗ ਸਿੰਘ ਜੀ ਲਾਹੌਰ ਦੇ ਕੋਤਵਾਲ ਸਨ ਤੇ ਮੁਗਲ ਰਾਜ ਦੀ ਦਿੱਤੀ ਕੋਤਵਾਲੀ ਬਹੁਤ ਹੀ ਸੁਚੱਜੇ ਢੰਗ ਨਾਲ ਕਰਦੇ ਸਨ। ਉਹਨਾਂ ਦੀ ਕੋਤਵਾਲੀ ਥੱਲੇ ਪੂਰੀ ਪਰਜਾ ਪ੍ਰਸੰਨ ਸੀ। ਭਾਈ ਸੁਬੇਗ ਸਿੰਘ ਜੀ ਦਾ ਪੁੱਤਰ ਭਾਈ ਸ਼ਾਹਬਾਜ਼ ਸਿੰਘ, ਮਦਰੱਸੇ ਵਿਚ

ਕਾਜ਼ੀ ਕੋਲ ਪੜ੍ਹਦਾ ਹੈ, ਉਹ ਕਾਜ਼ੀ ਇਸ ਹੋਣਹਾਰ ਅਤੇ ਸੁੰਦਰ ਬੱਚੇ 'ਤੇ ਬਹੁਤ ਖ਼ੁਸ਼ ਹੈ ਅਤੇ ਆਪਣੀ ਨੌਜੁਆਨ ਬੱਚੀ ਦੇ ਨਿਕਾਹ ਦੀ ਵਿਉਂਤ ਬਣਾ ਰਿਹਾ ਹੈ ਕਿ ਜੇਕਰ ਇਹ ਬੱਚਾ ਸ਼ਾਹਬਾਜ਼ ਸਿੰਘ ਮੁਸਲਮਾਨ ਬਣ ਜਾਵੇ ਤਾਂ ਮੈਂ ਇਸ ਨੂੰ ਆਪਣਾ ਜਵਾਈ ਬਣਾ ਲਵਾਂ। ਪਰ ਸ਼ਾਹਬਾਜ਼ ਸਿੰਘ ਦੀਆਂ ਰਗਾਂ ਅੰਦਰ ਕਲਗੀਧਰ ਪਿਤਾ ਦੀ ਵਿਚਾਰਧਾਰਾ ਦਾ ਖ਼ੂਨ ਦੌੜਦਾ ਹੈ। ਉਹ ਕਾਜ਼ੀ ਦੇ ਇਰਾਦੇ ਅਨੁਸਾਰ ਸਿੱਖੀ ਤੋਂ ਬਿਲਕੁਲ ਨਾ ਡੋਲਿਆ। ਜਦੋਂ ਕਾਜ਼ੀ ਹਰ ਹੀਲੇ ਤੋਂ ਅਸਫਲ ਹੋ ਗਿਆ ਤਾਂ ਅਖ਼ੀਰ ਉਸ ਨੇ ਝੂਠੀ ਸ਼ਿਕਾਇਤ ਕਰ ਦਿੱਤੀ ਕਿ ਇਹ ਪਿਉ-ਪੁੱਤਰ, ਇਸਲਾਮ ਦੇ ਵੈਰੀ ਹਨ ਤੇ ਇਹ ਦੋਵੇਂ ਇਸਲਾਮ ਦੇ ਖ਼ਿਲਾਫ਼ ਬੋਲਦੇ ਹਨ।

ਜ਼ਕਰੀਆ ਖ਼ਾਂ ਨੇ ਬਿਨਾ ਪੜਤਾਲ ਕੀਤਿਆਂ, ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਅਨੇਕਾਂ ਤਸੀਹੇ ਦਿੰਦੇ ਰਹੇ। ਪਰ ਜਦੋਂ ਸਿੰਘ ਤਸੀਹਿਆਂ ਤੋਂ ਨਾ ਡਰੇ ਤਾਂ ਜ਼ਕਰੀਆਂ ਖਾਂ ਦੀ ਅਚਾਨਕ ਮੌਤ ਤੋਂ ਬਾਅਦ ਤਖਤ 'ਤੇ ਬੈਠੇ ਉਸ ਦੇ ਪੁੱਤਰ ਯਹੀਆ ਖ਼ਾਨ ਨੇ ਹੁਕਮ ਸੁਣਾ ਦਿੱਤਾ ਕਿ ਇਹਨਾਂ ਦੋਵੇਂ ਪਿਉ ਪੁੱਤਰ ਨੂੰ ਚਰਖੜੀਆਂ 'ਤੇ ਚਾੜ੍ਹ ਦਿੱਤਾ ਜਾਵੇ। ਕੁਝ ਨਿਕਟਵਰਤੀ ਸਿੱਖਾਂ ਨੇ ਭਾਈ ਸੁਬੇਗ ਸਿੰਘ ਨੂੰ ਸਲਾਹ ਦਿਤੀ ਕਿ ਹੋਰ ਨਹੀ ਤਾਂ ਘੱਟੋ ਘੱਟ ਆਪਣੇ ਬੱਚੇ ਨੂੰ ਬਚਾ ਕੇ ਕੁਲ ਦਾ ਨਿਸ਼ਾਨ ਤਾਂ ਕਾਇਮ ਰੱਖ ਲਉ ਤਾਂ ਸ੍ਰ. ਸੁਬੇਗ ਸਿੰਘ ਨੇ ਡੱਟ ਕੇ ਜੁਆਬ ਦਿਤਾ

ਸਿੱਖਨ ਕਾਜ ਸੁ ਗੁਰੂ ਹਮਾਰੇ। ਸੀਸ ਦੀਓ ਨਿਜ ਸਣ ਪਰਵਾਰੇ।
ਹਮ ਕਾਰਨ ਗੁਰ ਕੁਲਹਿ ਗਵਾਈ। ਹਮ ਕੁਲ ਰਾਖੈ ਕੌਣ ਵਡਾਈ।

ਕਲਗੀਧਰ ਦੇ ਇਹਨਾਂ ਗੁਰਸਿੱਖਾਂ ਨੂੰ ਚਰਖੜੀਆਂ 'ਤੇ ਚਾੜ੍ਹ ਦਿੱਤਾ ਗਿਆ। ਚਰਖੜੀਆਂ ਦੇ ਤਿੱਖੇ ਦੰਦਿਆਂ ਨੇ ਇਹਨਾਂ ਗੁਰਸਿੱਖਾਂ ਦੇ ਸਰੀਰਾਂ ਨੂੰ ਤੂੰਬਾ-ਤੂੰਬਾ ਕਰ ਕੇ ਰੱਖ ਦਿੱਤਾ।

ਚਰਖੜੀ ਚਾੜ ਫਿਰ ਬਹੁਤ ਘੁਮਾਇਆ। ਵਾਹਿਗੁਰੂ ਤਹਿ ਨਹੀ ਭੁਲਾਇਆ।

ਉਹਨਾਂ ਗੁਰੂ ਕੇ ਸਿੱਖਾਂ ਨੇ ਵਾਹਿਗੁਰੂ ਨੂੰ ਨਾਂ ਭੁਲਾਇਆ ਤੇ ਅਕਾਲ ਪੁਰਖ ਦੇ ਭਾਣੇ ਨੂੰ ਖਿੜੇ ਮੱਥੇ ਮੰਨਦਿਆਂ ਆਪਣਾ ਆਪ ਵਾਰ ਗਏ। ਉਸ ਇਲਾਕੇ ਦੇ ਲੋਕ ਇਹਨਾਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ, ਸ਼ਰਧਾਂ ਦੇ ਨਾਲ ਗਾਉਣ ਲੱਗ ਪਏ ਕਿ :

ਥਲੇ ਧਰਤੀ ਉੱਤੇ ਅੰਬਰ, ਵਿਚ ਫਿਰੇ ਸੁਬੇਗ ਸਿੰਘ 'ਜੰਬਰ'।

ਕਿਉਂਕਿ ਭਾਈ ਸੁਬੇਗ ਸਿੰਘ ਜੀ ਪਿੰਡ 'ਜੰਬਰ',ਜ਼ਿਲਾ ਲਾਹੌਰ ਦੇ ਵਸਨੀਕ ਸਨ। ਮੈਂ ਬੇਨਤੀ ਕਰ ਰਿਹਾ ਸੀ ਕਿ ਕਲਗੀਧਰ ਪਾਤਸ਼ਾਹ ਨੇ ਕੇਵਲ ਇਤਿਹਾਸ ਹੀ ਨਹੀਂ

ਰਚਿਆ, ਗੁਰੂ ਪੁੱਤਰਾਂ ਨੇ ਹੀ ਇਤਿਹਾਸ ਨਹੀਂ ਰਚਿਆ, ਇਥੇ ਗੁਰੂ ਦੇ ਸਿੱਖਾਂ ਨੇ ਵੀ ਇਤਿਹਾਸ ਰਚ ਕੇ ਵਿਖਾ ਦਿੱਤਾ। ਇਥੇ ਗੁਰੂ ਨਾਨਕ ਦੇ ਘਰ ਵਿਚ, ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਗੁਰਸਿੱਖਾਂ ਨੇ ਗੁਰੂ ਅਤੇ ਸਿੱਖਾਂ ਦਾ ਫ਼ਰਕ ਵੀ ਮਿਟਾ ਦਿੱਤਾ। ਇਹ ਹੈ ਸਾਡਾ ਇਤਿਹਾਸ ਕਿ ਜੋ ਪੂਰਨੇ ਸਾਡੇ ਗੁਰੂ ਨਾਨਕ ਜੀ ਨੇ ਪਾਏ ਉਹਨਾਂ ਪੂਰਨਿਆਂ 'ਤੇ ਗੁਰੂ ਕੇ ਸਿੱਖਾਂ ਨੇ ਚੱਲ ਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ।

ਇਕ ਅੰਗਰੇਜ਼ ਵਿਦਵਾਨ ਜਿਸ ਦਾ ਨਾਮ 'ਜੇਮਜ਼ ਬਰਾਊਨ' **(JAMES BROWN)** ਸੀ। ਉਸ ਨੇ ਸਾਕਾ ਸਰਹੰਦ ਦੀ ਗਾਥਾ ਨੂੰ ਪੜ੍ਹਿਆ ਤੇ ਪੜ੍ਹਣ ਤੋਂ ਬਾਅਦ ਜੇਮਜ਼ ਬਰਾਊਨ ਨੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦਿਆਂ ਲਿਖਿਆ ਹੈ ਕਿ **"ਨਵੇਂ ਧਾਰਮਿਕ ਅਸੂਲਾਂ ਦਾ ਪ੍ਰਚਾਰ ਕਰਨ ਵਾਲਿਆਂ ਉੱਤੇ ਢਾਹੇ ਜ਼ੁਲਮਾਂ ਦੀਆਂ ਸਾਰੀਆਂ ਹੀ ਮਿਸਾਲਾਂ ਵਿਚੋਂ ਸਾਕਾ ਸਰਹੰਦ ਸਭ ਤੋਂ ਜ਼ਿਆਦਾ ਕਠੋਰ, ਉਪੱਦਰ ਅਤੇ ਨਿਰਦਈ ਅਤਿਆਚਾਰ ਹੈ। ਆਮ ਤੌਰ 'ਤੇ ਬੱਚੇ, ਇਸਤਰੀਆਂ ਅਤੇ ਨਿਹੱਥੇ ਲੋਕ ਧਾਰਮਿਕ ਕਰੋਧ ਤੋਂ ਬਚੇ ਰਹਿੰਦੇ ਹਨ, ਪਰ ਹੈਰਾਨੀ ਦੀ ਗੱਲ ਨਹੀਂ ਕਿ ਸਿੱਖਾਂ ਦੇ ਅੰਦਰ ਗ਼ੁੱਸਾ ਵੀ ਇੰਨਾ ਹੀ ਸਖ਼ਤ ਸੀ।"** ਸਾਕਾ ਸਰਹੰਦ ਦੇ ਵਿਚ ਅਤਿਆਚਾਰ ਦਾ ਸ਼ਿਕਾਰ ਬੇ-ਕਸੂਰ ਬੱਚੇ ਹੋਏ ਸਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਰੋਸ ਵਿਚ ਆ ਕੇ ਵਿਰੋਧੀ ਭਾਵਨਾ ਪ੍ਰਗਟਾਉਣਾ ਇਕ ਕੁਦਰਤੀ ਪ੍ਰਕਿਰਿਆ ਸੀ।

ਇਕ ਮਾਂ ਲਈ ਦੁਨੀਆਂ ਵਿਚ ਸਭ ਤੋਂ ਵੱਡਾ ਦੁੱਖ ਆਪਣੇ ਬੱਚੇ ਦੀ ਮੌਤ ਹੈ। ਸਿੱਖ ਇਤਿਹਾਸ ਵਿਚ ਤਾਂ ਮਾਵਾਂ ਦੀਆਂ ਅੱਖਾਂ ਦੇ ਸਾਹਮਣੇ ਬੱਚਿਆਂ ਦੇ ਟੋਟੇ-ਟੋਟੇ ਕਰ ਕੇ ਉਹਨਾਂ ਦੇ ਹਾਰ ਬਣਾ ਕੇ ਮਾਵਾਂ ਦੇ ਗਲ੍ਹਾਂ ਵਿਚ ਪਾ ਦਿੱਤੇ ਗਏ। ਉਹ ਬਹਾਦਰ ਸਿੰਘਣੀਆਂ ਪਿਤਾ ਕਲਗੀਧਰ ਦੇ ਪਾਏ ਪੂਰਨਿਆਂ 'ਤੇ ਚਲਦੀਆਂ ਹੋਈਆਂ ਸ਼ਾਮ ਨੂੰ "ਸੋ ਦਰੁ ਰਹਰਾਸਿ ਸਾਹਿਬ" ਦਾ ਪਾਠ ਕਰਨ ਉਪਰੰਤ ਜਦੋਂ ਅਰਦਾਸ ਕਰਦੀਆਂ ਸਨ ਦੋਵੇਂ ਹੱਥ ਜੋੜ ਕੇ ਅਕਾਲ ਪੁਰਖ ਨੂੰ ਬੇਨਤੀ ਕਰਦੀਆਂ ਹਨ, "ਹੇ ਸੱਚੇ ਪਾਤਸ਼ਾਹ ! ਆਪ ਜੀ ਦੇ ਭਾਣੇ ਅੰਦਰ ਚਾਰ ਪਹਿਰ ਦਿਨ ਸੁਖ ਦੇ ਬਤੀਤ ਹੋਏ ਹਨ, ਚਾਰ ਪਹਿਰ ਰੈਣਿ ਆਪਣੇ ਭਾਣੇ ਅੰਦਰ ਬਤੀਤ ਕਰਵਾਉਣੀ", ਉਹ ਅਰਦਾਸ ਵਿਚ ਕਿਸੇ ਵੀ ਤਰ੍ਹਾਂ ਦਾ ਉਲ੍ਹਾਮਾ ਨਹੀਂ ਸਨ ਦੇਂਦੀਆਂ। ਬਸ ਅੱਜ ਮਾਵਾਂ ਨੂੰ ਮਾਂ ਗੁਜਰੀ ਦਾ ਸੰਦੇਸ਼ ਗ੍ਰਹਿਣ ਕਰਨ ਦੀ ਜ਼ਰੂਰਤ ਹੈ। ਜੋਗੀ ਅੱਲ੍ਹਾ ਯਾਰ ਖ਼ਾਂ ਆਪਣੇ ਕਿੱਸੇ ਨੂੰ ਅੱਗੇ ਤੋਰਦਾ ਕਹਿ ਰਿਹਾ ਹੈ ਕਿ ਸਾਹਿਬਜ਼ਾਦੇ ਡਰਾਵੇ, ਪਿਆਰ ਅਤੇ ਲਾਲਚ ਤੋਂ ਨਿਰਲੇਪ ਹੋ ਕੇ ਭਰੀ ਸਭਾ ਵਿਚ ਵਜ਼ੀਰ ਖ਼ਾਂ ਨਾਲ ਸਵਾਲ-ਜਵਾਬ ਕਰ ਰਹੇ ਹਨ।

ਅਖ਼ੀਰ ਵਜ਼ੀਰ ਖ਼ਾਂ ਕਹਿੰਦਾ ਹੈ ਕਿ ਦੱਸੋ ਤੁਹਾਨੂੰ ਮੌਤ ਚਾਹੀਦੀ ਹੈ ਕਿ ਪਨਾਹ ਚਾਹੀਦੀ ਹੈ ਤੇ ਸਾਹਿਬਜ਼ਾਦੇ ਭਰੀ ਸਭਾ ਵਿਚ ਆਪਣੇ ਮਨ ਦੀ ਬਾਤ ਕਹਿ ਰਹੇ ਹਨ:

ਹਮ ਸਾਥ ਚਾਹਤੇ ਹੈਂ ਅਜਲ ਕੇ ਦਹਨ ਮੇਂ ਜਾਏਂ।
ਮਰ ਜਾਏਂ ਭੀ ਤੋ ਕਬਰ ਮੇਂ ਏਕ ਹੀ ਕਫ਼ਨ ਮੇਂ ਜਾਏਂ।
ਹਾਥੋਂ ਮੇਂ ਹਾਥ ਡਾਲ ਕੇ ਬਾਗ਼ੇ-ਅਦਨ ਮੇਂ ਜਾਏਂ।
ਮਾਸੂਮੋਂ ਕੇ ਲੀਏ ਜੋ ਬਨਾ ਉਸ ਚਮਨ ਮੇਂ ਜਾਏਂ।

ਕਲਗੀਧਰ ਦੇ ਸਾਹਿਬਜ਼ਾਦੇ ਕਹਿਣ ਲੱਗੇ, "ਐ ਵਜ਼ੀਰ ਖ਼ਾਂ ! ਅਸੀਂ ਸਾਫ਼ ਚਾਹੁੰਦੇ ਹਾਂ ਕਿ ਅਸੀਂ ਮੌਤ ਦੇ ਮੂੰਹ ਵਿਚ ਚਲੇ ਜਾਈਏ, ਪਰ ਤੇਰੇ ਕੋਲੋਂ ਇਕ ਇੱਛਾ ਅਸੀਂ ਜ਼ਰੂਰ ਮੰਗਦੇ ਹਾਂ ਕਿ ਅਸੀਂ ਮੌਤ ਦੇ ਮੂੰਹ ਵਿਚ ਜਾਣਾ ਹੀ ਹੈ ਤੇ ਸਾਡੀ ਇਹ ਇੱਛਾ ਹੈ ਕਿ ਸਾਨੂੰ ਦੋਵਾਂ ਭਰਾਵਾਂ ਨੂੰ ਅੱਡ-ਅੱਡ ਨਾ ਕਰੀਂ, ਸਾਨੂੰ ਇਕੱਠੇ ਹੀ ਰਹਿਣ ਦੇਵੀਂ"। ਉਹ ਬਾਗ਼ੇ-ਅਦਨ ਜਿਥੇ ਕਿ "ਬਾਈਬਲ" ਤੇ "ਕੁਰਾਨ" ਅਨੁਸਾਰ ਪਹਿਲੇ ਆਦਮ ਨੂੰ ਰੱਖਿਆ ਸੀ, ਅਸੀਂ ਚਾਹੁੰਦੇ ਹਾਂ ਕਿ ਜਦੋਂ ਅਸੀਂ ਪ੍ਰਭੂ ਦੇ ਘਰ ਨੂੰ ਜਾਈਏ ਤਾਂ ਇਕੱਠੇ ਜਾਈਏ। ਅੱਗੇ ਸਾਹਿਬਜ਼ਾਦੇ ਵਜ਼ੀਰ ਖ਼ਾਂ ਨੂੰ ਕਹਿੰਦੇ ਹਨ :

ਮਜ਼ਹਬ ਕੋ ਪਾਤਸ਼ਾਹ ਨੇ ਬੱਟਾ ਲਗਾ ਦੀਯਾ।
ਹਮ ਨੇ ਅਮਲ ਸੇ ਪੰਥ ਕੋ ਅੱਛਾ ਬਨਾ ਦੀਯਾ।

ਕਹਿੰਦੇ ਹਨ ਕਿ ਤੇਰੇ ਬਾਦਸ਼ਾਹ ਔਰੰਗਜ਼ੇਬ ਨੇ ਧਰਮ ਨੂੰ ਗਿਰਾਵਟ ਵਿਚ ਸੁੱਟ ਦਿੱਤਾ ਹੈ। ਜੋ ਉਹ ਕਰ ਰਿਹਾ ਹੈ, ਉਹ ਧਰਮ ਦੀ ਸੇਵਾ ਨਹੀਂ ਕਰ ਰਿਹਾ, ਸਗੋਂ ਧਰਮ ਦਾ ਨੁਕਸਾਨ ਕਰ ਰਿਹਾ ਹੈ। ਸਾਡੀ ਉਮਰ ਭਾਵੇਂ ਛੋਟੀ ਹੀ ਹੈ, ਪਰ ਜੋ ਅਸੀਂ ਕਰਨ ਜਾ ਰਹੇ ਹਾਂ, ਅਸੀਂ ਆਪਣੇ ਪੰਥ ਦੀ ਸੇਵਾ ਕਰਨ ਜਾ ਰਹੇ ਹਾਂ, ਆਪਣੇ ਪੰਥ ਦਾ ਭਲਾ ਕਰਨ ਜਾ ਰਹੇ ਹਾਂ।

ਸਾਹਿਬਜ਼ਾਦੇ, ਵਜ਼ੀਰ ਖ਼ਾਂ ਨੂੰ ਅਸਲੀਅਤ ਸਮਝਾਉਣ ਦਾ ਯਤਨ ਕਰ ਰਹੇ ਹਨ। ਕੀ ਸਮਝਾ ਰਹੇ ਹਨ :

ਸਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ।
ਡਰਤਾ ਨਹੀਂ ਅਕਾਲ ਸ਼ਹਿਨਸ਼ਾਹ ਕੀ ਸ਼ਾਨ ਸੇ।
ਉਪਦੇਸ਼ ਅਪਨਾ ਸੁਨ ਲੋ ਜ਼ਰਾ ਦਿਲ ਕੇ ਕਾਨ ਸੇ।
ਹਮ ਕਹਿ ਰਹੇਂ ਹੈਂ ਤੁਮ ਕੋ ਖ਼ੁਦਾ ਕੀ ਜ਼ਬਾਨ ਸੇ।

ਅਸੀਂ ਉਸ ਅਕਾਲ ਪੁਰਖ ਦੇ ਨਾਲ ਜੁੜੇ ਹੋਏ ਹਾਂ, ਜੋ ਤੇਰੇ ਸ਼ਹਿਨਸ਼ਾਹ ਔਰੰਗਜ਼ੇਬ ਤੋਂ ਡਰਦਾ ਨਹੀਂ ਹੈ,ਤੇਰੇ ਸ਼ਹਿਨਸ਼ਾਹ ਵਰਗੇ ਉਸ ਦੇ ਦਰਬਾਰ ਵਿਚ ਕਈ ਤੁਰੇ ਫਿਰਦੇ ਨੇ।

ਅਸੀਂ ਜੋ ਉਪਦੇਸ਼ ਤੈਨੂੰ ਦੇਣ ਲੱਗੇ ਹਾਂ, ਉਹ ਆਪਣੇ ਕੰਨਾਂ ਨਾਲ ਧਿਆਨ ਨਾਲ ਸੁਣ ਕੇ ਦਿਲ ਵਿਚ ਵਸਾ ਲਈਂ, ਇਹ ਗੱਲ ਅਸੀਂ ਆਪਣੇ ਕੋਲੋਂ ਨਹੀਂ ਕਹਿ ਰਹੇ,

ਕਿਉਂਕਿ ਬਾਬੇ ਨਾਨਕ ਦੇ ਘਰ ਵਿਚ, ਬਾਬੇ ਨੇ ਇਹੀ ਕਿਹਾ ਹੈ ਕਿ ਇਹ ਮੈਂ ਨਹੀਂ ਬੋਲਦਾ ਇਹ ਤਾਂ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

(ਤਿਲੰਗ ਮਹਲਾ ੧-੭੨੨)

ਜੇਕਰ ਅਸੀਂ ਗੁਰੂ ਅਰਜਨ ਦੇਵ ਜੀ ਨੂੰ ਵੀ ਪੁੱਛ ਲਈਏ ਤਾਂ ਉਹ ਵੀ ਇਹੀ ਕਹਿਣਗੇ ਕਿ ਮੈਂ ਨਹੀਂ ਬੋਲਦਾ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥

(ਸੂਹੀ ਮਹਲਾ ੫-੭੬੩)

ਕਹਿੰਦੇ, ਮੈਨੂੰ ਤਾਂ ਬੋਲਣਾ ਵੀ ਨਹੀਂ ਆਉਂਦਾ, ਇਹ ਤਾਂ ਅਕਾਲ ਪੁਰਖ ਆਪ ਬਖ਼ਸ਼ਿਸ਼ ਕਰ ਕੇ ਮੇਰੇ ਤੋਂ ਸੇਵਾ ਲੈ ਰਿਹਾ ਹੈ :

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥

(ਸਲੋਕ ਮਹਲਾ ੫-੧੪੨੯)

ਗੁਰੂ ਅਰਜਨ ਦੇਵ ਜੀ ਤਾਂ ਕਹਿੰਦੇ ਹਨ ਕਿ ਹੇ ਅਕਾਲ ਪੁਰਖ ! ਮੇਰੇ ਤਾਂ ਪੱਲੇ ਗੁਣ ਕੋਈ ਵੀ ਨਹੀਂ ਇਹ ਤਾਂ ਤੇਰੀ ਰਹਿਮਤ ਹੈ, ਤੇਰੀ ਬਖ਼ਸ਼ਿਸ਼ ਹੈ ਕਿ ਤੁਸੀਂ ਆਪ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦੀ ਸੇਵਾ ਲੈ ਲਈ।

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥

(ਸੂਹੀ ਮਹਲਾ ੫-੭੮੩)

ਇਥੇ ਵੀ ਗੁਰੂ ਨਾਨਕ ਦੇ ਪਾਏ ਪੂਰਨਿਆਂ 'ਤੇ ਚਲਦਿਆਂ, ਸਾਹਿਬਜ਼ਾਦੇ ਕਹਿ ਰਹੇ ਹਨ। ਇਹ ਸਭ ਅਸੀਂ ਨਹੀਂ ਬੋਲਦੇ, ਅਸੀਂ ਤਾਂ ਤੈਨੂੰ ਅਕਾਲ ਪੁਰਖ ਦਾ ਹੁਕਮ ਸੁਣਾਉਣ ਲੱਗੇ ਹਾਂ ਤੇ ਖ਼ੁਦਾ ਪਰਮੇਸ਼ੁਰ ਦਾ ਹੁਕਮ ਹੈ:

ਬਾਜ ਆਓ ਸ਼ਰ ਸੇ ਹਿੰਦੂ ਮੁਸਲਿਮ ਹੋ ਕੋਈ ਹੋ।
ਪੰਡਿਤ ਹੋ, ਮੌਲਵੀ ਹੋ ਯਾ ਆਲਿਮ ਹੋ ਕੋਈ ਹੋ।

ਆਹ ਜੋ ਤੇਰੀਆਂ ਸ਼ਰਾਰਤੀ ਲਹਿਜੇ ਵਾਲੀਆਂ ਬਾਤਾਂ ਹਨ, ਤੂੰ ਇਹਨਾਂ ਤੋਂ ਬਾਜ਼ ਆ ਜਾ। ਭਾਵੇਂ ਕਿਸੇ ਵੀ ਧਰਮ ਦਾ ਬੰਦਾ ਹੋਵੇ, ਧਰਮ ਦੇ ਨਾਮ 'ਤੇ ਆਪਸੀ ਵੈਰ-ਵਿਰੋਧ, ਈਰਖਾ-ਦਵੈਸ਼ ਇਹ ਜੀਵਨ ਵਿਚੋਂ ਕੱਢ ਦੇਵੇ।

ਖ਼ਿਆਲ ਕਰਿਓ ! ਇਹ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਦਾ ਸਾਨੂੰ ਵੀ ਸੰਦੇਸ਼ ਹੈ। ਜੋਗੀ ਅੱਲ੍ਹਾ ਯਾਰ ਖ਼ਾਂ ਦੀ ਕਲਮ ਦੇ ਰਾਹੀਂ ਕਿ ਅਸੀਂ ਕਿਸੇ ਨੂੰ ਇਸ ਕਰ ਕੇ ਨਫ਼ਰਤ ਨਾ ਕਰੀਏ ਕਿ ਉਹ ਹਿੰਦੂ, ਮੁਸਲਮਾਨ ਜਾਂ

ਈਸਾਈ ਹੈ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਪੱਲੇ ਬੰਨ੍ਹ ਲਈਏ :

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥

(ਸੋਰਠਿ ਮਹਲਾ ੫-੬੧੧)

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

(ਧਨਾਸਰੀ ਮਹਲਾ ੫-੬੭੧)

ਇਕ ਇਤਿਹਾਸਕ ਗੱਲ ਯਾਦ ਆਈ, ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਿੱਖ ਹੈ, ਜਿਸ ਦਾ ਨਾਮ ਇਤਿਹਾਸ ਵਿਚ ਭਾਈ ਜੱਗਾ ਸਿੰਘ ਹੈ। ਉਹ ਇੰਨਾ ਪਿਆਰਾ ਸਿੱਖ, ਗੁਰੂ ਸਾਹਿਬ ਦਾ ਇੰਨਾ ਹੁਕਮੀ ਬੰਦਾ ਹੈ। ਜਿਹੜੇ ਸਾਡੇ ਵਰਗੇ ਥੋੜੀ ਅਤੇ ਮਲੀਨ ਬੁੱਧੀ ਵਾਲੇ ਲੋਕ ਹਨ, ਉਹ ਜੱਗਾ ਸਿੰਘ ਨਾਲ ਈਰਖਾ ਕਰਦੇ ਹਨ ਕਿ ਇਸ ਜੱਗਾ ਸਿੰਘ ਨੇ ਕਲਗੀਧਰ ਪਾਤਸ਼ਾਹ 'ਤੇ ਪਤਾ ਨਹੀਂ ਕੀ ਜਾਦੂ ਕੀਤਾ ਹੈ ਕਿ ਗੁਰੂ ਸਾਹਿਬ ਇਸ ਨੂੰ ਇੰਨਾ ਪਿਆਰ ਕਰਦੇ ਹਨ।

ਇਕ ਦਿਨ ਈਰਖਾ ਇੰਨੀ ਵੱਧ ਗਈ ਕਿ ਉਹਨਾਂ ਲੋਕਾਂ ਨੇ ਇਕੱਠੇ ਹੋ ਕੇ ਭਾਈ ਜੱਗਾ ਸਿੰਘ ਨੂੰ ਗ਼ੁੱਸੇ ਵਿਚ ਮਾਰਿਆ, ਪਰ ਭਾਈ ਜੱਗਾ ਸਿੰਘ ਨੇ ਅੱਗੋਂ ਕੋਈ ਵਿਰੋਧ ਪ੍ਰਗਟ ਨਹੀਂ ਕੀਤਾ। ਜਦੋਂ ਇਹ ਖ਼ਬਰ ਗੁਰੂ ਕਲਗੀਧਰ ਪਾਤਸ਼ਾਹ ਦੇ ਪਾਸ ਪਹੁੰਚੀ ਤਾਂ ਗੁਰੂ ਸਾਹਿਬ ਨੇ ਭਾਈ ਜੱਗਾ ਸਿੰਘ ਨੂੰ ਆਪਣੇ ਕੋਲ ਬੁਲਾ ਕੇ ਪੁੱਛਿਆ, "ਭਾਈ ਜੱਗਾ ਸਿੰਘ ਤੈਨੂੰ ਕਿਸ ਨੇ ਮਾਰਿਆ ਹੈ ਤੇ ਤੈਨੂੰ ਫਿਰ ਕਿਸ ਨੇ ਬਚਾਇਆ ?" ਭਾਈ ਜੱਗਾ ਸਿੰਘ ਦਾ ਜੁਆਬ ਪਤਾ ਕੀ ਸੀ ? ਜੱਗਾ ਸਿੰਘ ਕਹਿਣ ਲੱਗਾ, "ਸੱਚੇ ਪਾਤਸ਼ਾਹ ਮਾਰਨ ਵਾਲੇ ਵੀ ਤੁਸੀਂ ਹੋ ਤੇ ਬਚਾਉਣ ਵਾਲੇ ਵੀ ਤੁਸੀਂ ਆਪ ਹੀ ਹੋ।" ਕਲਗੀਧਰ ਪਾਤਸ਼ਾਹ ਮਾਰਨ ਵਾਲਿਆਂ ਨੂੰ ਕਹਿਣ ਲੱਗੇ, "ਦੇਖੋ ਭਾਈ, ਇਸ ਨੂੰ ਮਾਰਨ ਵਾਲਿਆਂ ਵਿਚ ਵੀ ਗੁਰੂ ਨਾਨਕ ਹੀ ਦਿਖਾਈ ਦਿੰਦਾ ਹੈ ਤੇ ਤੁਸੀਂ ਇਸ ਨਾਲ ਈਰਖਾ ਕਰਦੇ ਹੋ ?" ਇਹ ਹਨ ਗੁਰੂ ਨਾਨਕ ਦੇ ਘਰ ਦੇ ਸੰਦੇਸ਼ ਦੀਆਂ ਬਾਤਾਂ।

ਰੈਡ ਕਰਾਸ ਦੇ ਨਾਮ ਤੋਂ ਆਪ ਭਲੀ ਭਾਂਤ ਜਾਣੂ ਹੋ ਤੇ ਇਸ ਰੈਡ ਕਰਾਸ ਦੇ ਬਾਨੀ ਨੇ ਭਾਈ ਘਨਈਆ ਜੀ, ਜਿਨ੍ਹਾਂ ਨੇ ਆਪਣੇ ਜੀਵਨ ਵਿਚ ਸਿੱਖੀ ਸਿਧਾਂਤਾਂ ਦੀਆਂ ਕਮਾਈਆਂ ਕੀਤੀਆਂ ਹਨ।

ਇਕ ਹੋਰ ਸੰਸਥਾ ਦੇ ਨਾਮ ਤੋਂ ਆਪ ਹੋਰ ਵੀ ਜਾਣੂ ਹੋ, ਉਹ ਨਾਮ ਹੈ "ਫਾਇਰ-ਬਰੀਗੇਡ" ਇਸ ਫਾਇਰ ਬਰੀਗੇਡ ਦੇ ਬਾਨੀ ਹਨ, "ਭਾਈ ਤਾਰਾ ਜੀ"।

ਇਕ ਵਾਰ ਲਾਹੌਰ ਸ਼ਹਿਰ ਦੇ ਇਕ ਮੁਹੱਲੇ ਵਿਚ ਅੱਗ ਗਈ। ਅੱਗ ਦੇ ਭਾਂਬੜ ਮੱਚਣ ਲੱਗੇ ਤੇ ਮੁਹੱਲਾ ਸੜਨ ਲੱਗਾ, ਪਰ ਕੋਈ ਅੱਗ 'ਤੇ ਕਾਬੂ ਪਾਉਣ ਦਾ ਹੀਆ ਨਾ ਕਰ ਸਕਿਆ। ਇਕ ਸਿੱਖ ਨੇ ਜਦੋਂ ਇਹ ਸਭ ਦੇਖਿਆ ਤਾਂ ਉਹ ਆਪਣੇ ਘਰੋਂ

ਪਾਣੀ ਦੀ ਬਾਲਟੀ ਭਰ ਕੇ ਲਿਆਇਆ। ਉਹ ਪਾਣੀ ਉਸ ਅੱਗ 'ਤੇ ਪਾ ਕੇ ਫਿਰ ਪਾਣੀ ਲੈਣ ਲਈ ਦੌੜਿਆ ਤਾਂ ਲੋਕ ਕਹਿਣ ਲੱਗੇ, "ਤੂੰ ਕਮਲਾ ਹੋ ਗਿਆ ਏਂ? ਇੰਨੀ ਅੱਗ ਨੂੰ ਪਾਣੀ ਦੀ ਇਕ ਇਕ ਬਾਲਟੀ ਨਾਲ ਕਿਵੇਂ ਬੁਝਾਵੇਂਗਾ ? ਪਿਛਾਂਹ ਹੋ ਜਾ।"

ਉਸ ਸਿੱਖ ਨੇ ਜੁਆਬ ਦਿੱਤਾ, ਜਿਸ ਦਾ ਨਾਮ ਇਤਿਹਾਸ ਵਿਚ ਭਾਈ ਤਾਰਾ ਹੈ। ਕਹਿਣ ਲੱਗਾ, "ਮੈਨੂੰ ਨਹੀਂ ਪਤਾ ਕਿ ਅੱਗ ਬੁੱਝੇਗੀ ਕਿ ਨਹੀਂ, ਪਰ ਮੈਨੂੰ ਤਾਂ ਇਹੀ ਪਤਾ ਹੈ ਕਿ ਜੇਕਰ ਦੂਸਰੇ ਦਾ ਘਰ ਸੜ ਰਿਹਾ ਹੋਵੇ ਤਾਂ ਗੁਰੂ ਨਾਨਕ ਦਾ ਸਿੱਖ ਚੁੱਪ ਕਰ ਕੇ ਉਸ ਨੂੰ ਵੇਖ ਨਹੀਂ ਸਕਦਾ, ਮੈਂ ਤਾਂ ਆਪਣਾ ਫ਼ਰਜ਼ ਨਿਭਾ ਰਿਹਾ ਹਾਂ। ਅੱਗ ਬੁਝਣੀ ਹੈ ਜਾਂ ਨਹੀਂ, ਇਹ ਮੇਰਾ ਗੁਰੂ ਨਾਨਕ ਜਾਣੇ।" ਇਹ ਹਨ ਸਿੱਖੀ ਦੀ ਕਮਾਈ ਦੀਆਂ ਬਾਤਾਂ। ਕਾਸ਼ ! ਕਿਧਰੇ ਗੁਰੂ ਨਾਨਕ ਦੀ ਵਿਚਾਰਧਾਰਾ ਸਾਡੇ ਜੀਵਨ ਵਿਚ ਵੀ ਆ ਜਾਵੇ। ਸਾਹਿਬਜ਼ਾਦੇ ਵਜ਼ੀਰ ਖ਼ਾਂ ਨੂੰ ਇਹੀ ਸਮਝਾ ਰਹੇ ਹਨ :

ਅੰਮ੍ਰਿਤ ਬ: ਜ਼ੋਰ ਤੁਮ ਕੋ ਛਕਾਨਾ ਨਹੀਂ ਹਮੇਂ।
ਹਾਂ ਸਿੱਖ ਬਜਬ੍ਰ ਤੁਮ ਕੋ ਬਨਾਨਾ ਨਹੀਂ ਹਮੇਂ।
ਭਾਤਾ ਕਿਸੀ ਕੇ ਦਿਲ ਕੋ ਦੁਖਾਨਾ ਨਹੀਂ ਹਮੇਂ।
ਲੜ ਭਿੜ ਕੇ ਜਮ੍ਹਾਂ ਕਰਨਾ ਖ਼ਜ਼ਾਨਾ ਨਹੀਂ ਹਮੇਂ।

ਐ ਵਜ਼ੀਰ ਖ਼ਾਂ ! ਤੈਨੂੰ ਅਸੀਂ ਜ਼ਬਰਦਸਤੀ ਅੰਮ੍ਰਿਤ ਨਹੀਂ ਛਕਾਉਣਾ, ਤੈਨੂੰ ਅਸੀਂ ਜ਼ਬਰਦਸਤੀ ਸਿੱਖ ਵੀ ਨਹੀਂ ਬਣਾਉਣਾ, ਕਿਉਂਕਿ ਗੁਰੂ ਨਾਨਕ ਦਾ ਘਰ ਕਿਸੇ ਨਾਲ ਕਿਸੇ ਤਰ੍ਹਾਂ ਦੀ ਜ਼ਬਰਦਸਤੀ ਨਹੀਂ ਕਰਦਾ। ਇਤਿਹਾਸ ਵਿਚ ਕਦੀ ਇਕ ਵੀ ਮਿਸਾਲ ਨਹੀਂ ਮਿਲੇਗੀ, ਜਿਸ ਵਿਚ ਗੁਰੂ ਨਾਨਕ ਦੇ ਘਰ ਵਲੋਂ ਕਿਸੇ ਨਾਲ ਜ਼ਬਰਦਸਤੀ ਕੀਤੀ ਗਈ ਹੋਵੇ।

ਕਿਸੇ ਨਾਲ ਵੀ ਲੜਨਾ-ਝਗੜਨਾ ਸਾਨੂੰ ਚੰਗਾ ਨਹੀਂ ਲੱਗਦਾ ਤੇ ਲੜਾਈ ਭਿੜਾਈ ਕਰ ਕੇ ਖ਼ਜ਼ਾਨੇ ਜਮ੍ਹਾਂ ਕਰਨੇ ਵੀ ਸਾਨੂੰ ਚੰਗੇ ਨਹੀਂ ਲੱਗਦੇ। ਸਾਡੇ ਗੁਰੂ ਨਾਨਕ ਦੇ ਘਰ ਦਾ ਇਹ ਮਕਸਦ ਹੀ ਨਹੀਂ ਹੈ।

ਸ਼ਾਹੀ ਹੈਂ ਅਪਨੇ ਠਾਠ ਮਗਰ ਯੂੰ ਫ਼ਕੀਰ ਹੈਂ।
ਨਾਨਕ ਕੀ ਤਰਹ ਹਿੰਦੂ-ਓ-ਮੁਸਲਿਮ ਕੇ ਪੀਰ ਹੈਂ।

ਗੁਰੂ ਨਾਨਕ ਦੇ ਘਰ ਵਿਚ ਅੰਦਰੋਂ ਭਾਵੇਂ ਸ਼ਾਹ ਹੋਈਏ, ਪਰ ਬਾਹਰੋਂ ਫ਼ਕੀਰੀ ਹੀ ਨਜ਼ਰ ਆਵੇਗੀ ਤੇ ਫ਼ਕੀਰਾਂ ਵਾਲੀ ਤਬੀਅਤ ਦੇ ਮਾਲਕ, ਗੁਰੂ ਨਾਨਕ ਦੇ ਸਿੱਖਾਂ ਨੂੰ ਅਕਾਲ ਪੁਰਖ ਆਪ ਬਣਾਉਂਦਾ ਹੈ।

ਜਦੋਂ ਕਲਗੀਧਰ ਪਾਤਸ਼ਾਹ ਨੇ ਬਚਪਨ ਸਮੇਂ ਗੰਗਾ ਨਦੀ ਵਿਚ ਕੰਗਣ ਸੁੱਟਿਆ ਸੀ। ਪਤਾ ਲੱਗਣ 'ਤੇ ਮਾਂ ਗੁਜਰੀ ਜੀ ਕਲਗੀਧਰ ਨੂੰ ਲੈ ਕੇ ਜਿੱਥੇ ਕੰਗਣ ਸੁੱਟਿਆ ਸੀ,

ਉਥੇ ਗਏ। ਪੁੱਛਿਆ, "ਲਾਲ ਜੀ, ਕੰਗਣ ਕਿੱਥੇ ਕੁ ਸੁੱਟਿਆ ਹੈ" ਕਲਗੀਧਰ ਨੇ ਦੂਸਰਾ ਕੰਗਣ ਵੀ ਸੁੱਟ ਕੇ ਆਖਿਆ ਸੀ, "ਮਾਤਾ ਜੀ, ਇੱਥੇ ਕੁ ਸੁੱਟਿਆ ਹੈ।" ਇਹ ਹਨ ਗੁਰੂ ਨਾਨਕ ਦੇ ਘਰ ਦੀ ਫ਼ਕੀਰੀ, ਬਾਹਰੋਂ ਸ਼ਹਿਨਸ਼ਾਹੀ ਠਾਠ ਨੇ ਤੇ ਅੰਦਰੋਂ ਫ਼ਕੀਰਾਂ ਵਾਲੀ ਤਬੀਅਤ ਹੈ। ਗੁਰੂ ਨਾਨਕ ਜਿਵੇਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਝੇ ਗੁਰੂ ਨੇ, ਬਿਲਕੁਲ ਗੁਰੂ ਨਾਨਕ ਦਾ ਸਿਧਾਂਤ ਭਾਵੇਂ 10 ਜਾਮਿਆਂ ਵਿਚ ਚੱਲਿਆ, ਪਰ ਨਾਲ-ਨਾਲ ਇਹ ਸਾਂਝੀ ਰਵਾਇਤ ਹੀ ਚਲਦੀ ਰਹੀ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥

(ਪ੍ਰਭਾਤੀ ਕਬੀਰ ਜੀ-੧੩੫੦)

ਤੇ ਉਹੀ ਬਾਤਾਂ ਗੁਰੂ ਕਲਗੀਧਰ ਪਾਤਸ਼ਾਹ ਦੇ ਲਾਡਲੇ ਕਰਦੇ ਨੇ :

ਤਕਰੀਰਿ-ਦਿਲ-ਪਜ਼ੀਰ ਸੇ ਗੁੰਮ ਸਭ ਕੇ ਹੋਸ਼ ਥੇ।
ਨੀਚੀ ਨਜ਼ਰ ਹਰ ਇਕ ਕੀ ਥੀ ਇਸਤਾਦਹ ਗੋਸ਼ ਥੇ।

ਦਿਲ ਪਜ਼ੀਰ ਦਾ ਅਰਥ ਹੈ, ਦਿਲ ਨੂੰ ਧੂਹ ਪਾਉਣ ਵਾਲੀਆਂ ਬਾਤਾਂ। ਤੇ ਕਹਿੰਦੇ ਹਨ, ਦਿਲ ਨੂੰ ਧੂਹ (ਖਿੱਚ) ਪਾਉਣ ਵਾਲੀਆਂ ਬਾਤਾਂ ਨੂੰ ਸੁਣ-ਸੁਣ ਕੇ ਸਾਰਿਆਂ ਦੇ ਹੋਸ਼ ਗੁੰਮ ਹੋਏ ਪਏ ਨੇ, ਜ਼ਬਾਨ ਨੂੰ ਤਾਲੇ ਲੱਗੇ ਹੋਏ ਨੇ, ਹੁਣ ਸਾਰਿਆਂ ਦੀਆਂ ਅੱਖਾਂ ਨੀਵੀਆਂ ਹੋਈਆਂ ਪਈਆਂ ਨੇ।

ਬੱਚੋਂ ਕੇ ਸਾਮਨੇ ਸਭੀ ਦਾਨਾ ਖ਼ਾਮੋਸ਼ ਥੇ।
ਨਾਜ਼ਿਮ ਕੇ ਜੀ ਮੇਂ ਬੁਗਜ ਹੀ ਥਾ ਅਬ ਨਾ ਜੋਸ਼ ਥੇ।

ਕਲਗੀਧਰ ਦੇ ਲਾਡਲਿਆਂ ਦੀਆਂ ਐਸੀਆਂ ਗਿਆਨ ਭਰਪੂਰ ਬਾਤਾਂ ਸੁਣ ਕੇ ਸਾਰੇ ਖ਼ਾਮੋਸ਼ ਹੋ ਕੇ ਬੈਠ ਗਏ ਨੇ। ਬੱਚਿਆਂ ਦੇ ਸਾਹਮਣੇ ਸਾਰੇ ਲਾ-ਜੁਆਬ ਹੋ ਗਏ, ਪਰ ਜਦੋਂ ਦੂਸਰੇ ਪਾਸੇ ਵਜ਼ੀਰ ਖ਼ਾਂ ਨੇ ਜਿਵੇਂ-ਜਿਵੇਂ ਬੱਚਿਆਂ ਦੀਆਂ ਦਲੇਰੀ ਅਤੇ ਗਿਆਨ ਭਰੀਆਂ ਬਾਤਾਂ ਸੁਣੀਆਂ ਤਾਂ ਉਸ ਨੂੰ ਸਮਝ ਪੈ ਗਈ ਤੇ ਉਸ ਦੇ ਅੰਦਰੋਂ ਈਰਖਾ ਅਤੇ ਦਵੈਸ਼ ਭਾਵਨਾ ਖ਼ਤਮ ਹੋ ਰਹੀ ਹੈ। ਕੋਈ ਵੈਰ, ਕੋਈ ਵਿਰੋਧ ਇਸ ਸਮੇਂ ਵਜ਼ੀਰ ਖ਼ਾਂ ਦੇ ਮਨ ਵਿਚ ਨਹੀਂ ਹੈ, ਸਾਰਾ ਵੈਰ ਵਿਰੋਧ ਵਜ਼ੀਰ ਖ਼ਾਂ ਦੇ ਮਨ ਵਿਚੋਂ ਨਿਕਲ ਗਿਆ।

ਜਿਹੜਾ ਵਜ਼ੀਰ ਖ਼ਾਂ ਸਰਸਾ ਨਦੀ ਦੇ ਕੰਢੇ 'ਤੇ ਆਪਣੇ ਸਾਥੀਆਂ ਦੀਆਂ ਲਾਸ਼ਾਂ ਨੂੰ ਵੇਖ ਕੇ ਕਹਿੰਦਾ ਸੀ ਕਿ ਮੈਂ ਇਸ ਦਾ ਬਦਲਾ ਗੁਰੂ ਕਲਗੀਧਰ ਪਾਸੋਂ ਜ਼ਰੂਰ ਲਵਾਂਗਾ, ਭਾਵੇਂ ਇਸ ਲਈ ਮੈਨੂੰ ਕੋਈ ਵੀ ਧੋਖਾ, ਕੋਈ ਵੀ ਫਰੇਬ ਕਿਉਂ ਨਾ ਕਰਨਾ

ਪਵੇ, ਭਾਵੇਂ ਇਹ ਬਦਲਾ ਲੈਣ ਲਈ ਮੈਨੂੰ ਕਿੰਨਾ ਵੀ ਸਮਾਂ ਕਿਉਂ ਨਾ ਲੱਗ ਜਾਵੇ, ਪਰ ਮੈਂ ਕਲਗੀਧਰ ਤੋਂ ਇਸ ਕਤਲੇਆਮ ਦਾ ਬਦਲਾ ਜ਼ਰੂਰ ਲਵਾਂਗਾ।

ਉਹ ਵਜ਼ੀਰ ਖ਼ਾਂ ਜਿਹੜਾ ਇਕ ਸਮੇਂ ਖ਼ੁਸ਼ ਹੋ ਰਿਹਾ ਸੀ ਕਿ ਕਲਗੀਧਰ ਦੇ ਬੱਚੇ ਮੇਰੀ ਕੈਦ ਵਿਚ ਹਨ ਤੇ ਮੈਂ ਇਹਨਾਂ ਦੇ ਪਿਤਾ ਤੋਂ ਗਿਣ-ਗਿਣ ਕੇ ਬਦਲੇ ਲਵਾਂਗਾ, ਪਰ ਹੁਣ ਉਹ ਕਲਗੀਧਰ ਦੇ ਸਾਹਿਬਜ਼ਾਦਿਆਂ ਦੇ ਮੁਖਾਰਬਿੰਦ ਤੋਂ, ਗੁਰੂ ਨਾਨਕ ਘਰ ਦੇ ਸਿਧਾਂਤਾਂ ਦੀਆਂ ਦਲੀਲ ਪੂਰਵਕ ਬਾਤਾਂ ਨੂੰ ਸੁਣ ਕੇ ਵਜ਼ੀਰ ਖ਼ਾਂ ਦੇ ਦਿਲ ਵਿਚੋਂ ਈਰਖਾ, ਦਵੈਸ਼ ਅਤੇ ਬਦਲੇ ਦੀ ਭਾਵਨਾ ਖ਼ਤਮ ਹੋ ਗਈ।

ਹੁਣ ਵਜ਼ੀਰ ਖ਼ਾਂ ਪੁੱਛਦਾ ਹੈ "ਕਾਜ਼ੀ ਸਾਹਿਬ ਇਸਲਾਮੀ ਸ਼ਰ੍ਹਾ ਕੀ ਆਖਦੀ ਹੈ" ਕਾਜ਼ੀ ਕਹਿੰਦਾ ਹੈ "ਇਸਲਾਮੀ ਸ਼ਰ੍ਹਾ ਬੱਚਿਆਂ ਉੱਪਰ ਜ਼ੁਲਮ ਕਰਨ ਦੀ ਆਗਿਆ ਨਹੀਂ ਦੇਂਦੀ।" ਇਹ ਸਭ ਸੁਣ ਕੇ ਵਜ਼ੀਰ ਖ਼ਾਂ ਦੇ ਮਨ ਵਿਚ ਬੱਚਿਆਂ ਨੂੰ ਰਿਹਾ ਕਰਨ ਦਾ ਵਿਚਾਰ ਵੀ ਆ ਗਿਆ, ਪਰ ਮਤਲਬ ਪ੍ਰਸਤ ਲੋਕ ਇਹ ਹੋਣ ਨਹੀਂ ਦਿੰਦੇ, ਇਹ ਕਿਵੇਂ ਹੋ ਸਕਦਾ ਸੀ।

★★★

ਸੁੱਚਾ ਨੰਦ ਵਲੋਂ ਵਜ਼ੀਰ ਖਾਂ ਨੂੰ ਭੜਕਾਉਣਾ

ਇਤਨੇ ਮੇਂ ਸੁੱਚਾ ਨੰਦ ਵੁਹ ਦੀਵਾਨਿ-ਨਾਬਕਾਰ।
ਝੁੰਝਲਾ ਕੇ ਬੋਲਾ ਹਾਏ ਵੁਹ ਸ਼ੈਤਾਨਿ-ਨਾਬਕਾਰ।

ਸੁੱਚਾ ਨੰਦ ਸ਼ੈਤਾਨ ਬਿਰਤੀ ਦਾ ਮਾਲਕ ਸੋਚਦਾ ਹੈ ਕਿ ਮੈਂ ਤਾਂ ਹੋਰ ਖੇਡ, ਖੇਡ ਰਿਹਾ ਹਾਂ, ਪਰ ਇਥੇ ਤਾਂ ਸਭ ਕੁਝ ਹੀ ਖ਼ਤਮ ਹੋ ਰਿਹਾ ਹੈ ਇਸ ਤਰ੍ਹਾਂ ਇਹ ਖੇਡ ਹੁਣ ਸ਼ਿਖਰ 'ਤੇ ਕਿਸ ਤਰ੍ਹਾਂ ਜਾਵੇਗੀ ? ਸੁੱਚਾ ਨੰਦ ਅਪਣੀ ਚਾਲ ਨੂੰ ਕਿਵੇਂ ਚਲਦਾ ਹੈ ਤੇ ਵਜ਼ੀਰ ਖ਼ਾਂ ਨੂੰ ਸੰਬੋਧਨ ਹੋ ਕੇ ਕੀ ਕਹਿੰਦਾ ਹੈ ?

ਕਯਾ ਖ਼ੂਬ ਹੈ ਨਵਾਬ ਭੀ ਬਾਤੋਂ ਮੇਂ ਆ ਗਏ।
ਉਸ ਬੁਤ-ਸ਼ਿਕਨ ਕੇ ਬੱਚੋਂ ਕੀ ਘਾਤੋ ਮੇਂ ਆ ਗਏ।
ਸਰਦਾਰ ਹੋ ਕੇ ਆਪ ਭੀ ਲਾਤੋਂ ਮੇਂ ਆ ਗਏ।
ਸੰਭਲੋ ਕਹੀਂ ਜੁ ਉਨ ਕੇ ਹਾਥੋਂ ਮੇਂ ਆ ਗਏ।

ਗੁਰੂ ਕਲਗੀਧਰ ਪਿਤਾ ਬੁੱਤਾ ਨੂੰ ਤੋੜਣ ਵਾਲਾ ਇਹ ਕੰਮ ਨਹੀਂ ਕਰਦੇ, ਕਿਉਂਕਿ ਗੁਰੂ ਨਾਨਕ ਦੇ ਘਰ ਦਾ ਇਹ ਸਿਧਾਂਤ ਹੀ ਨਹੀਂ ਹੈ।

ਵੇਖਿਉ ! ਕਿਧਰੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਅਸੂਲਾਂ ਨੂੰ ਪੜ੍ਹ ਕੇ, ਕਿਵੇਂ ਲੜਾਈ ਦੇ ਮੈਦਾਨ ਵਿਚ ਵੀ ਅਸੂਲਾਂ ਦਾ ਪੱਲਾ ਨਹੀਂ ਛਡਣਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸੂਰਮਿਆਂ ਨੂੰ ਸੱਤ ਅਸੂਲ ਦ੍ਰਿੜ੍ਹ ਕਰਵਾਏ ਹੋਏ ਸਨ। ਉਹ ਸੱਤ ਅਸੂਲ ਕਿਹੜੇ ਸਨ ?

ਪਹਿਲਾ—ਡਿੱਗ ਪਏ,
ਦੂਸਰਾ—ਹਥਿਆਰ ਹੀਨ,
ਤੀਸਰਾ—ਇਸਤਰੀ,
ਚੌਥਾ—ਬਾਲਕ,
ਪੰਜਵਾਂ—ਬਿਰਧ,

ਛੇਵਾਂ—ਰੋਗੀ,

ਸੱਤਵਾਂ—ਸ਼ਰਨਾਗਤ (ਸ਼ਰਨ ਵਿਚ ਆਏ)

ਇਨ੍ਹਾਂ ਉੱਪਰ ਜੰਗ ਦੇ ਮੈਦਾਨ ਵਿਚ ਵੀ ਹਮਲਾ ਨਹੀਂ ਕਰਨਾ। ਪਾਤਸ਼ਾਹ ਨੇ ਇਹ ਸੱਤ ਅਸੂਲ ਆਪਣੇ ਸੂਰਮਿਆਂ ਦੇ ਜਹਿਨ ਵਿਚ ਵਸਾਏ ਹੋਏ ਸਨ। ਮੀਰੀ-ਪੀਰੀ ਦੇ ਮਾਲਕ ਕਹਿੰਦੇ ਸਨ ਕਿ "ਇਹਨਾਂ ਸੱਤਾਂ ਵਿਚੋਂ ਕਿਸੇ 'ਤੇ ਵੀ ਹਮਲਾ ਕਰਨ ਵਾਲੇ ਦਾ ਸਭ ਤੇਜ਼ ਪ੍ਰਤਾਪ ਨਸ਼ਟ ਹੋ ਜਾਂਦਾ ਹੈ।"

ਸੁੱਚਾ ਨੰਦ, ਵਜ਼ੀਰ ਖ਼ਾਂ ਨੂੰ ਇਹ ਗੱਲ ਕਹਿ ਰਿਹਾ ਹੈ ਕਿ ਕਲਗੀਧਰ ਬੁੱਤ-ਸ਼ਿਕਨ (ਬੁੱਤਾਂ ਨੂੰ ਤੋੜਨ ਵਾਲਾ) ਹੈ, ਉਹ ਕਲਗੀਧਰ ਜਿਹੜੇ ਆਪਣੇ ਤੀਰਾਂ ਨੂੰ ਸੋਨਾ ਲਗਾ ਕੇ ਚਲਾਉਂਦੇ ਹਨ, ਕਲਗੀਧਰ ਤਾਂ ਉਸ ਸੋਨੇ ਰਾਹੀਂ ਵੈਰੀ ਦੇ ਵੀ ਕਫ਼ਨ/ਦਵਾ ਦਾਰੂ ਦਾ ਪ੍ਰਬੰਧ ਕਰਨ ਵਾਲੇ ਹਨ। ਸੁੱਚਾ ਨੰਦ ਚਲਾਕੀ ਦੇ ਨਾਲ ਆਪਣੀ ਵਿਉਂਤ ਨੂੰ ਨੇਪਰੇ ਲਾਉਣ ਦਾ ਯਤਨ ਕਰ ਰਿਹਾ ਹੈ ਤੇ ਵਜ਼ੀਰ ਖ਼ਾਂ ਨੂੰ ਕਹਿੰਦਾ ਹੈ :

ਕਯਾ ਖ਼ੂਬ ਹੈ ਨਵਾਬ ਭੀ ਬਾਤੋਂ ਮੇਂ ਆ ਗਏ।
ਉਸ ਬੁਤ-ਸ਼ਿਕਨ ਕੇ ਬੱਚੋਂ ਕੀ ਘਾਤੋਂ ਮੇਂ ਆ ਗਏ।
ਸਰਦਾਰ ਹੋ ਕੇ ਆਪ ਭੀ ਲਾਤੋਂ ਮੇਂ ਆ ਗਏ।
ਸੰਭਲੋ ਕਹੀਂ ਜੁ ਉਨ ਕੇ ਹਾਥੋਂ ਮੇਂ ਆ ਗਏ।

ਕਹਿੰਦਾ, "ਐ ਵਜ਼ੀਰ ਖ਼ਾਂ ! ਤੂੰ ਤਾਂ ਸਰਹੰਦ ਦਾ ਸਰਦਾਰ ਏਂ, ਆਪਣੇ ਆਪ ਨੂੰ ਸੰਭਾਲ, ਮੈਨੂੰ ਤਾਂ ਲੱਗ ਰਿਹਾ ਹੈ ਕਿ ਤੂੰ ਆਹ ਛੋਟੇ-ਛੋਟੇ ਬਾਲਾਂ ਦੀਆਂ ਗੱਲਾਂ ਵਿਚ ਆਣ ਕੇ ਇਹਨਾਂ ਦਾ ਹੀ ਪੱਖ ਕਰਨ ਲੱਗ ਪਿਆ ਏਂ, ਵਾਹ ਵਜ਼ੀਰ ਖ਼ਾਂ ਵਾਹ ! ਸੰਭਾਲ ਆਪਣੇ ਆਪ ਨੂੰ।"

ਕਹਤੇ ਹੈਂ ਯਿਹ ਬੁਰਾ ਸ਼ਾਹੇ-ਹਿੰਦੋਸਤਾਨ ਕੋ।
ਤੁਮ ਦੇਖਤੇ ਹੋ ਰਹਿਮ ਸੇ ਕਯੋਂ ਇਨ ਕੀ ਜਾਨ ਕੋ।

ਵਜ਼ੀਰ ਖ਼ਾਂ ਤੂੰ ਸੁਣਿਆ ਨਹੀਂ, ਇਹ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਕਿੰਨਾ ਬੁਰਾ ਭਲਾ ਕਹਿ ਰਹੇ ਨੇ।

ਮੈਂ ਬੇਨਤੀ ਕਰ ਦਿਆਂ ਕਿ ਬੁਰਾ ਭਲਾ ਉਹ ਹੁੰਦਾ ਹੈ ਜੋ ਝੂਠ ਬੋਲਿਆ ਗਿਆ ਹੋਵੇ, ਇਥੇ ਸਾਹਿਬਜ਼ਾਦਿਆਂ ਨੇ ਔਰੰਗਜ਼ੇਬ ਪ੍ਰਤੀ ਕੋਈ ਵੀ ਝੂਠਾ ਸ਼ਬਦ ਨਹੀਂ ਬੋਲਿਆ।

ਤੇ ਵਜ਼ੀਰ ਖ਼ਾਂ ਨੂੰ ਸੁੱਚਾ ਨੰਦ ਹੁਣ ਕਿਵੇਂ ਭੜਕਾ ਰਿਹਾ ਹੈ ?

ਖੈਂਚੋ ਜ਼ਬਾਨੇ ਬਰ-ਸਰੇ-ਦਰਬਾਰ ਐਸੋਂ ਕੀ।
ਮੇਰਾ ਜੋ ਬਸ ਚਲੇ ਹੈ ਸਜ਼ਾਵਾਰ ਐਸੋਂ ਕੀ।

ਕਹਿੰਦਾ ਹੈ ਕਿ ਜੇ ਮੇਰਾ ਵੱਸ ਚੱਲੇ ਤਾਂ ਮੈਂ ਇਹਨਾਂ ਦੀਆਂ ਜ਼ਬਾਨਾਂ ਨੂੰ ਖਿੱਚ ਲਵਾਂ।

ਦਿਲੀ ਮੇਂ ਜੋ ਰਪਟ ਸੁਨੇ ਸਰਕਾਰ ਐਸੋਂ ਕੀ।
ਨਾਹਕ ਕੋ ਹਮ ਪਿ ਆ ਪੜੇ ਫਿਟਕਾਰ ਐਸੋਂ ਕੀ।
ਤਕਦੀਰ ਫਿਰ ਗਈ ਹੈ ਤੋ ਕੁਛ ਅਪਨਾ ਬਸ ਨਹੀਂ।
ਇਨ ਪਰ ਦੁਹਾਈ ਰਾਮ ਕੀ ਖਾਨਾ ਤਰਸ ਨਹੀਂ।

ਦੇਖੋ ! ਸੁੱਚਾ ਨੰਦ, ਵਜ਼ੀਰ ਖ਼ਾਂ ਨੂੰ ਧਮਕੀ ਦਿੰਦਾ ਹੋਇਆ ਕਹਿ ਰਿਹਾ ਹੈ ਕਿ ਐ ਵਜ਼ੀਰ ਖ਼ਾਂ ! ਜੇਕਰ ਔਰੰਗਜ਼ੇਬ ਨੂੰ ਦਿੱਲੀ ਵਿਚ ਇਨ੍ਹਾਂ ਸਭ ਗੱਲਾਂ ਦਾ ਪਤਾ ਲੱਗ ਗਿਆ ਤਾਂ ਗ਼ਲਤੀ ਇਹਨਾਂ ਬੱਚਿਆਂ ਦੀ ਹੈ, ਪਰ ਸਜ਼ਾ ਆਪਾਂ ਸਾਰਿਆਂ ਨੂੰ ਭੁਗਤਣੀ ਪੈਣੀ ਹੈ। ਤੂੰ ਇਹ ਕੀ ਕਰ ਰਿਹਾ ਏਂ ? ਵੇਖੋ ! ਧਮਕੀ ਵੀ ਦੇ ਰਿਹਾ ਏ ਤੇ ਖ਼ੁਸ਼ਾਮਦ ਵੀ ਕਰ ਰਿਹਾ ਏ।

ਅੱਗੇ ਸੁੱਚਾ ਨੰਦ ਕਹਿੰਦਾ ਹੈ ਕਿ ਵਜ਼ੀਰ ਖ਼ਾਂ ! ਜੇਕਰ ਹੁਣ ਤੇਰੀ ਤਕਦੀਰ ਹੀ ਮਾੜੀ ਹੈ ਤਾਂ ਮੈਂ ਕੀ ਕਰ ਸਕਦਾ ਹਾਂ, ਤੇਰੀ ਤਾਂ ਕਿਸਮਤ ਹੀ ਮਾੜੀ ਹੈ। ਮੈਂ ਤੈਨੂੰ ਆਪਣੇ ਰਾਮ ਦਾ ਵਾਸਤਾ ਪਾ ਕੇ ਕਹਿੰਦਾ ਹਾਂ ਕਿ ਤੂੰ ਇਹਨਾਂ 'ਤੇ ਤਰਸ ਨਾ ਕਰੀਂ।

ਖ਼ਿਆਲ ਕਰਿਓ ! ਇਥੇ ਸੁੱਚਾ ਨੰਦ, ਵਜ਼ੀਰ ਖ਼ਾਂ ਨੂੰ ਮਰਿਆਦਾ ਪਰਸ਼ੋਤਮ ਸ੍ਰੀ ਰਾਮ ਚੰਦਰ ਦਾ ਵਾਸਤਾ ਪਾ ਕੇ ਬੱਚਿਆਂ 'ਤੇ ਜ਼ੁਲਮ ਕਰਨ ਦੀ ਸਿਫਾਰਸ਼ ਕਰ ਰਿਹਾ ਹੈ। ਇਹਨਾਂ ਗੱਲਾਂ ਤੋਂ ਸੁਭਾਵਿਕ ਹੀ ਪਤਾ ਲੱਗ ਜਾਂਦਾ ਹੈ ਕਿ ਸੁੱਚਾ ਨੰਦ ਕਿੰਨਾ ਧਰਮੀ ਹੋਵੇਗਾ, ਜਿਹੜਾ ਜਬਰ-ਜ਼ੁਲਮ ਕਰਨ ਲਈ ਸ੍ਰੀ ਰਾਮ ਦਾ ਵਾਸਤਾ ਵੀ ਪਾ ਰਿਹਾ ਹੈ।

ਹੁਣ ਦੇਖੋ, ਉਹ ਵਜ਼ੀਰ ਖ਼ਾਂ ਨੂੰ ਕਿੰਨੀ ਕਮਾਲ ਨਾਲ ਧਮਕੀ ਦੇ ਰਿਹਾ ਹੈ :

ਐਸਾ ਨਾ ਹੋ ਕਿ ਤਖ਼ਤ ਸੇ ਤਖ਼ਤਾ ਨਸੀਬ ਹੋ।
ਦੁਸ਼ਮਨ ਤੁਮ੍ਹਾਰੀ ਜਾਨ ਕਾ ਹਰ ਇਕ ਹਬੀਬ ਹੋ।

ਵਜ਼ੀਰ ਖ਼ਾਂ ! ਇਹ ਨਾ ਹੋਵੇ ਕਿ ਤੈਨੂੰ ਇਹਨਾਂ 'ਤੇ ਤਰਸ ਕਰ ਕੇ ਤਖ਼ਤ ਤੋਂ ਤਖ਼ਤੇ (ਰਾਜ ਗੱਦੀ ਤੋਂ ਫਾਂਸੀ) 'ਤੇ ਜਾਣਾ ਪਵੇ ਤੇ ਤੇਰੀ ਜਾਨ ਦੇ ਦੁਸ਼ਮਣ ਤੇਰੇ ਆਪਣੇ ਹੀ ਦੋਸਤ ਬਣ ਜਾਣ।

ਤੁਮ ਆਲੀ-ਖਾਨਦਾਂ ਹੋ, ਸ਼ਰੀਫੋ-ਨਜੀਬ ਹੋ।
ਦੇਖੋ ਬਚਾ ਰਹਾ ਹੂੰ ਗੜ੍ਹੇ ਕੇ ਕਰੀਬ ਹੋ।
ਕਯੋਂ ਰਹਿਮ ਕਰਕੇ ਲੇਤੇ ਹੋ ਦੋਜ਼ਖ਼ ਜਹਾਨ ਮੇਂ।
ਜੋੜੇ ਹੁਏ ਹੈ ਤੀਰ ਮੁਕੱਦਸ ਕਮਾਨ ਮੇਂ।

ਸੁੱਚਾ ਨੰਦ ਖ਼ੁਸ਼ਾਮਦ ਦੇ ਲਹਿਜੇ ਵਿਚ ਆ ਕੇ ਵਜ਼ੀਰ ਖ਼ਾਂ ਨੂੰ ਕਹਿ ਰਿਹਾ ਹੈ ਕਿ ਤੂੰ ਉੱਚੇ ਖ਼ਾਨਦਾਨ ਦਾ ਹੈਂ ਤੇ ਡੂੰਘੀ ਖੱਡ ਵਿਚ ਡਿੱਗ ਰਿਹਾ ਹੈਂ, ਪਰ ਮੈਂ ਤੈਨੂੰ ਬਚਾਉਣ ਦਾ ਯਤਨ ਕਰ ਰਿਹਾ ਹਾਂ। ਵਜ਼ੀਰ ਖ਼ਾਂ ! ਤੂੰ ਮੇਰੇ 'ਤੇ ਸ਼ੱਕ ਨਾ ਕਰ, ਮੈਂ ਤੇਰੀ ਮਦਦ ਕਰ ਰਿਹਾ ਹਾਂ ਤੂੰ ਮੇਰੀ ਗੱਲ ਮੰਨ ਲੈ। ਕਿਉਂ ਇਹਨਾਂ 'ਤੇ ਰਹਿਮ ਕਰ ਕੇ ਆਪਣੀ ਜਾਨ ਦਾ ਆਪ ਹੀ ਵੈਰੀ ਬਣ ਰਿਹਾ ਏਂ।

ਜੇਕਰ ਤੂੰ ਇਹਨਾਂ 'ਤੇ ਤਰਸ ਕਰ ਲਿਆ ਤਾਂ, ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਕਮਾਨ ਵਿਚ ਤੀਰ ਤਿਆਰ ਰੱਖੇ ਹੋਏ ਨੇ, ਉਹ ਤੈਨੂੰ ਤੀਰਾਂ ਵਿਚ ਪਰੋ ਕੇ ਰੱਖ ਦੇਵੇਗਾ।

ਮਨਜ਼ੂਰ ਜਬ ਕਿ ਸਾਂਪ ਕਾ ਸਰ ਭੀ ਹੈ ਤੋੜਨਾ।
ਬੇਜਾ ਹੈ ਫਿਰ ਤੋ ਬੱਚਾ-ਏ-ਅਫ਼ਈ ਕੋ ਛੋੜਨਾ।

"ਬੱਚਾ-ਏ-ਅਫ਼ਈ" ਸੱਪ ਦੇ ਬੱਚਿਆਂ (ਸਪੋਲੀਏ) ਨੂੰ ਕਿਹਾ ਜਾਂਦਾ ਹੈ। ਕਹਿੰਦਾ ਹੈ ਕਿ ਵਜ਼ੀਰ ਖ਼ਾਂ ਤੂੰ ਸੱਪ ਨੂੰ (ਗੁਰੂ ਗੋਬਿੰਦ ਸਿੰਘ ਜੀ) ਤਾਂ ਮਾਰਨਾ ਚਾਹੁੰਦਾ ਏਂ, ਪਰ ਸੱਪ ਦੇ ਬੱਚਿਆਂ 'ਤੇ ਤਰਸ ਕਰ ਰਿਹਾ ਏਂ। ਇਹ ਕਿੱਥੇ ਦੀ ਸਿਆਣਪ ਹੈ ? ਸੱਪ ਨਾਲ ਵੈਰ ਕਮਾ ਰਿਹਾ ਏਂ, ਪਰ ਸਪੋਲੀਆਂ 'ਤੇ ਤਰਸ ਕਰ ਰਿਹਾ ਏਂ।

ਦੇਖੋ ! ਸੁੱਚਾ ਨੰਦ, ਗੁਰੂ ਗੋਬਿੰਦ ਸਿੰਘ ਜੀ ਨੂੰ ਸੱਪ ਤੇ ਸਾਹਿਬਜ਼ਾਦਿਆਂ ਨੂੰ ਸਪੋਲੀਏ ਕਹਿ ਰਿਹਾ ਹੈ। ਕਹਿੰਦਾ ਹੈ ਕਿ ਇਹ ਸੱਪ ਦੇ ਬੱਚੇ ਸਪੋਲੀਏ ਵੱਡੇ ਹੋ ਕੇ ਸੱਪ ਹੀ ਬਣਨਗੇ, ਇਸ ਲਈ ਇਹਨਾਂ ਦੇ ਸਿਰ ਹੁਣੇ ਹੀ ਫੇਹ ਦੇਣੇ ਚਾਹੀਦੇ ਹਨ।

ਦਸਵੇਂ ਗੁਰੂ ਕਾ ਹੈ ਜੋ ਖ਼ਜ਼ਾਨਾ ਬਟੋਰਨਾ।
ਬੱਚੋਂ ਕੀ ਪਹਲੇ ਬਾਪ ਸੇ ਗਰਦਨ ਮਰੋੜਨਾ।

ਸੁੱਚਾ ਨੰਦ ਬੇ-ਰੋਕ, ਬੇ-ਟੋਕ, ਨਵਾਬ ਵਜ਼ੀਰ ਖ਼ਾਂ ਨੂੰ ਇਹ ਗੱਲਾਂ ਕਹਿ ਰਿਹਾ ਹੈ ਕਿ ਤੂੰ ਢੰਡੋਰਾ ਪਿਟਵਾਇਆ ਹੈ ਕਿ ਦਸਵੇਂ ਗੁਰੂ ਦਾ ਖ਼ਜ਼ਾਨਾ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਇਆ ਜਾਵੇ ਤੇ ਜੇਕਰ ਤੂੰ ਖ਼ਜ਼ਾਨਾ ਹਾਸਲ ਕਰਨਾ ਚਾਹੁੰਦਾ ਏਂ ਤੇ ਇਹਨਾਂ ਬਾਲਾਂ ਦੀਆਂ ਧੌਣਾਂ ਮਰੋੜ ਦੇ। ਦਸਵੇਂ ਗੁਰੂ ਨੇ ਤੇਰੇ ਹੱਥ ਪਤਾ ਨਹੀਂ ਆਉਣਾ ਹੈ ਕਿ ਨਹੀਂ ਆਉਣਾ। ਪਰ ਇਹ ਤਾਂ ਤੇਰੇ ਹੱਥ ਆਏ ਹੋਏ ਨੇ, ਤੂੰ ਕਮਲਾ ਨਾ ਬਣ, ਤੂੰ ਇਹਨਾਂ ਦੀਆਂ ਚਲਾਕੀਆਂ ਵਿਚ ਆ ਕੇ ਇਹਨਾਂ 'ਤੇ ਤਰਸ ਨਾ ਖਾ, ਮੇਰੀ ਗੱਲ ਮੰਨ ਲੈ, ਸਿਆਣਪ ਤੋਂ ਕੰਮ ਲੈ।

ਨਾਜ਼ਿਮ ਥਾ ਇਸ ਲਈਨ ਕੀ ਬਾਤੋਂ ਮੇਂ ਆ ਗਯਾ।
ਬੇਮਿਹਰ, ਬੇਧਰਮ, ਕੀ ਥਾ ਘਾਤੋਂ ਮੇਂ ਆ ਗਯਾ।

ਹੁਣ ਸ਼ੈਤਾਨ, ਬੇਈਮਾਨ, ਬੇਧਰਮੀ, ਸੁੱਚਾ ਨੰਦ ਦੀਆਂ ਗੱਲਾਂ ਵਿਚ ਨਵਾਬ ਵਜ਼ੀਰ ਖ਼ਾਂ ਆ ਹੀ ਗਿਆ।

ਸੁੱਚਾ ਨੰਦ ਨੇ ਕਿਵੇਂ-ਕਿਵੇਂ ਦੀਆਂ ਚਾਲਾਂ ਚੱਲ ਕੇ ਵਜ਼ੀਰ ਖ਼ਾਂ ਨੂੰ ਭੜਕਾਇਆ ਹੈ। ਨਿਰਣਾ ਤੁਸੀਂ ਆਪ ਕਰ ਸਕਦੇ ਹੋ।

ਇਕ ਕਵੀ ਜਿਸ ਦਾ ਨਾਮ "ਦਾਨ ਸਿੰਘ ਕੋਮਲ" ਹੈ। ਉਸ ਨੇ ਸੁੱਚਾ ਨੰਦ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਦੇ ਸਵਾਲ-ਜਵਾਬ ਨੂੰ ਬੜੇ ਹੀ ਵਧੀਆ ਢੰਗ ਨਾਲ ਲਿਖਿਆ ਹੈ। ਜ਼ਰਾ ਦੇਖਿਉ ਕਿ ਚਾਲਾਕ ਸੁੱਚਾ ਨੰਦ ਦੇ ਸਵਾਲਾਂ ਦੇ ਜਵਾਬ ਛੇ ਸਾਲਾਂ ਦੇ ਬਾਲਕ ਬਾਬਾ ਫ਼ਤਹਿ ਸਿੰਘ ਕਿੰਨੀਆਂ ਵਧੀਆ ਦਲੀਲਾਂ ਨਾਲ ਦੇ ਰਹੇ ਹਨ :

ਸੁੱਚਾ ਨੰਦ ਦਾ ਸੁਝਾਅ ਹੈ :

ਸੂਬਾ ਤੁਸਾਂ 'ਤੇ ਬੜਾ ਦਿਆਲ ਹੋਇਆ,
ਕਿਉਂ ਨਹੀਂ ਸਮੇਂ ਦਾ ਫ਼ਾਇਦਾ ਉਠਾ ਲੈਂਦੇ?
ਦੋਵੇਂ ਦੀਨ ਇਸਲਾਮ ਕਬੂਲ ਕਰ ਕੇ,
ਕਿਉਂ ਨਹੀਂ ਕੀਮਤੀ ਜਾਨਾਂ ਬਚਾਅ ਲੈਂਦੇ?

ਇਹ ਸੁੱਚਾ ਨੰਦ ਕਹਿ ਰਿਹਾ ਹੈ ਕਿ ਬੱਚਿਉ ! ਤੁਸੀਂ ਦੀਨ ਇਸਲਾਮ ਕਬੂਲ ਕਰ ਕੇ ਸੂਬੇ ਦੀ ਮਿਹਰ ਭਰੀ ਨਜ਼ਰ ਦਾ ਫ਼ਾਇਦਾ ਉਠਾ ਲਵੋ। ਮੁਸਲਮਾਨ ਬਣ ਜਾਵੋ ਤੇ ਆਪਣੀਆਂ ਕੀਮਤੀ ਜਾਨਾਂ ਬਚਾਅ ਲਉ। ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ, ਸੁੱਚਾ ਨੰਦ ਦੀਆਂ ਇਹ ਮੋਮੋ-ਠੱਗਣੀਆਂ ਗੱਲਾਂ ਸੁਣ ਕੇ ਅੱਗੋਂ ਉਸ ਦੇ ਲਹਿਜੇ ਵਿਚ ਜਵਾਬ ਕੀ ਦਿੰਦੇ ਹਨ ?

ਹਿੰਦੂ ਜਾਤੀ ਨੂੰ ਤੂੰ ਕਲੰਕ ਲਗੈਂ,
ਝੂਠੇ ਲਾਲਚਾਂ ਵਿਚ ਗਲਤਾਨ ਹੋ ਕੇ।
ਕਿਉਂ ਨਹੀਂ ਆਪ ਤੂੰ ਫ਼ਾਇਦਾ ਉਠਾ ਲੈਂਦਾ,
ਧਰਮ ਛੱਡ ਕੇ ਤੇ ਮੁਸਲਮਾਨ ਹੋ ਕੇ।

ਬਾਬਾ ਫ਼ਤਹਿ ਸਿੰਘ ਜੀ, ਸੁੱਚਾ ਨੰਦ ਨੂੰ ਜਵਾਬ ਦੇ ਰਹੇ ਹਨ ਕਿ ਤੂੰ ਸਾਨੂੰ ਜੋ ਕਹਿੰਦਾ ਏਂ, ਪਹਿਲਾਂ ਤੂੰ ਆਪ ਮੁਸਲਮਾਨ ਬਣ ਕੇ ਇਹ ਸਭ ਫ਼ਾਇਦਾ ਕਿਉਂ ਨਹੀਂ ਉਠਾ ਲੈਂਦਾ। ਅੱਗੇ ਬਾਬਾ ਫ਼ਤਹਿ ਸਿੰਘ ਹੋਰ ਕਹਿ ਰਹੇ ਹਨ :

ਸਾਡੇ ਸਿਰ 'ਤੇ ਹੱਥ ਪਰਮਾਤਮਾ ਦਾ,
ਅਸਾਂ ਵੇਖਿਐ, ਅੰਤਰ ਧਿਆਨ ਹੋ ਕੇ।
ਇਹਨਾਂ ਜਾਨਾਂ ਤੋਂ ਕੀਮਤੀ ਧਰਮ ਸਾਡਾ,
ਧਰਮ ਰੱਖਣਾ, ਅਸਾਂ ਕੁਰਬਾਨ ਹੋ ਕੇ।

ਲਾਲ ਕਹਿੰਦੇ ਕਿ ਸਾਡੇ ਅੰਗ-ਸੰਗ ਉਹ ਅਕਾਲ ਪੁਰਖ, ਪਰਮਾਤਮਾ ਆਪ ਹੈ।

ਅਸੀਂ ਆਪਣੀਆਂ ਕੁਰਬਾਨੀਆਂ ਦੇ ਕੇ ਵੀ ਆਪਣੇ ਕੀਮਤੀ ਧਰਮ ਦੀ ਸ਼ਾਨ ਨੂੰ ਬਰਕਰਾਰ ਰੱਖਾਂਗੇ।

ਹੁਣ ਸੁੱਚਾ ਨੰਦ ਜਦੋਂ ਸਾਹਿਬਜ਼ਾਦਿਆਂ ਸਾਹਮਣੇ ਲਾਜਵਾਬ ਹੋ ਗਿਆ ਤਾਂ ਫਿਰ ਉਸ ਨੇ ਵਜ਼ੀਰ ਖ਼ਾਂ ਨੂੰ ਭੜਕਾਉਣ ਲਈ ਇਕ ਹੋਰ ਚਾਲ ਚੱਲੀ।

ਡਾਕਟਰ 'ਜਸਵੰਤ ਸਿੰਘ ਨੇਕੀ' ਦੀ ਪੁਸਤਕ, ਜਿਸ ਦਾ ਸਿਰਲੇਖ ਹੈ, "ਅਰਦਾਸ"। ਇਸ ਪੁਸਤਕ ਵਿਚ ਚਾਰ ਸਾਹਿਬਜ਼ਾਦੇ ਵਾਲਾ ਚੈਪਟਰ ਪੜ੍ਹਨਾ। ਦਾਸ ਇਹਨਾਂ ਪ੍ਰਮਾਣਾਂ ਦੀ ਵਰਤੋਂ ਨਾਲ-ਨਾਲ ਇਸ ਲਈ ਕਰ ਰਿਹਾ ਹੈ, ਕਿਉਂਕਿ ਇਹ ਲਿਟਰੇਚਰ ਇਹ ਇਤਿਹਾਸਕ ਕਿਤਾਬਾਂ ਦਾਸ ਦੀਆਂ ਨਿੱਜੀ ਨਹੀਂ ਹਨ। ਕਿਤਾਬਾਂ ਦਾ ਨਾਮ ਦੱਸ ਰਿਹਾ ਹਾਂ, ਕਿਤੇ ਸਮਾਂ ਲੱਗੇ ਤਾਂ ਜ਼ਰੂਰ ਪੜ੍ਹਣਾ, ਕਦੀ ਤਾਂ ਸਾਡੇ ਅੰਦਰ ਪੜ੍ਹਣ ਦੀ ਕਸਕ ਪੈਦਾ ਹੋਵੇ, ਕਿਧਰੇ ਪੜ੍ਹਣ ਨਾਲ ਸਾਨੂੰ ਵੀ ਸੱਚ ਦਾ ਸੰਗ ਮਿਲ ਜਾਵੇ, ਕਿਤੇ ਪੜ੍ਹਦਿਆਂ-ਪੜ੍ਹਦਿਆਂ ਸਾਡੇ ਘਰਾਂ ਵਿਚ ਵੀ ਕੋਈ ਗੁਰੂ ਦੀ ਗੱਲ ਹੋ ਜਾਵੇ। ਅਜੋਕੇ ਸਮੇਂ ਵਿਚ ਸਾਡੇ ਹਰ ਘਰ ਦੀ ਜ਼ਰੂਰਤ ਹੈ, ਸੰਗਤ ਗੁਰੂ ਦੀ ਕਰਨ ਦੀ, ਪਰ ਅਫ਼ਸੋਸ ਅਸੀਂ ਸੰਗਤ ਟੈਲੀਵੀਜ਼ਨ ਦੀ ਕਰ ਰਹੇ ਹਾਂ।

ਕਦੀ "ਮਨੋਹਰ ਸਿੰਘ ਮਾਰਕੋ" ਦੀ ਲਿਖੀ ਕਿਤਾਬ ਪੜਿਉ, ਕਿਤਾਬ ਦਾ ਨਾਮ ਹੈ, "ਚਿੱਠੀਆਂ ਲਿਖ ਸਤਿਗੁਰਾਂ ਵੱਲ ਪਾਈਆਂ"। ਉਸ ਕਿਤਾਬ ਵਿਚੋਂ ਮੈਂ ਸੰਖੇਪ ਦੱਸ ਰਿਹਾ ਹਾਂ ਕਿ ਲੇਖਕ ਨੇ ਗੁਰੂ ਨਾਨਕ ਜੀ ਨੂੰ ਸੰਬੋਧਨ ਕਰ ਕੇ 17 ਦੇ ਕਰੀਬ ਚਿੱਠੀਆਂ ਲਿਖੀਆਂ ਹਨ ਤੇ ਉਹ ਚਿੱਠੀਆਂ ਪੜ੍ਹ ਕੇ ਹਾਸਾ ਵੀ ਆਉਂਦਾ ਹੈ ਤੇ ਰੋਣਾ ਵੀ ਆਉਂਦਾ ਹੈ, ਕਿਉਂਕਿ ਉਹਨਾਂ ਨੇ ਕੌਮੀ ਦਰਦ ਨੂੰ ਬੜੇ ਹੀ ਵਧੀਆ ਅਤੇ ਵਿਅੰਗਆਤਮਕ ਢੰਗ ਨਾਲ ਪੇਸ਼ ਕੀਤਾ ਹੈ। ਮੈਂ ਆਪ ਨੂੰ ਉਸ ਕਿਤਾਬ ਵਿਚੋਂ ਇਕ ਇਸ਼ਾਰਾ ਦਿੰਦਾ ਜਾਵਾਂ, ਸ਼ਾਇਦ ਆਪ ਦੇ ਅੰਦਰ ਪੜ੍ਹਣ ਦੀ ਚੇਟਕ ਪੈਦਾ ਹੋ ਜਾਵੇ।

ਉਹ ਪੁਰਾਣੀ ਕਿਤਾਬ ਹੈ ਤੇ ਉਸ ਸਮੇਂ ਇਕ ਫ਼ਿਲਮ ਬਹੁਤ ਪ੍ਰਚਲਤ ਹੋਈ ਸੀ, ਜਿਸ ਦਾ ਨਾਮ ਸੀ "ਬੌਬੀ"। ਉਸ ਫ਼ਿਲਮ ਦੇ ਇਕ ਗੀਤ ਦਾ ਇਸ਼ਾਰਾ "ਮਨੋਹਰ ਸਿੰਘ ਮਾਰਕੋ" ਨੇ ਦਿੱਤਾ ਹੈ। ਕਹਿੰਦਾ ਹੈ ਕਿ ਅਜੇ ਵਿਆਹ ਹੋ ਰਿਹਾ ਹੁੰਦਾ ਹੈ ਤੇ ਲੜਕੀ ਦੀ ਡੋਲੀ ਵੀ ਨਹੀਂ ਤੁਰੀ ਹੁੰਦੀ ਤੇ ਗੀਤ ਵਜਣਾ ਸ਼ੁਰੂ ਹੋ ਜਾਂਦਾ ਹੈ ਕੇ "ਮੈਂ ਮਾਇਕੇ ਚਲੀ ਜਾਊਂਗੀ, ਤੁਮ ਦੇਖਤੇ ਰਹੀਓ।" ਭਲੀਏ ਅਜੇ ਪਹਿਲਾਂ ਸਹੁਰੇ ਤੇ ਚਲੀ ਜਾ, ਮਾਇਕੇ ਤਾਂ ਅਜੇ ਤੁਰੀ ਹੀ ਫਿਰਦੀ ਏਂ। ਆਹ ਅਸੀਂ ਸਿਖਾ ਰਹੇ ਹਾਂ ਆਪਣੇ ਬੱਚਿਆਂ ਨੂੰ ਕਿ ਅਜੇ ਡੋਲੀ ਤੁਰੀ ਨਹੀਂ ਹੈ ਤੇ ਪਹਿਲਾਂ ਹੀ ਵਾਪਸ ਮਾਇਕੇ ਆਉਣ ਦੀਆਂ ਬਾਤਾਂ ਸ਼ੁਰੂ ਹੋ ਜਾਂਦੀਆਂ ਨੇ।

'ਮਨੋਹਰ ਸਿੰਘ ਮਾਰਕੋ' ਹੋਰ ਲਿਖਦਾ ਹੈ "ਬਾਬਾ ਨਾਨਕ ਜੀ ! ਮੈਨੂੰ ਲੱਗਦਾ

ਹੈ ਕਿ ਆਪ ਨੂੰ ਆਪਣੇ ਸੁੱਖਾਂ ਨਾਲ ਵੈਰ ਸੀ, ਤੁਸੀਂ ਐਵੇਂ ਹੀ ਭਾਈ ਮਰਦਾਨਾ ਨੂੰ ਨਾਲ ਲੈ ਕੇ ਪੈਦਲ ਚਲਦੇ ਰਹੇ, ਕਿਤੇ ਤੁਸੀਂ ਅੱਜ ਦੇ ਸਮੇਂ ਇਸ ਦੁਨੀਆਂ ਵਿਚ ਆ ਜਾਉ ਤਾਂ ਕਿਸੇ ਨੇ ਵੀ ਤੁਹਾਨੂੰ ਪਹਿਚਾਨਣਾ ਨਹੀਂ ਹੈ, ਕਿਉਂਕਿ ਅੱਜ ਤਾਂ ਬਾਬਿਆਂ ਨੂੰ ਓਡੀ ਗੱਡੀ ਚਾਹੀਦੀ ਹੈ ਤੇ ਨਾਲ 15-20 ਚਿਮਟਿਆਂ ਵਾਲੇ ਚਾਹੀਦੇ ਨੇ, ਘੱਟੋ ਘੱਟ 20-25 ਲੱਖ ਵਾਲੀ ਕਾਰ ਉੱਪਰ ਬਾਬਾ ਜੀ ਸਵਾਰ ਹੋਣੇ ਚਾਹੀਦੇ ਹਨ। ਜੇਕਰ ਤੁਸੀਂ ਇਸ ਤਰ੍ਹਾਂ ਆਉਗੇ ਮੇਰੇ ਬਾਬਾ ਨਾਨਕ ਜੀ ਤਾਂ ਹੀ ਤੁਹਾਡੀ ਵਧੀਆ ਪਹਿਚਾਣ ਬਣੇਗੀ। ਬਾਬਾ ਨਾਨਕ ਜੀ ਤੁਹਾਨੂੰ ਤਾਂ ਲੱਗਦਾ ਹੈ ਕਿ ਆਪਣੇ ਸੁੱਖਾਂ ਨਾਲ ਵੈਰ ਸੀ।''

''ਜੇਕਰ ਅਸੀ ਗੁਰੂ ਸਾਹਿਬਾਂ ਨੂੰ ਨਮਸਕਾਰ ਵੀ ਕਰਨੀ ਹੁੰਦੀ ਹੈ ਤਾਂ 10 ਦਾ ਨੋਟ ਉਂਗਲਾਂ ਵਿਚ ਫੜ ਕੇ, ਸਭ ਨੂੰ ਦਿਖਾ ਕੇ ਫੇਰ ਮੱਥਾ ਟੇਕਦੇ ਹਾਂ।'' ਸਾਡੀ ਆਪਣੇ ਅੰਦਰ ਦੀ ਹਾਲਤ ਨੂੰ ਉਹ ਕਿਤਾਬ ਬਾ-ਖੂਬੀ ਬਿਆਨ ਕਰਦੀ ਹੈ, ਕਿਤੇ ਸਮਾਂ ਲੱਗ ਜਾਵੇ ਤਾਂ ਪੜਿਉ ਉਹ ਕਿਤਾਬ। ਫਿਰ ਵੇਖਣਾ ਕਿ ਅਸੀਂ ਕਿੱਥੇ ਖੜੇ ਹਾਂ ?

ਤੇ ਸੁੱਚਾ ਨੰਦ ਆਪਣੀ ਚਾਲ ਚਲਦਿਆਂ ਸਾਹਿਬਜ਼ਾਦਿਆਂ ਨੂੰ ਸਵਾਲ ਕਰਦਾ ਹੈ, ''ਬੱਚਿਉ ! ਜੇਕਰ ਅਸੀਂ ਤੁਹਾਨੂੰ ਛੱਡ ਦੇਈਏ ਤਾਂ ਤੁਸੀਂ ਫਿਰ ਕੀ ਕਰੋਗੇ ?''

ਕਲਗੀਧਰ ਦੇ ਸਾਹਿਬਜ਼ਾਦਿਆਂ ਨੇ ਫਿਰ ਜਵਾਬ ਕੀ ਦਿੱਤਾ ਸੀ, ਇਹ ''ਡਾ: ਜਸਵੰਤ ਸਿੰਘ ਨੇਕੀ'' ਦੀ ਪੁਸਤਕ, ''ਅਰਦਾਸ'' ਵਿਚ ਬਾਖੂਬੀ ਲਿਖਿਆ ਗਿਆ ਹੈ ਕਿ ਸਾਹਿਬਜ਼ਾਦੇ, ਸੁੱਚਾ ਨੰਦ ਦੀ ਗੱਲ ਦਾ ਜਵਾਬ ਦਿੰਦਿਆਂ ਕਹਿ ਰਹੇ ਹਨ ''ਜੇਕਰ ਤੁਸੀਂ ਸਾਨੂੰ ਛੱਡ ਦੇਵੋਗੇ ਤਾਂ ਅਸੀਂ ਬਾਹਰ ਜਾ ਕੇ

''ਵਿਚ ਜੰਗਲਾਂ ਜਾਵਾਂਗੇ,
ਸਿੰਘਾਂ ਜੋੜ ਲਿਆਵਾਂਗੇ,
ਸ਼ਸਤਰ ਇਕੱਠੇ ਕਰਾਂਗੇ,
ਘੋੜਿਆਂ ਉੱਪਰ ਚੜ੍ਹਾਂਗੇ,
ਨਾਲ ਤੁਹਾਡੇ ਲੜਾਂਗੇ।''

ਸੁੱਚਾ ਨੰਦ ਅਗਲਾ ਸਵਾਲ ਕਰਦਾ ਹੈ, ''ਕਿੰਨਾ ਚਿਰ ਲੜੋਗੇ ?'' ਤੇ ਕੜਕਦਿਆਂ ਹੋਇਆਂ ਲਾਡਲੇ ਕਹਿੰਦੇ ਹਨ, ''ਜਿੰਨਾ ਚਿਰ ਤੁਹਾਡੇ ਜ਼ੁਲਮੀ ਰਾਜ ਦਾ ਖ਼ਾਤਮਾ ਨਹੀਂ ਕਰ ਲੈਂਦੇ, ਓਨਾ ਚਿਰ ਅਸੀਂ ਤੁਹਾਡੇ ਨਾਲ ਲੜਾਂਗੇ।'' ਇਹ ਨੇ ਮੇਰੇ ਕਲਗੀਧਰ ਦੇ ਲਾਡਲਿਆਂ ਦੇ ਜਵਾਬ।

ਹੁਣ ਸੁੱਚਾ ਨੰਦ, ਵਜ਼ੀਰ ਖ਼ਾਂ ਨੂੰ ਕਹਿੰਦਾ ਹੈ, ''ਆਹ ਸੁਣ ਲੈ, ਇਹ ਨੇ ਮਾਸੂਮਾਂ ਦੇ ਜਵਾਬ। ਇਹ ਬਾਗ਼ੀ ਬਾਪ ਦੇ ਬਾਗ਼ੀ ਪੁੱਤਰ ਨੇ, ਇਹ ਇੰਨੀ ਛੋਟੀ ਉਮਰ ਵਿਚ ਹੀ ਅੱਗ ਦੇ ਭਾਂਬੜ ਬਾਲਦੇ ਪਏ ਨੇ, ਵੱਡੇ ਹੋ ਕੇ ਤਾਂ ਇਹ ਜੁਆਲਾ ਭੜਕਾ ਦੇਣਗੇ, ਤੂੰ

ਇਹਨਾਂ 'ਤੇ ਤਰਸ ਕਰ ਰਿਹਾ ਏਂ ?'''

ਵਜ਼ੀਰ ਖ਼ਾਂ ਸਭ ਸੁਣ ਕੇ ਬੱਚਿਆਂ ਨੂੰ ਡਰਾਉਂਦਾ ਹੋਇਆ ਕਹਿੰਦਾ ਹੈ, "ਉਏ ਬੱਚਿਉ ! ਮਾਰ ਦਿੱਤੇ ਜਾਵੋਗੇ, ਮੇਰੀ ਗੱਲ ਮੰਨ ਜਾਵੋ, ਚੁੱਪ ਹੋ ਜਾਵੋ, ਤੁਸੀਂ ਅਜੇ ਕੋਮਲ ਹੋ, ਤੁਸੀਂ ਆਪਣਾ ਜੀਵਨ ਖ਼ੁਸ਼ੀਆਂ ਨਾਲ ਬਤੀਤ ਕਰੋ।"

ਤੇ ਸਾਹਿਬਜ਼ਾਦੇ ਅੱਗੋਂ ਜਵਾਬ ਦਿੰਦੇ ਹਨ :

"ਐ ਵਜ਼ੀਰ ਖ਼ਾਂ ! ਤੂੰ ਸਾਡੇ ਸਰੀਰਾਂ ਵੱਲ ਵੇਖ ਕੇ ਹੀ ਸਾਨੂੰ ਕੋਮਲ ਆਖਦਾ ਏਂ, ਸਾਨੂੰ ਕੋਮਲ ਸਮਝ ਕੇ ਡਰਾਉਣ ਦਾ ਯਤਨ ਕਰ ਰਿਹਾ ਹੈਂ, ਇਹ ਤੇਰੀ ਗ਼ਲਤੀ ਹੈ।" ਸਾਹਿਬਜ਼ਾਦਿਆਂ ਦੇ ਇਸ ਦਲੇਰੀ ਭਰੇ ਲਲਕਾਰੇ ਨੂੰ ਕਵੀ ਬੜੇ ਸੁੰਦਰ ਢੰਗ ਨਾਲ ਲਿਖਦਿਆਂ ਕਹਿੰਦੇ ਹਨ :

—ਦਸਮੇਸ਼ ਪਿਤਾ ਦੇ ਬੱਚੜੇ ਹਾਂ,
ਭਾਗਾਂ ਵਾਲੀ ਮਾਂ ਦੇ ਜਣੇ ਹੋਏ ਹਾਂ।
ਉਪਰੋਂ ਮੱਖਣ ਵਰਗੇ ਕੋਮਲ ਨਾ ਸਮਝੀਂ,
ਅੰਦਰੋਂ ਫੌਲਾਦ ਦੇ ਬਣੇ ਹੋਏ ਹਾਂ।

—ਸਾਹਿਬਜ਼ਾਦਿਆਂ ਕੜਕ ਕੇ ਕਿਹਾ, ਸੂਬੇ !
ਪਰਬਤ ਦਾਬਿਆਂ ਨਾਲ ਨਹੀਂ ਹਲ ਜਾਂਦੇ।
ਪੁੱਤਰ ਹੋਣ ਜਿਹੜੇ ਸ਼ੇਰ ਬੱਬਰਾਂ ਦੇ,
ਕਦੀ ਭੇਡਾਂ ਦੇ ਵਿਚ ਨਹੀਂ ਰਲ ਜਾਂਦੇ।

(ਕਰਤਾਰ ਸਿੰਘ ਬਲੱਗਣ)

ਖ਼ਿਆਲ ਕਰਿਉ ! ਸ਼ਾਇਦ ਅੱਜ ਕੱਲ ਦੇ ਨੌਜੁਆਨ ਸ਼ਾਇਦ ਭੇਡਾਂ ਵਿਚ ਰਲਣ ਵਾਲਾ ਕੰਮ ਕਰ ਰਹੇ ਹਨ, ਭਾਵ ਕਿ ਸਿੱਖੀ ਤੋਂ ਪਤਿਤ ਹੁੰਦੇ ਜਾ ਰਹੇ ਹਨ। ਇਥੇ ਦਾਸ ਸਾਹਿਬਜ਼ਾਦਿਆਂ ਦੀ ਗਾਥਾ ਦੇ ਨਾਲ-ਨਾਲ ਗੁਰਮਤਿ ਦੀ ਗੱਲ ਕਰਨ ਦੀ ਵੀ ਜ਼ਰੂਰਤ ਮਹਿਸੂਸ ਕਰਦਾ ਹੈ।

ਇਕ ਬੱਸ ਦੇ ਅੰਦਰ ਬੜੀ ਭੀੜ ਹੈ ਤੇ ਸਵਾਰੀਆਂ ਖੜੀਆਂ ਵੀ ਹਨ। ਇਕ ਬਜ਼ੁਰਗ ਬਾਬੇ ਨੇ ਚੀਖ ਮਾਰੀ ਤੇ ਉੱਚੀ ਆਵਾਜ਼ ਵਿਚ ਨਾਲ ਖੜੇ ਕਲੀਨਸ਼ੇਵ ਨੌਜੁਆਨ ਨੂੰ ਕਹਿਣ ਲੱਗਾ, "ਉਏ ਬਾਊ ! ਆਪਣੇ ਪੈਰਾਂ 'ਤੇ ਖੜਾ ਹੋ, ਮੇਰੇ ਪੈਰ 'ਤੇ ਪੈਰ ਕਿਉਂ ਰੱਖੀ ਜਾ ਰਿਹਾ ਏਂ ?"

ਉਹ ਨੌਜੁਆਨ ਕਹਿਣ ਲੱਗਾ, "ਬਾਬਾ ! ਤੂੰ ਮੈਨੂੰ ਬਾਊ ਆਖ ਕੇ ਮੇਰੀ ਬੇ-ਇੱਜ਼ਤੀ ਕਰ ਰਿਹਾ ਏਂ, ਮੈਂ ਸਰਦਾਰਾਂ ਦਾ ਪੁੱਤ ਹਾਂ, ਤੂੰ ਮੈਨੂੰ ਬਾਊ ਆਖ ਰਿਹਾ ਏਂ।"

ਉਹ ਬਜ਼ੁਰਗ ਬਾਬਾ ਬੜਾ ਸਿਆਣਾ ਸੀ। ਬਾਬਾ ਹੱਥ ਜੋੜ ਕੇ ਕਹਿਣ ਲੱਗਾ, "ਉਏ ਪੁੱਤਰਾ ! ਮੈਨੂੰ ਤੂੰ ਆਪਣੇ ਚਿਹਰੇ 'ਤੇ ਇਕ ਵੀ ਚਿੰਨ੍ਹ ਸਰਦਾਰਾਂ ਵਾਲਾ ਵਿਖਾ ਦੇ, ਨਾ ਤੇਰੇ ਸਿਰ 'ਤੇ ਦਸਤਾਰ, ਨਾ ਤੇਰੇ ਚਿਹਰੇ 'ਤੇ ਦਾੜ੍ਹੀ, ਨਾ ਸਿਰ 'ਤੇ ਕੇਸ, ਮੈਨੂੰ ਕੋਈ ਚਿੰਨ੍ਹ ਤਾਂ ਸਰਦਾਰਾਂ ਵਾਲਾ ਦਿਖਾ, ਮੈ ਤੈਨੂੰ ਸਰਦਾਰ ਜੀ ਕਹਿ ਦਿੰਦਾ ਹਾਂ।"

ਅੱਜ ਸਾਨੂੰ ਸਰਦਾਰ ਅਖਵਾਉਣ ਦਾ ਸ਼ੌਕ ਜ਼ਰੂਰ ਹੈ, ਪਰ ਸਰਦਾਰੀ ਦਾ ਕੋਈ ਵੀ ਚਿੰਨ੍ਹ ਰੱਖਣ ਨੂੰ ਅਸੀਂ ਤਿਆਰ ਨਹੀਂ ਹਾਂ ਤੇ ਫਿਰ ਅਸੀਂ ਕਿਵੇਂ ਸੋਚ ਸਕਦੇ ਹਾਂ ਕਿ ਲੋਕ ਸਾਨੂੰ ਸਰਦਾਰ ਜੀ ਆਖਣ। ਜੇਕਰ ਸਰਦਾਰ ਅਖਵਾਉਣਾ ਹੈ ਤਾਂ ਸਾਨੂੰ ਸਰਦਾਰਾਂ ਵਾਲੀ ਜੀਵਨ ਜਾਚ ਵੀ ਸਿੱਖਣੀ ਪੈਣੀ ਹੈ। ਐਸੀ ਘਾਟ ਕਾਰਨ ਹੀ ਅੱਜ ਦੇ ਸਿੱਖ ਅਖਵਾਉਂਦੇ ਨੌਜੁਆਨਾਂ ਨੂੰ ਲੰਡੀ ਜੀਪ ਦੇ ਪਿੱਛੇ 'ਪੁੱਤ ਸਰਦਾਰਾਂ ਦੇ' ਲਿਖਵਾਉਣ ਦੀ ਲੋੜ ਮਹਿਸੂਸ ਹੋ ਰਹੀ ਹੈ।

ਨਵਾਬ ਵਜ਼ੀਰ ਖ਼ਾਂ ਨੇ ਸਾਹਿਬਜ਼ਾਦਿਆਂ ਨੂੰ ਫਿਰ ਇਕ ਹੋਰ ਸਵਾਲ ਕੀਤਾ, ਜਿਸ ਨੂੰ ਕਵੀ 'ਦਾਨ ਸਿੰਘ ਕੋਮਲ' ਦੀ ਕਲਮ ਲਿਖਦੀ ਹੈ :

ਸਾਰੇ ਮਜ਼ਹਬਾਂ ਤੋਂ ਮਜ਼ਹਬ ਇਸਲਾਮ ਚੰਗਾ,
ਕੋਈ ਨਹੀਂ ਰੀਸ ਇਸਲਾਮ ਦੀ ਕਰ ਸਕਦਾ।
ਓਏ ਬੱਚਿਉ ! ਤੁਸੀਂ ਮੁਸਲਮਾਨ ਹੋ ਜਾਓ,
ਮੁਸਲਮਾਨ ਨਹੀਂ ਕਦੇ ਵੀ ਮਰ ਸਕਦਾ।

ਇਹ ਗੱਲ ਜਦੋਂ ਸਾਹਿਬਜ਼ਾਦਿਆਂ ਨੇ ਸੁਣੀ ਤੇ ਵਜ਼ੀਰ ਖ਼ਾਂ ਨੂੰ ਸੰਬੋਧਨ ਹੋ ਕੇ ਫਿਰ ਬਾਬਾ ਫ਼ਤਹਿ ਸਿੰਘ ਕਹਿ ਰਹੇ ਹਨ :

ਜੇ ਇਸਲਾਮ ਚੰਗਾ ਹੈ ਤਾਂ ਸਣੇ ਕਾਜ਼ੀ,
ਮੁਸਲਮਾਨ ਇਹ ਕਿਵੇਂ ਸ਼ੈਤਾਨ ਬਣ ਗਏ ?
ਜੇਕਰ ਮੁਸਲਿਮ ਨੇ ਹੁੰਦੇ ਈਮਾਨ ਵਾਲੇ,
ਤਾਂ ਫਿਰ ਕਿੱਦਾਂ ਤੁਸੀਂ ਬੇਈਮਾਨ ਬਣ ਗਏ ?
ਮੋਮਨਾਂ ਨੂੰ ਕਦੇ ਨਹੀਂ ਮੌਤ ਆਉਂਦੀ,
ਮੀਲਾਂ ਤੀਕ ਕਿੰਜ ਇਹ ਕਬਰਸਤਾਨ ਬਣ ਗਏ ?

ਇਥੇ ਸੁੱਚਾ ਨੰਦ ਆਪਣੀ ਚਾਲ ਵਿਚ ਕਾਮਯਾਬ ਹੋ ਗਿਆ, ਕਿਉਂਕਿ ਵਜ਼ੀਰ ਖ਼ਾਂ ਇਨ੍ਹਾਂ ਸਭ ਸਵਾਲਾਂ ਦੇ ਜਵਾਬ ਸੁਣ ਕੇ ਲਾਜੁਆਬ ਹੋ ਗਿਆ ਤੇ ਕਾਜ਼ੀ ਨੂੰ ਕਹਿਣ ਲੱਗਾ, "ਐ ਕਾਜ਼ੀ ! ਤੂੰ ਕਹਿੰਦਾ ਸਾਂ ਕਿ ਸ਼ਰ੍ਹਾ ਆਗਿਆ ਨਹੀਂ ਦੇਂਦੀ, ਆਹ ਦੇਖ, ਬਾਗ਼ੀ ਬਾਪ ਦੇ ਬਾਗ਼ੀ ਪੁੱਤਰ ਅੱਗ ਉਗਲਦੇ ਪਏ ਨੇ। ਕਾਜ਼ੀ ! ਤੂੰ ਫਤਵਾ ਸੁਣਾ,

ਇਹਨਾਂ 'ਤੇ ਤਰਸ ਨਾ ਖਾਈਂ।'' ਫਿਰ ਕਾਜ਼ੀ ਨੇ ਧਰਮ ਦੇ ਨਾਮ ਉੱਪਰ ਅਧਰਮ ਦਾ ਫ਼ਤਵਾ ਸੁਣਾ ਦਿੱਤਾ ਤੇ ਫ਼ਤਵਾ ਕੀ ਸੁਣਾਇਆ ? ''ਇਹਨਾਂ ਨੂੰ ਜ਼ਿੰਦਾ ਹੀ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਜਾਵੇ।''

ਜੋ ਦੁਨੀਆਂ ਨੇ ਕਦੀ ਨਹੀਂ ਸੀ ਦੇਖਿਆ, ਅੱਜ ਉਹ ਹੋਣ ਲੱਗਾ ਹੈ। ਜੋ ਦੁਨੀਆਂ ਵਿਚ ਕਿਸੇ ਵੀ ਸਥਾਨ 'ਤੇ ਨਹੀਂ ਹੋਇਆ, ਅੱਜ ਉਹ ਸਰਹੰਦ ਵਿਚ ਹੋਣ ਲੱਗਾ ਹੈ। ਜਿਹੜੀਆਂ ਨਿਰਪੱਖ ਕਲਮਾਂ ਨੇ ਉਹ ਕਿਸੇ ਵੀ ਧਰਮ ਨਾਲ ਸਬੰਧਿਤ ਹੋਵਣ, ਆਖ਼ਿਰ ਸਚਾਈ ਲਿਖ ਹੀ ਜਾਂਦੀਆਂ ਨੇ।

ਹਿਕ ਕਿਹੜੀ ਨਾ ਹਉਕਾ ਭਰਿਆ, ਅੱਖ ਕਿਹੜੀ ਨਾ ਰੋਈ।
ਧਰਤੀ ਮਾਂ ਨੇ ਕਦੇ ਨਾ ਵੇਖੀ, ਇਹ ਹੋਣੀ ਜੋ ਹੋਈ।

(ਮਹਿੰਦਰ ਸਿੰਘ ਮਾਨੂੰਪੁਰੀ)

ਇਕ ਮੁਸਲਮਾਨ ਲਿਖਾਰੀ, 'ਅਤਾ ਉੱਲਾ ਖ਼ਾਂ ਬੁਖਾਰੀ' ਜੋ ਕਿ ਸਰਹੰਦ ਦੀ ਬਾਤ ਨੂੰ ਕਰਦਾ ਹੋਇਆ ਲਿਖਦਾ ਹੈ, **''ਜੇਕਰ ਇਹਨਾਂ ਦੋ ਛੋਟੇ ਸਾਹਿਬਜ਼ਾਦਿਆਂ ਦੇ ਬਦਲੇ ਮੁਸਲਮਾਨ ਆਪਣੇ ਦੋ ਸੌ ਬੱਚੇ ਵੀ ਸਿੱਖਾਂ ਨੂੰ ਭੇਟਾ ਕਰ ਦੇਣ ਤੇ ਸਿੱਖ ਉਹਨਾਂ ਨੂੰ ਕਤਲ ਵੀ ਕਰ ਦੇਣ, ਪਰ ਫਿਰ ਵੀ ਸਿੱਖਾਂ ਦੇ ਹਿਰਦਿਆਂ ਵਿਚੋਂ ਇਹ ਚੀਸ ਜ਼ਰੂਰ ਉਠਦੀ ਰਹੇਗੀ ਕਿ ਹਾਏ ! ਸਾਡੇ ਦੋ ਸਾਹਿਬਜ਼ਾਦੇ।''** ਪਰ ਸਿੱਖ ਹਿਰਦਿਆਂ ਦੀ ਪੀੜਾ ਕਦੀ ਵੀ ਖ਼ਤਮ ਨਹੀਂ ਹੋਵੇਗੀ, ਜਿਵੇਂ ਕਿ ਦਾਸ ਪਹਿਲਾਂ ਵੀ ਬੇਨਤੀ ਕਰ ਚੁੱਕਾ ਹੈ :

ਇਹ ਦੁਨੀਆਂ ਨਹੀਂ ਕਮ ਦਿਲਿਆਂ ਦੀ,
ਇਹ ਰਣ ਹੈ ਪੌਣ ਸਵਾਰਾਂ ਦਾ।
ਨੀਹਾਂ ਦੇ ਵਿਚ ਜੋ ਸਿਰ ਹੋਵਣ,
ਮੁੱਲ ਪੈ ਜਾਏ ਦੀਵਾਰਾਂ ਦਾ।

ਦੀਵਾਰਾਂ ਤਾਂ ਦੁਨੀਆਂ ਅੰਦਰ ਬਹੁਤ ਹਨ, ਪਰ ਸਾਹਿਬਜ਼ਾਦਿਆਂ ਦੇ ਸਿਰਾਂ ਤੇ ਬਣੀ ਦੀਵਾਰ ਦੁਨੀਆਂ ਦੇ ਕੋਨੇ-ਕੋਨੇ ਵਿਚ ਵਸਦੇ ਹਰ ਸਿੱਖ ਦੇ ਹਿਰਦੇ ਵਿਚ ਵੱਸ ਗਈ ਹੈ।

ਚੀਨ ਦੀ ਮਹਾਨ ਦੀਵਾਰ (Great Wall of China) ਦੁਨੀਆਂ ਦੇ ਸੱਤ ਅਜੂਬਿਆਂ ਵਿਚੋਂ ਇਕ ਅਜੂਬਾ ਹੈ। ਜੇਕਰ ਕਦੀ ਕੋਈ ਸਿੱਖਾਂ ਨੂੰ ਕਹੇ ਕਿ ਚੀਨ ਦੀ ਦੀਵਾਰ ਲੈ ਲਵੋ ਤੇ ਤੁਸੀਂ ਸਰਹੰਦ ਦੀ ਦੀਵਾਰ ਸਾਨੂੰ ਦੇ ਦੇਵੋ ਤਾਂ ਸਿੱਖ ਕਦੀ ਵੀ ਨਹੀਂ ਮੰਨ ਸਕਦੇ, ਕਿਉਂਕਿ ਇਸ ਦੀਵਾਰ ਦੀ ਆਪਣੀ ਇਕ ਇਤਿਹਾਸਕ ਅਹਿਮੀਅਤ ਹੈ।

ਜਦੋਂ ਕਾਜ਼ੀ ਵੱਲੋਂ ਫਤਵਾ ਸੁਣਾ ਦਿੱਤਾ ਗਿਆ, ਪਰ ਇਸ ਧਰਮ ਦੇ ਨਾਮ 'ਤੇ ਜਾਰੀ ਅਧਰਮ ਦੇ ਫਤਵੇ 'ਤੇ ਅਮਲ ਕੌਣ ਕਰੇ, ਅਮਲੀ ਜਾਮਾ ਕੌਣ ਪਹਿਨਾਵੇ। ਇਸ ਦੁਨੀਆਂ ਦਾ ਕਿਹੜਾ ਮਨੁੱਖ ਹੋਵੇਗਾ, ਜਿਸ ਦੇ ਮਨ ਵਿਚ ਆਪਣੇ ਬੱਚਿਆਂ ਪ੍ਰਤੀ ਪਿਆਰ ਦੀ ਭਾਵਨਾ ਨਹੀਂ।

ਇਹਨਾਂ ਦੋ ਸਾਹਿਬਜ਼ਾਦਿਆਂ ਨੂੰ, ਛੋਟੇ-ਛੋਟੇ ਬਾਲਾਂ ਨੂੰ ਸ਼ਹੀਦ ਕਰਨ ਲਈ ਬੜੀ ਵੱਡੇ ਜਿਗਰੇ ਵਾਲਾ ਚਾਹੀਦਾ ਹੈ, ਪਰ ਕਈ ਕੋਸ਼ਿਸ਼ਾਂ ਦੇ ਬਾਅਦ ਕੋਈ ਵੀ ਤਿਆਰ ਨਹੀਂ ਹੋ ਰਿਹਾ, ਕਿਸੇ ਦੇ ਅੰਦਰ ਇੰਨੀ ਦਲੇਰੀ ਨਹੀਂ ਹੈ ਕਿ ਉਹ ਇਹਨਾਂ ਛੋਟੇ-ਛੋਟੇ ਬਾਲਾਂ ਨੂੰ ਸ਼ਹੀਦ ਕਰ ਸਕੇ।

ਹੁਣ ਇਹ ਮਸਲਾ ਬਣ ਗਿਆ ਕਿ ਬੱਚਿਆਂ ਨੂੰ ਸ਼ਹੀਦ ਕੌਣ ਕਰੇ ? ਕਿਉਂਕਿ ਮਮਤਾ ਤਾਂ ਸਾਰਿਆਂ ਦੇ ਹਿਰਦਿਆਂ ਵਿਚ ਹੁੰਦੀ ਹੈ ਤੇ ਇਹੀ ਮਮਤਾ ਰੋਕ ਰਹੀ ਹੈ ਕਿ ਕੋਈ ਇਨਸਾਨ, ਕੋਈ ਜੱਲਾਦ ਤਿਆਰ ਨਹੀਂ ਸੀ ਹੋ ਰਿਹਾ।

ਹੁਣ ਵਜ਼ੀਰ ਖ਼ਾਂ ਦੇ ਪਾਸ ਬੈਠਾ ਹੈ, ਮਲੇਰਕੋਟਲੇ ਦਾ ਨਵਾਬ 'ਸ਼ੇਰ ਮੁਹੰਮਦ ਖ਼ਾਂ 'ਤੇ ਵਜ਼ੀਰ ਖ਼ਾਂ ਉਸ ਵੱਲ ਇਸ਼ਾਰਾ ਕਰ ਕੇ ਆਖਦਾ ਹੈ, "ਤੂੰ ਆਪਣੇ ਭਰਾ ਨਾਹਰ ਖ਼ਾਨ ਦੀ ਮੌਤ ਦਾ ਬਦਲਾ ਲੈ ਲੈ। ਇਹਨਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਨੇ ਤੇਰੇ ਭਰਾ ਨੂੰ ਮਾਰਿਆ ਸੀ।" (ਨਾਹਰ ਖ਼ਾਂ ਚਮਕੌਰ ਦੀ ਗੜ੍ਹੀ ਵਿਚ ਪੌੜੀ ਲਗਾ ਕੇ ਚੜ੍ਹਿਆ ਸੀ ਤੇ ਗੁਰੂ ਸਾਹਿਬ ਨੇ ਉਸ ਨੂੰ ਮਾਰ ਦਿੱਤਾ ਸੀ) ਵਜ਼ੀਰ ਖ਼ਾਂ ਸ਼ੇਰ ਮੁਹੰਮਦ ਖ਼ਾਂ ਨੂੰ ਉਕਸਾ ਰਿਹਾ ਹੈ ਕਿ ਆਪਣੇ ਭਰਾ ਅਤੇ ਆਪਣੇ ਬਾਪ ਦੀ ਮੌਤ ਦਾ ਵੀ ਬਦਲਾ ਇਹਨਾਂ ਬੱਚਿਆਂ ਤੋਂ ਲੈ ਲਾ (ਕਿਉਂਕਿ ਇਹਨਾਂ ਦੇ ਬਾਪ ਨੂੰ ਸਿੰਘਾਂ ਨੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਜੰਗ ਦੌਰਾਨ ਮਾਰ ਦਿੱਤਾ ਸੀ) ਵਜ਼ੀਰ ਖ਼ਾਂ ਕਹਿੰਦਾ ਹੈ ਕਿ ਮੈਂ ਇਹ ਬੱਚੇ ਤੇਰੇ ਹਵਾਲੇ ਕਰਦਾ ਹਾਂ। ਇਸ ਸਾਕੇ ਨੂੰ ਜੋਗੀ ਅੱਲ੍ਹਾ ਯਾਰ ਖ਼ਾਂ ਅੱਗੇ ਤੋਰਦਾ ਹੈ :

ਦੋ ਭਾਈ ਸ਼ੇਰ ਖ਼ਾਨ-ਓ-ਖ਼ਿਜ਼ਰ ਖ਼ਾਂ ਪਠਾਨ ਥੇ।
ਮਲੇਰ ਕੋਟਲਾ ਕੇ ਜੁ ਮਸ਼ਹੂਰ ਖ਼ਾਨ ਥੇ।
ਇਕ ਰੋਜ਼ ਆ ਕੇ ਰਣ ਮੇਂ ਲੜੇ ਕੁਛ ਜਵਾਨ ਥੇ।
ਗੋਬਿੰਦ ਇਨ ਕੇ ਬਾਪ ਕੀ ਲੇ ਬੈਠੇ ਜਾਨ ਥੇ।
ਨਾਜ਼ਿਮ ਨੇ, ਸੁੱਚਾ ਨੰਦ ਨੇ ਉਨ ਸੇ ਕਹਾ ਕਿ ਲੋ।
ਬਦਲਾ ਪਿਦਰ ਕਾ ਇਨਕੇ ਲਹੂ ਕੋ ਬਹਾ ਕੇ ਲੋ।

ਆਪਣੇ ਭਰਾ ਅਤੇ ਬਾਪ ਦੀ ਮੌਤ ਦਾ ਬਦਲਾ ਲੈ ਲਉ। ਆਹ ਬੱਚੇ ਮੈਂ ਤੇਰੇ ਹਵਾਲੇ ਕਰਦਾ ਹਾਂ। ਹੁਣ ਨਵਾਬ ਵਜ਼ੀਰ ਖ਼ਾਂ ਦੀ ਸਾਰੀ ਗੱਲ ਸੁਣ ਕੇ ਨਵਾਬ ਮਲੇਰ ਕੋਟਲਾ 'ਸ਼ੇਰ ਮੁਹੰਮਦ ਖ਼ਾਂ' ਕੀ ਆਖਦਾ ਹੈ ?

ਕਹਨੇ ਲਗੇ ਵੁਹ ਤੁਮ ਤੋ ਨਿਹਾਯਤ ਜਲੀਲ ਹੋ।
ਨਾਮਰਦੀ ਕੀ ਬਤਾਤੇ ਜਰੀ ਕੋ ਸਬੀਲ ਹੋ।

ਕਹਿੰਦਾ ! ਉਏ ਤੁਸੀਂ ਕਾਹਦੇ ਸਰਦਾਰ ਹੋ, ਬੜੇ ਘਟੀਆ ਇਨਸਾਨ ਜੇ ਤੁਸੀਂ ਨਾਮਰਦੀ ਦੀਆਂ ਬਾਤਾਂ ਪਏ ਕਰਦੇ ਹੋ ?

ਸੁੱਚਾ ਨੰਦ ਕੀ ਅਸੀਂ ਤੈਨੂੰ ਮੁਖਤਾਰਨਾਮਾ ਦਿੱਤਾ ਹੈ ? ਜੋ ਤੂੰ ਐਵੇਂ ਸਾਡੇ ਵੱਲੋਂ ਬੋਲੀ ਜਾ ਰਿਹਾ ਏਂ।

ਮੁਖ਼ਤਾਰ ਤੁਮ ਹਮਾਰੇ ਹੋ ਯਾ ਤੁਮ ਵਕੀਲ ਹੋ ?
ਨਾਹਕ ਬਯਾਨ ਕਰਤੇ ਜੋ ਬੋਦੀ ਦਲੀਲ ਹੋ।
ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਫ਼ੂਜ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ।

ਨਵਾਬ ਮਲੇਰਕੋਟਲਾ ਕਹਿਣ ਲੱਗਾ ਕਿ ਸੁੱਚਾ ਨੰਦ ਕਿਉਂ ਥੋਥੀਆਂ ਦਲੀਲਾਂ ਦੇ ਰਿਹਾ ਏਂ।

ਦੇਖੋ, ਨਵਾਬ ਮਲੇਰਕੋਟਲਾ ਇਹ ਨਹੀਂ ਕਹਿ ਰਿਹਾ ਕਿ ਦਸਵੇਂ ਪਾਤਸ਼ਾਹ ਪ੍ਰਤੀ ਉਸ ਦੇ ਮਨ ਵਿਚ ਈਰਖਾ, ਜਾਂ ਵਿਰੋਧ ਨਹੀਂ ਹੈ, ਉਸ ਦੇ ਮਨ ਦੇ ਵਿਚ ਅੱਜ ਵੀ ਦਸਵੇਂ ਪਾਤਸ਼ਾਹ ਦੇ ਕੋਲੋਂ ਬਦਲਾ ਲੈਣ ਦੀ ਭਾਵਨਾ ਹੈ, ਪਰ ਉਹ ਕਹਿੰਦਾ ਹੈ ਕਿ ਮੈਂ ਇਹ ਪਾਪ ਨਹੀਂ ਕਰ ਸਕਦਾ, ਮੈਂ ਆਪਣਾ ਬਦਲਾ ਇਹਨਾਂ ਬੱਚਿਆਂ ਦੇ ਪਿਤਾ ਕੋਲੋਂ ਲੈਣਾ ਹੈ, ਮੇਰਾ ਇੰਨਾ ਬੱਚਿਆਂ ਨੇ ਕੀ ਵਿਗਾੜਿਆ ਹੈ ਜੋ ਮੈਂ ਇਹਨਾਂ 'ਤੇ ਪਾਪ ਕਰਾਂ।

ਨਵਾਬ ਮਲੇਰਕੋਟਲਾ 'ਹਾਅ' ਦਾ ਨਾਅਰਾ ਮਾਰਦਾ ਹੋਇਆ ਉੱਠ ਪਿਆ ਅਤੇ ਇਹ ਕਹਿੰਦਾ ਹੋਇਆ ਬਾਹਰ ਚਲਾ ਗਿਆ "ਇਹ ਪਾਪ ਹੈ, ਇਹ ਪਾਪ ਹੈ, ਇਹ ਪਾਪ ਹੈ।" ਪਰ ਜਿੱਥੇ ਧਰਮ ਦੇ ਨਾਮ 'ਤੇ ਫੋਕੀ ਈਰਖਾ, ਦਵੈਸ਼ ਦੇ ਝੱਪੇ ਕੰਨਾਂ ਵਿਚ ਆਏ ਹੋਣ, ਉਥੇ ਨਵਾਬ ਮਲੇਰ ਕੋਟਲਾ ਦੇ ਸੱਚ ਦੀ ਆਵਾਜ਼ ਕਿਸ ਨੇ ਸੁਨਣੀ ਸੀ।

ਇਤਿਹਾਸ ਗਵਾਹ ਹੈ ਕਿ ਨਵਾਬ ਮਲੇਰਕੋਟਲਾ ਨੇ ਇੱਥੇ ਹਾਅ ਦਾ ਨਾਹਰਾ ਮਾਰ ਕੇ ਹੀ ਬਸ ਨਹੀਂ ਕੀਤੀ, ਉਸ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਇਕ ਚਿੱਠੀ ਵੀ ਲਿਖੀ,(ਅੰਤਿਕਾ-3)। ਚਿੱਠੀ ਵਿਚ ਲਿਖਿਆ ਹੈ ਕਿ "ਐ ! ਬਾਦਸ਼ਾਹ ਸਲਾਮਤ, ਨਵਾਬ ਵਜ਼ੀਰ ਖ਼ਾਂ ਨੂੰ ਇਹ ਪਾਪ ਕਰਨ ਤੋਂ ਰੋਕਿਆ ਜਾਵੇ, ਉਸ ਨੂੰ ਇਹ ਪਾਪ ਕਰਨ ਤੋਂ ਬਚਾਇਆ ਜਾਵੇ।" ਪਰ ਕੌਣ ਸੁਣਦਾ ਸੀ ਸੱਚ ਦੀ ਆਵਾਜ਼ ਨੂੰ, ਕਿਸੇ ਨੇ ਨਹੀਂ ਸੁਣੀ। ਨਵਾਬ ਮਲੇਰਕੋਟਲਾ ਦਾ ਹਾਅ ਦਾ ਨਾਅਰਾ ਅਤੇ ਕੀਤੀ ਹੋਈ ਕੋਸ਼ਿਸ਼ ਸਫਲ ਨਾ ਹੋ ਸਕੀ।

ਨਵਾਬ ਮਲੇਰਕੋਟਲੇ ਵੱਲੋਂ ਮਾਰਿਆ ਹਾਅ ਦਾ ਨਾਅਰਾ ਸਮੁੱਚੀ ਸਿੱਖ ਕੌਮ ਨੂੰ

ਹਮੇਸ਼ਾ ਲਈ ਕਰਜ਼ਾਈ ਕਰ ਗਿਆ। ਗੁਰੂ ਨਾਨਕ ਦੇ ਘਰ ਦੇ ਪ੍ਰੇਮੀ ਸਿੰਘ ਸੂਰਬੀਰਾਂ ਨੇ ਇਹ ਕਰਜ਼ਾ ਉਤਾਰਨ ਦੀ ਕੋਸ਼ਿਸ਼ ਜ਼ਰੂਰ ਕੀਤੀ, ਪਰ ਕੁਝ ਕਿਸ਼ਤਾਂ ਹੀ ਉਤਾਰ ਸਕੇ। ਜਦੋਂ 12 ਰਿਆਸਤਾਂ ਬਣੀਆਂ ਸਨ ਤਾਂ ਸਿੱਖਾਂ ਨੇ ਨਵਾਬ ਮਲੇਰਕੋਟਲਾ ਦੀ ਰਿਆਸਤ ਨੂੰ ਕਦੀ ਵੀ ਛੇੜਣ ਦਾ ਯਤਨ ਨਹੀਂ ਸੀ ਕੀਤਾ ਅਤੇ ਕਰਜ਼ੇ ਦੀ ਕਿਸ਼ਤ ਉਤਾਰਦੇ ਰਹੇ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਆਇਆ, ਪਰ ਨਵਾਬ ਮਲੇਰਕੋਟਲਾ ਦੀ ਰਿਆਸਤ ਨੂੰ ਸਲਾਮਤ ਰੱਖਿਆ ਗਿਆ। ਕਾਰਨ ਉਹੀ ਹਾਅ ਦੇ ਨਾਹਰੇ ਪ੍ਰਤੀ ਅਹਿਸਾਨਮੰਦ ਹੋਣਾ ਹੀ ਸੀ। ਜਦੋਂ 1947 ਈ. ਵਿਚ ਏਨੀ ਕਤਲੋਗਾਰਤ ਹੋਈ ਸੀ ਤਾਂ ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ 1947 ਈ. ਵਿਚ ਵੀ ਆਪਣੀ ਕਿਸ਼ਤ ਉਤਾਰੀ ਤੇ ਮਲੇਰਕੋਟਲੇ ਦੀ ਹਿਫਾਜ਼ਤ ਕੀਤੀ ਤੇ ਮਲੇਰਕੋਟਲੇ ਦੇ ਕਿਸੇ ਵੀ ਮੁਸਲਮਾਨ ਨੂੰ ਕੁਝ ਵੀ ਨਹੀਂ ਆਖਿਆ ਗਿਆ।

ਅੱਜ ਵੀ ਪੰਜਾਬ ਵਿਚ ਮੁਸਲਮਾਨਾਂ ਦੀ ਸਭ ਤੋਂ ਵੱਡੀ ਅਬਾਦੀ ਸੁੱਖ-ਸਾਂਦ ਨਾਲ ਮਲੇਰਕੋਟਲੇ ਵਿਚ ਵੱਸ ਰਹੀ ਹੈ, ਕਿਉਂਕਿ ਸਿੱਖ ਕੌਮ ਅਕ੍ਰਿਤਘਣ ਨਹੀਂ ਹੈ, ਇਸ ਲਈ ਇਹ ਕੌਮ ਨਵਾਬ ਮਲੇਰਕੋਟਲੇ ਦਾ ਕਰਜ਼ਾ ਨਹੀਂ ਉਤਾਰ ਸਕਦੀ, ਪਰ ਹਾਂ ! ਕਿਸ਼ਤਾਂ ਜ਼ਰੂਰ ਉਤਾਰ ਰਹੀ ਹੈ। ਪਰ ਪੂਰਾ ਕਰਜ਼ਾ ਕਦੀ ਵੀ ਨਹੀਂ ਉਤਰ ਸਕਦਾ।

ਝਾੜੂ ਸਾ ਖਾ ਕੇ ਦੋਨੋਂ ਸ਼ਰਮਸ਼ਾਰ ਹੋ ਗਏ।
ਜੱਲਾਦ ਸਾਰੇ ਕਤਲ ਸੇ ਬੇ-ਜ਼ਾਰ ਹੋ ਗਏ।
ਜ਼ਿਆਦਾ ਦਲੇਰ ਫਿਰ ਸਿਤਮ-ਆਜਾਰ ਹੋ ਗਏ।
ਦੀਵਾਰ ਮੇਂ ਚੁਨਾਨੇ ਕੋ ਤੈਯਾਰ ਹੋ ਗਏ।

ਨਵਾਬ ਮਲੇਰਕੋਟਲੇ ਦੀਆਂ ਸਖ਼ਤ ਬਾਤਾਂ ਤੇ ਝਿੜਕਾਂ ਖਾ ਖਾ ਕੇ ਨਵਾਬ ਵਜ਼ੀਰ ਖ਼ਾਂ ਤੇ ਸੁੱਚਾ ਨੰਦ ਬਹੁਤ ਸ਼ਰਮਸ਼ਾਰ ਹੋਏ। ਹੁਣ ਕੋਈ ਵੀ ਜਲਾਦ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਲਈ ਤਿਆਰ ਨਾ ਹੋਇਆ। ਜਦੋਂ ਵੱਡੇ-ਵੱਡੇ ਤੇ ਪੁਰਾਣੇ ਜਲਾਦ ਵੀ ਲਾਲਾਂ ਨੂੰ ਕਤਲ ਕਰਨ ਤੋਂ ਨਾਂਹ ਕਰ ਗਏ ਤਾਂ ਸੁੱਚਾ ਨੰਦ ਨੇ ਇਥੇ ਫਿਰ ਇਕ ਚਾਲ ਚੱਲੀ। ਕਹਿੰਦੇ, ਇਤਫ਼ਾਕ ਨਾਲ ਦਿੱਲੀ ਦੇ ਦੋ ਸ਼ਾਹੀ ਜਲਾਦ ਜਿਨ੍ਹਾਂ ਦੇ ਨਾਮ, ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਸਨ ਉਹ ਨਵਾਬ ਵਜ਼ੀਰ ਖ਼ਾਂ ਦੀ ਕਚਹਿਰੀ ਵਿਚ ਤਰੀਕ ਭੁਗਤਣ ਲਈ ਆ ਗਏ।

ਸੁੱਚਾ ਨੰਦ ਨੇ ਇਹ ਸੁਨਿਹਰੀ ਮੌਕਾ ਵੇਖਿਆ ਤੇ ਅੱਗੇ ਹੋ ਕੇ ਉਹਨਾਂ ਜਲਾਦਾਂ ਨਾਲ ਸੌਦੇਬਾਜ਼ੀ ਕਰਨ ਲੱਗ ਪਿਆ ਤੇ ਸੌਦੇਬਾਜ਼ੀ ਕੀ ਕੀਤੀ ? ਕਹਿੰਦਾ, "ਸ਼ਾਸ਼ਲ ਬੇਗ ਤੇ ਬਾਸ਼ਲ ਬੇਗ, ਜੇਕਰ ਤੁਸੀਂ ਇਹਨਾਂ ਦੋ ਬੱਚਿਆਂ ਨੂੰ ਕਤਲ ਕਰ ਦੇਵੋਗੇ ਤਾਂ

ਮੈਂ ਨਵਾਬ ਸਾਹਿਬ ਨੂੰ ਕਹਿ ਕੇ ਤੁਹਾਡਾ ਮੁਕੱਦਮਾ ਖ਼ਤਮ ਕਰਵਾ ਦਿਆਂਗਾ ਤੇ ਤੁਹਾਨੂੰ ਬਰੀ ਕਰਵਾ ਸਕਦਾ ਹਾਂ।'' ਤੇ ਇਹ ਸੌਦੇਬਾਜ਼ੀ ਪੱਕੀ ਹੋ ਗਈ ਤੇ ਵਜ਼ੀਰ ਖ਼ਾਂ ਨੇ ਹੁਕਮ ਸੁਣਾ ਦਿੱਤਾ ਕਿ ਤੁਹਾਡਾ ਮੁਕੱਦਮਾ ਬਰਖਾਸਤ ਕੀਤਾ ਜਾਂਦਾ ਹੈ ਤੁਸੀਂ ਇਹਨਾਂ ਦੋਨੋਂ ਬੱਚਿਆਂ ਨੂੰ ਜ਼ਿੰਦਾ ਹੀ ਦੀਵਾਰਾਂ ਦੇ ਵਿਚ ਚਿਣ ਦਿਉ ਤੇ ਉਸੇ ਸਮੇਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਤਿਆਰੀ ਹੋਣ ਲੱਗੀ।

ਉਹ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਜਲਾਦ, ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿਚ ਚਿਨਣ ਲਈ ਤਿਆਰ ਹੋ ਗਏ।

★★★

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਸ਼ਹਾਦਤਾਂ

ਈਟੇਂ ਮੰਗਾਈ ਚੂਨਾ ਭੀ ਫ਼ੌਰਨ ਬਹਮ ਕੀਆ।
ਯਾਰਾ ਨਹੀਂ ਬਯਾਨ ਕਾ ਫਿਰ ਜੋ ਸਿਤਮ ਕੀਆ।

ਉਸ ਸਮੇਂ ਸੀਮੈਂਟ ਨਹੀਂ ਸੀ ਹੁੰਦਾ ਤੇ ਇਹਨਾਂ ਜਲਾਦਾਂ ਨੇ ਖ਼ੂਨੀ ਦੀਵਾਰਾਂ ਦੀ ਉਸਾਰੀ ਲਈ ਹੁਣ ਇੱਟਾਂ ਅਤੇ ਚੂਨਾ ਮੰਗਵਾ ਲਿਆ। ਹੁਣ ਜੋ ਜ਼ੁਲਮ ਹੋਣ ਲੱਗਾ ਹੈ ਉਹ ਜੋਗੀ ਅੱਲ੍ਹਾ ਯਾਰ ਖ਼ਾਂ ਆਪਣੀ ਕਲਮ ਤੋਂ ਲਿਖ ਰਿਹਾ ਹੈ ਕਿ ਜੋ ਬਿਆਨ ਕਰਨ ਤੋਂ ਬਾਹਰਾ ਹੈ। ਪਰ ਕਈ ਜਾਗਦੀਆਂ ਜਮੀਰਾਂ ਵਾਲੇ ਵੀ ਸਨ।

ਗੁਰੂ ਘਰ ਦੇ ਸ਼ਰਧਾਲੂ ਭਾਵੇਂ ਕਿਸੇ ਵੀ ਧਰਮ ਨਾਲ ਸੰਬੰਧ ਰੱਖਣ ਵਾਲੇ ਸਨ, ਪਰ ਕਲਗੀਧਰ ਨੂੰ ਪਿਆਰ ਕਰਦੇ ਸਨ, ਉਹ ਸਾਰੇ ਇਕੱਠੇ ਹੋ ਗਏ ਤੇ ਇਕ ਮਤਾ ਪਕਾਇਆ ਕਿ ਅਸੀਂ ਲਾਲਾਂ ਦੇ ਭਾਰ ਬਦਲੇ, ਨਵਾਬ ਵਜ਼ੀਰ ਖ਼ਾਂ ਨੂੰ ਸੋਨਾ ਦੇ ਦੇਈਏ ਤੇ ਲਾਲਾਂ ਨੂੰ ਛਡਵਾ ਲਈਏ।

ਦੇਖੋ ! ਕਿੰਨਾ ਭਾਰ ਹੋਵੇਗਾ ਇਹਨਾਂ ਦੋ ਲਾਲਾਂ ਦਾ, ਪਰ ਕਲਗੀਧਰ ਨੂੰ ਪਿਆਰ ਕਰਨ ਵਾਲਿਆਂ ਦੀ ਕਮੀ ਨਹੀਂ ਸੀ। ਕਹਿਣ ਲੱਗੇ ਕਿ ਜਾਉ, ਜਿੰਨਾ ਜਿੰਨਾ ਵੀ ਕਿਸੇ ਦੇ ਕੋਲ ਸੋਨਾ ਹੈ, ਲੈ ਆਉ ਤਾਂ ਕਿ ਸਾਹਿਬਜ਼ਾਦਿਆਂ ਨੂੰ ਛਡਵਾਇਆ ਜਾ ਸਕੇ, ਪਰ ਕਿਸੇ ਸਿਆਣੇ ਨੇ ਸਲਾਹ ਦਿੱਤੀ ਕਿ ਵਜ਼ੀਰ ਖ਼ਾਂ ਬਹੁਤ ਜਾਲਮ ਹੈ ਉਹ ਸੋਨਾ ਵੀ ਲੈ ਕੇ ਰੱਖ ਲਵੇਗਾ ਤੇ ਸਾਹਿਬਜ਼ਾਦੇ ਵੀ ਨਹੀਂ ਛੱਡੇਗਾ।

ਜਦੋਂ ਕਲਗੀਧਰ ਦੇ ਲਾਡਲਿਆਂ ਨੂੰ ਜਲਾਦ ਫੜ ਕੇ ਲੈ ਜਾਣ ਲੱਗੇ ਅਤੇ ਡਰਾਵੇ ਦਿੰਦੇ ਹਨ ਕਿ ਅਸੀਂ ਖ਼ਾਨਦਾਨੀ ਜਲਾਦ ਹਾਂ। ਕਲਗੀਧਰ ਦੇ ਲਾਡਲੇ ਅੱਗੋਂ ਜਵਾਬ ਦਿੰਦੇ ਹਨ ਕਿ ਅਸੀਂ ਵੀ ਖ਼ਾਨਦਾਨੀ ਸ਼ਹੀਦ ਹਾਂ।

ਜੋਗੀ ਅੱਲ੍ਹਾ ਯਾਰ ਖ਼ਾਂ ਦਾ ਕਿੱਸਾ ਸਾਨੂੰ ਹੁਣ ਮਚਾਨ 'ਤੇ ਲੈ ਕੇ ਜਾ ਰਿਹਾ ਹੈ। ਮਚਾਨ ਕੀ ਹੁੰਦੀ ਹੈ ? (ਪੁਰਾਤਨ ਸਮਿਆਂ ਵਿਚ ਜੰਗਲੀ ਜਾਨਵਰ ਜਦੋਂ ਫ਼ਸਲਾਂ ਨੂੰ ਖ਼ਰਾਬ ਕਰਦੇ ਸਨ ਤਾਂ ਜ਼ਿਮੀਂਦਾਰ ਵੀਰ ਆਪਣੇ ਖੇਤਾਂ ਵਿਚ ਚਾਰ ਲੱਕੜਾਂ ਗੱਡ ਕੇ ਉਸ ਦੇ ਉੱਪਰ ਬੈਠਣ ਦਾ ਟਿਕਾਣਾ ਬਣਾ ਲੈਂਦੇ ਸਨ, ਉਸ ਉੱਚੀ ਜਗ੍ਹਾ ਨੂੰ ਮਚਾਨ

ਕਿਹਾ ਜਾਂਦਾ ਸੀ, ਕਿਉਂਕਿ ਫ਼ਸਲਾਂ ਦੀ ਰਾਖੀ ਵੀ ਕਰਨੀ ਹੁੰਦੀ ਸੀ ਤੇ ਨਾਲ ਹੀ ਜੰਗਲੀ ਜਾਨਵਰਾਂ ਤੋਂ ਆਪਣੀ ਜਾਨ ਵੀ ਬਚਾਉਣੀ ਹੁੰਦੀ ਸੀ) ਤੇ ਜੱਲਾਦ ਲਾਲਾਂ ਨੂੰ ਫੜਣ ਲਈ ਅਗਾਂਹ ਨੂੰ ਵਧੇ :

ਲਪਕੇ ਲਈਨ ਦੋਨੋਂ ਵੁਹ ਸ਼ਹਿਜਾਦਗਾਨ ਪਰ।
ਹਮਲਾ ਕੀਯਾ ਜਲੀਲੋਂ ਨੇ ਹਰ ਆਲੀਸ਼ਾਨ ਪਰ।
ਥਾ ਇਨਕਾ ਕਿੱਸਾ ਲੇ ਕੇ ਚਲੇਂ ਅਬ 'ਮਚਾਨ' ਪਰ।
ਬੁਨਿਆਦ ਥੀ ਧਰਮ ਕੀ ਖ਼ੁਦੀ ਜਿਸ ਮਕਾਨ ਪਰ।

ਜਲਾਦ ਸਾਹਿਬਜ਼ਾਦਿਆਂ ਨੂੰ ਫੜਣ ਲਈ ਟੁੱਟ ਕੇ ਪੈ ਗਏ ਤੇ ਉਸ ਜਗ੍ਹਾ ਵੱਲ, ਲੈ ਕੇ ਜਾਣ ਲਈ, ਜਿਸ ਨੀਂਹ ਉੱਪਰ ਸ਼ਹਾਦਤਾਂ ਰੂਪੀ ਮਹੱਲ ਦੀ ਉਸਾਰੀ ਹੋਣੀ ਹੈ, ਸਾਹਿਬਜ਼ਾਦੇ ਆਪ ਹੀ ਉਧਰ ਨੂੰ ਚੱਲ ਪਏ।

ਸਤਗੁਰ ਕੇ ਲਾਲ ਬੋਲੇ, ਨਾ ਛੂਨਾ ਹਮਾਰੇ ਹਾਥ।
ਗੜਨੇ ਹਮ ਆਜ ਜ਼ਿੰਦਾ, ਚਲੇਂਗੇ ਖ਼ੁਸ਼ੀ ਕੇ ਸਾਥ।

ਜਦੋਂ ਜਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਫੜਣ ਲਈ ਆਪਣੇ ਹੱਥ ਅਗਾਂਹ ਵਧਾਏ ਤਾਂ ਸਾਹਿਬਜ਼ਾਦੇ ਕਹਿਣ ਲੱਗੇ, "ਓਏ ! ਸਾਨੂੰ ਹੱਥ ਲਗਾਉਣ ਦੀ ਲੋੜ ਨਹੀਂ ਹੈ, ਅਸੀਂ ਭੱਜਣ ਵਾਲਿਆਂ ਵਿਚੋਂ ਨਹੀਂ ਹਾਂ। ਸਾਨੂੰ ਦੱਸੋ ਕਿੱਥੇ ਜਾਣਾ ਹੈ, ਕਿੱਥੇ ਖੜੇ ਹੋਣਾ ਹੈ, ਅਸੀਂ ਉਸ ਥਾਂ 'ਤੇ ਆਪ ਖੜੇ ਹੋਵਾਂਗੇ। ਅਸੀਂ ਕਲਗੀਧਰ ਦੇ ਪੁੱਤਰ ਹਾਂ, ਸਾਡੀ ਦਾਦੀ ਮਾਂ ਨੇ ਸਾਡੀਆਂ ਰਗਾਂ ਵਿਚ ਇਹ ਗੱਲ ਭਰੀ ਹੋਈ ਹੈ ਬੱਚਿਉ ! ਯਾਦ ਰੱਖਣਾ ਤੁਸੀਂ ਕਲਗੀਧਰ ਦੇ ਸਪੁੱਤਰ ਹੋ, ਬੱਚਿਉ ! ਯਾਦ ਰੱਖਣਾ ਤੁਸੀਂ ਗੁਰੂ ਤੇਗ਼ ਬਹਾਦਰ ਦੇ ਪੋਤਰੇ ਹੋ, ਬੱਚਿਉ ਯਾਦ ਰੱਖਣਾ ਤੁਸੀਂ ਗੁਰੂ ਨਾਨਕ ਦੇ ਸਿੱਖ ਹੋ। ਸਾਡੀਆਂ ਰਗਾਂ ਵਿਚ ਸਾਡੀ ਦਾਦੀ ਮਾਂ ਨੇ ਇਹ ਗੱਲ ਵਸਾਈ ਹੋਈ ਹੈ। ਜਲਾਦੋ ! ਦੱਸੋ ! ਕਿਸ ਜਗ੍ਹਾ 'ਤੇ ਅਸੀਂ ਖੜੇ ਹੋਈਏ, ਅਸੀਂ ਆਪ ਖੜੇ ਹੋਵਾਂਗੇ।"

ਕਵੀ 'ਇੰਦਰਜੀਤ ਸਿੰਘ ਹਸਨਪੁਰੀ' ਨੇ ਇਸ ਇਤਿਹਾਸਕ ਸਮੇਂ ਦੀਆਂ ਘੜੀਆਂ ਨੂੰ ਹੂ-ਬ-ਹੂ ਆਪਣੀ ਕਲਮ ਰਾਹੀਂ ਸ਼ਬਦਾਂ ਵਿਚ ਪਰੋਇਆ ਹੈ ਕਿ ਅੱਖਾਂ ਦੇ ਸਾਹਮਣੇ ਉਸ ਸਮੇਂ ਦਾ ਦ੍ਰਿਸ਼ ਸੁਭਾਵਿਕ ਹੀ ਆ ਜਾਂਦਾ ਹੈ। ਜਾਲਮਾਂ ਨੇ ਇਕ ਥੜਾ ਬਣਾਇਆ ਸੀ ਤੇ ਅੱਜ ਗੁਰੂ ਦੇ ਲਾਲ ਆਪ ਜਾ ਕੇ ਉਸ ਥੜੇ 'ਤੇ ਖੜੇ ਹੋ ਗਏ ਨੇ। ਕਵੀ ਲਿਖਦਾ ਹੈ :

ਨਿੱਕੇ-ਨਿੱਕੇ ਦੋ ਖ਼ਾਲਸੇ, ਵੇਖੋ ਨੀਹਾਂ ਵਿਚ ਖੜੇ ਮੁਸਕਰਾਉਂਦੇ।
ਧਰਮ ਨਿਭਾਈਦਾ ਕਿਵੇਂ, ਵੱਡੇ ਵੱਡਿਆਂ ਨੂੰ ਉਹ ਸਮਝਾਉਂਦੇ।

ਲਾਡਲੇ ਗੋਬਿੰਦ ਸਿੰਘ ਦੇ, ਮਾਤਾ ਗੁਜਰੀ ਦੇ ਪੋਤਰੇ ਪਿਆਰੇ।
ਉੱਚੀ ਉੱਚੀ ਬਾਹਾਂ ਚੁੱਕ ਕੇ, ਖੜੇ ਨੀਹਾਂ 'ਚ ਛੱਡਣ ਜੈਕਾਰੇ।
ਲੱਕ ਤੱਕ ਕੰਧ ਬਣ ਗਈ, ਲਾਲ ਮੰਨਦੇ ਨਾ, ਜਾਲਮ ਮਨਾਉਂਦੇ।
ਨਿੱਕੇ-ਨਿੱਕੇ ਦੋ ਖ਼ਾਲਸੇ, ਵੇਖੋ ਨੀਹਾਂ 'ਚ ਖੜੇ ਮੁਸਕਰਾਉਂਦੇ।
ਮੋਢਿਆਂ 'ਤੇ ਕੰਧ ਅਪੜੀ, ਪਰ ਲਾਲ ਨਾ ਗੁਰਾਂ ਦੇ ਡੋਲੇ।
ਨੂਰੋ ਨੂਰ ਮੁੱਖ ਦੋਹਾਂ ਦਾ, ਰੂਪ ਰੱਬ ਦਾ ਨਜ਼ਰ ਨੇ ਆਉਂਦੇ।
ਨਿੱਕੇ ਨਿੱਕੇ ਦੋ ਖ਼ਾਲਸੇ.............................।

ਇਹ ਨੇ ਕਲਗੀਧਰ ਦੇ ਲਾਡਲੇ, ਜੋ ਨੀਹਾਂ ਵਿਚ ਖੜੇ ਹੋ ਕੇ ਵੀ ਮੁਸਕਰਾ ਰਹੇ ਹਨ ਤੇ ਆਪ ਜਾ ਕੇ ਉਸ ਜਗ੍ਹਾ 'ਤੇ ਖੜੇ ਹੋ ਗਏ ਨੇ, ਜੋ ਜਗ੍ਹਾ ਜਲਾਦਾਂ ਨੇ ਉਹਨਾਂ ਨੂੰ ਜ਼ਿੰਦਾ ਨੀਹਾਂ ਵਿਚ ਚਿਨਣ ਲਈ ਬਣਾਈ ਹੋਈ ਹੈ ਤੇ ਕਲਗੀਧਰ ਦੇ ਲਾਡਲਿਆਂ ਦੀ ਇਹ ਸੋਚ, ਇਹ ਬਹਾਦਰੀ ਵਾਲੀਆਂ ਬਾਤਾਂ, ਇਸ ਇਤਿਹਾਸਕ ਘੜੀ ਦੇ ਪ੍ਰਥਾਇ, "ਲਾਲਾ ਦੌਲਤ ਰਾਏ ਆਰੀਆ" ਬੜੀ ਕਮਾਲ ਦੀ ਬਾਤ ਲਿਖਦੇ ਨੇ। (ਜਿਨ੍ਹਾਂ ਨੇ ਕਦੀ ਕਲਗੀਧਰ ਦੇ ਇਤਿਹਾਸ ਨੂੰ ਭਾਵਨਾ, ਪ੍ਰੇਮ ਨਾਲ ਪੜ੍ਹਨਾ ਹੋਵੇ, ਉਹ ਲਾਲਾ ਦੌਲਤ ਰਾਏ ਦੀ ਕਿਤਾਬ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ" ਜ਼ਰੂਰ ਪੜ੍ਹਿਉ।

ਲਾਲਾ ਦੌਲਤ ਰਾਏ ਦਿਲ ਨੂੰ ਹਲੂਣਾ ਦੇਣ ਵਾਲੀ ਬਾਤ ਲਿਖਦਾ ਹੈ, "ਉਹੋ ਕਿਹੋ ਜਿਹਾ ਭਿਆਨਕ ਸਮਾਂ ਹੋਵੇਗਾ, ਜਿਸ ਦਾ ਜ਼ਿਕਰ ਕਰਦਿਆਂ ਅੱਜ ਵੀ ਤਬੀਅਤ ਬੇਚੈਨ ਹੋ ਜਾਂਦੀ ਹੈ, ਕਲੇਜਾ ਮੂੰਹ ਨੂੰ ਆਉਂਦਾ ਹੈ ਤੇ ਦਿਲ ਲਹੂ ਦੇ ਅੱਥਰੂ ਕੇਰਨ ਲੱਗ ਪੈਂਦਾ ਹੈ।"

ਦੇਖੋ ! ਲਾਲਾ ਦੌਲਤ ਰਾਏ ਆਰੀਆ ਇਹੋ ਜਿਹੀ ਭਾਵਨਾ ਪ੍ਰਗਟ ਕਰ ਰਿਹਾ ਹੈ, ਉਸ ਨੂੰ ਤਾਂ ਗੁਰੂ ਇਤਿਹਾਸ ਦੇ ਦਰਦ ਦੀ ਸੋਝੀ ਪੈ ਗਈ, ਪਰ ਸਾਨੂੰ ਸਮਝ ਨਹੀਂ ਆਈ।

ਜੋਗੀ ਅੱਲ੍ਹਾ ਯਾਰ ਖ਼ਾਂ ਅੱਗੇ ਲਿਖਦਾ ਹੈ ਕਿ ਸਾਹਿਬਜ਼ਾਦੇ ਹੁਣ ਅੱਗੇ ਕੀ ਕਰਦੇ ਹਨ :

ਹਾਥੋਂ ਮੇਂ ਹਾਥ ਡਾਲ ਕੇ ਦੋਨੋਂ ਵੁਹ ਨੌਨਿਹਾਲ।
ਕਹਤੇ ਹੂਏ ਜ਼ਬਾਂ ਸੇ ਬੜੇ ਸਤਿ ਸ੍ਰੀ ਅਕਾਲ।
ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ।

ਇਹ ਨੇ ਕਲਗੀਧਰ ਦੇ ਲਾਡਲੇ, ਜਿਨ੍ਹਾਂ ਨੂੰ ਜਾਲਮ ਡਰਾਉਣਾ ਚਾਹੁੰਦੇ ਨੇ, ਪਰ ਲਾਡਲੇ ਨਿਡਰ ਹੋ ਕੇ ਆਪ ਖ਼ੁਦ ਮੌਤ ਵੱਲ ਨੂੰ ਵਧ ਰਹੇ ਹਨ। ਹੁਣ ਕਲਗੀਧਰ ਦੇ ਲਾਲ ਨਿਸ਼ਚਿਤ ਸਥਾਨ 'ਤੇ ਖੜੇ ਹੋ ਗਏ। ਦੀਵਾਰਾਂ ਦੀ ਚਿਨਾਈ ਸ਼ੁਰੂ ਹੋਣ ਲੱਗੀ।

ਇਸ ਸਮੇਂ ਨੂੰ ਇਕ ਕਵੀ ਨੇ ਬੜੇ ਹੀ ਭਾਵਨਾ ਭਰੇ ਸ਼ਬਦਾਂ ਨਾਲ ਸ਼ਰਧਾ ਦੇ ਫੁੱਲ ਭੇਟਾ ਕੀਤੇ ਹਨ। ਕਹਿੰਦਾ ਹੈ :

ਜ਼ਿੰਦਾ ਨਿੱਕੀਆਂ, ਹੌਸਲੇ ਬਹੁਤ ਵੱਡੇ,
ਆਣ ਨੀਹਾਂ ਦੇ ਵਿਚ ਖਲੋ ਗਈਆਂ।
ਰਾਜ ਜਦੋਂ ਸੀ ਚਿਨਣ ਦੀਵਾਰ ਲੱਗੇ,
ਵੇਖ ਇੱਟਾਂ ਵੀ ਭੁਸਕਦੀਆਂ ਰੋ ਪਈਆਂ।

ਦੇਖੋ ! ਇੱਟਾਂ ਵੀ ਇਹ ਜ਼ੁਲਮ ਦੇਖ ਕੇ ਰੋਂਦੀਆਂ ਨੇ, ਪਰ ਜੇਕਰ ਕੋਈ ਨਹੀਂ ਰੋਇਆ ਤਾਂ ਵਜ਼ੀਰ ਖ਼ਾਂ ਨਹੀਂ ਰੋਇਆ, ਸੁੱਚਾ ਨੰਦ ਨਹੀਂ ਰੋਇਆ, ਬਾਕੀ ਸਾਰੇ ਹੀ ਰੋਂਦੇ ਹਨ। ਇਸ ਸਮੇਂ ਦੇ ਹਾਲਾਤ ਨੂੰ ਹੋਰ ਕਵੀ ਦੀ ਕਲਮ 'ਫੁਟ-ਫੁਟ' ਸ਼ਬਦ ਨੂੰ ਬਹੁ ਅਰਥੀ ਵਰਤਦੀ ਹੋਈ ਕਮਾਲ ਕਰ ਜਾਂਦੀ ਹੈ :

ਰੱਬਾ ਟੁੱਟ ਪਵੇ ਫੁਟਣ ਜੋਗਿਆਂ ਨੂੰ,
ਜਿਨ੍ਹਾਂ ਪਲ ਪਲ ਵਿਚ ਬਣਾਈ ਦੀਵਾਰ ਫੁਟ ਫੁਟ।
ਫੁਟ ਫੁਟ ਕੰਧ ਉਠੇ ਫੁਟ ਫੁਟ ਵਿਥ ਛਡ ਕੇ,
ਉਤੇ ਖੜੇ ਕੀਤੇ ਹੋਣਹਾਰ ਫੁਟ ਫੁਟ।
ਫੁਟ ਫੁਟ ਲਹੂ ਵਗਦਾ ਫੁਟ ਫੁਟ ਜਿਸਮ ਵਿਚੋਂ,
ਵੇਖਣਹਾਰ ਰੋਂਦੇ ਨਰ ਨਾਰ ਫੁਟ ਫੁਟ।
ਫੁਟ ਗਈ ਸਾਰੀ ਦੀ ਸਾਰੀ ਦੀਵਾਰ ਫੁਟ ਫੁਟ,
ਪਰ ਫੁਟੇ ਨਾ ਉਹ ਬਰਖੁਰਦਾਰ ਫੁਟ ਫੁਟ।

ਮੇਰੇ ਕਲਗੀਧਰ ਦੇ ਜਿਗਰ ਦੇ ਟੋਟਿਆਂ ਨੂੰ ਨੀਹਾਂ ਵਿਚ ਚਿਨਣਾ ਸ਼ੁਰੂ ਕਰ ਦਿੱਤਾ ਗਿਆ।

ਚਿਹਰੋਂ ਪੇ ਗ਼ਮ ਕਾ ਨਾਮ ਨਾ ਥਾ, ਔਰ ਨਾ ਥਾ ਮਲਾਲ।
ਜਾ ਠਹਿਰੇ ਸਰ ਪਿ ਮੌਤ ਕੇ, ਫਿਰ ਭੀ ਨਾ ਥਾ ਖ਼ਿਆਲ।

ਇਸ ਵੇਲੇ ਜਿੱਥੇ ਕਿ ਮੌਤ ਸਾਹਮਣੇ ਹੈ, ਪਰ ਕਲਗੀਧਰ ਦੇ ਲਾਡਲਿਆਂ ਦੇ ਚਿਹਰੇ ਉੱਪਰ ਡਰ ਨਾਮ ਦੀ ਕੋਈ ਗੱਲ ਨਹੀਂ ਹੈ।

ਇਸ ਪੂਰੇ ਘਟਨਾਕ੍ਰਮ ਨੂੰ ਰਾਏਕੋਟ ਦੀ ਧਰਤੀ ਤੇ ਨੂਰੇ ਮਾਹੀ ਨੇ ਗੁਰੂ ਕਲਗੀਧਰ ਪਾਤਸ਼ਾਹ ਨੂੰ ਸੁਣਾਇਆ ਸੀ ਤਾਂ ਕਲਗੀਧਰ ਪਾਤਸ਼ਾਹ ਨੇ ਨੂਰੇ ਮਾਹੀ ਨੂੰ ਕੁਝ ਸਵਾਲ ਵੀ ਕੀਤੇ ਸਨ ਕਿ ਨੂਰਿਆ ਤੂੰ ਰੂ-ਬ-ਰੂ ਸੈਂ ?

ਨੂਰੇ ਮਾਹੀ ਅਤੇ ਕਲਗੀਧਰ ਪਾਤਸ਼ਾਹ ਦੇ ਉਸ ਸਮੇਂ ਦੇ ਆਪਸੀ ਵਾਰਤਾਲਾਪ ਨੂੰ ਇਕ ਕਵੀ ਨੇ ਕਲਮਬੱਧ ਕੀਤਾ ਜੋ ਦਾਸ ਆਪ ਜੀ ਦੀ ਸੇਵਾ ਵਿਚ ਕਹਿੰਦਾ ਹੈ:

ਸਰਹੰਦ 'ਚੋਂ ਸੁਨੇਹਾ ਮਿਲਿਆ ਕਿ ਲਾਲ ਟੁਰ ਗਏ।
ਦੋਵੇਂ ਸ਼ਹੀਦ ਹੋ ਗਏ ਨੇ, ਨੌਂ-ਨਿਹਾਲ ਟੁਰ ਗਏ।
ਸੂਬੇ ਨੇ ਕੰਧ ਅੰਦਰ, ਦੋਵੇਂ ਨਪੀੜ ਦਿੱਤੇ।
ਕੋਮਲ ਸਰੀਰ, ਇੱਟਾਂ ਦੇ ਵਿਚ ਪੀੜ ਦਿੱਤੇ।
ਸੁਣ ਕੇ ਇਹ ਗੱਲ ਸਾਰੀ ਉਹ ਮੁਸਕਰਾ ਕੇ ਉਠਿਆ।
ਉਸ ਬਾਦਸ਼ਾਹ ਨੇ ਨੂਰੇ ਦੇ ਕੋਲ ਆ ਕੇ ਪੁੱਛਿਆ।

ਨੂਰੇ ਮਾਹੀ ਨੇ ਜਦੋਂ ਇਹ ਗੱਲ, ਕਲਗੀਧਰ ਪਾਤਸ਼ਾਹ ਨੂੰ ਸੁਣਾਈ ਤਾਂ ਗੁਰੂ ਕਲਗੀਧਰ ਪਾਤਸ਼ਾਹ ਮੁਸਕਰਾਏ ਤੇ ਨੂਰੇ ਮਾਹੀ ਨੂੰ ਸੰਬੋਧਨ ਹੋ ਕੇ ਪੁੱਛ ਰਹੇ ਹਨ ਕਿ ਨੂਰਿਆ :

ਤੂੰ ਰੂ-ਬਰੂ ਸੈਂ ਉਥੇ, ਕੋਈ ਗੱਲ ਨਾ ਲੁਕਾਈਂ।
ਤੇ ਸਾਫ਼ ਸਾਫ਼ ਦੱਸੀਂ, ਕੋਈ ਕਹਿਰ ਨਾ ਕਮਾਈਂ।
ਕੋਈ ਹਿੰਝ ਤੇ ਨਾ ਕੇਰੀ, ਕੋਈ ਆਹ ਤੇ ਨਾ ਕੱਢੀ ?
ਲਾਲਾਂ ਨੇ ਕਿਧਰੇ ਉੱਚੀ, ਕੋਈ ਸਾਹ ਤੇ ਨਾ ਕੱਢੀ ?
ਤੇਸੀ ਨਾਲ ਲੱਗੀ ਜਦ ਸੱਟ ਸੀ ਕਰਾਰੀ।
ਮੇਰੇ ਫ਼ਤਹਿ ਨੇ ਉੱਚੀ ਕੋਈ ਚੀਖ ਤੇ ਨਾ ਮਾਰੀ ?
ਇਹ ਕਹਿਣ ਦਾ ਵੀ ਅੰਦਾਜ਼ ਵੱਖਰਾ ਸੀ,
ਕਲਗੀਧਰ ਨੇ ਜੋ ਵਜਾਇਆ, ਉਹ ਸਾਜ ਵੱਖਰਾ ਸੀ।

(ਪ੍ਰਕਾਸ਼ ਸ਼ਿਮਲਵੀ)

ਹੁਣ ਵੱਡਾ ਵੀਰ ਜ਼ੋਰਾਵਰ ਸਿੰਘ ਆਪਣਾ ਵੱਡੇ ਹੋਣ ਦਾ ਫ਼ਰਜ਼ ਨਿਭਾ ਰਿਹਾ ਹੈ। ਬਾਰ-ਬਾਰ ਆਪਣੇ ਛੋਟੇ ਵੀਰ ਫ਼ਤਹਿ ਸਿੰਘ ਨੂੰ ਆਖ ਰਿਹਾ ਹੈ "ਵੀਰਿਆ ਬੋਲ,ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਉਹ ਕਿਉਂ ਕਹਿ ਰਿਹਾ ਹੈ ? ਕਿਉਂਕਿ ਜਦੋਂ ਵਾਹਿਗੁਰੂ ਜੀ ਦਾ ਧਿਆਨ ਆਵੇਗਾ ਤਾਂ ਛੋਟੇ ਵੀਰ ਅੰਦਰ ਦ੍ਰਿੜ੍ਹਤਾ ਆਵੇਗੀ ਤੇ ਮੇਰਾ ਛੋਟਾ ਵੀਰ ਡੋਲੇਗਾ ਨਹੀਂ। ਬਾਰ-ਬਾਰ ਆਪਣੇ ਛੋਟੇ ਵੀਰ ਨੂੰ ਬਾਬਾ ਜ਼ੋਰਾਵਰ ਸਿੰਘ ਕਹਿ ਰਹੇ ਹਨ, "ਵੀਰਿਆ ! ਯਾਦ ਹੈ ਨਾ ਅਸੀਂ ਗੁਰੂ ਨਾਨਕ ਦੇ ਸਿੱਖ ਹਾਂ।" ਇਹ ਸਭ ਕੁਝ ਕਹਿੰਦਿਆਂ-ਕਹਿੰਦਿਆਂ ਦੀਵਾਰ ਵੀ ਉਸਰਦੀ ਜਾ ਰਹੀ ਹੈ।

ਹੁਣ ਬਾਬਾ ਫ਼ਤਹਿ ਸਿੰਘ ਜੀ ਨੇ ਆਪਣੇ ਵੱਡੇ ਵੀਰ ਵੱਲ ਝਾਤੀ ਮਾਰੀ ਤਾਂ ਕੀ ਤੱਕਿਆ ? ਬਾਬਾ ਜ਼ੋਰਾਵਰ ਸਿੰਘ ਦੀਆਂ ਅੱਖਾਂ ਨਮ ਹੋਈਆਂ ਪਈਆਂ ਨੇ, ਤੱਕ ਕੇ

ਬਾਬਾ ਫ਼ਤਹਿ ਸਿੰਘ ਕਹਿਣ ਲੱਗਾ, "ਵੀਰਿਆ ! ਤੂੰ ਮੈਨੂੰ ਹੌਸਲਾ ਦਿੰਦਾ ਸੈਂ ਤੇ ਹੁਣ ਆਪ ਹੀ ਡੋਲ ਰਿਹਾ ਏਂ ?" ਜ਼ੋਰਾਵਰ ਸਿੰਘ ਕਹਿਣ ਲੱਗੇ, "ਨਹੀਂ ਵੀਰਿਆ ! ਮੈਂ ਡੋਲਿਆ ਨਹੀਂ ਹਾਂ।" ਬਾਬਾ ਫ਼ਤਹਿ ਸਿੰਘ ਜੀ ਨੇ ਫਿਰ ਪੁੱਛਿਆ, "ਵੀਰਿਆ ਤੇਰੀਆਂ ਅੱਖਾਂ ਕਿਉਂ ਨਮ ਹੋਈਆਂ ਨੇ ?"

ਬਾਬਾ ਜ਼ੋਰਾਵਰ ਸਿੰਘ ਨੇ ਕਮਾਲ ਦਾ ਜਵਾਬ ਦਿੱਤਾ, "ਵੀਰਿਆ ! ਮੇਰੀਆਂ ਇਹ ਅੱਖਾਂ ਇਸ ਕਰ ਕੇ ਨਮ ਹੋਈਆਂ ਹਨ ਕਿ ਮਾਤ ਲੋਕ ਵਿਚ ਤੂੰ ਮੇਰੇ ਤੋਂ ਬਾਅਦ ਵਿਚ ਆਇਆ ਸੈਂ। ਉਏ ਵੀਰਿਆ ! ਤੂੰ ਉਮਰ ਵਿਚ ਮੇਰੇ ਤੋਂ ਛੋਟਾ ਏਂ, ਕੱਦ ਵਿਚ ਵੀ ਮੇਰੇ ਤੋਂ ਛੋਟਾ ਏਂ, ਪਰ ਇਸ ਦੀਵਾਰ ਵਿਚ ਚਿਣ ਕੇ ਤੂੰ ਮੇਰੇ ਤੋਂ ਪਹਿਲਾਂ ਦਾਦਾ ਜੀ ਦੀ ਗੋਦ ਵਿਚ ਚਲਿਆ ਹੈਂ, ਮੈਂ ਇਸ ਕਰ ਕੇ ਨਮ ਹੋ ਗਿਆ ਹਾਂ।"

ਜਲਾਦ ਦੀਵਾਰ ਚਿਣਦੇ ਜਾ ਰਹੇ ਹਨ, ਪਰ ਦੀਵਾਰ ਚੌਹਾਂ ਪਾਸਿਆਂ ਤੋਂ ਬਹੁਤ ਭੀੜੀ ਚਿਣਦੇ ਹਨ। ਪ੍ਰਚਲਤ ਰਵਾਇਤ ਅਨੁਸਾਰ ਦੀਵਾਰ ਚਿਣਦਿਆਂ-ਚਿਣਦਿਆਂ ਜਦੋਂ ਦੀਵਾਰ ਗੋਡਿਆਂ ਤੱਕ ਆ ਗਈ ਤੇ ਗੋਡਿਆਂ ਦੀਆਂ ਚੱਪਣੀਆਂ ਗੋਡਿਆਂ ਤੋਂ ਅੱਗੇ ਸਨ। ਮਿਸਤਰੀ ਜਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਹਨ। ਜਲਾਦ ਜਦੋਂ ਇੱਟ ਨੂੰ ਤੋੜਨ ਲੱਗਾ ਤਾਂ ਸਾਹਿਬਜ਼ਾਦੇ ਬੋਲ ਉਠੇ "ਐ ਜਲਾਦ ! ਖ਼ਬਰਦਾਰ, ਟੁੱਟੀ ਹੋਈ ਇੱਟ ਇਸ ਦੀਵਾਰ ਵਿਚ ਨਹੀਂ ਲਗਾਉਣੀ। ਇਸ ਦੀਵਾਰ ਉੱਪਰ ਸ਼ਹੀਦਾਂ ਦੇ ਮਹਿਲ ਦੀ ਉਸਾਰੀ ਹੋਣੀ ਹੈ, ਇਸ ਤਰ੍ਹਾਂ ਇਹ ਨੀਂਹ ਕਮਜ਼ੋਰ ਹੋ ਜਾਵੇਗੀ। ਜੇਕਰ ਤੈਨੂੰ ਇਹ ਗੋਡਿਆਂ ਦੀਆਂ ਚਪਣੀਆਂ ਰੁਕਾਵਟ ਪਾਉਂਦੀਆਂ ਹਨ ਤਾਂ ਸਾਡੀਆਂ ਚਪਣੀਆਂ ਨੂੰ ਆਪਣੀ ਤੇਸੀ ਨਾਲ ਝਾੜ ਲੈ, ਪਰ ਟੁੱਟੀ ਹੋਈ ਇੱਟ ਨਾ ਲਗਾਵੀਂ।" ਜਲਾਦਾਂ ਨੇ ਲਾਲਾਂ ਦੀਆਂ ਚਪਣੀਆਂ ਤੇਸੀਆਂ ਮਾਰ-ਮਾਰ ਕੇ ਝਾੜ ਦਿੱਤੀਆਂ।

ਇਹ ਹਨ ਕਲਗੀਧਰ ਦੇ ਲਾਲਾਂ ਦੇ ਇਤਿਹਾਸ ਦੀਆਂ ਬਾਤਾਂ। ਇਸ ਸਮੇਂ ਦੇ ਹਾਲਾਤ/ਵਾਰਤਾਲਾਪ ਨੂੰ ਇਕ ਕਵੀ ਦੀ ਕਲਮ ਬਹੁਤ ਹੀ ਭਾਵ-ਪੂਰਤ ਕਾਵਿਕ ਰਚਨਾ ਵਿਚ ਲਿਖ ਜਾਂਦੀ ਹੈ :-

"ਬੋਲੇ ਨੀਹਾਂ 'ਚੋਂ ਗੁਰੂ ਦੇ ਲਾਲ ਬੋਲੇ,
ਸਾਡੇ ਲਹੂ ਨੂੰ ਏਥੇ ਨਚੋੜ ਕੇ ਲਾ।
ਇੱਟਾਂ ਲਾ ਰਿਹੈ ਕਿ ਤੂੰ ਰੋ ਰਿਹੈਂ,
ਇੱਟ ਮਨ ਦੀ ਅਵਸਥਾ ਨੂੰ ਮੋੜ ਕੇ ਲਾ।
ਇੱਟ ਤੋੜ ਨਾ ਗੋਡੇ ਨੂੰ ਤੋੜ ਦੇ ਤੂੰ,
ਸਿੱਖੀ ਮਹਿਲ ਨੂੰ ਇੱਟ ਨਾ ਤੋੜ ਕੇ ਲਾ।
ਇਹ ਹਿਲਾਇਆਂ ਨਾਂ ਹਿਲ ਸਕੇ ਕਿਸੇ ਕੋਲੋਂ,
ਓ ਠੋਕ ਠੋਕ ਕੇ ਲਾ ਜੋੜ ਜੋੜ ਕੇ ਲਾ।

ਦੀਵਾਰਾਂ ਉਸਰਦਿਆਂ-ਉਸਰਦਿਆਂ, ਅਕਾਲ ਪੁਰਖ ਦਾ ਭਾਣਾ ਕੁਝ ਐਸਾ ਵਾਪਰਿਆ ਕਿ ਦੀਵਾਰ ਦਾ ਢਾਂਚਾ ਅਚਾਨਕ ਡਿੱਗ ਪਿਆ। ਸੀਨਾ-ਬਸੀਨਾ ਇਹ ਇਤਿਹਾਸਕ ਘਟਨਾ ਚਲੀ ਆਉਂਦੀ ਹੈ। ਜਦੋਂ ਦੀਵਾਰ ਡਿੱਗੀ ਤਾਂ ਲਾਡਲੇ ਉਸ ਸਮੇਂ ਤੱਕ ਬੇਹੋਸ਼ ਹੋ ਚੁੱਕੇ ਸਨ ਤੇ ਬੇਹੋਸ਼ ਹੋਏ ਲਾਲਾਂ ਨੂੰ ਵੀ ਕਾਜ਼ੀ ਪੁੱਛਦਾ ਹੈ, "ਐ ਜ਼ੋਰਾਵਰ ਸਿੰਘ, ਐ ਫ਼ਤਹਿ ਸਿੰਘ! ਕੀ ਤੁਸੀਂ ਇਸਲਾਮ ਕਬੂਲ ਕਰਦੇ ਹੋ ?" ਪਰ ਲਾਡਲੇ ਬੇਹੋਸ਼ ਹਨ ਤੇ ਬੋਲ ਨਹੀਂ ਸੀ ਹੋ ਰਿਹਾ, ਪਰ ਉਹ ਫਿਰ ਵੀ ਸਿਰ ਹਿਲਾ ਕੇ ਕਾਜ਼ੀ ਨੂੰ ਨਾਂਹ ਵਿਚ ਜੁਆਬ ਦੇ ਰਹੇ ਹਨ ਕਿ ਇਸਲਾਮ ਕਬੂਲ ਨਹੀਂ ਹੈ।

ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਦੇਸੀ ਜੜ੍ਹੀ ਬੂਟੀ ਤੋਂ ਬਣੀ ਦਵਾਈ (ਮਮੀਰਾ) ਮੰਗਾਈ, ਉਹਨਾਂ ਨੇ ਸਾਹਿਬਜ਼ਾਦਿਆਂ ਨੂੰ ਪਿਲਾ ਕੇ ਦੁਬਾਰਾ ਹੋਸ਼ ਵਿਚ ਲੈ ਆਂਦਾ, ਕਿਉਂਕਿ ਲਾਲਾਂ ਦੇ ਦੀਵਾਰ ਵਿਚ ਚਿਣ ਜਾਣ ਕਰ ਕੇ ਅਤੇ ਦੀਵਾਰ ਭੀੜੀ ਹੋਣ ਕਾਰਨ ਉਹਨਾਂ ਦਾ ਦਮ ਘੁੱਟ ਗਿਆ ਸੀ। ਪਰ ਕੁਝ ਵਿਦਵਾਨਾ ਨੇ ਇਹ ਵੀ ਲਿਖਿਆ ਹੈ, ਜੋ ਕਿ ਕਲਗੀਧਰ ਪਾਤਸ਼ਾਹ ਨੇ 'ਜ਼ਫ਼ਰਨਾਮੇ' ਦੇ ਵਿਚ ਵੀ ਲਿਖਿਆ ਹੈ, "ਐ ਔਰੰਗਜ਼ੇਬ! ਮੇਰੇ ਬੱਚਿਆਂ ਨੂੰ ਕੋਹ-ਕੋਹ ਕੇ ਤੇਰੇ ਨਵਾਬ ਵਜ਼ੀਰ ਖ਼ਾਂ ਨੇ ਮਾਰਿਆ ਹੈ।"

ਇਕ ਜਲਾਦ ਸ਼ਾਸ਼ਲ ਬੇਗ ਨੇ ਇਕ ਲਾਲ ਦਾ ਸਿਰ ਆਪਣੇ ਪੱਟਾਂ 'ਤੇ ਰੱਖਿਆ ਤੇ ਦੂਸਰੇ ਜਲਾਦ ਬਾਸ਼ਲ ਬੇਗ ਨੇ ਦੂਸਰੇ ਲਾਲ ਦਾ ਸਿਰ ਆਪਣੇ ਪੱਟਾਂ 'ਤੇ ਰੱਖਿਆ ਤੇ ਉਹਨਾਂ ਦੇ ਗਲ੍ਹਿਆਂ ਉੱਪਰ ਉਹਨਾਂ ਜਲਾਦਾਂ ਨੇ ਛੁਰੀਆਂ ਫੇਰ ਦਿੱਤੀਆਂ। ਮਾਸੂਮ ਬਾਲ ਕੋਹ-ਕੋਹ ਕੇ ਮਾਰ ਦਿੱਤੇ ਜਲਾਦਾਂ ਨੇ। ਇਸ ਪੂਰੇ ਘਟਨਾਕ੍ਰਮ ਨੂੰ, ਲਾਲਾਂ ਦੀ ਸ਼ਹੀਦੀ ਨੂੰ ਜੋਗੀ ਅੱਲ੍ਹਾ ਯਾਰ ਖ਼ਾਂ ਲਿਖ ਰਿਹਾ ਹੈ :

ਦੀਵਾਰ ਕੇ ਦਬਾਓ ਸੇ ਜਬ ਹਬਸਿ-ਦਮ ਹੂਆ।
ਦੌਰਾਨਿ ਖ਼ੂਨ ਰੁਕਨੇ ਲਗਾ, ਸਾਂਸ ਕਮ ਹੂਆ।
ਫ਼ੁਰਮਾਏ ਦੋਨੋਂ ਹਮ ਪਰ ਬਜਾਹਿਰ ਸਿਤਮ ਹੂਆ।
ਬਾਤਿਨ ਮੇਂ ਪੰਥ ਪਰ ਹੈ ਖ਼ੁਦਾ ਕਾ ਕਰਮ ਹੂਆ।

ਅਜੇ ਦਿਨ ਨਹੀਂ ਸੀ ਛੁਪਿਆ। 13 ਪੋਹ ਦਾ, ਅਜੇ ਦਿਨ ਨਹੀਂ ਸੀ ਢਲਿਆ ਤੇ ਉਹਨਾਂ ਜਾਲਮ ਕਾਤਲਾਂ ਨੇ ਆਪਣੇ ਉਜਾੜੇ ਦੀ ਨੀਂਹ ਰੱਖ ਲਈ। ਕਲਗੀਧਰ ਦੇ ਲਾਡਲੇ ਦੀਵਾਰਾਂ ਵਿਚ ਖੜੇ ਅੰਤਿਮ ਬਾਤਾਂ ਕੀ ਕਰ ਗਏ। ਕਹਿੰਦੇ, "ਸਾਡੇ ਉੱਪਰ ਜ਼ੁਲਮ ਨਹੀਂ ਹੋਇਆ, ਇਹ ਤਾਂ ਸਾਡੇ ਉੱਪਰ ਖ਼ਾਲਸਾ ਪੰਥ ਲਈ ਉਸ ਅਕਾਲ ਪੁਰਖ ਵੱਲੋਂ ਬਖ਼ਸ਼ਿਸ਼ ਹੋਈ ਹੈ। ਐ ਲੋਕੋ ! ਇਸ ਨੂੰ ਜ਼ੁਲਮ ਨਾ ਸਮਝਿਓ, ਕਿਉਂਕਿ ਸਾਡੀਆਂ ਇਹਨਾਂ ਸ਼ਹਾਦਤਾਂ ਦੇ ਨਾਲ ਹੀ ਸਿੱਖ ਇਤਿਹਾਸ ਦੇ ਸ਼ਾਨਦਾਰ ਮਹੱਲ ਦੀ ਨੀਂਹ ਰੱਖੀ

ਗਈ ਹੈ।''

ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ।
ਸਰ ਕੌਮ ਸੇ ਬਚਾਨਾ ਯਿਹ ਗੈਰਤ ਸੇ ਦੂਰ ਥਾ।

ਸੌ ਸਾਲ ਜੀਅ ਕੇ ਵੀ ਤਾਂ ਅਸਾਂ ਮਰਨਾ ਹੀ ਸੀ, ਪਰ ਸਿੱਖੀ ਗੈਰਤ ਇਹ ਆਗਿਆ ਨਹੀਂ ਦੇਂਦੀ ਕਿ ਅਸੀਂ ਆਪਣੀ ਜਾਨ ਨੂੰ ਬਚਾਅ ਕੇ ਧਰਮ ਨੂੰ ਦਾਅ 'ਤੇ ਲਾ ਦੇਈਏ।

ਇਥੇ ਮੈਂ ਇਕ ਗੱਲ ਹੋਰ ਦੱਸ ਦਿਆਂ ਕਿ ਜਦੋਂ ਸਾਹਿਬਜ਼ਾਦੇ ਨੀਹਾਂ ਵਿਚ ਖੜੇ ਸਨ ਤਾਂ ਨਵਾਬ ਵਜ਼ੀਰ ਖ਼ਾਂ ਲਾਲਾਂ ਨੂੰ ਕਹਿੰਦਾ ਸੀ, ''ਬੱਚਿਓ ! ਜ਼ਰਾ ਅਸਮਾਨ ਵੱਲ ਝਾਤੀ ਮਾਰੋ, ਉਹ ਅਸਮਾਨ ਵਿਚ ਤੁਹਾਨੂੰ ਜੋ ਇੱਲਾਂ ਉਡਦੀਆਂ ਦਿਖਾਈ ਦੇ ਰਹੀਆਂ ਹਨ, ਜੇਕਰ ਅਜੇ ਵੀ ਮੇਰਾ ਕਹਿਣਾ ਨਾ ਮੰਨਿਆ ਤਾਂ ਮੈਂ ਤੁਹਾਡੀਆਂ ਬੋਟੀਆਂ-ਬੋਟੀਆਂ ਕਰ ਕੇ ਸੁੱਟ ਦੇਵਾਂਗਾ ਤੇ ਇਹ ਇੱਲਾਂ ਤੁਹਾਡੀਆਂ ਬੋਟੀਆਂ ਲੈ ਕੇ ਅਸਮਾਨ ਵਿਚ ਉੱਡ ਜਾਣਗੀਆਂ।'' ਵਜ਼ੀਰ ਖ਼ਾਂ ਦੀ ਇਹ ਗੱਲ ਸੁਣ ਕੇ ਸਾਹਿਬਜ਼ਾਦੇ ਕਹਿਣ ਲੱਗੇ, ''ਐ ਵਜ਼ੀਰ ਖ਼ਾਂ ! ਤੂੰ ਇਹ ਵੀ ਦੇਖ ਲਈਂ ਕਿ ਇਹ ਇੱਲਾਂ ਸਾਡੇ ਮਾਸ ਦੀਆਂ ਬੋਟੀਆਂ ਲੈ ਕੇ ਜਿੰਨੀ ਉੱਚੀ ਉਡਾਰੀ ਅਸਮਾਨ ਵਿਚ ਮਾਰਨਗੀਆਂ, ਉਨੇ ਹੀ ਉੱਚੇ ਉੱਚੇ ਕੇਸਰੀ ਨਿਸ਼ਾਨ ਸਾਹਿਬ ਇਸ ਧਰਤੀ ਉੱਪਰ ਝੂਲਣਗੇ।''

ਅੱਜ ਦੇਖ ਲਉ ਕੇਸਰੀ ਨਿਸ਼ਾਨ ਸਾਹਿਬ ਉਸੇ ਹੀ ਤਰ੍ਹਾਂ ਝੂਲਦੇ ਪਏ ਨੇ। ਇਹਨਾਂ ਨਿਸ਼ਾਨ ਸਾਹਿਬਾਂ ਦੀਆਂ ਨੀਹਾਂ ਹੇਠਾਂ ਖ਼ੂਨ ਹੈ ਸਾਹਿਬਜ਼ਾਦਿਆਂ ਦਾ। ਖ਼ੂਨ ਦੇ ਨਾਲ ਸਿੰਝੀਆਂ ਹੋਈਆਂ ਨੀਹਾਂ ਨੇ ਕੇਸਰੀ ਨਿਸ਼ਾਨ ਸਾਹਿਬ ਦੇ ਹੇਠ, ਤਾਂ ਹੀ ਏਨੇ ਉੱਚੇ ਕੇਸਰੀ ਨਿਸ਼ਾਨ ਸਾਹਿਬ ਝੂਲ ਰਹੇ ਨੇ।

ਮਤਾਂ ਕਿਧਰੇ ਸੋਚਿਓ ਕਿ ਇਹ ਸਿਰਫ਼ ਨਿਸ਼ਾਨ ਸਾਹਿਬ ਹੀ ਹਨ। ਜਦੋਂ ਅਸੀਂ ਕੇਸਰੀ ਨਿਸ਼ਾਨ ਸਾਹਿਬ ਦੇਖੀਏ ਤਾਂ ਸਾਨੂੰ ਉਸ ਸਮੇਂ ਕਲਗੀਧਰ ਪਾਤਸ਼ਾਹ ਦੇ ਲਾਡਲੇ ਯਾਦ ਆਉਣੇ ਚਾਹੀਦੇ ਹਨ।

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।
ਸਿੱਖੀ ਕੀ ਨੀਵ ਹਮ ਹੈਂ ਸਰੋਂ ਪਿ ਉਠਾ ਚਲੇ।

ਸਾਹਿਬਜ਼ਾਦੇ ਕਹਿ ਰਹੇ ਹਨ ਕਿ ਅਸੀਂ ਆਪਣੀ ਜਾਨ ਦੇ ਕੇ ਆਪਣੀ ਕੌਮ ਦੀਆਂ ਜਾਨਾਂ ਬਚਾਅ ਚੱਲੇ ਹਾਂ। ਆਪਣੇ ਸਿਰ ਇਹਨਾਂ ਸਿੱਖੀ ਦੀਆਂ ਨੀਹਾਂ ਹੇਠ ਰੱਖ ਕੇ ਚਲੇ ਹਾਂ।

ਪ੍ਰੋਫ਼ੈਸਰ ਪੂਰਨ ਸਿੰਘ ਦੀ ਭਾਵਨਾ ਭਰਪੂਰ ਕਲਮ ਨੇ ਵੀ ਇਸ ਪੱਖ ਵਿਚ ਆਪਣਾ ਯੋਗਦਾਨ ਪਾਇਆ ਹੈ। ਉਹ ਸ੍ਰੀ ਹਰਿਮੰਦਰ ਸਾਹਿਬ ਦੀ ਬਾਤ ਕਰਦਿਆਂ

ਕਹਿ ਰਹੇ ਹਨ, "ਐ ! ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਵਿਚ ਚਲਣ ਵਾਲੇ ਸ਼ਰਧਾਲੂ ! ਪ੍ਰਕਰਮਾਂ ਵਿਚ ਚਲਦਿਆਂ ਇਹਨਾਂ ਸਿੱਲ੍ਹਾਂ ਉੱਪਰ ਪੈਰ ਸੋਚ ਸਮਝ ਨਾਲ, ਹੌਲੀ-ਹੌਲੀ ਰੱਖ ਕੇ ਚੱਲੀਂ, ਪਤਾ ਨਹੀਂ ਇਕ ਇਕ ਸਿੱਲ੍ਹ ਦੇ ਹੇਠ ਕਿੰਨੇ-ਕਿੰਨੇ ਸਿੱਖਾਂ ਸ਼ਹੀਦਾਂ ਦੇ ਸਿਰ ਪਏ ਹੋਏ ਨੇ।"

ਆਹ ਗੁਰਦੁਆਰਿਆਂ ਦੀਆਂ ਉਸਾਰੀਆਂ ਨੂੰ ਐਵੇਂ ਨਾ ਸਮਝਿਓ। ਇਹ ਗੁਰਦੁਆਰਿਆਂ ਦੀਆਂ ਨੀਹਾਂ ਦੇ ਵਿਚ ਵੀ ਸਿੱਖਾਂ ਦੇ ਸੀਸ ਪਏ ਹੋਏ ਨੇ, ਐਵੇਂ ਨਹੀਂ ਗੁਰਦੁਆਰੇ ਉਸਰਦੇ। ਜੇਕਰ ਸਾਹਿਬਜ਼ਾਦੇ ਸ਼ਹਾਦਤਾਂ ਨਾ ਦੇਂਦੇ ਤਾਂ ਸ਼ਾਇਦ ਅੱਜ ਇਹ ਗੁਰਦੁਆਰਾ ਸਾਹਿਬਾਨ ਦੀਆਂ ਉਸਾਰੀਆਂ ਨਾ ਹੁੰਦੀਆਂ।

ਇਕ ਵਿਦਵਾਨ ਨੇ ਲਿਖਿਆ ਹੈ, "ਜੇਕਰ ਕਲਗੀਧਰ ਪਾਤਸ਼ਾਹ ਆਪਣੇ ਵੱਡੇ ਪੁੱਤਰਾਂ ਨੂੰ ਚਮਕੌਰ ਦੀ ਜੰਗ ਵਿਚ ਸ਼ਹੀਦ ਨਾ ਕਰਵਾਉਂਦੇ ਤਾਂ ਕਦੀ ਵੀ ਸਿੱਖ ਕੌਮ ਵਿਚ ਧਰਮ-ਯੁੱਧ ਦਾ ਚਾਓ ਪੈਦਾ ਨਹੀਂ ਸੀ ਹੋਣਾ। ਜੇਕਰ ਕਲਗੀਧਰ ਪਾਤਸ਼ਾਹ ਆਪਣੇ ਮਾਸੂਮ ਬਾਲਾਂ ਨੂੰ ਬੁੱਕਲ ਵਿਚ ਲੁਕਾ ਲੈਂਦੇ, ਬੱਚੇ ਸਰਹੰਦ ਦੀਆਂ ਖ਼ੂਨੀ ਦੀਵਾਰਾਂ ਵਿਚ ਸ਼ਹੀਦ ਨਾ ਕਰਵਾਉਂਦੇ ਤਾਂ ਕਦੀ ਵੀ ਬਹਾਦਰ ਸਿੰਘਣੀਆਂ ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਆਪਣੇ ਗਲ੍ਹਾਂ ਵਿਚ ਹਾਰ ਨਾ ਪੁਆਉਂਦੀਆਂ।" ਇਹ ਹੈ ਕਲਗੀਧਰ ਪਿਤਾ ਦੇ ਲਾਲਾਂ ਦੀਆਂ ਕੁਰਬਾਨੀਆਂ ਦਾ ਨਤੀਜਾ। ਸਾਹਿਬਜ਼ਾਦੇ ਸਾਨੂੰ ਸੁਨੇਹਾ ਦੇ ਰਹੇ ਹਨ:

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।
ਸਿੱਖੀ ਕੀ ਨੀਵ ਹਮ ਹੈਂ ਸਰੋਂ ਪਿ ਉਠਾ ਚਲੇ।
ਗੁਰਿਆਈ ਕਾ ਹੈਂ ਕਿੱਸਾ ਜਹਾਂ ਮੇਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ।
ਗੱਦੀ ਸੇ ਤਾਜ਼ੋ-ਤਖ਼ਤ ਬਸ ਅਬ ਕੌਮ ਪਾਇਗੀ।
ਦੁਨੀਆਂ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਇਗੀ।

ਹੁਣ ਜੋਗੀ ਅੱਲ੍ਹਾ ਯਾਰ ਖ਼ਾਂ ਆਪਣੇ ਕਿੱਸੇ ਨੂੰ ਆਖ਼ਰੀ ਮੰਜ਼ਿਲ ਵੱਲ ਲੈ ਕੇ ਜਾ ਰਿਹਾ ਹੈ।

"ਸ਼ਹੀਦਾਨਿ-ਵਫ਼ਾ" ਅਰਥਾਤ "ਸਾਕਾ ਸਰਹੰਦ" ਇਹ ਕਿੱਸਾ ਉਸ ਨੇ 1913 ਸੰਨ ਵਿਚ ਲਿਖਿਆ ਤੇ ਆਖ਼ਰੀ ਸਤਰਾਂ ਵਿਚ ਉਹ ਕਹਿ ਰਿਹਾ ਹੈ ਕਿ ਦੀਵਾਰ ਉਸਰਦੀ ਗਈ, ਉਸਰਦੀ ਗਈ ਤੇ ਆਖਿਰ ਉਹ ਦੀਵਾਰ ਸਾਹਿਬਜ਼ਾਦਿਆਂ ਦੀ ਠੋਡੀ ਤੱਕ ਆ ਗਈ :

ਠੋਡੀ ਤਕ ਈਂਟੇ ਚੁਨ ਦੀ ਗਈ, ਮੂੰਹ ਤੱਕ ਆ ਗਈ।
ਬੀਨੀ ਕੋ ਢਾਂਪਤੇ ਹੀ ਵੁਹ ਆਖੋਂ ਪਿ ਛਾ ਗਈ।

ਹਰ ਚਾਂਦ ਸੀ ਜਬੀਨ ਕੋ ਗ੍ਰਹਨ ਸਾ ਲਗਾ ਗਈ।

ਲਖ਼ਤੇ-ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈ।

'ਜੋਗੀ ਜੀ' ਇਸ ਕੇ ਬਾਅਦ ਹੁਈ ਥੋੜੀ ਦੇਰ ਥੀ।

ਸਰਹਿੰਦ ਸ਼ਹਿਰ ਕੀ ਈਟੋਂ ਕਾ ਢੇਰ ਥੀ।

ਜਦੋਂ ਦੀਵਾਰ ਠੋਡੀ ਤਕ ਆ ਗਈ ਤਾਂ ਇਕ ਇੱਟਾਂ ਦਾ ਵਾਰ ਹੋਰ ਉਸਰਿਆ ਤੇ ਬੀਨੀ (ਨੱਕ) ਨੂੰ ਦੀਵਾਰ ਨੇ ਢੱਕ ਲਿਆ ਤੇ ਫਿਰ ਇਕ ਹੋਰ ਵਾਰ ਲੱਗਿਆ ਤੇ ਪਿਆਰੇ ਲਾਲਾਂ ਦੀਆਂ ਅੱਖਾਂ ਵੀ ਲੁੱਕ ਗਈਆਂ। ਆਖ਼ਰੀ ਸਤਰਾਂ ਬਿਆਨ ਕਰਦੀਆਂ ਹਨ ਕਿ :

ਹਰ ਚਾਂਦ ਸੀ ਜਬੀਨ ਕੋ ਗ੍ਰਹਨ ਸਾ ਲਗਾ ਗਈ।

ਲਖ਼ਤੇ-ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈ।

ਲਖ਼ਤੇ-ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈ।

ਲਖ਼ਤੇ-ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈ।

ਉਹ ਸਰਹੰਦ ਦੀਆਂ ਖ਼ੂਨੀ ਦੀਵਾਰਾਂ ਨੇ ਮੇਰੇ ਕਲਗੀਧਰ ਦੇ ਦੋਨੋਂ ਲਾਡਲਿਆਂ ਨੂੰ ਆਪਣੇ ਅੰਦਰ ਸਮਾ ਲਿਆ, ਸਮਾ ਲਿਆ, ਸਮਾ ਲਿਆ।

ਮਤ ਕਿਧਰੇ ਸੋਚਿਉ ! ਕਿ ਬਾਤ ਇਥੇ ਹੀ ਖ਼ਤਮ ਹੋ ਗਈ। ਮੇਰੇ ਕਲਗੀਧਰ ਦੇ ਲਾਲਾਂ ਦੀ ਸ਼ਹਾਦਤ ਹੋ ਗਈ।

ਜਦੋਂ ਕਲਗੀਧਰ ਪਾਤਸ਼ਾਹ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਤਾਂ ਪਾਤਸ਼ਾਹ ਨੇ ਉਸ ਜ਼ਫ਼ਰਨਾਮੇ ਅੰਦਰ "ਸਾਕਾ ਚਮਕੌਰ" ਅਤੇ "ਸਾਕਾ ਸਰਹੰਦ" ਦਾ ਵਰਨਣ ਬੜੇ ਬਾ-ਕਮਾਲ ਢੰਗ ਨਾਲ ਕੀਤਾ ਹੈ, **"ਐ ਔਰੰਗਜ਼ੇਬ ! ਕੀ ਹੋਇਆ ਜੇ ਇਕ ਬਘਿਆੜ ਨੇ ਇਕ ਸ਼ੇਰ ਦੇ ਬੱਚੇ ਧੋਖੇ ਨਾਲ ਮਾਰ ਦਿੱਤੇ (ਚਾਰ ਪੁੱਤਰ)। ਅਜੇ ਤਾਂ ਕੁੰਡਲੀਦਾਰ ਭੁਝੰਗੀ (ਖ਼ਾਲਸਾ ਪੁੱਤਰ) ਮੇਰਾ ਬਾਕੀ ਹੈ। ਇਹ ਤੇਰੇ ਕੋਲੋਂ ਗਿਣ-ਗਿਣ ਕੇ ਬਦਲੇ ਲਵੇਗਾ, ਇਹ ਗੱਲ ਤੂੰ ਯਾਦ ਰੱਖੀਂ।"**

ਕਲਗੀਧਰ ਪਾਤਸ਼ਾਹ ਨੇ ਜ਼ਫ਼ਰਨਾਮੇ ਵਿਚ ਇਕ ਹੋਰ ਬੜੀ ਬਾ-ਕਮਾਲ ਗੱਲ ਲਿਖੀ, ਜੋ ਕਿ ਕਦੀ ਸਾਡੀ ਸੋਚ ਵਿਚ ਹੀ ਨਾ ਆਈ ਹੋਵੇ, ਭਾਵੇਂ ਅਸੀਂ ਕਿੰਨਾ ਵੀ ਪੜ੍ਹ ਜਾਈਏ, ਕਿੰਨੀ ਵੀ ਖੋਜ ਕਿਉਂ ਨਾ ਕਰ ਲਈਏ, ਪਰ ਅਸੀਂ ਕਲਗੀਧਰ ਪਾਤਸ਼ਾਹ ਦੀ ਸੋਚ ਤੋਂ ਅਗਾਂਹ ਨਹੀਂ ਸੋਚ ਸਕਦੇ।

ਜ਼ਫ਼ਰਨਾਮੇ ਵਿਚ ਕਲਗੀਧਰ ਪਾਤਸ਼ਾਹ ਨੇ ਔਰੰਗਜ਼ੇਬ ਨੂੰ ਸੰਬੋਧਨ ਹੁੰਦਿਆਂ ਹੋਇਆਂ, ਇਕ ਹੋਰ ਬਾਤ ਲਿਖੀ, **"ਐ ਔਰੰਗਜ਼ੇਬ ! ਕੀ ਹੋਇਆ ਜੇਕਰ ਤੂੰ ਪੱਥਰ ਦੇ ਨਾਲ**

ਸੋਨੇ ਦਾ ਕਾਸਾ (ਬਰਤਨ) ਤੋੜ ਦਿੱਤਾ ਹੈ, ਪਰ ਯਾਦ ਰੱਖੀਂ, ਪੱਥਰ ਫਿਰ ਵੀ ਪੱਥਰ ਹੈ ਤੇ ਸੋਨਾ ਚਕਨਾਚੂਰ ਹੋ ਕੇ ਵੀ ਸੋਨਾ ਹੈ।"

ਇਹ ਨੇ ਕਲਗੀਧਰ ਪਾਤਸ਼ਾਹ ਦੀਆਂ ਬਾਤਾਂ ਜੋ ਕਿ ਉਹਨਾਂ ਨੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੇ ਪਰਥਾਏ ਔਰੰਗਜ਼ੇਬ ਨੂੰ ਲਿਖੀਆਂ।

ਜਦੋਂ ਮਾਂ ਗੁਜਰੀ ਜੀ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਮਿਲ ਗਈ ਤਾਂ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮਾਂ ਗੁਜਰੀ ਗਸ਼ ਖਾ ਕੇ ਡਿੱਗ ਪਈ। ਕਈਆਂ ਨੇ ਲਿਖਿਆ ਹੈ ਕਿ ਮਾਂ ਗੁਜਰੀ ਜੀ ਪ੍ਰਾਣ ਚੜ੍ਹਾ ਗਏ ਸਨ, ਪਰ ਮੈਂ ਬੇਨਤੀ ਕਰ ਦਿਆਂ ਕਿ ਗੁਰਮਤਿ ਦੀ ਕਸਵੱਟੀ 'ਤੇ ਪਰਖੀਏ ਤਾਂ ਉਹ ਮਾਂ ਗੁਜਰੀ ਗਸ਼ ਖਾ ਕੇ ਨਹੀਂ ਡਿੱਗ ਸਕਦੀ, ਉਹ ਮਾਂ ਗੁਜਰੀ ਜਿਸ ਨੇ ਲਾਲਾਂ ਦੇ ਅੰਦਰ ਪੂਰੀ ਦ੍ਰਿੜ੍ਹਤਾ ਭਰੀ ਅਤੇ ਆਪ ਲਾਲਾਂ ਨੂੰ ਪਿਆਰ ਦੇ ਕੇ ਤੋਰਦੀ ਹੈ, ਕੀ ਉਹ ਗਸ਼ ਖਾ ਕੇ ਡਿੱਗ ਜਾਏਗੀ, ਨਹੀਂ ਮਾਂ ਗੁਜਰੀ ਗਸ਼ ਨਹੀਂ ਖਾ ਸਕਦੀ।

ਉਹ ਮਾਂ ਗੁਜਰੀ, ਜਿਸ ਦਾ ਪਤੀ ਭੋਰੇ ਵਿਚ ਬੈਠ ਕੇ 21 ਸਾਲ ਤਪ ਕਰਦਾ ਹੈ ਤੇ ਮਾਂ ਗੁਜਰੀ ਭੋਰੇ ਦੇ ਬਾਹਰ ਬੈਠ ਕੇ ਪਤੀ ਦੀ ਸੇਵਾ ਵਿਚ ਰਹੀ ਤੇ ਉਡੀਕ ਕਰਦੀ ਰਹੀ, ਉਹ ਮਾਂ ਗੁਜਰੀ ਜਿਹੜੀ ਆਪਣੇ ਪਤੀ ਦਾ ਸੀਸ ਆਪਣੀ ਝੋਲੀ ਵਿਚ ਪੁਆ ਕੇ ਆਖਦੀ ਹੈ, "ਪਤੀ ਪਰਮੇਸ਼੍ਵਰ ਜੀ ਤੁਹਾਡੀ ਨਿਭ ਗਈ, ਮੇਰੀ ਵੀ ਨਿਭ ਜਾਵੇ।" ਉਹ ਮਾਂ ਗੁਜਰੀ ਇੰਨੀ ਕਮਜ਼ੋਰ ਨਹੀਂ ਹੋ ਸਕਦੀ ਕਿ ਉਹ ਗਸ਼ ਖਾ ਕੇ ਡਿੱਗ ਜਾਵੇ ਜਾਂ ਸੁਆਸ ਚੜ੍ਹਾ ਲਵੇ।

ਇਕ ਕਵੀ ਨੇ ਮਾਂ ਸਾਹਿਬਜ਼ਾਦਿਆਂ ਅਤੇ ਗੁਜਰੀ ਦੇ ਪ੍ਰਥਾਇ, ਇਥੇ ਬੜੀ ਹੀ ਸੁੰਦਰ ਰਚਨਾ ਲਿਖੀ ਹੈ। ਕਹਿੰਦਾ ਹੈ :

ਵੇਖਿਆ ! ਕਿ ਪਿਤਾ ਤੋਂ ਪੁੱਤ ਵੀ ਪੋਲੇ ਨਹੀਂ,
ਵੱਡਿਆਂ ਕੀ ਡੋਲਣਾ ਮਾਸੂਮ ਵੀ ਡੋਲੇ ਨਹੀਂ।
ਮਾਂ ਗੁਜਰੀ ਬੱਚਿਆਂ ਦੇ ਨਾਲ ਰਲ ਕੇ ਗੁਜ਼ਰ ਗਈ,
ਜੋ ਵੀ ਆਈਆਂ ਔਕੜਾਂ, ਉਹ ਸੀਸ ਝੱਲ ਕੇ ਗੁਜ਼ਰ ਗਈ।

ਜਦੋਂ ਉਹਨਾਂ ਜਾਲਿਮਾਂ ਨੇ ਦੇਖਿਆ ਕਿ ਅਸੀਂ ਇਹਨਾਂ ਬਾਲਾਂ ਦੇ ਰਾਹੀਂ ਜੋ ਵਿਉਂਤ ਬਣਾਈ ਸੀ, ਇਹਨਾਂ ਦੇ ਪਿਤਾ ਨੂੰ ਕੈਦ ਕਰਨ ਦੀ, ਇਨ੍ਹਾਂ ਨੂੰ ਮੁਸਲਮਾਨ ਬਣਾਉਣ ਦੀ ਉਹ ਗੱਲ ਬਣੀ ਨਹੀਂ। ਕਿਉਂਕਿ ਵਜ਼ੀਰ ਖ਼ਾਂ ਚਾਹੁੰਦਾ ਸੀ ਕਿ ਇਹਨਾਂ ਛੋਟੇ ਬਾਲਾਂ ਨੂੰ ਤਸੀਹੇ ਦੇ ਕੇ ਮੁਸਲਮਾਨ ਬਣਾ ਕੇ ਕਲਗੀਧਰ ਨੂੰ ਕੈਦ ਕਰ ਕੇ ਔਰੰਗਜ਼ੇਬ ਦੀ ਖ਼ੁਸ਼ੀ ਲੈਂਦਾ, ਪਰ ਜੇਕਰ ਇਹ ਛੋਟੇ-ਛੋਟੇ ਬਾਲ ਨਹੀਂ ਡੋਲੇ ਤਾਂ ਇਸ ਮਾਂ ਗੁਜਰੀ ਨੇ ਕੀ ਡੋਲਣਾ ਹੈ, ਬਸ ਇਸੇ ਸੋਚ ਨੂੰ ਮੁੱਖ ਰੱਖ ਕੇ ਜ਼ਾਲਿਮਾਂ ਨੇ ਸਲਾਹ

ਕੀਤੀ ਕਿ ਜੇਕਰ ਬੱਚੇ ਨਹੀਂ ਰਹੇ ਤਾਂ ਆਹ ਬੁੱਢੀ ਮਾਂ (ਮਾਂ ਗੁਜਰੀ) ਨੂੰ ਰੱਖ ਕੇ ਅਸੀਂ ਕੀ ਕਰਨਾ ਹੈ।

ਇਤਿਹਾਸ ਵਿਚ ਜੋ ਮੰਨਣ ਯੋਗ ਗੱਲ ਹੈ ਕਿ ਜ਼ਾਲਿਮਾਂ ਨੇ ਮਾਂ ਗੁਜਰੀ ਨੂੰ ਧੱਕਾ ਦੇ ਕੇ ਠੰਡੇ ਬੁਰਜ ਤੋਂ ਹੇਠਾਂ ਸੁੱਟ ਦਿੱਤਾ। ਮਾਂ ਗੁਜਰੀ ਵੀ ਉਹਨਾਂ ਬੱਚਿਆਂ ਦੇ ਨਾਲ ਹੀ ਸ਼ਹਾਦਤ ਦਾ ਜਾਮ ਪੀ ਗਈ। ਉਹਨਾਂ ਜ਼ਾਲਿਮਾਂ ਨੇ ਇੰਨੇ ਅਤਿਆਚਾਰਾਂ ਤੋਂ ਬਾਅਦ ਮਾਂ ਗੁਜਰੀ ਅਤੇ ਲਾਲਾਂ ਦੀਆਂ ਲਾਸ਼ਾਂ ਨੂੰ ਵੀ ਉਹਨਾਂ ਨੇ ਚੁੱਕ ਕੇ ਬਾਹਰ ਸੁੱਟ ਦਿੱਤਾ, ਕਿਉਂਕਿ ਵਜ਼ੀਰ ਖ਼ਾਂ ਨੇ ਕਿਹਾ ਸੀ ਕਿ ਤੁਹਾਡੀਆਂ ਲਾਸ਼ਾਂ ਨੂੰ ਇੱਲਾਂ ਖਾਣਗੀਆਂ। ਨਾਲ ਹੀ ਵਜ਼ੀਰ ਖ਼ਾਂ ਨੇ ਢੰਡੋਰਾ ਵੀ ਪਿਟਵਾ ਦਿੱਤਾ ਕਿ ਕੋਈ ਵੀ ਇਹਨਾਂ ਲਾਸ਼ਾਂ ਨੂੰ ਹੱਥ ਨਾ ਲਗਾਵੇ, ਕੋਈ ਵੀ ਇਹਨਾਂ ਲਾਸ਼ਾਂ ਦੀ ਸੰਭਾਲ ਨਾ ਕਰੇ।

ਉਸ ਸਮੇਂ ਮੈਦਾਨ ਵਿਚ ਨਿਤਰਿਆ "ਦੀਵਾਨ ਟੋਡਰ ਮੱਲ"। ਦੀਵਾਨ ਟੋਡਰ ਮੱਲ ਨੇ ਲਾਸ਼ਾਂ ਦਾ ਸਸਕਾਰ ਕਰਨ ਲਈ ਹਕੂਮਤ ਤੋਂ ਆਗਿਆ ਮੰਗੀ, ਪਰ ਉਹਨਾਂ ਨੇ ਜਗ੍ਹਾ ਦੇਣ ਤੋਂ ਇਨਕਾਰ ਕਰ ਦਿੱਤਾ। ਦੀਵਾਨ ਟੋਡਰ ਮੱਲ ਨੇ ਪੁੱਛ ਕੀਤੀ ਕਿ ਜਗ੍ਹਾ ਕਿਵੇਂ ਮਿਲ ਸਕਦੀ ਹੈ ਤਾਂ ਹਕੂਮਤ ਵੱਲੋਂ ਜੁਆਬ ਮਿਲਿਆ ਕਿ ਜਿੰਨੀ ਜਗ੍ਹਾ ਚਾਹੀਦੀ ਹੈ, ਓਨੀ ਜਗ੍ਹਾ ਤੇ ਸੋਨੇ ਦੀਆਂ ਮੋਹਰਾਂ ਖੜੇ ਰੁਖ 'ਤੇ ਰੱਖ ਕੇ ਤੂੰ ਉਹ ਜਗ੍ਹਾ ਖ਼ਰੀਦ ਸਕਦਾ ਏਂ।

ਦੀਵਾਨ ਟੋਡਰ ਮੱਲ ਇਹ ਸੁਣ ਕੇ ਘਰ ਵਾਪਸ ਆ ਗਿਆ ਅਤੇ ਆਪਣੇ ਪਰਿਵਾਰ ਨਾਲ ਸਲਾਹ ਕਰ ਕੇ ਆਪਣੇ ਕੋਲ ਜਿੰਨਾ ਵੀ ਧਨ-ਦੌਲਤ ਤੇ ਜਾਇਦਾਦ ਸੀ ਇਕੱਠੀ ਕੀਤੀ, ਪਰ ਫਿਰ ਵੀ ਗੱਲ ਨਹੀਂ ਸੀ ਬਣ ਰਹੀ। ਦੀਵਾਨ ਟੋਡਰ ਮੱਲ ਦੀ ਘਰਵਾਲੀ ਨੇ ਵੀ ਆਪਣੇ ਸਾਰੇ ਜੇਵਰਾਤ ਲਿਆ ਕੇ ਢੇਰੀ ਕਰ ਦਿੱਤੇ। ਇਥੋਂ ਤੱਕ ਕਿ ਦੀਵਾਨ ਟੋਡਰ ਮੱਲ ਦੇ ਦੋ ਛੋਟੇ-ਛੋਟੇ ਪੁੱਤਰਾਂ ਨੇ ਵੀ ਆਪਣੀਆਂ ਗੋਲਕਾਂ ਲਿਆ ਕੇ ਪਿਤਾ ਦੇ ਸਾਹਮਣੇ ਭੰਨ ਦਿੱਤੀਆਂ ਤੇ ਕਿਹਾ "ਪਿਤਾ ਜੀ ਸਾਡੇ ਗੋਲਕਾਂ ਦੇ ਪੈਸੇ ਵੀ ਲੈ ਜਾਉ, ਪਰ ਸਾਹਿਬਜ਼ਾਦਿਆਂ ਦਾ ਸਸਕਾਰ ਜ਼ਰੂਰ ਹੋਣਾ ਚਾਹੀਦਾ ਹੈ।"

ਹੁਣ ਦੀਵਾਨ ਟੋਡਰ ਮੱਲ ਨੇ ਭੱਜ ਨੱਸ ਕਰ ਕੇ ਜਿਵੇਂ-ਕਿਵੇਂ ਵੀ ਪੈਸੇ ਇਕੱਠੇ ਕੀਤੇ ਅਤੇ ਸਾਹਿਬਜ਼ਾਦਿਆਂ ਅਤੇ ਮਾਂ ਗੁਜਰੀ ਜੀ ਦੇ ਸਸਕਾਰ ਕਰਨ ਲਈ ਜਗ੍ਹਾ ਮੁੱਲ ਖ਼ਰੀਦ ਲਈ।

ਪੱਛਮੀ ਵਿਦਵਾਨ ਡਾਕਟਰ ਟਰੰਪ (**Trump**) ਲਿਖਦਾ ਹੈ, "**ਜਿੰਨਾ ਸਮਾਂ ਸਿੱਖਾਂ ਦੇ ਪਾਸ ਇਹ ਜ਼ਮੀਨ ਹੈ, ਉਨ੍ਹਾਂ ਸਮਾਂ ਸਿੱਖ ਕੌਮ ਕਦੇ ਮਿਟ ਨਹੀਂ ਸਕਦੀ।**" ਸਵਾਲ ਕਰਨ ਵਾਲੇ ਨੇ ਡਾਕਟਰ ਟਰੰਪ ਨੂੰ ਪੁੱਛਿਆ, "**ਕਿਹੜੀ ਜ਼ਮੀਨ ?**" ਡਾਕਟਰ ਟਰੰਪ ਦਾ ਜੁਆਬ ਸੀ, "**ਉਹ ਜ਼ਮੀਨ, ਜਿਥੇ ਮਾਸੂਮ ਬਾਲ ਦੀਵਾਰਾਂ ਵਿਚ ਚਿਣੇ ਗਏ, ਜਿਸ ਨੂੰ**

ਸਾਹਿਬਜ਼ਾਦਿਆਂ ਦੇ ਸਸਕਾਰ ਲਈ ਮੂਲ ਖ਼ਰੀਦਿਆ ਗਿਆ।'' ਅਜੋਕੇ ਸਮੇਂ ਉਥੇ ਗੁਰਦੁਆਰਾ ''ਸ੍ਰੀ ਜੋਤੀ ਸਰੂਪ'' (ਫਤਹਿਗੜ੍ਹ ਸਾਹਿਬ) ਸੁਸ਼ੋਭਿਤ ਹੈ ਉਸ ਜ਼ਮੀਨ ਤੋਂ ਮਹਿੰਗੀ ਜ਼ਮੀਨ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਨਹੀਂ ਹੋ ਸਕਦੀ, ਕਿਉਂਕਿ ਉਸ ਜ਼ਮੀਨ ਨੂੰ ਸੋਨੇ ਦੀਆਂ ਮੋਹਰਾਂ ਖੜੀਆਂ ਕਰ ਕੇ ਮੁੱਲ ਦੇ ਕੇ ਫਿਰ ਖ਼ਰੀਦਿਆ ਗਿਆ ਸੀ। ਇਹ ਜ਼ਮੀਨ ਸ਼ਹਾਦਤਾਂ ਦੇ ਅਨਮੋਲ ਇਤਿਹਾਸ ਜਾਮਨ ਹੈ।

ਗੁਰਦੁਆਰਾ ''ਸ੍ਰੀ ਫ਼ਤਹਿਗੜ੍ਹ ਸਾਹਿਬ'' ਤੋਂ ਗੁਰਦੁਆਰਾ ''ਸ੍ਰੀ ਜੋਤੀ ਸਰੂਪ'' ਲਗਭਗ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ।

ਹੁਣ ਇਸ ਤੋਂ ਅਗਲੀ ਮੁਸ਼ਕਿਲ ਇਹ ਆ ਗਈ ਕਿ ਇਨ੍ਹਾਂ ਤਿੰਨਾਂ ਲਾਸ਼ਾਂ ਨੂੰ ਨਿਸ਼ਚਿਤ ਸਸਕਾਰ ਸਥਾਨ ਤੱਕ ਕਿਸ ਤਰ੍ਹਾਂ ਲਿਜਾਇਆ ਜਾਵੇ ? ਕਿਉਂਕਿ ਢੰਡੋਰਾ ਵੀ ਪਿਟਿਆ ਜਾ ਰਿਹਾ ਸੀ ਕਿ ਕੋਈ ਵੀ ਲਾਸ਼ਾਂ ਨੂੰ ਹੱਥ ਨਾ ਲਗਾਵੇ। ਇਸ ਲਈ ਇਹਨਾਂ ਸਰੀਰਾਂ ਨੂੰ ਇਥੋਂ ਲਿਜਾਣ ਵਿਚ ਮੁਸ਼ਕਿਲ ਆ ਗਈ।

ਖ਼ੈਰ ! ਜਿਵੇਂ ਕਿਵੇਂ ਦੀਵਾਨ ਟੋਡਰ ਮੱਲ ਨੇ ਚਾਰ ਮਜ਼ਦੂਰਾਂ ਦਾ ਪ੍ਰਬੰਧ ਕੀਤਾ। ਦੀਵਾਨ ਟੋਡਰ ਮੱਲ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਲਾਸ਼ ਨੂੰ ਆਪਣੇ ਕੰਧੇ 'ਤੇ ਲਾਇਆ ਤੇ ਦੀਵਾਨ ਟੋਡਲ ਮੱਲ ਦੀ ਘਰਵਾਲੀ ਨੇ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਦੀ ਲਾਸ਼ ਨੂੰ ਆਪਣੇ ਕੰਧੇ 'ਤੇ ਲਾ ਲਿਆ।

ਮਾਤਾ ਗੁਜਰੀ ਜੀ ਦੀ ਲਾਸ਼ ਨੂੰ ਉਹਨਾਂ ਮਜ਼ਦੂਰਾਂ ਦੁਆਰਾ ਚੁੱਕ ਕੇ ਉਸ ਮੁੱਲ ਖ਼ਰੀਦੀ ਹੋਈ ਜਗ੍ਹਾ 'ਤੇ ਲਿਜਾਇਆ ਗਿਆ। ਉਹਨਾਂ ਦੇ ਸਸਕਾਰ ਦੀ ਤਿਆਰੀ ਕੀਤੀ। ਦੀਵਾਨ ਟੋਡਰ ਮੱਲ ਨੇ ਤਿੰਨਾਂ ਦਾ ਸਸਕਾਰ ਆਪਣੇ ਹੱਥੀਂ ਕੀਤਾ। ਪਰ ਕਹਿੰਦੇ ਹਨ ਕਿ ਜ਼ਾਲਿਮ ਫਿਰ ਵੀ ਜ਼ਾਲਿਮ ਹੈ, ਬੇਈਮਾਨ ਫਿਰ ਵੀ ਬੇਈਮਾਨ ਹੀ ਹੁੰਦਾ ਹੈ।

ਵਜ਼ੀਰ ਖ਼ਾਂ ਨੇ ਦੀਵਾਨ ਟੋਡਰ ਮੱਲ ਨੂੰ ਬੁਲਾਇਆ ਤੇ ਕਿਹਾ, ''ਤੂੰ ਗ਼ਲਤੀ ਕੀਤੀ ਹੈ।'' ਭਾਵੇਂ ਕਿ ਵਜ਼ੀਰ ਖ਼ਾਂ ਨੇ ਜਗ੍ਹਾ ਦਾ ਮੁੱਲ ਵੀ ਲੈ ਲਿਆ ਸੀ, ਪਰ ਫਿਰ ਵੀ ਉਸ ਨੇ ਦੀਵਾਨ ਟੋਡਰ ਮੱਲ ਨੂੰ ਗੁਨਾਹਗਾਰ ਠਹਿਰਾ ਦਿੱਤਾ। ਪਰ ਦੀਵਾਨ ਟੋਡਰ ਮੱਲ ਕਹਿਣ ਲੱਗਾ, ''ਮੈਂ ਗੁਰੂ ਘਰ ਲਈ ਜੋ ਕੁਝ ਵੀ ਕਰ ਸਕਦਾ ਸੀ, ਕਰ ਦਿੱਤਾ ਹੈ। ਤੁਸੀਂ ਜੇਕਰ ਇਸ ਨੂੰ ਗੁਨਾਹ ਸਮਝਦੇ ਹੋ ਤਾਂ ਜੋ ਮੇਰੀ ਜੋ ਵੀ ਸਜ਼ਾ ਬਣਦੀ ਹੈ ਉਹ ਸਜ਼ਾ ਮੈਨੂੰ ਦੇ ਦਿੱਤੀ ਜਾਵੇ।''

ਕਾਜ਼ੀ ਨੇ ਫੌਰਨ ਫਤਵਾ ਸੁਣਾ ਦਿੱਤਾ, ''ਇਹਨਾਂ ਨੇ ਸਰਕਾਰ ਦੀ ਹੁਕਮ ਅਦੂਲੀ ਕੀਤੀ ਹੈ। ਸਰਕਾਰੀ ਹੁਕਮ ਦੇ ਬਾਵਜੂਦ ਇਹਨਾਂ ਨੇ ਸਾਹਿਬਜ਼ਾਦਿਆਂ ਤੇ ਮਾਤਾ ਦੀਆਂ ਲਾਸ਼ਾਂ ਨੂੰ ਚੁੱਕਿਆ ਹੈ ਇਸ ਲਈ ਇਹਨਾਂ ਨੂੰ ਕੋਹਲੂ ਵਿਚ ਪੀੜ ਦਿੱਤਾ ਜਾਵੇ।''

ਇਤਿਹਾਸ ਗਵਾਹ ਹੈ ਕਿ ਦੀਵਾਨ ਟੋਡਰ ਮੱਲ ਨੂੰ ਪਤਨੀ ਅਤੇ ਦੋਨੋਂ ਬੱਚਿਆਂ

ਸਮੇਤ ਜ਼ਾਲਮਾਂ ਦੁਆਰਾ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ। ਹੈ ਕੋਈ ਦੁਨੀਆਂ ਵਿਚ ਐਸਾ ਇਤਿਹਾਸ ?

ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫਤਹਿ ਸਿੰਘ ਦੀਆਂ ਸ਼ਹਾਦਤਾ ਨਾਲ ਲਹੂ-ਭਿਜੀ ਸਰਹਿੰਦ (ਸ਼ਹੀਦਾਨਿ-ਵਫ਼ਾ ਅਰਥਾਤ ਸਾਕਾ ਸਰਹਿੰਦ) ਦੀ ਗਾਥਾ ਅਜੇ ਪੂਰੀ ਨਹੀਂ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ 'ਮਾਧੋ ਦਾਸ ਬੈਰਾਗੀ' ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਰਾਹੀਂ 'ਬਾਬਾ ਬੰਦਾ ਸਿੰਘ ਬਹਾਦਰ' ਬਣਾ ਕੇ, ਰੱਬੀ ਬਖਸ਼ਿਸ਼ਾ ਨਾਲ ਨਿਵਾਜ ਕੇ ਨੰਦੇੜ ਤੋਂ ਪੰਜਾਬ ਦੀ ਧਰਤੀ ਵੱਲ ਤੋਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਕੋਲ ਕੋਈ ਬਹੁਤ ਵੱਡੀ ਫੌਜ ਜਾਂ ਫੌਜੀ ਸਾਜੋ-ਸਮਾਨ ਨਹੀਂ ਸੀ। ਉਸਨੇ ਪੰਜਾਬ ਦੀ ਧਰਤੀ ਤੇ ਆ ਕੇ ਵੰਗਾਰ ਪਾਈ **"ਸਿਖੋ! ਤੁਹਾਨੂੰ ਚਮਕੌਰ ਯਾਦ ਕਰਦਾ ਹੈ, ਸਰਹਿੰਦ ਦੀਆਂ ਖ਼ੂਨੀ ਦੀਵਾਰਾਂ ਵਿਚੋਂ ਸਾਹਿਬਜ਼ਾਦੇ ਅਵਾਜ਼ਾਂ ਮਾਰਦੇ ਹਨ, ਆਉ ਰਲ ਕੇ ਉਸ ਜ਼ੁਲਮੀ ਹਕੂਮਤ ਨੂੰ ਨੇਸਤੋ-ਨਾਬੂਦ ਕਰਕੇ ਉਸ ਦੇ ਜ਼ੁਲਮ ਦਾ ਹਮੇਸ਼ਾਂ ਲਈ ਖਾਤਮਾ ਕਰ ਦਈਏ।"**

ਇਸ ਵੰਗਾਰ/ਪੁਕਾਰ ਦੇ ਹੁੰਗਾਰੇ ਵਜੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਸਿੱਖਾਂ ਨੇ ਇਕੱਠੇ ਹੋ ਕੇ 1710 ਈਸਵੀ ਨੂੰ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਂਦੇ ਹੋਏ ਵਜ਼ੀਰ ਖਾਂ, ਸੁੱਚਾ ਨੰਦ ਆਦਿ ਨੂੰ ਉਹਨਾਂ ਦੇ ਜ਼ੁਲਮ ਭਰਪੂਰ ਕੁਕਰਮਾਂ ਦੀ ਕਰੜੀ ਤੋਂ ਕਰੜੀ ਸਜਾ ਦੇ ਕੇ ਤਪਦੇ ਸਿੱਖ ਹਿਰਦਿਆਂ ਨੂੰ ਸ਼ਾਂਤ ਕੀਤਾ। ਪੁਰਾਣੇ ਜ਼ਮਾਨੇ ਵਿਚ ਜਦ ਕੋਈ ਸਿੱਖ ਫਤਹਿਗੜ੍ਹ ਦੇ ਦਰਸ਼ਨਾਂ ਨੂੰ ਜਾਂਦਾ ਤਾਂ 'ਗੁਰੂ ਮਾਰੀ ਸਰਹਿੰਦ' ਦੇ ਮਲਬੇ ਵਿਚੋਂ ਦੋ ਚਾਰ ਇੱਟਾਂ ਚੁੱਕ ਕੇ ਜ਼ਰੂਰ ਤੋੜਦਾ-ਭੰਨਦਾ। ਆਖ਼ਰ ਇਸ ਨਾ-ਮੁਰਾਦ ਸ਼ਹਿਰ ਦਾ ਮਲਬਾ ਰੇਲ ਲਾਈਨ ਥੱਲੇ ਵਿਛਾਉਣ ਦੇ ਕੰਮ ਆਇਆ।

ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫਤਹਿ ਸਿੰਘ, ਭਾਈ ਮੋਤੀ ਰਾਮ-ਦੀਵਾਨ ਟੋਡਰ ਮੱਲ ਦੇ ਪਰਿਵਾਰਾਂ ਸਮੇਤ ਇਸ ਧਰਤੀ ਤੇ ਡੁੱਲੇ ਉਨ੍ਹਾਂ ਦੇ ਪਵਿੱਤਰ 'ਲਹੂ ਨਾਲ ਭਿੱਜੀ ਸਰਹਿੰਦ' ਦਾ ਨਾਮ ਬਦਲ ਕੇ, ਇਨ੍ਹਾਂ ਲਾ-ਮਿਸਾਲ ਸ਼ਹਾਦਤਾਂ ਨੂੰ ਨਤਮਸਤਕ ਹੁੰਦੇ ਹੋਏ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਦੇ ਨਾਮ ਉੱਪਰ 'ਫਤਹਿਗੜ੍ਹ ਸਾਹਿਬ' ਰੱਖ ਦਿੱਤਾ ਅਤੇ ਸਾਕਾ ਸਰਹਿੰਦ ਦੇ ਨਾਇਕਾਂ ਨੂੰ ਸਮੁੱਚੀ ਸਿੱਖ ਕੌਮ ਵਲੋਂ ਸ਼ਰਧਾ ਦੇ ਫੁੱਲ ਅਰਪਣ ਕੀਤੇ।

ਕਦੀ ਜੋਤੀ ਸਰੂਪ ਗੁਰਦੁਆਰਾ ਸਾਹਿਬ ਜਾ ਕੇ ਦਰਸ਼ਨ ਕਰੋਗੇ ਤਾਂ ਦੇਖਿਉ ਕਿ ਅੱਜ ਵੀ ਦੋਨੋਂ ਲਾਲਾਂ ਦੀ ਸਸਕਾਰ ਵਾਲੀ ਥਾਂ 'ਤੇ ਸਮਾਧ ਬਣੀ ਹੋਈ ਹੈ, ਜੋ ਕਿ

ਗੁਰਦੁਆਰਾ ਸਾਹਿਬ ਦੇ ਬਿਲਕੁਲ ਅੰਦਰ ਹੈ। ਦੇਖਣ ਯੋਗ ਇਹ ਹੈ ਕਿ ਮਾਤਾ ਗੁਜਰੀ ਜੀ ਦੀ ਸਮਾਧ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਦੇ ਨਾਲ ਹੀ ਬਣੀ ਹੋਈ ਹੈ। ਇਹ ਸਭ ਕੁਝ ਦੇਖਕੇ ਮਨ ਨੂੰ ਇੰਝ ਲੱਗਦਾ ਹੈ ਕਿ ਮਾਤਾ ਗੁਜਰੀ ਅੱਜ ਵੀ ਦਰਵਾਜ਼ੇ ਵਿਚ ਬੈਠ ਕੇ ਆਪਣੇ ਲਾਲਾਂ ਦੀ ਹਿਫ਼ਾਜ਼ਤ ਕਰ ਰਹੀ ਹੋਵੇ।

ਕਿੰਨੀ ਉੱਚੀ ਸੋਚ ਹੋਵੇਗੀ ਉਸ ਵੇਲੇ ਜਦੋਂ ਗੁਰਦੁਆਰਾ ਸਾਹਿਬ ਦੀ ਉਸਾਰੀ ਹੋਈ ਹੈ ਜੋ ਕਿ ਅੱਜ ਵੀ ਅਸਾਂ ਨੂੰ ਉਹੀ ਸਮਾਂ ਹੂ-ਬ-ਹੂ ਯਾਦ ਕਰਵਾ ਰਹੀ ਹੈ। ਜੋ ਸਾਡੀ ਸਿੱਖ ਅਖਵਾਉਣ ਵਾਲਿਆਂ ਦੀ ਅਜੋਕੇ ਸਮੇਂ ਵਿਚ ਦਸ਼ਾ ਹੈ ਉਸ ਨੂੰ ਦੇਖਣ ਪਰਖਣ ਲਈ ਹਰ ਮਨ ਦੀ ਸੋਚ ਮਾਤਾ ਗੁਜਰੀ ਵਾਲੀ ਹੋਣੀ ਲਾਜ਼ਮੀ ਹੈ। ਜ਼ਰਾ ਭਾਵਨਾ ਨਾਲ ਮਹਿਸੂਸ ਕਰਿਉ ਕਿ ਮਾਤਾ ਗੁਜਰੀ ਜੀ ਸਾਡਾ ਮੌਜੂਦਾ ਹਾਲ ਵੇਖਦਿਆਂ ਅੱਜ ਵੀ ਸਾਨੂੰ ਬਾਰ-ਬਾਰ ਇਹੀ ਕਹਿ ਰਹੇ ਹਨ :

ਯਾਦ ਰੱਖਣਾ ਬੱਚਿਉ ! ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋ।

ਯਾਦ ਰੱਖਣਾ ਬੱਚਿਉ ! ਤੁਸੀਂ ਗੁਰੂ ਤੇਗ਼ ਬਹਾਦਰ ਜੀ ਦੇ ਪੋਤਰੇ ਹੋ।

ਯਾਦ ਰੱਖਣਾ ਬੱਚਿਉ ! ਤੁਸੀਂ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋ।

☆☆☆

ਅੰਤਿਕਾ—1

© 01882-244990

ੴ ਸਤਿਗੁਰ ਪ੍ਰਸਾਦਿ ॥

ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਚਰਨ ਪਾਵਨ

ਮਾਡਲ ਟਾਊਨ, ਹੁਸ਼ਿਆਰਪੁਰ ।

Gurdwara Sri Guru Kalgidhar Charan Pawan,

Model Town, Hoshiarpur—146001.

ਨੰਬਰ...Gk.cl/P/10/2010 ਮਿਤੀ...19.10.2010

A LETTER OF APPRECIATION

This is to place on record our sincere appreciation in favour of **Bhai Sukhjit Singh of Kapurthala** for his excellent efforts in promoting the martyrdom of SAHIBJADA'S (Four sons of Guru Gobind Singh ji) and describing the life style and struggle of Mata Gujri ji to a body of person in a impressive religious attitude during a programme organized by us w.e.f 14-12-09 to 26-12-09

His way of preaching is simple and impressive . He rightly deserves full appreciation for his capability to communicate for achieving Panthic Goals. Bhai ji imparted knowledge of Sikhism and its moral values as well as its spirit of service to humanity, equality, religious, cultural and disciplinary values & much about Sikhism.

We are indeed deeply grateful and thankful to him for dedicating himself sincerely to the above said Holy cause, as it would not have been possible to conduct the programme smoothily.

May God bless him to do a lot for mankind, prosperity and success in his life`s ambition, in his future assignments.

(Mehtab Singh)
Secretary

ਅੰਤਿਕਾ—2

ੴ ਸਤਿਗੁਰ ਪ੍ਰਸਾਦਿ॥

ਸ਼ਹੀਦਾਨਿ-ਵਫ਼ਾ

ਅਰਥਾਤ

ਸਾਕਾ ਸਰਹਿੰਦ

ਲੇਖਕ :
ਹਕੀਮ ਮਿਰਜ਼ਾ ਅਲਹ ਯਾਰ ਖਾਂ 'ਜੋਗੀ' ਰਹਿਮਾਨੀ
'ਨੈਸ਼ਨਲ ਪੋਇਟ'

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

ਅੰਤਿਕਾ—3

ਹੁਕਮਰਾਨ ਨਵਾਬ ਸ਼ੇਰ ਮੁਹੰਮਦ ਖਾਂ ਵੱਲੋਂ ਸ਼ਹਿਨਸ਼ਾਹ ਹਿੰਦੁਸਤਾਨ ਮਹੀਉਦੀਨ ਔਰੰਗਜ਼ੇਬ ਆਲਮਗੀਰ ਦੀ ਖਿਦਮਤ ਵਿਚ ਫ਼ਾਰਸੀ ਵਿਚ ਲਿਖੇ ਇਕ ਪੱਤਰ ਦਾ ਅਨੁਵਾਦ

ਐ ਆਲਮ ਪਨਾਹ !

ਜ਼ਮਾਨੇ ਦੇ ਅਜ਼ੀਮ ਰੁਤਬਿਆਂ ਅਤੇ ਜਾਹੋ ਹਸ਼ਮਤ ਵਾਲੇ ਸ਼ਹਿਨਸ਼ਾਹ !

ਖ਼ੁਦਾ ਤੁਹਾਨੂੰ ਸੱਤ ਅਸਮਾਨਾਂ ਦੀ ਹਕੂਮਤ ਨਸੀਬ ਫਰਮਾਵੇ, ਤੁਹਾਡੇ ਜਾਹੋ ਜਲਾਲ ਨੂੰ ਕਦੇ ਗ੍ਰਹਿਣ ਨਾ ਲੱਗੇ ਅਤੇ ਤੁਹਾਡੀ ਫ਼ਤਹਿ ਤੇ ਕਾਮਰਾਨੀ ਦੇ ਚੰਨ ਹਮੇਸ਼ਾਂ ਕਾਇਨਾਤ ਉੱਤੇ ਜਗਮਗਾਉਂਦੇ ਰਹਿਣ।

ਮੈਂ ਨਿਮਾਣਾ ਦਾਸ ਉਸ ਸੁਹਣੇ ਰੱਬ ਅੱਗੇ ਬਹੁਤ ਹੀ ਅਦਬ, ਅਹਿਤਰਾਮ ਅਤੇ ਸਿਰ ਨਿਵਾਉਂਦਾ ਹੋਇਆ ਦੁਆ ਕਰਦਾ ਹਾਂ ਕਿ ਉਹ (ਰੱਬ) ਤੁਹਾਨੂੰ ਆਪਣੀ ਛੱਤਰ ਛਾਇਆ ਹੇਠ ਮਹਿਫੂਜ਼ ਰੱਖੇ ਜੋ ਕਿ ਪੂਰੀ ਕਾਇਨਾਤ ਨੂੰ ਆਪਣੀ ਆਗੋਸ਼ ਵਿਚ ਲੈਣ ਵਾਲਾ ਹੈ, ਜਿਸ ਨੇ ਮਨੁੱਖੀ ਜਿੰਦ ਦੀ ਹਮੇਸ਼ਾਂ ਹਿਫਾਜ਼ਤ ਫਰਮਾਈ ਹੈ ਅਤੇ ਜੋ ਹਮੇਸ਼ਾਂ ਰਹਿਮਾਨ ਤੇ ਰਹੀਮ ਰਿਹਾ ਹੈ। ਉਸੇ ਮੁਕੱਦਸ ਤੇ ਸਰਵ ਉੱਚ ਰੱਬ ਅਤੇ ਰਹਿਮਾਨ ਤੇ ਰਹੀਮ ਦਾ ਵਾਸਤਾ ਦੇ ਕੇ, ਜਿਸਦੇ ਕਬਜ਼ੇ ਵਿਚ ਪੂਰੀ ਕਾਇਨਾਤ ਦੀ ਜਾਨ ਹੈ, ਇਹ ਦਾਸ ਤੁਹਾਡੀ ਸੇਵਾ 'ਚ ਬੇਨਤੀ ਕਰਦਾ ਹੈ ਕਿ ਇਹ ਕਿੰਨਾ ਚੰਗਾ ਹੋਵੇ ਜੇਕਰ ਗੁਰੂ ਗੋਬਿੰਦ ਸਿੰਘ (ਸਿੱਖਾਂ ਦੇ ਦਸਵੇਂ ਗੁਰੂ) ਦੇ ਬੱਚਿਆਂ ਨੂੰ ਮੁਆਫ਼ ਕਰ ਦਿੱਤਾ ਜਾਵੇ।

ਆਲੀਜਾਹ! ਕੀ ਸੂਬੇਦਾਰ ਸਰਹਿੰਦ ਨੂੰ ਕਿਸੇ ਤਰ੍ਹਾਂ ਵੀ ਇਸ ਗੱਲ ਦਾ ਅਧਿਕਾਰ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਦੀਆਂ ਹੁਕਮ ਅਦੂਲੀਆਂ ਦੀ ਸਜ਼ਾ ਉਸ ਦੇ ਮਾਸੂਮ ਬੱਚਿਆਂ ਨੂੰ ਦੇਵੇ? ਕੇਵਲ ਇਸ ਲਈ ਕਿ ਉਹ ਉਸ ਦੇ ਬੱਚੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਾਂ ਦੀਵਾਰਾਂ ਵਿਚ ਚਿਣਵਾ ਦੇਵੇ, ਇਥੋਂ ਤੀਕ ਕਿ ਉਹ ਆਪਣੀ ਜਾਨ ਤੋਂ ਹੱਥ ਧੋ ਬੈਠਣ।

ਆਲਮ ਪਨਾਹ ! ਭਾਵੇਂ ਸੂਬੇਦਾਰ ਦੇ ਹੁਕਮ ਦੀ ਨਿੰਦਾ ਕਰਨ ਦਾ ਕੋਈ ਹੌਸਲਾ ਨਹੀਂ ਰੱਖਦਾ, ਜਿਸ ਦਾ ਹੁਕਮ ਮੌਤ ਦੀ ਤਰ੍ਹਾਂ ਅਟੱਲ ਹੈ, ਪਰ ਤੁਹਾਡਾ ਇਹ ਖ਼ਾਦਿਮ ਅਤੇ ਖੈਰ ਖ਼ੁਆਹ ਉਸ ਦੇ ਇਸ ਨਾਪਾਕ ਅਤੇ ਨਾ ਦੂਰ ਅੰਦੇਸ਼ੀ ਵਾਲੇ ਫੈਸਲੇ ਦੀ ਨਿੰਦਾ ਕਰਦਾ ਹੈ ਅਤੇ ਸਲਤਨਤ ਦਾ ਇਕ ਨਿਮਾਣਾ ਖਾਦਿਮ ਅਤੇ ਬਹੀ ਖ਼ੁਆਹ

ਹੋਣ ਦੇ ਨਾਤੇ ਆਂ ਜਨਾਬ ਦੀ ਸਲਤਨਤ ਦੀ ਖੈਰ-ਖੁਆਹੀ (ਭਲਾਈ) ਲਈ ਹਜ਼ੂਰ ਨੂੰ ਇਕ ਨਸੀਹਤ ਆਮੇਜ਼ ਗੁਜ਼ਾਰਿਸ਼ ਕਰਨ ਦੀ ਵੀ ਜਸਾਰਤ ਕਰਦਾ ਹੈ, ਇਹੇ ਸ਼ਹਿਨਸ਼ਾਹੇ ਅਜ਼ੀਮ-ਸਾਰੇ ਸਿਆਸੀ ਹਾਲਾਤ ਨੂੰ ਮੁੱਖ ਰੱਖਦਿਆਂ ਸਿੱਖ ਕੌਮ ਦੀ ਹੁਕਮ ਅਦੂਲੀ ਤੇ ਕੋਈ ਮੁਨਾਸਬ ਸਜ਼ਾ ਤਜਵੀਜ਼ ਫੁਰਮਾਉਣ। ਇਨਸਾਫ ਵੀ ਇਸੇ ਗੱਲ ਦਾ ਤਕਾਜ਼ਾ ਕਰਦਾ ਹੈ। ਤੁਹਾਡੇ ਇਸ ਨਿਮਾਣੇ ਖਾਦਿਮ ਦੇ ਖ਼ਿਆਲ ਅਨੁਸਾਰ ਕਿਸੇ ਤਰ੍ਹਾਂ ਵੀ ਇਹ ਗੱਲ ਤਾਕਤ ਤੇ ਹਕੂਮਤ ਦੀ ਸਾਯਾਨੇ ਸ਼ਾਨ ਨਹੀਂ ਕਿ ਕਿਸੇ ਵੀ ਕੌਮ ਦੀ ਹੁਕਮ ਅਦੂਲੀਆਂ ਦਾ ਬਦਲਾ ਉਸ ਦੇ ਮਾਸੂਮ ਬੱਚਿਆਂ ਤੋਂ ਲਿਆ ਜਾਵੇ, ਅਜਿਹੇ ਬੱਚਿਆਂ ਤੋਂ ਜੋ ਕਿ ਮਾਸੂਮ ਹੀ ਨਹੀਂ ਨਾਜ਼ੁਕ ਅਤੇ ਕਮ ਸਿਨ ਵੀ ਹਨ ਅਤੇ ਜੋ ਕਿਸੇ ਸੂਰਤ 'ਚ ਵੀ ਇਕ ਮਜ਼ਬੂਤ ਅਤੇ ਤਾਕਤਵਰ ਸੂਬੇਦਾਰ ਦੀਆਂ ਬੇਪਨਾਹ ਤਾਕਤਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਹ ਹਰਕਤ ਸਪੱਸ਼ਟ ਤੌਰ 'ਤੇ ਹਜ਼ਰਤ ਮੁਹੰਮਦ (ਸ.) ਜੀ ਦੇ ਫਰਮਾਨ ਅਤੇ ਇਸਲਾਮੀ ਅਸੂਲਾਂ ਦੇ ਖਿਲਾਫ਼ ਹੈ।

ਜ਼ਿੱਲੇ ਸੁਬਹਾਨੀ। ਜਹਾਂ ਪਨਾਹ ਦੇ ਇਸ ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਸੂਬੇਦਾਰ ਸਰਹਿੰਦ ਦਾ ਇਹ ਗੈਰ ਇਸਲਾਮੀ ਅਤੇ ਗੈਰ ਇਨਸਾਨੀ ਕਦਮ ਕਿਤੇ ਆਲਮ ਪਨਾਹ ਦੇ ਜਲਾਲ, ਸ਼ਾਨੋ ਸ਼ੌਕਤ, ਇਜ਼ਤੋਂ ਵਕਾਰ ਅਤੇ ਇਨਸਾਫ਼ ਤੇ ਸਚਾਈ ਉੱਤੇ ਹਮੇਸ਼ਾਂ ਦੇ ਲਈ ਧੱਬਾ ਨਾ ਬਣ ਜਾਵੇ। ਉਂਝ ਭੀ ਇਸ ਕਿਸਮ ਦੀ ਸਜ਼ਾ ਅਤੇ ਅਜ਼ੀਮਤ ਤੁਹਾਡੀ ਹਕੂਮਤ ਦੇ ਕਾਨੂੰਨ ਅਤੇ ਹੱਕ ਦੇ ਇਨਸਾਫ ਦੇ ਬਿਲਕੁਲ ਉਲਟ ਹੈ।

ਉਪਰੋਕਤ ਗੁਜ਼ਾਰਿਸ਼ ਦੇ ਨਾਲ ਵਿਚਾਰਾਂ ਦੀ ਆਜ਼ਾਦੀ ਦਾ ਇਸਤੇਮਾਲ ਕਰਦਿਆਂ ਦਾਸ ਬੇਨਤੀ ਕਰਦਾ ਹੈ ਕਿ ਜੇਕਰ ਜਹਾਂ ਪਨਾਹ ਦੇ ਮਿਜ਼ਾਜ ਦੇ ਅਨੁਕੂਲ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ ਤਾਂ ਜੋ ਉਹ ਅਗਾਂਹ ਲਈ ਅਜਿਹੀਆਂ ਸਰਗਰਮੀਆਂ ਕਰਨ ਤੋਂ ਬਾਜ਼ ਰਹਿਣ ਜੋ ਹਜ਼ੂਰ ਨੂੰ ਨਾ ਮੁਨਾਸਿਬ ਲੱਗਦੀਆਂ ਹੋਣ। ਇਹ ਹੋਰ ਵੀ ਮੁਨਾਸਿਬ ਹੋਵੇਗਾ, ਜੇਕਰ ਉਨ੍ਹਾਂ ਨੂੰ ਰਾਜਧਾਨੀ ਦਿੱਲੀ ਵਿਚ ਰੱਖਿਆਂ ਜਾਵੇ, ਇਥੋਂ ਤਕ ਕਿ ਉਨ੍ਹਾਂ ਵਿਚ ਤਬਦੀਲੀ ਨਾ ਆ ਜਾਵੇ ਅਤੇ ਉਹ ਤਖ਼ਤ ਦੀ ਆਗਿਆਕਾਰੀ ਅਤੇ ਵਫਾਦਾਰੀ ਕਬੂਲ ਨਾ ਕਰ ਲੈਣਾ। ਜੇਕਰ ਜ਼ਿਲੇ ਇਲਾਹੀ ਮੁਨਾਸਿਬ ਖਿਆਲ ਫੁਰਮਾਉਣ ਤਾਂ ਦੋਵੇਂ ਬੱਚਿਆਂ ਨੂੰ ਆਪਣੇ ਇਸ ਅਦਨਾ ਗੁਲਾਮ ਦੀ ਨਿਗਰਾਨੀ ਵਿਚ ਦੇਣ ਦਾ ਹੁਕਮ ਵੀ ਫੁਰਮਾ ਸਕਦੇ ਹਨ ਤਾਂ ਜੋ ਉਨ੍ਹਾਂ ਦੀਆਂ ਸਾਰੀਆਂ ਹਰਕਤਾਂ ਤੇ ਕੜੀ ਨਜ਼ਰ ਰਹੇ ਅਤੇ ਉਨ੍ਹਾਂ ਨੂੰ ਹਰੇਕ ਪ੍ਰਕਾਰ ਦੀਆਂ ਸਰਗਰਮੀਆਂ ਤੋਂ ਬਾਜ਼ ਰੱਖਿਆ ਜਾ ਸਕੇ।

ਜ਼ਿੱਲੇ ਸੁਬਹਾਨੀ! ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਜਜ਼ਬਾਤ ਅਤੇ ਵਫ਼ਾਦਾਰੀ 'ਚ ਡੁੱਬੀ ਹੋਈ ਇਹ ਲਿਖਤ ਕਿਤੇ ਸ਼ਾਹੀ ਆਦਾਬ ਦੇ ਬੰਨੇ ਪਾਰ ਨਾ ਕਰ ਗਈ ਹੋਵੇ,

ਪਰ ਰੱਬੀ ਖੌਫ ਅਤੇ ਆਲਾ ਹਜ਼ਰਤ ਨਾਲ ਵਫਾਦਾਰੀ ਦਾ ਤਕਾਜ਼ਾ ਦਾਸ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੇ ਕਿ ਮੈਂ ਹੱਕ ਗੱਲ ਕਹਿਣ ਤੋਂ ਗੁਰੇਜ਼ ਕਰਾਂ।


ਮੇਰੇ ਨਿਮਾਣੇ ਦਾਸ ਦੀ ਗੁਜਾਰਿਸ਼ ਤੇ ਸ਼ਾਹੀ ਫੁੱਲ ਚੜ੍ਹਾਏ ਗਏ ਤਾਂ ਮੈਂ ਖੁਦ ਨੂੰ ਜ਼ਮਾਨੇ ਦਾ ਖੁਸ਼ਕਿਸਮਤ ਇਨਸਾਨ ਸਮਝਾਂਗਾ ਅਤੇ ਜੇਕਰ ਦਾਸ ਦੀ ਇਹ ਇਲਤਿਜਾ ਤਬੀਅਤ ਉੱਤੇ ਗਰਾਂ (ਭਾਰੀ) ਗੁਜ਼ਰੇ ਤਾਂ ਬੰਦਾ ਆਪਣੇ ਫ਼ਰਜ਼ ਨਿਭਾਉਂਦਿਆਂ ਹੱਕ ਤੇ ਇਨਸਾਫ ਦੇ ਸਾਹਮਣੇ ਸਿਰਫ ਆਪਣੇ ਨਿੱਜੀ ਵਿਚਾਰਾਂ ਦਾ ਇਜ਼ਹਾਰ ਕਰਦਾ ਹੈ, ਪਰ ਸੱਚ ਦੀ ਰਾਹ ਤੋਂ ਉਸ ਦਾ ਕਲਮ ਕਦੇ ਨਹੀਂ ਹਟੇਗਾ।

ਦਸਤਖਤ

ਸ਼ੇਰ ਮੁਹੰਮਦ ਖਾਂ

ਨਵਾਬ ਰਿਆਸਤ ਮਲੇਰਕੋਟਲਾ

('ਖਾਲਸਾ ਖੰਡੇਧਾਰ', ਅੰਕ ਦਸੰਬਰ 2004 ਵਿਚੋਂ ਧੰਨਵਾਦ ਸਹਿਤ)



ਗੁਰਦੂਆਰਾ ਫ਼ਤਿਹਗੜ੍ਹ ਸਾਹਿਬ

An ISO 9001:2008 Certified Publishing House
No. 101809-A01
Estd. 1880